LADOO MATRIMONIAL
ਰਿਸ਼ਤੇ ਹੀ ਰਿਸ਼ਤੇ RISTHE HI RISTHE
We Provide Worldwide Services
Jetander Sapra
212-470-7175, 516-309-0236
ladoomatrimonial@gmail.com
jetandersapra@gmail.com
217 Bethpage Rd, #20,
Hicksville, NY 11801
www.ladoomatrimonial.com

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com
Sarbjit Singh Khakh (Sabhi)
Accountant



Twentieth Year of Publication
ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 20, Issue 28, July 13, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਪੰਜਾਬ ਨੂੰ ਮੋਦੀ ਸਰਕਾਰ ਦਾ ਇਕ ਹੋਰ ਝਟਕਾ

## ਖੇਤੀ ਬਾਰੇ ਕੌਮੀ ਕਮੇਟੀ 'ਚ ਪੰਜਾਬ ਨੂੰ ਸ਼ਾਮਿਲ ਨਾ ਕੀਤਾ

**ਚੰਡੀਗੜ੍ਹ:** ਖੇਤੀ ਪ੍ਰਧਾਨ ਸੂਬੇ ਵਜੋਂ ਪ੍ਰਚਾਰੇ ਜਾਂਦੇ ਪੰਜਾਬ ਨੂੰ ਕੇਂਦਰ ਦੀ ਮੋਦੀ ਸਰਕਾਰ ਕਿਸ ਨਜ਼ਰ ਨਾਲ ਦੇਖਦੀ ਹੈ, ਇਹ ਸਭ ਹੁਣ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਮੋਦੀ ਸਰਕਾਰ ਵਲੋਂ ਦੇਸ਼ ਵਿਚ ਖੇਤੀ ਨੂੰ ਉਤਸ਼ਾਹਿਤ ਕਰਨ ਅਤੇ ਖੇਤੀ ਆਮਦਨ ਨੂੰ 2022 ਤੱਕ ਦੁੱਗਣਾ ਕਰਨ ਦੇ ਟੀਚੇ ਦੀ ਪ੍ਰਾਪਤੀ ਸਬੰਧੀ ਸਿਫਾਰਸ਼ਾਂ ਲਈ ਬਣਾਈ ਕੌਮੀ ਕਮੇਟੀ ਵਿਚੋਂ ਪੰਜਾਬ ਨੂੰ ਬਾਹਰ ਕਰ ਦਿੱਤਾ ਗਿਆ ਹੈ।

ਇਸ ਕਮੇਟੀ ਦੇ ਚੇਅਰਮੈਨ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਨੂੰ ਬਣਾਇਆ ਗਿਆ ਹੈ, ਜਦੋਂਕਿ ਹਰਿਆਣਾ, ਉਤਰ ਪ੍ਰਦੇਸ਼, ਗੁਜਰਾਤ, ਕਰਨਾਟਕ ਤੇ ਅਰੁਣਾਚਲ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀਆਂ ਨੂੰ ਵੀ ਇਸ ਕਮੇਟੀ 'ਚ ਸ਼ਾਮਲ ਕੀਤਾ ਗਿਆ ਹੈ। ਪੰਜਾਬ ਨੂੰ ਇਸ ਕਮੇਟੀ ਵਿਚ ਕਿਸੇ ਤਰ੍ਹਾਂ ਦੀ ਕੋਈ ਨੁਮਾਇੰਦਗੀ ਨਹੀਂ ਦਿੱਤੀ ਗਈ। ਕਮੇਟੀ ਨੂੰ ਆਪਣੀ ਰਿਪੋਰਟ 2 ਮਹੀਨਿਆਂ ਵਿਚ ਦੇਣ ਲਈ ਕਿਹਾ ਗਿਆ ਹੈ। ਕੈਪਟਨ ਸਰਕਾਰ ਭਾਵੇਂ ਦਾਅਵਾ ਕਰ ਰਹੀ ਹੈ ਕਿ ਕੇਂਦਰ ਨੇ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਹੋਣ ਕਾਰਨ ਸੂਬੇ ਦੇ ਕਿਸੇ ਨੁਮਾਇੰਦੇ ਨੂੰ ਕਮੇਟੀ ਵਿਚ ਸ਼ਾਮਲ ਨਹੀਂ ਕੀਤਾ ਪਰ ਕਮੇਟੀ ਵਿਚ ਮੱਧ ਪ੍ਰਦੇਸ਼ ਦੇ ਕਾਂਗਰਸੀ ਮੁੱਖ ਮੰਤਰੀ ਨੂੰ ਸ਼ਾਮਲ ਕਰਨ ਨੂੰ ਉਹ ਸਮਝ ਤੋਂ ਪਰੇ ਵਾਲੀ ਗੱਲ ਆਖ ਰਹੇ ਹਨ।

ਦੱਸ ਦਈਏ ਕਿ ਪੰਜਾਬ ਦੇ ਕਿਸਾਨ ਆਪਣੇ ਕੁਦਰਤੀ ਸਾਧਨ ਦਾਅ ਉਤੇ ਲਾ ਕੇ ਪੂਰੇ ਦੇਸ਼ ਦਾ ਢਿੱਡ ਭਰਦੇ ਰਹੇ ਹਨ। ਹੁਣ ਜਦੋਂ ਪੰਜਾਬ ਦਾ ਖੇਤੀ ਖੇਤਰ ਸੰਕਟ ਵਿਚ ਹੈ ਤਾਂ ਕੇਂਦਰ ਸਰਕਾਰ ਬਾਂਹ ਫੜਨ ਤੋਂ ਭੱਜ ਰਹੀ ਰਹੀ ਹੈ। ਇਸ ਦੀ ਮਿਸਾਲ ਮੋਦੀ ਸਰਕਾਰ ਨੇ ਪਿਛਲੇ ਵਰ੍ਹੇ ਵੀ ਦੇ ਦਿੱਤੀ ਸੀ। ਦਰਅਸਲ, ਪਿਛਲੇ ਵਰ੍ਹੇ ਖੇਤੀ ਨਾਲ ਸਬੰਧਤ ਮਸਲਿਆਂ ਬਾਰੇ ਨੀਤੀ ਆਯੋਗ ਦੀ ਟੀਮ ਸਮੇਤ ਕੇਂਦਰੀ ਮੰਤਰੀਆਂ ਨਾਲ ਇਹ ਮਸਲਾ ਵਿਚਾਰਿਆ ਗਿਆ ਸੀ ਕਿ ਦੇਸ਼ ਦਾ ਢਿੱਡ ਭਰਨ ਵਾਲੇ ਸੂਬੇ ਦੀ ਕਿਸਾਨੀ ਡੁੱਬ ਰਹੀ ਹੈ, ਦੇਸ਼ ਲਈ ਅੰਨ ਪੈਦਾ ਕਰਨ ਲਈ ਸੂਬੇ ਨੇ ਆਪਣੇ ਕੁਦਰਤੀ ਸਾਧਨਾਂ ਨੂੰ ਦਾਅ ਉਤੇ ਲਾ ਦਿੱਤਾ ਹੈ ਪਰ ਅੱਗਿਓਂ ਇਹੀ ਜਵਾਬ ਮਿਲਿਆ ਸੀ ਕਿ ਤੁਹਾਨੂੰ ਇਹ ਕੁਝ ਕਰਨ ਦੀ ਲੋੜ ਨਹੀਂ, ਦੇਸ਼ ਵਿਚ ਹੁਣ ਸਭ ਕੁਝ ਵਾਧੂ ਹੈ।

ਇਸ ਪਿੱਛੋਂ ਕੇਂਦਰ ਦੀਆਂ ਸੂਬੇ ਪ੍ਰਤੀ ਨੀਤੀਆਂ ਉਤੇ ਵੱਡੇ ਸਵਾਲ ਉਠੇ ਸਨ। ਦੱਸ ਦਈਏ ਕਿ ਪੰਜਾਬ ਦੀ ਕਿਸਾਨੀ ਇਸ ਸਮੇਂ ਵੱਡੇ

(ਬਾਕੀ ਸਫਾ 6 ਉਤੇ)

# ਚੋਣਾਂ ਪਿੱਛੋਂ ਬਰਗਾੜੀ ਕਾਂਡ ਦੀ ਜਾਂਚ ਨੂੰ ਬਰੇਕਾਂ

**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਬਹਿਬਲ ਤੇ ਬਰਗਾੜੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਦੀ ਪੜਤਾਲ ਪ੍ਰਕਿਰਿਆ ਲੋਕ ਸਭਾ ਚੋਣਾਂ ਤੋਂ ਬਾਅਦ ਸੁਸਤ ਹੋ ਗਈ ਹੈ। ਬਹਿਬਲ ਕਾਂਡ ਵਿਚ ਨਾਮਜ਼ਦ ਕੀਤੇ ਗਏ ਦੋਸ਼ੀ ਪੁਲਿਸ ਅਧਿਕਾਰੀ ਕੈਂਪ ਦਫਤਰ ਦੇ ਚੱਕਰ ਲਾ ਰਹੇ ਹਨ ਪਰ ਉਨ੍ਹਾਂ ਤੋਂ ਪੁੱਛਗਿੱਛ ਕਰਨ ਲਈ ਕੋਈ ਅਧਿਕਾਰੀ ਤਿਆਰ ਨਹੀਂ ਹੈ। ਬਹਿਬਲ ਕਾਂਡ ਵਿਚ ਦੋਸ਼ ਪੱਤਰ ਅਦਾਲਤ ਵਿਚ ਪੇਸ਼ ਕਰਨ ਤੋਂ ਬਾਅਦ ਵਿਵਾਦਾਂ 'ਚ ਘਿਰੀ ਜਾਂਚ ਟੀਮ ਦੇ ਮੈਂਬਰਾਂ ਦਾ ਆਪਸੀ ਟਕਰਾਅ ਜੱਗ ਜ਼ਾਹਰ ਹੋਣ ਤੋਂ ਬਾਅਦ ਜਾਂਚ ਟੀਮ ਦਾ ਕੋਈ ਵੀ ਅਧਿਕਾਰੀ ਫਰੀਦਕੋਟ ਨਹੀਂ ਆਇਆ।

ਉਧਰ, ਕੋਟਕਪੂਰਾ ਗੋਲੀ ਕਾਂਡ ਮਾਮਲੇ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਵਲੋਂ ਪੇਸ਼ ਹੋਏ ਐਡਵੋਕੇਟ ਜਨਰਲ ਗੌਰਵ ਧੂਰੀ ਨੇ ਕਿਹਾ ਕਿ ਹਾਲ ਦੀ ਘੜੀ ਪੰਜਾਬ ਸਰਕਾਰ ਕੋਟਕਪੂਰਾ ਗੋਲੀ ਕਾਂਡ ਵਿਚ ਕੋਈ ਨਵੀਂ ਕਾਰਵਾਈ ਨਹੀਂ ਕਰ ਰਹੀ। ਪੰਜਾਬ ਸਰਕਾਰ ਦੇ ਸਟੈਂਡ ਨਾਲ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਅਮਰ ਸਿੰਘ ਚਹਿਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖਿਲਾਫ ਕਾਰਵਾਈ ਦੇ ਆਸਾਰ ਮੱਧਮ ਲੱਗ ਰਹੇ ਹਨ। ਪਹਿਲਾਂ 24 ਮਈ ਨੂੰ ਜਾਂਚ ਟੀਮ ਨੇ ਦਾਅਵਾ ਕੀਤਾ ਸੀ ਕਿ ਉਹ ਸੁਖਬੀਰ ਸਿੰਘ ਬਾਦਲ ਸਮੇਤ ਬਾਕੀ ਪੁਲਿਸ ਅਧਿਕਾਰੀਆਂ ਖਿਲਾਫ ਕੋਟਕਪੂਰਾ ਗੋਲੀ ਕਾਂਡ ਵਿਚ ਕਿਸੇ ਵੀ ਸਮੇਂ ਚਲਾਨ ਪੇਸ਼ ਕਰ ਸਕਦੀ ਹੈ। ਕੋਟਕਪੂਰਾ ਅਤੇ ਬਹਿਬਲ ਕਾਂਡ ਵਿਚ ਗ੍ਰਿਫਤਾਰ ਕੀਤੇ ਗਏ ਸਾਰੇ ਮੁਲਜ਼ਮਾਂ ਨੂੰ ਜਾਂਚ ਟੀਮ ਦੇ ਸਖਤ ਵਿਰੋਧ ਦੇ ਬਾਵਜੂਦ ਜ਼ਮਾਨਤ ਮਿਲ ਚੁੱਕੀ ਹੈ ਕਿਉਂਕਿ ਜਾਂਚ ਟੀਮ ਵੱਲੋਂ ਪੇਸ਼ ਕੀਤੀ ਗਈ ਚਾਰਜਸ਼ੀਟ ਉਨ੍ਹਾਂ ਦੇ ਦਾਅਵਿਆਂ 'ਤੇ ਖਰੀ ਨਹੀਂ ਉਤਰੀ।

(ਬਾਕੀ ਸਫਾ 6 ਉਤੇ)



*ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵਲੋਂ 7 ਜੁਲਾਈ ਨੂੰ ਕਰਵਾਏ ਗਏ ਕਬੱਡੀ ਮੇਲੇ ਵਿਚ ਪੰਜਾਬ ਸਪੋਰਟਸ ਕਲੱਬ ਸਿਆਟਲ ਦੀ ਟੀਮ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਨੂੰ 26 ਦੇ ਮੁਕਾਬਲੇ ਸਾਢੇ 34 ਅੰਕਾਂ ਨਾਲ ਹਰਾ ਕੇ ਕਬੱਡੀ ਕੱਪ ਦੀ ਜੇਤੂ ਰਹੀ। ਜੇਤੂ ਟੀਮ ਪਹਿਲੇ ਇਨਾਮ ਦੇ ਸਪਾਂਸਰ ਦਰਸ਼ਨ ਸਿੰਘ ਧਾਲੀਵਾਲ ਨਾਲ (ਰਿਪੋਰਟ ਅਗਲੇ ਅੰਕ ਵਿਚ)*


Tanya`s Beauty Salon
*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832



AVAILABLE AT SELECT INDIAN STORES NEAR YOU
CONTACT: SINGH & SINGH DISTRIBUTORS @ +1 (908) 279-6056

Nankana Sahib
YATRA 2019
Nov 7 - 16, 2019
To Join, Please Contact us
518-631-2467
NankanaSahibYatra.Com
Limited Seats

# ਉਲੰਪੀਅਨ ਮਹਿੰਦਰ ਸਿੰਘ ਗਿੱਲ ਹੋਣਗੇ 15ਵੇਂ ਵਿਸ਼ਵ ਕਬੱਡੀ ਕੱਪ ਦੇ ਵਿਸ਼ੇਸ਼ ਮਹਿਮਾਨ

**ਯੂਨੀਅਨ ਸਿਟੀ (ਬਿਊਰੋ):** ਇਥੇ ਹੋਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ ਸਬੰਧੀ ਚੇਅਰਮੈਨ ਸ. ਮੱਖਣ ਸਿੰਘ ਬੈਂਸ ਅਤੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਦੀ ਪ੍ਰਧਾਨਗੀ ਹੇਠ ਰਾਜਾ ਸਵੀਟਸ ਵਿਖੇ ਹੋਈ ਮੀਟਿੰਗ ਵਿਚ ਕਬੱਡੀ ਦੇ ਨਾਮੀ ਖਿਡਾਰੀਆਂ ਦੀ ਸ਼ਮੂਲੀਅਤ, ਕਬੱਡੀ ਕੱਪ ਦੇ ਪ੍ਰਬੰਧਾਂ ਅਤੇ ਹੋਰ ਅਹਿਮ ਮਸਲਿਆਂ ਸਬੰਧੀ ਵਿਸਥਾਰ 'ਚ ਚਰਚਾ ਕੀਤਾ ਗਈ, ਜਿਸ ਵਿਚ ਫੈਸਲਾ ਕੀਤਾ ਗਿਆ ਕਿ ਗਾਖਲ ਪਰਿਵਾਰ ਵਲੋਂ ਕਬੱਡੀ ਵਿਚ ਵੱਡਾ ਨਾਮਣਾ ਖੱਟਣ ਵਾਲੇ ਤੇ ਪਿਛਲੇ ਪਿਛਲੇ ਵਿਸ਼ਵ ਕਬੱਡੀ ਕੱਪਾਂ ਵਿਚ ਆਪਣੀ ਸ਼ਾਨਦਾਰ ਖੇਡ ਨਾਲ ਦਰਸ਼ਕਾਂ ਲਈ ਬੇਹੱਦ ਆਕਰਸ਼ਕ ਬਣੇ ਰਹੇ ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ, ਸੁਲਤਾਨ ਅਤੇ ਖੁਸ਼ੀ ਦੁੱਗਾਂ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ।


ਗਾਖਲ ਪਰਿਵਾਰ ਵਲੋਂ ਸ. ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਨੇ ਕਿਹਾ ਕਿ ਉਹ ਆਪਣੇ ਸਪੋਰਟਸਮੈਨ ਰਹੇ ਪਿਤਾ ਸਵਰਗੀ ਨਸੀਬ ਸਿੰਘ ਗਾਖਲ ਦੀ ਯਾਦ 'ਚ ਆਏ ਵਰ੍ਹੇ ਕਬੱਡੀ ਨੂੰ ਅੱਗੇ ਲੈ ਕੇ ਜਾਣ ਵਾਲੀਆਂ ਹਸਤੀਆਂ, ਸਾਬਕਾ ਖਿਡਾਰੀਆਂ ਦਾ ਗੋਲਡ ਮੈਡਲਾਂ ਨਾਲ ਸਨਮਾਨ ਕਰਨ ਦੀ ਪਰੰਪਰਾ ਜਾਰੀ ਰੱਖ ਰਹੇ ਹਨ ਅਤੇ ਇਸੇ ਤਹਿਤ ਗਾਖਲ ਪਰਿਵਾਰ ਇਨ੍ਹਾਂ ਖਿਡਾਰੀਆਂ ਨੂੰ ਇਹ ਮਾਣ ਦੇ ਕੇ ਖੁਸ਼ੀ ਮਹਿਸੂਸ ਕਰੇਗਾ।

ਕਲੱਬ ਨੇ ਐਲਾਨ ਕੀਤਾ ਕਿ ਸਾਬਕਾ ਓਲੰਪੀਅਨ ਤੇ ਰਿਕਾਰਡ ਹੋਲਡਰ ਦੌੜਾਕ ਮਹਿੰਦਰ ਸਿੰਘ ਗਿੱਲ 15ਵੇਂ ਵਿਸ਼ਵ ਕਬੱਡੀ ਕੱਪ ਦੇ ਵਿਸ਼ੇਸ਼ ਮਹਿਮਾਨ ਹੋਣਗੇ। ਮੀਟਿੰਗ ਵਿਚ ਹੁਣ ਤੱਕ ਦੀਆਂ ਤਿਆਰੀਆਂ ਦਾ ਨਿਰੀਖਣ ਵੀ ਕੀਤਾ ਗਿਆ ਤੇ ਦਰਸ਼ਕਾਂ ਦੀ ਸਹੂਲਤ ਲਈ ਹਰ ਤਰ੍ਹਾਂ ਦੇ ਪ੍ਰਬੰਧਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ ਗਿਆ। ਪਿਛਲੇ ਸਾਲਾਂ ਵਾਂਗ ਹਜ਼ਾਰਾਂ ਦਰਸ਼ਕਾਂ ਲਈ ਰਾਜਾ ਸਵੀਟਸ ਵਲੋਂ ਚਾਹ ਪਕੌੜਿਆਂ ਦਾ ਲੰਗਰ ਅਤੇ ਗੁਰੂਘਰ ਵਲੋਂ ਗੁਰੂ ਕਾ ਲੰਗਰ ਵਰਤਾਇਆ ਜਾਵੇਗਾ।

ਕਲੱਬ ਵਲੋਂ ਸਮੂਹਿਕ ਤੌਰ 'ਤੇ ਖਿਡਾਰੀਆਂ ਨੂੰ ਡਰੱਗ ਦੇ ਲੱਗ ਰਹੇ ਦਾਗਾਂ ਨੂੰ ਧੋਣ ਅਤੇ ਮਾਂ ਖੇਡ ਕਬੱਡੀ ਨੂੰ ਹੋਰ ਅੱਗੇ ਲੈ ਕੇ ਜਾਣ ਲਈ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਡਰੱਗ ਫ੍ਰੀ ਇਹ 15ਵਾਂ ਵਿਸ਼ਵ ਕਬੱਡੀ ਕੱਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹੋਵੇਗਾ, ਜਿਸ ਵਿਚ ਉਘੀਆਂ ਸ਼ਖਸੀਅਤਾਂ ਤੋਂ ਇਲਾਵਾ ਧਾਰਮਿਕ ਖੇਤਰ ਦੀਆਂ ਅਹਿਮ ਹਸਤੀਆਂ ਨੂੰ ਵਿਸ਼ੇਸ਼ ਮਾਣ ਸਨਮਾਨ ਵੀ ਕੀਤਾ ਜਾਵੇਗਾ।



*ਮਹਿੰਦਰ ਸਿੰਘ ਗਿੱਲ*


*ਸੰਦੀਪ ਨੰਗਰ ਅੰਬੀਆਂ*



*ਪਾਲਾ ਜਲਾਲਪੁਰ*


*ਸੁਲਤਾਨ*


*ਖੁਸ਼ੀ ਦੁੱਗਾਂ*

# ਯੁਨਾਈਟਿਡ ਸਪੋਰਟਸ ਕਲੱਬ ਦੇ 15ਵੇਂ ਵਿਸ਼ਵ ਕਬੱਡੀ ਕੱਪ ਲਈ 11000 ਡਾਲਰ ਦੇਣ ਦਾ ਐਲਾਨ

**ਸ਼ਿਕਾਗੋ (ਬਿਊਰੋ):** ਹਾਲ ਹੀ ਵਿਚ ਸ਼ਿਕਾਗੋ 'ਚ ਅਯੋਜਿਤ ਕਬੱਡੀ ਕੱਪ ਦੇ ਮੁੱਖ ਪ੍ਰਬੰਧਕਾਂ ਡਾ. ਹਰਜਿੰਦਰ ਸਿੰਘ ਖਹਿਰਾ, ਹੈਪੀ ਹੀਰ ਅਤੇ ਲੱਕੀ ਸਹੋਤਾ ਨੇ ਇੱਥੇ ਕਬੱਡੀ ਕੱਪ ਵਿਚ ਵਿਸ਼ੇਸ਼ ਤੌਰ 'ਤੇ ਪੁੱਜੇ ਯੁਨਾਈਟਡ ਸਪੋਰਟਸ ਕਲੱਬ ਦੇ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਅਤੇ ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ ਨਾਲ ਗੱਲਬਾਤ ਕਰਦਿਆਂ ਐਲਾਨ ਕੀਤਾ ਕਿ ਆਪਣੇ ਹੋਰ ਮੈਂਬਰਾਂ ਨਾਲ ਯੂਨੀਅਨ ਸਿਟੀ 'ਚ 15 ਸਤੰਬਰ ਨੂੰ ਹੋਣ ਵਾਲੇ ਵਿਸ਼ਵ ਕਬੱਡੀ ਕੱਪ 'ਚ ਹੁੰਮ ਹੁਮਾ ਕੇ ਪੁੱਜਣਗੇ ਅਤੇ 11000 ਡਾਲਰ ਦਾ ਵਿਸ਼ੇਸ਼ ਸਹਿਯੋਗ ਦੇਣਗੇ।


*ਡਾ. ਖਹਿਰਾ, ਨਰਿੰਦਰ ਸਿੰਘ ਸਹੋਤਾ, ਲੱਕੀ ਸਹੋਤਾ, ਅਮੋਲਕ ਸਿੰਘ ਗਾਖਲ, ਦਲਜੀਤ ਸਿੰਘ ਸਹੋਤਾ ਅਤੇ ਹੈਪੀ ਹੀਰ*

ਸ. ਅਮੋਲਕ ਸਿੰਘ ਗਾਖਲ ਦੀ ਸਰਪ੍ਰਸਤੀ ਹੇਠ ਹੋਣ ਵਾਲੇ ਇਸ ਵਿਸ਼ਵ ਕਬੱਡੀ ਕੱਪ ਦਾ ਕੌਮਾਂਤਰੀ ਕਬੱਡੀ ਜਗਤ ਵਿਚ ਇਕ ਖਾਸ ਰੁਤਬਾ ਹੈ।

# ਸਿੱਖ ਮਹਿਲਾ ਅਫਸਰ ਨੇ ਯੂ.ਕੇ. ਪੁਲਿਸ ਖਿਲਾਫ ਵਿੱਢੀ ਕਾਨੂੰਨੀ ਲੜਾਈ

**ਲੰਡਨ:** ਬਰਤਾਨੀਆ ਦੀ ਸਭ ਤੋਂ ਸੀਨੀਅਰ ਭਾਰਤੀ ਮੂਲ ਦੀ ਮਹਿਲਾ ਪੁਲਿਸ ਅਫਸਰ ਨੇ ਸਕਾਟਲੈਂਡ ਯਾਰਡ (ਯੂ.ਕੇ. ਪੁਲਿਸ) ਖਿਲਾਫ ਨਸਲੀ ਅਤੇ ਲਿੰਗ ਵਿਤਕਰੇ ਦੇ ਦੋਸ਼ ਲਾਉਂਦਿਆਂ ਕਾਨੂੰਨੀ ਚਾਰਾਜੋਈ ਸ਼ੁਰੂ ਕੀਤੀ ਹੈ।

ਮੈਟਰੋਪੌਲੀਟਿਨ ਪੁਲਿਸ ਵਿਚ ਆਰਜ਼ੀ ਚੀਫ ਸੁਪਰਡੈਂਟ ਪਰਮ ਸੰਧੂ (54) ਦਾ ਦਾਅਵਾ ਹੈ ਕਿ ਉਸ ਨੂੰ ਕੰਮ ਦੌਰਾਨ ਨਸਲੀ ਅਤੇ ਲਿੰਗ ਵਿਤਕਰੇ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਉਸ ਨੂੰ ਤਰੱਕੀਆਂ ਅਤੇ ਅੱਗੇ ਵਧਣ ਦੇ ਮੌਕੇ ਨਹੀਂ ਦਿੱਤੇ ਗਏ। ਇਸ ਕੇਸ ਦੀ ਪਹਿਲੀ ਸੁਣਵਾਈ ਅਗਲੇ ਹਫਤੇ ਰੁਜ਼ਗਾਰ ਟ੍ਰਿਬਿਊਨਲ ਵਿਚ ਹੋਵੇਗੀ। ਮੈਟਰੋਪੌਲੀਟਿਨ ਪੁਲਿਸ ਨੇ ਬਿਆਨ ਰਾਹੀਂ ਕਿਹਾ ਕਿ ਕੇਸ ਦੇ ਸ਼ੁਰੂਆਤੀ ਦੌਰ ਵਿਚ ਇਸ ਦਾਅਵੇ ਬਾਰੇ ਹਾਲੇ ਕੋਈ ਟਿੱਪਣੀ ਨਹੀਂ ਕੀਤੀ ਜਾ ਸਕਦੀ।



ਪਰਮ ਸਿੱਧੂ ਨੂੰ ਮੈਟਰੋਪੌਲੀਟਿਨ ਬਲੈਕ ਪੁਲਿਸ ਐਸੋਸੀਏਸ਼ਨ ਵਲੋਂ ਸਮਰਥਨ ਦਿੱਤਾ ਜਾ ਰਿਹਾ ਹੈ, ਜਿਸ ਦਾ ਕਹਿਣਾ ਹੈ ਕਿ ਉਹ ਘੱਟ ਗਿਣਤੀ ਭਾਈਚਾਰੇ ਦੀਆਂ ਸੀਨੀਅਰ ਮਹਿਲਾ ਅਫਸਰਾਂ ਦੀ ਘਾਟ ਕਾਰਨ ਚਿੰਤਤ ਹਨ। ਮਹਿਲਾ ਪੁਲਿਸ ਅਫਸਰ ਨੇ ਉਸ ਖਿਲਾਫ ਚੱਲ ਰਹੀ ਮੈਟਰੋਪੌਲੀਟਿਨ ਪੁਲਿਸ ਦੀ ਜਾਂਚ ਮੁਕੰਮਲ ਹੋਣ ਤੋਂ ਬਾਅਦ ਇਹ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਹੈ। ਉਸ 'ਤੇ ਦੋਸ਼ ਲੱਗੇ ਸਨ ਕਿ ਉਸ ਨੇ ਕੁਈਨਜ਼ ਪੁਲਿਸ ਮੈਡਲ ਦੀ ਨਾਮਜ਼ਦਗੀ ਲਈ ਆਪਣੇ ਸਾਥੀਆਂ ਨੂੰ ਉਸ ਦੀ ਮਦਦ ਕਰਨ ਲਈ ਪ੍ਰੇਰਿਆ ਸੀ। ਜਾਂਚ ਦੌਰਾਨ ਉਸ ਦੀ ਡਿਊਟੀ 'ਤੇ ਵੀ ਕੁਝ ਪਾਬੰਦੀਆਂ ਲਾਈਆਂ ਗਈਆਂ ਸਨ।

ਜਾਂਚ ਦੌਰਾਨ ਦੋਸ਼ ਸਾਬਤ ਨਾ ਹੋਣ ਕਾਰਨ ਸੰਧੂ ਤੋਂ ਡਿਊਟੀ 'ਤੇ ਲਾਈਆਂ ਪਾਬੰਦੀਆਂ ਹਟਾ ਦਿੱਤੀਆਂ ਗਈਆਂ ਹਨ। ਬੀ.ਬੀ.ਸੀ. ਅਨੁਸਾਰ ਡਰਬੀਸ਼ਾਇਰ ਪੁਲਿਸ ਦੇ ਸਾਬਕਾ ਮੁੱਖ ਕਾਂਸਟੇਬਲ ਮਿੱਕ ਕਰੀਡਨ ਨੇ ਉਸ ਨੂੰ ਕਾਨੂੰਨੀ ਕਾਰਵਾਈ ਵਿਚ ਸਾਥ ਦੇਣ ਦੀ ਪੇਸ਼ਕਸ਼ ਕੀਤੀ ਹੈ।


ਭਾਈ ਸੱਜਣ ਸਿੰਘ ਜੀ ਦੀ ਰਹਿਨੁਮਾਈ ਹੇਠ

ਸ੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਨਿਸ਼ਕਾਮ ਸੇਵਾ ਸੁਸਾਇਟੀ ਵਲੋਂ
ਸ੍ਰੀ ਅੰਮ੍ਰਿਤਸਰ ਸਾਹਿਬ 'ਚ 50 ਕਮਰਿਆਂ ਦੀ ਇਮਾਰਤ ਉਸਾਰੀ ਅਧੀਨ!


ਭਾਈ ਸੱਜਣ ਸਿੰਘ ਜੀ

ਮਕਸਦ

* ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਰਿਹਾਇਸ਼ ਦਿੱਤੀ ਜਾਵੇਗੀ।
* ਇਨ੍ਹਾਂ ਬੱਚਿਆਂ ਨੂੰ 12ਵੀਂ ਤੱਕ ਦੀ ਵਿੱਦਿਆ ਮੁਫਤ ਦਿੱਤੀ ਜਾਵੇਗੀ।
* ਇਨ੍ਹਾਂ ਬੱਚਿਆਂ ਨੂੰ ਧਾਰਮਿਕ ਵਿੱਦਿਆ ਪ੍ਰਦਾਨ ਕੀਤੀ ਜਾਵੇਗੀ।
* ਪੰਗਤ ਵਿਚ ਸੰਗਤ ਦੇ ਸਿਧਾਂਤ ਅਨੁਸਾਰ ਲੰਗਰ ਉਪਲਬਧ ਹੋਵੇਗਾ।
* ਇਸ ਇਮਾਰਤ ਦੇ ਅੰਦਰ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੋਵੇਗਾ।





ਗੁਰੂ ਪਿਆਰੀ ਸਾਧ ਸੰਗਤ ਜੀ,

ਅੱਜ ਦੇ ਇਸ ਪਦਾਰਥਵਾਦੀ ਯੁੱਗ ਵਿਚ ਹਰ ਕਿਸੇ ਨੇ ਆਪੋਧਾਪ ਪਈ ਹੋਈ ਹੈ, ਪਰ ਗੁਰੂ ਸਾਹਿਬਾਨ ਦੇ ਸਿਧਾਂਤ ਤੇ ਕੋਈ ਵਿਰਲਾ ਹੀ ਪਹਿਰਾ ਦੇ ਰਿਹਾ ਹੈ। ਗਰੀਬ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਅਤੇ ਉਨ੍ਹਾਂ ਨੂੰ ਸਮੇਂ ਦੇ ਨਾਲ ਤੋਰਨ ਦੀ ਕਿਸੇ ਕੋਲ ਵਿਹਲ ਨਹੀਂ।ਅਸੀਂ ਆਪ ਸਭ ਦੇ ਸਹਿਯੋਗ ਨਾਲ ਇਕ ਇਹੋ ਜਿਹਾ ਓਟ ਆਸਰਾ ਬਣਾਉਣ ਜਾ ਰਹੇ ਹਾਂ ਜਿੱਥੋਂ ਗਰੀਬ ਗੁਰਬਿਆਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਹੋਣ ਲਈ ਹਰ ਤਰ੍ਹਾਂ ਦਾ ਸਹਿਯੋਗ ਮਿਲੇਗਾ। ਇਹ ਜੀਵਨ ਨਾਸ਼ਵਾਨ ਹੈ, ਇਸ ਲਈ ਗੁਰੂ ਦੀ ਬਖਸ਼ੀ ਮਾਇਆ ਵਿਚੋਂ ਜੇਕਰ ਅਸੀਂ ਦੂਜਿਆਂ ਦੇ ਜੀਵਨ ਨੂੰ ਸੁਧਾਰਨ ਵਿਚ ਦਾਨ ਕਰਦੇ ਹਾਂ ਤਾਂ ਬਿਨਾਂ ਸ਼ੱਕ ਪ੍ਰਮਾਤਮਾ ਉਸ ਦਾਨ ਦੇ ਬਦਲੇ ਤੁਹਾਨੂੰ ਸੰਤੁਸ਼ਟੀ ਜ਼ਰੂਰ ਬਖਸ਼ੇਗਾ। ਸੋ ਮੇਰੀ ਆਪ ਸਭ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਆਪ ਜੀ ਇਸ ਪ੍ਰੋਜੈਕਟ ਵਿਚ ਆਪਣਾ ਹਿੱਸਾ ਪਾਓ ਅਤੇ ਗਰੀਬ ਗੁਰਬਿਆਂ ਦੇ ਜੀਵਨ ਨੂੰ ਉੱਚਾ ਚੁੱਕਣ ਵਿਚ ਸਹਿਯੋਗ ਕਰਨ ਦਾ ਮਾਣ ਹਾਸਲ ਕਰੋ।

– ਭਾਈ ਸੱਜਣ ਸਿੰਘ

ਦਾਨੀ ਸੱਜਣ ਹੇਠ ਲਿਖੇ ਅਕਾਊਂਟ ਵਿਚ ਦਾਨ ਭੇਜ ਸਕਦੇ ਹਨ

Account Name : SHRI GURU RAMDAS GURMAT SOCIETY INC.
Bank : CAPITAL ONE
Routing Number : 021407912
Account number : 7528899346

ਸਥਾਨ

ਟੈਂਪਲ ਕਲੋਨੀ, ਸ੍ਰੀ ਅੰਮ੍ਰਿਤਸਰ ਸਾਹਿਬ,
ਤਾਰਾਂ ਵਾਲਾ ਪੁਲ ਦੇ ਕੋਲ

## ਦੱਖਣੀ ਕੈਲੀਫੋਰਨੀਆ 'ਚ ਭੂਚਾਲ ਨਾਲ ਇਮਾਰਤਾਂ ਡਿੱਗੀਆਂ

**ਲਾਸ ਏਂਜਲਸ:** ਦੱਖਣੀ ਕੈਲੀਫੋਰਨੀਆ 'ਚ ਦੋ ਦਹਾਕਿਆਂ ਵਿਚ ਸਭ ਤੋਂ ਭਿਆਨਕ ਭੂਚਾਲ ਆਇਆ ਜਿਸ ਦੀ ਤੀਬਰਤਾ 7.1 ਮਾਪੀ ਗਈ। ਭੂਚਾਲ ਦਾ ਕੇਂਦਰ ਲਾਸ ਏਂਜਲਸ ਦੇ 150 ਮੀਲ ਉੱਤਰ-ਪੂਰਬ 'ਚ ਘੱਟ ਅਬਾਦੀ ਵਾਲਾ ਇਲਾਕਾ ਸੀ। ਐਮਰਜੈਂਸੀ ਵਰਕਰਾਂ ਅਤੇ ਸੁਰੱਖਿਆ ਬਲਾਂ ਨੂੰ ਤੁਰੰਤ ਘਟਨਾ ਸਥਾਨ ਵੱਲ ਰਵਾਨਾ ਕਰ ਦਿੱਤਾ ਗਿਆ।

ਹੰਗਾਮੀ ਸੇਵਾਵਾਂ ਦੇ ਕੈਲੀਫੋਰਨੀਆ ਦਫਤਰ ਦੇ ਡਾਇਰੈਕਟਰ ਮੁਤਾਬਕ ਅਜੇ ਤੱਕ ਕਿਸੇ ਜਾਨੀ ਨੁਕਸਾਨ ਦੀ ਕੋਈ ਖਬਰ ਨਹੀਂ ਹੈ ਪਰ ਟਰੋਨਾ ਕਸਬੇ 'ਚ ਕਈ ਇਮਾਰਤਾਂ ਡਿੱਗ ਗਈਆਂ ਹਨ ਅਤੇ ਬਿਜਲੀ ਸਪਲਾਈ ਠੱਪ ਹੋ ਗਈ। ਉਨ੍ਹਾਂ ਦੱਸਿਆ ਕਿ ਗੈਸ ਲੀਕ ਹੋਣ ਕਾਰਨ ਅੱਗ ਲੱਗਣ ਦੀਆਂ ਕਈ ਰਿਪੋਰਟਾਂ ਆਈਆਂ ਹਨ। ਖਿੱਤੇ 'ਚ ਬਿਜਲੀ, ਪਾਣੀ ਅਤੇ ਸੰਚਾਰ ਲਾਈਨਾਂ ਟੁੱਟ ਗਈਆਂ ਹਨ।

ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਸਮ ਨੇ ਕਿਹਾ ਕਿ ਉਨ੍ਹਾਂ ਵ੍ਹਾਈਟ ਹਾਊਸ ਤੋਂ ਹੰਗਾਮੀ ਸਹਾਇਤਾ ਦੀ ਮੰਗ ਕੀਤੀ ਹੈ ਅਤੇ ਵਸੀਲੇ ਵੱਡੇ ਪੱਧਰ 'ਤੇ ਸਰਗਰਮ ਹੋ ਗਏ ਹਨ। ਬਾਅਦ 'ਚ ਉਨ੍ਹਾਂ ਸਾਂ ਬਰਨਾਰਡਿਨੋ ਕਾਊਂਟੀ ਅਤੇ ਕੇਰਨ ਕਾਊਂਟੀ 'ਚ ਐਮਰਜੈਂਸੀ ਲਾਉਣ ਦਾ ਐਲਾਨ ਕਰ ਦਿੱਤਾ। ਲੋਕਾਂ ਦੀ ਸਹਾਇਤਾ ਲਈ ਸੁਰੱਖਿਆ ਬਲਾਂ ਦੇ ਜਵਾਨ ਅਤੇ ਹੈਲੀਕਾਪਟਰ ਤਾਇਨਾਤ ਕਰ ਦਿੱਤੇ ਗਏ ਹਨ।

# ਪੰਜਾਬੀ ਖਿਲਾਫ ਪਤਨੀ ਸਣੇ ਚਾਰ ਦੀ ਹੱਤਿਆ ਦੇ ਦੋਸ਼ ਆਇਦ

**ਨਿਊ ਯਾਰਕ:** ਭਾਰਤੀ ਮੂਲ ਦੇ ਪੰਜਾਬੀ ਗੁਰਪ੍ਰੀਤ ਸਿੰਘ ਖਿਲਾਫ ਆਪਣੀ ਪਤਨੀ, ਸੱਸ-ਸਹੁਰੇ ਤੇ ਉਨ੍ਹਾਂ ਦੀ ਇਕ ਰਿਸ਼ਤੇਦਾਰ ਮਹਿਲਾ ਦੀ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ।

ਗੁਰਪ੍ਰੀਤ ਵੱਲੋਂ ਗੋਲੀਆਂ ਮਾਰ ਕੇ ਕੀਤੇ ਇਨ੍ਹਾਂ ਕਤਲਾਂ ਨੇ ਅਮਰੀਕੀ ਸੂਬੇ ਓਹਾਇਓ ਵਿਚ ਰਹਿੰਦੇ ਪੰਜਾਬੀਆਂ 'ਚ ਸਿੱਖ ਵਿਰੋਧੀ ਹਿੰਸਾ ਦਾ ਖੌਫ ਪੈਦਾ ਕਰ ਦਿੱਤਾ ਸੀ। ਵੈਸਟ ਚੈਸਟਰ ਪੁਲਿਸ ਦੇ ਮੁਖੀ ਜੋਇਲ ਹਰਜ਼ੋਗ ਨੇ ਕਿਹਾ ਕਿ ਗੁਰਪ੍ਰੀਤ ਸਿੰਘ ਨੂੰ ਕਤਲ ਦੇ ਚਾਰ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ। ਇਕ ਟੀ.ਵੀ. ਰਿਪੋਰਟ ਮੁਤਾਬਕ ਸਰਕਾਰੀ ਵਕੀਲ ਵੱਲੋਂ ਮੁਲਜ਼ਮ ਲਈ ਮੌਤ ਦੀ ਸਜ਼ਾ ਮੰਗੀ ਜਾਵੇਗੀ।

ਗੁਰਪ੍ਰੀਤ ਸਿੰਘ ਦੀ ਪਤਨੀ ਸ਼ਲਿੰਦਰ ਕੌਰ(39), ਉਹਦੀ ਸੱਸ ਪਰਮਜੀਤ ਕੌਰ(62), ਸਹੁਰਾ ਹਕੀਕਤ ਸਿੰਘ ਪਨਾਗ(59) ਤੇ ਸ਼ਲਿੰਦਰ ਦੀ ਰਿਸ਼ਤੇਦਾਰ ਮਹਿਲਾ ਅਮਰਜੀਤ ਕੌਰ (58) 28 ਅਪਰੈਲ ਨੂੰ ਸਿੰਘ ਦੀ ਵੈਸਟ ਚੈਸਟਰ ਸਥਿਤ ਰਿਹਾਇਸ਼ ਤੇ ਮ੍ਰਿਤ ਮਿਲੇ ਸਨ। ਸਿੰਘ ਦੀ 11 ਤੇ 9 ਸਾਲਾ ਦੋ ਧੀਆਂ ਤੇ ਪੰਜ ਸਾਲਾਂ ਦਾ ਮੁੰਡਾ ਇਸ ਮੌਕੇ ਘਰ ਵਿਚ ਮੌਜੂਦ ਨਹੀਂ ਸਨ। ਗੁਰਪ੍ਰੀਤ ਸਿੰਘ ਨੇ ਖੁਦ ਫੋਨ ਕਰਕੇ ਪੁਲਿਸ ਨੂੰ ਸੱਦਿਆ। ਉਦੋਂ ਉਸ ਨੇ ਦਾਅਵਾ ਕੀਤਾ ਸੀ ਕਿ ਘਰ ਪੁੱਜਣ ਤੇ ਉਸ ਨੂੰ ਪਤਨੀ ਤੇ ਹੋਰ ਮੈਂਬਰ ਮ੍ਰਿਤ ਹਾਲਤ ਵਿਚ ਮਿਲੇ। ਪੁਲਿਸ ਨੇ ਸ਼ੁਰੂਆਤੀ ਜਾਂਚ ਵਿਚ ਇਸ ਘਟਨਾ ਦੇ ਨਫ਼ਰਤੀ ਹਮਲਾ ਹੋਣ ਤੋਂ ਇਨਕਾਰ ਕੀਤਾ ਸੀ। ਗੁਰਪ੍ਰੀਤ ਟਰੱਕ ਡਰਾਈਵਰ ਸੀ ਤੇ ਅਕਸਰ ਘਰ ਤੋਂ ਬਾਹਰ ਰਹਿੰਦਾ ਸੀ। ਟੀ.ਵੀ. ਰਿਪੋਰਟ ਮੁਤਾਬਕ ਚਾਰੇ ਪੀੜਤਾਂ ਨੂੰ 18 ਦੇ ਕਰੀਬ ਗੋਲੀਆਂ ਮਾਰੀਆਂ ਗਈਆਂ ਸਨ ਤੇ ਇਕ ਇਕ ਗੋਲੀ ਉਨ੍ਹਾਂ ਦੇ ਸਿਰ ਵਿਚ ਵੀ ਮਾਰੀ ਗਈ।

## ਪਾਕਿਸਤਾਨ ਸਿੱਖ ਭਾਈਚਾਰੇ ਵੱਲੋਂ ਗੁਰਦੁਆਰਾ ਖਾਰਾ ਸਾਹਿਬ ਨੂੰ ਖੋਲ੍ਹਣ ਦੀ ਮੰਗ

**ਇਸਲਾਮਾਬਾਦ:** ਪਾਕਿਸਤਾਨ ਦੇ ਸਿੱਖ ਭਾਈਚਾਰੇ ਨੇ ਜ਼ਿਲ੍ਹਾ ਗੁੱਜਰਾਂਵਾਲਾ ਦੀ ਤਹਿਸੀਲ ਨੌਸ਼ਹਿਰਾ ਵਿਰਕਾਂ ਦੇ ਪਿੰਡ ਭਾਈ ਕੇ ਮੱਟੂ ਵਿਚਲੀ ਦੇਸ਼ ਦੀ ਵੰਡ ਦੇ ਬਾਅਦ ਤੋਂ ਬੰਦ ਪਈ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦਗਾਰ ਗੁਰਦੁਆਰਾ ਖਾਰਾ ਸਾਹਿਬ ਨੂੰ ਖੋਲ੍ਹਣ ਦੀ ਅਪੀਲ ਕੀਤੀ ਹੈ।

ਇਸ ਗੁਰਦੁਆਰੇ ਦੀ ਆਲੀਸ਼ਾਨ ਇਮਾਰਤ ਪਿੰਡ ਦੇ ਸ਼ੁਰੂ 'ਚ ਮੁੱਖ ਸੜਕ ਤੋਂ ਥੋੜ੍ਹਾ ਹਟ ਕੇ ਰਿਹਾਇਸ਼ੀ ਆਬਾਦੀ 'ਚ ਅੱਜ ਵੀ ਆਪਣੀ ਸ਼ਾਨ ਕਾਇਮ ਰੱਖੇ ਹੋਏ ਹੈ। ਪਾਕਿ ਦੀ ਸਿੱਖ ਸੰਗਤ ਵੱਲੋਂ ਹਾਲ ਹੀ 'ਚ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਅੰਦਰੋਂ-ਬਾਹਰੋਂ ਸਫਾਈ ਕਰਵਾ ਕੇ ਇਸ ਦੇ ਆਸ-ਪਾਸ ਤੋਂ ਕਬਜ਼ੇ ਹਟਵਾਏ ਗਏ ਹਨ। ਗੁਰਦੁਆਰਾ ਸਾਹਿਬ ਨੂੰ ਸਿੱਖ ਭਾਈਚਾਰੇ ਲਈ ਖੋਲ੍ਹਣ ਦੀ ਮੰਗ ਕਰਦਿਆਂ ਪਾਕਿਸਤਾਨ ਸਿੱਖ ਸੰਗਤ ਦੇ ਚੇਅਰਮੈਨ ਗੋਪਾਲ ਸਿੰਘ ਚਾਵਲਾ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਇਮਾਰਤ ਅੱਜ ਵੀ ਚੰਗੀ ਹਾਲਤ 'ਚ ਹੈ ਤੇ ਇਸ ਦੇ ਅੰਦਰ-ਬਾਹਰ ਦੀਆਂ ਦੀਵਾਰਾਂ 'ਤੇ ਉੱਕਰੇ ਸਿੱਖ ਧਾਰਮਿਕ ਚਿੰਨ੍ਹ ਤੇ ਦਾਨੀ ਸੱਜਣਾਂ ਦੇ ਨਾਂਵਾਂ ਦੀਆਂ ਪੱਥਰ ਦੀਆਂ ਸਿਲਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਹੈ ਪਰ ਰੱਖ-ਰਖਾਅ ਦੀ ਘਾਟ ਕਾਰਨ ਇਨ੍ਹਾਂ ਨਿਸ਼ਾਨੀਆਂ ਦਾ ਲੰਬੇ ਸਮੇਂ ਤੱਕ ਕਾਇਮ ਰਹਿਣਾ ਸੰਭਵ ਨਹੀਂ ਹੈ। ਦੱਸਿਆ ਜਾਂਦਾ ਹੈ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਇਥੇ ਹਰ 7 ਸਾਉਣ ਨੂੰ ਵੱਡਾ ਮੇਲਾ ਲੱਗਦਾ ਸੀ।

## ਨੀਰਵ ਮੋਦੀ ਨੂੰ ਸੂਦ ਸਣੇ 7,200 ਕਰੋੜ ਅਦਾ ਕਰਨ ਦੇ ਹੁਕਮ

**ਪੁਣੇ:** ਕਰਜ਼ਾ ਵਸੂਲੀ ਟ੍ਰਿਬਿਊਨਲ (ਡੀ. ਆਰ. ਟੀ.) ਨੇ ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਤੇ ਉਸ ਦੇ ਸਾਥੀਆਂ ਨੂੰ ਪੰਜਾਬ ਨੈਸ਼ਨਲ ਬੈਂਕ (ਪੀ.ਐਨ.ਬੀ.) ਨੂੰ ਵਿਆਜ ਸਣੇ 7,200 ਕਰੋੜ ਰੁਪਏ ਅਦਾ ਕਰਨ ਦਾ ਹੁਕਮ ਦਿੱਤਾ ਹੈ। ਨੀਰਵ ਇਸ ਵੇਲੇ ਲੰਡਨ ਦੀ ਜੇਲ੍ਹ ਵਿਚ ਹੈ। ਪੀ. ਐਨ.ਬੀ. ਨਾਲ ਕੀਤੀ ਧੋਖਾਧੜੀ ਵਿਚ ਮੋਦੀ (48) ਮੁੱਖ ਮੁਲਜ਼ਮ ਹਨ। ਡੀ.ਆਰ.ਟੀ. ਦੇ ਅਧਿਕਾਰੀ ਦੀਪਕ ਠੱਕਰ ਨੇ ਪੀ.ਐਨ.ਬੀ. ਦੇ ਹੱਕ ਵਿਚ ਦੋ ਕੇਸਾਂ 'ਚ ਹੁਕਮ ਪਾਸ ਕੀਤੇ ਹਨ। ਇਨ੍ਹਾਂ ਨੂੰ 14.30% ਸਾਲਾਨਾ ਵਿਆਜ ਦਰ ਨਾਲ ਇਹ ਰਾਸ਼ੀ ਅਦਾ ਕਰਨ ਦਾ ਹੁਕਮ ਦਿੱਤਾ ਗਿਆ ਹੈ।

## ਹਰੇਨ ਪਾਂਡਿਆ ਹੱਤਿਆ ਕਾਂਡ 'ਚ 12 ਦੋਸ਼ੀ ਕਰਾਰ

**ਨਵੀਂ ਦਿੱਲੀ:** ਗੁਜਰਾਤ ਦੇ ਸਾਬਕਾ ਗ੍ਰਹਿ ਮੰਤਰੀ ਹਰੇਨ ਪਾਂਡਿਆ ਦੇ 2003 ਵਿਚ ਹੋਏ ਕਤਲ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੇ 12 ਜਣਿਆਂ ਨੂੰ ਦੋਸ਼ੀ ਠਹਿਰਾਇਆ ਹੈ। ਸੀ.ਬੀ.ਆਈ. ਤੇ ਗੁਜਰਾਤ ਸਰਕਾਰ ਨੇ ਹਾਈ ਕੋਰਟ ਦੇ ਹੁਕਮ ਖਿਲਾਫ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕੀਤੀ ਸੀ। ਹਾਈ ਕੋਰਟ ਨੇ ਆਪਣੇ ਫੈਸਲੇ ਵਿਚ ਇਨ੍ਹਾਂ ਨੂੰ ਹੱਤਿਆ ਦੇ ਦੋਸ਼ਾਂ ਤੋਂ ਮੁਕਤ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ ਪਾਂਡਿਆ ਹੱਤਿਆ ਕਾਂਡ ਦੀ ਅਦਾਲਤੀ ਨਿਗਰਾਨੀ ਹੇਠ ਨਵੇਂ ਸਿਰਿਉਂ ਜਾਂਚ ਦੀ ਇਕ ਪਟੀਸ਼ਨ ਵੀ ਖਾਰਜ ਕਰ ਦਿੱਤੀ। ਪਾਂਡਿਆ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਰਾਜ ਸਰਕਾਰ ਵਿਚ ਗ੍ਰਹਿ ਮੰਤਰੀ ਸਨ। ਉਨ੍ਹਾਂ ਨੂੰ 26 ਮਾਰਚ, 2003 ਨੂੰ ਅਹਿਮਦਾਬਾਦ ਦੇ ਲਾਅ ਗਾਰਡਨ ਕੋਲ ਗੋਲੀ ਮਾਰ ਦਿੱਤੀ ਗਈ ਸੀ। ਸੀ.ਬੀ.ਆਈ. ਮੁਤਾਬਕ ਪਾਂਡਿਆ ਦੀ ਹੱਤਿਆ 2002 ਦੇ ਗੁਜਰਾਤ ਦੰਗਿਆਂ ਦਾ ਬਦਲਾ ਲੈਣ ਲਈ ਕੀਤੀ ਗਈ ਸੀ।

## Matrimonials

### ਲੜਕੀ ਦੀ ਲੋੜ ਹੈ

Wanted suitable sikh girl from USA for New Zealand citizen boy, 29 years, 5'-9", bachelor in business. Good Job with established company in New Zealand. Also have USA tourist visa . Contact with photo, email sunnymaan84@yahoo.com or call Navpreet at 856-693-5401.
27-30

Wanted suitable match for Jatt Sikh turban wearing boy, 27, 5'-7" B.tech computer engineering. Currently on work permit in Canada. Land -15 acre. One sister in USA and one in Canada. Contact: Ph.630-407-7577 or 630-956-0886. Email: sandeepksohi@gmail.com
27-30

Wanted suitable beautiful girl from USA or Canada for Canadian citizen boy, 29 years, 5'-10", double bachelor in IT. Good job with CWB bank. Girl on visitor visa can also considered. Pl. contact with photo, email: chandi.avtar@yahoo.com or Ph: 780-200-8082
24-27

### ਲੜਕੇ ਦੀ ਲੋੜ ਹੈ

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. Contact: What's App 1-437-779-2765

**For matrimonials Please contact**
**Punjab Times**
*Ph: 847-359-0746*
*Visit us on the web:*
***punjabtimesusa.com***
***All the matrimonial published in all three editions of Punjab Times***

## ਸੁਬਰਾਮਨੀਅਨ ਸਵਾਮੀ ਖਿਲਾਫ ਕੇਸ ਦਰਜ

**ਰਾਏਪੁਰ:** ਛੱਤੀਸਗੜ੍ਹ ਪੁਲਿਸ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਖਿਲਾਫ ਕਥਿਤ ਗਲਤ ਬਿਆਨਬਾਜ਼ੀ ਕਰਨ ਦੇ ਦੋਸ਼ ਵਿਚ ਭਾਜਪਾ ਦੇ ਰਾਜ ਸਭਾ ਮੈਂਬਰ ਸੁਬਰਾਮਨੀਅਨ ਸਵਾਮੀ ਖਿਲਾਫ ਕੇਸ ਦਰਜ ਕੀਤਾ ਹੈ। ਜਸ਼ਪੁਰ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਪਵਨ ਅਗਰਵਾਲ ਨੇ ਲਿਖਤੀ ਸ਼ਿਕਾਇਤ ਵਿਚ ਕਿਹਾ ਕਿ ਸਵਾਮੀ ਨੇ ਕਿਹਾ ਸੀ ਕਿ ਰਾਹੁਲ ਗਾਂਧੀ ਕੋਕੀਨ ਲੈਂਦੇ ਹਨ।

**Franchise Motel, Restaurant & Apartments for Sale**
**ਫਰੈਂਚਾਈਜ਼ ਮੋਟਲ, ਰੈਸਟੋਰੈਂਟ ਅਤੇ ਅਪਾਰਟਮੈਂਟ ਵਿਕਾਊ ਹਨ**
**In North East Pennsylvania**
**50 Rooms Franchise Motel For Sale On I 81**
+ 7 Apartments
+ Restaurant (Seats 250) with Bar
+ Attached to Restaurant, 2 Meeting Rooms with Bars
+ One 3 Bedroom Owner House
+ 3 Bedroom Manager's Apartment.
+ Living room with kitchen on back of main office
**Price $1.4 Million**
**Email: rajenvpatel@comcast.net**
**Ph: 570-313-3440**
26-27

**ਰੈਸਟੋਰੈਂਟ ਸਟਾਫ ਦੀ ਲੋੜ ਹੈ**
ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।
*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*
*ਸੰਪਰਕ ਕਰੋ*
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
22+

**ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ**
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ।
ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ
*ਸੰਪਰਕ ਕਰੋ: ਮਿ. ਸਿੰਘ*
**ਫੋਨ: 515-291-1961**
28-

**ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ**
ਮਿਸ਼ੀਗਨ ਵਿਚ ਭਾਰਤੀ ਵੈਸ਼ਨੂੰ ਕੈਰੀਆਊਟ (ਬੈਠ ਕੇ ਖਾਣ ਲਈ ਨਹੀਂ) ਲਈ ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ।
ਰੈਸਟੋਰੈਂਟ ਐਤਵਾਰ ਨੂੰ ਬੰਦ ਰਹਿੰਦਾ ਹੈ, ਟਰੇਨਿੰਗ ਦਿਆਂਗੇ।
*ਕਿਚਨ ਸੋਮਵਾਰ ਤੋਂ ਸਨਿਚਰਵਾਰ ਤੱਕ ਰਾਤੀਂ 9 ਵਜੇ ਬੰਦ ਹੋ ਜਾਂਦੀ ਹੈ*
**In person : Ajanta Grocers and Carryout**
**3227 South Blvd, Auburn Hills, MI**
**Call: 248-260-7425 (Bal)**
**519-564-2515 (Preeti)**
27-

# ਲੋਕਾਂ ਲਈ ਮਾਯੂਸੀ ਵਾਲਾ ਹੈ ਮੋਦੀ ਸਰਕਾਰ ਦਾ ਪਹਿਲਾ ਬਜਟ

**ਨਵੀਂ ਦਿੱਲੀ:** ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਸਾਲ 2019-20 ਲਈ ਪੇਸ਼ ਕੀਤੇ ਬਜਟ 'ਚ ਨਿਵੇਸ਼ ਕਰਨ ਵਾਲਿਆਂ ਨੂੰ ਗੱਫੇ ਦੇਣ ਤੋਂ ਇਲਾਵਾ, ਸਿੱਧੇ ਵਿਦੇਸ਼ੀ ਨਿਵੇਸ਼ (ਐਫ.ਡੀ. ਆਈ.) ਤੇ ਨਿੰਜੀਕਰਨ ਨੂੰ ਵੀ ਖੂਬ ਉਤਸ਼ਾਹਿਤ ਕੀਤਾ, ਪਰ 2019 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਵੱਡਾ ਫਤਵਾ ਦਿਵਾਉਣ ਵਾਲੀ ਜਨਤਾ, ਜਿਸ 'ਚ ਮੱਧ ਆਮਦਨ ਵਰਗ ਮੁੱਖ ਤੌਰ ਉਤੇ ਸ਼ਾਮਲ ਹੈ, ਦੇ ਹੱਥ ਮਾਯੂਸੀ ਹੀ ਨਜ਼ਰ ਆਈ ਹੈ।




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅੰਤਰਿਮ ਬਜਟ 'ਚ ਹੀ 6000 ਰੁਪਏ ਸਾਲਾਨਾ ਦੀ 'ਸਨਮਾਨ ਨਿਧੀ' ਦੇ ਦਾਇਰੇ 'ਚ ਆ ਚੁੱਕੇ ਕਿਸਾਨਾਂ ਨੂੰ ਇਸ ਬਜਟ 'ਚ 'ਅੰਨਦਾਤਾ ਤੋਂ ਊਰਜਾਦਾਤਾ' ਬਣਨ ਦਾ ਨਾਅਰਾ ਦੇਣ ਦੇ ਨਾਲ-ਨਾਲ ਖੇਤੀ ਦੇ ਪੁਰਾਣੇ ਤਰੀਕੇ 'ਜ਼ੀਰੋ ਬਜਟ' ਵੱਲ ਜਾਣ ਦਾ ਮਸ਼ਵਰਾ ਦਿੱਤਾ ਗਿਆ ਤਾਂ ਜੋ 2022 ਤੱਕ ਕਿਸਾਨਾਂ ਦੀ ਆਮਦਨ ਨੂੰ ਦੁਗਣਾ ਕਰਨ ਦੇ ਟੀਚੇ ਨੂੰ ਹਾਸਲ ਕੀਤਾ ਜਾ ਸਕੇ। ਦੂਜੇ ਕਾਰਜਕਾਲ 'ਚ ਪੇਸ਼ ਕੀਤੇ ਪਹਿਲੇ ਹੀ ਬਜਟ ਵਿਚ 'ਸਖਤ ਫੈਸਲਿਆਂ' ਦੀ ਝਲਕ ਵਿਖਾਉਂਦਿਆਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਪੈਟਰੋਲ ਤੇ ਡੀਜ਼ਲ 'ਤੇ 1 ਰੁਪਏ ਮਹਿਸੂਲ ਤੇ 1 ਰੁਪਇਆ ਸੈਸ ਲਾਉਣ ਦਾ ਐਲਾਨ ਕੀਤਾ, ਜਿਸ ਨਾਲ ਪ੍ਰਭਾਵੀ ਤੌਰ ਉਤੇ ਪੈਟਰੋਲ ਤੇ ਡੀਜ਼ਲ ਕ੍ਰਮਵਾਰ 2.5 ਤੇ 2.3 ਰੁਪਏ ਪ੍ਰਤੀ ਲੀਟਰ ਮਹਿੰਗਾ ਹੋ ਗਿਆ। ਇਸ ਦੇ ਨਾਲ ਹੀ ਨਿੰਜੀਕਰਨ ਪ੍ਰਤੀ ਸਰਕਾਰ ਦੀ 'ਉਦਾਰ ਨੀਤੀ' ਦੀ ਝਲਕ ਵਿਖਾਉਂਦੇ ਹੋਏ ਬਜਟ ਭਾਸ਼ਣ 'ਚ ਖਜ਼ਾਨਾ ਮੰਤਰੀ ਨੇ ਨੀਤੀਗਤ ਢੰਗ ਨਾਲ ਸਰਕਾਰੀ ਕੰਪਨੀਆਂ (ਪੀ.ਐਸ.ਯੂ.ਏ.) ਨੂੰ ਨਿੰਜੀਕਰਨ ਵੱਲ ਲੈ ਕੇ ਜਾਣ ਦੀ ਵੀ ਗੱਲ ਕੀਤੀ ਹੈ।

ਉਕਤ ਦੋਵਾਂ ਹੀ ਐਲਾਨਾਂ (ਮਹਿੰਗੇ ਪੈਟਰੋਲ ਤੇ ਸਰਕਾਰੀ ਕੰਪਨੀਆਂ ਦੇ ਅਪਨਿਵੇਸ਼) 'ਤੇ ਵਿਰੋਧੀ ਧਿਰ ਦੀਆਂ ਬੈਂਚਾਂ ਤੋਂ ਸੁਭਾਵਿਕ ਹੀ ਮੁਖਾਲਫਤ ਦੇ ਸੁਰ ਸੁਣਾਈ ਦਿੱਤੇ। ਨਿਰਮਲਾ ਸੀਤਾਰਮਨ ਨੇ ਬਜਟ ਨੂੰ ਦਿਹਾਤ, ਗਰੀਬ ਤੇ ਕਿਸਾਨ 'ਤੇ ਕੇਂਦਰਿਤ ਕਰਾਰ ਦਿੰਦਿਆਂ ਇਸ ਵਾਰ ਫਿਰ ਪ੍ਰਧਾਨ ਮੰਤਰੀ ਦਾ 'ਮਿਸ਼ਨ 2022' ਸਦਨ 'ਚ ਦੁਹਰਾ ਦਿੱਤਾ, ਜਿਸ ਮੁਤਾਬਕ 2022 ਤੱਕ ਹਰੇਕ ਨੂੰ ਘਰ ਤਹਿਤ 1.95 ਕਰੋੜ ਘਰਾਂ ਦੀ ਉਸਾਰੀ, ਹਰ ਘਰ 'ਚ ਪਖਾਨਾ, ਬਿਜਲੀ ਤੇ ਰਸੋਈ ਗੈਸ ਕੁਨੈਕਸ਼ਨ ਮੁਹੱਈਆ ਕਰਵਾਇਆ ਜਾਵੇਗਾ ਜਦਕਿ ਹਰ ਘਰ 'ਚ ਪੀਣ ਵਾਲਾ ਪਾਣੀ, ਜਿਸ ਨੂੰ ਮੋਦੀ ਸਰਕਾਰ ਵੱਲੋਂ ਦੂਜੇ ਕਾਰਜਕਾਲ ਦੀ ਸ਼ੁਰੂਆਤ ਤੋਂ ਹੀ ਆਪਣੇ ਮਿਸ਼ਨ 'ਚ ਰੱਖਿਆ ਜਾ ਰਿਹਾ ਹੈ, ਮੁਹੱਈਆ ਕਰਵਾਉਣ ਦੀ ਸਮਾਂ ਹੱਦ 2024 ਮਿਥੀ ਗਈ ਹੈ। ਬਜਟ 'ਚ ਸਰਕਾਰੀ ਬੈਂਕਾਂ ਲਈ ਸੰਜੀਵਨੀ ਵਜੋਂ 70 ਹਜ਼ਾਰ ਕਰੋੜ ਦੀ ਪੂੰਜੀ ਦੇਣ ਦਾ ਐਲਾਨ ਵੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡਿਜੀਟਲ ਲੈਣ-ਦੇਣ ਤੇ ਬਿਜਲਈ ਵਾਹਨਾਂ ਨੂੰ ਉਤਸ਼ਾਹਿਤ ਕਰਨ ਨਾਲ 'ਇਕ ਦੇਸ਼ ਇਕ ਗ੍ਰਿਡ' ਤੇ ਸਮਾਜਿਕ ਸਟਾਕ ਐਕਸਚੇਂਜ ਦੀ ਨਵੀਂ ਧਾਰਨਾ ਦਿੱਤੀ ਗਈ। ਜ਼ੀਰੋ ਬਜਟ ਖੇਤੀ ਦੀ ਪੁਰਾਣੀ ਧਾਰਨਾ ਵੱਲ ਚੱਲਣ ਕਿਸਾਨ ਆਪਣੇ ਬਜਟ ਭਾਸ਼ਨ 'ਚ ਕਿਸਾਨਾਂ ਨੂੰ ਸੰਖੇਪ ਜਿਹੀ ਥਾਂ ਦਿੰਦਿਆਂ ਨਿਰਮਲਾ ਸੀਤਾਰਮਨ ਨੇ 'ਅੰਨਦਾਤਾ' ਨੂੰ 'ਊਰਜਾਦਾਤਾ' ਬਣਨ ਦੀ ਰਾਹ 'ਤੇ ਚੱਲਣ ਨੂੰ ਕਿਹਾ।

ਭਾਰਤ 'ਚ ਵਿਦੇਸ਼ੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਕੇਂਦਰ ਨੇ ਭਾਰਤ 'ਚ ਪੜ੍ਹਾਈ (ਸਟੱਡੀ ਇਨ ਇੰਡੀਆ) ਪ੍ਰੋਗਰਾਮ ਦਾ ਐਲਾਨ ਵੀ ਕੀਤਾ। ਕੇਂਦਰ ਨੇ ਦੂਰਦਰਸ਼ਨ ਦੇ ਮੰਚ ਤੋਂ ਸਟਾਰਟਅੱਪ ਉੱਦਮੀਆਂ ਨੂੰ ਉਤਸ਼ਾਹਿਤ ਕਰਨ ਲਈ ਇਕ ਨਵਾਂ ਟੀ.ਵੀ. ਚੈਨਲ ਖੋਲ੍ਹਣ ਦਾ ਐਲਾਨ ਕੀਤਾ ਹੈ। ਖਜ਼ਾਨਾ ਮੰਤਰੀ ਨੇ ਸੈਰ ਸਪਾਟਾ ਖੇਤਰ ਨੂੰ ਉਤਸ਼ਾਹਿਤ ਕਰਨ ਲਈ 17 ਵਿਰਾਸਤੀ ਥਾਵਾਂ ਨੂੰ ਆਲਮੀ ਪੱਧਰ ਦੇ ਸੈਲਾਨੀ ਟਿਕਾਣਿਆਂ ਵਜੋਂ ਵਿਕਸਿਤ ਕਰਨ ਦਾ ਐਲਾਨ ਕੀਤਾ ਹੈ। ਸੈਰ ਸਪਾਟੇ ਤੋਂ ਇਲਾਵਾ ਕਲਾ ਖੇਤਰ ਨੂੰ ਵੀ ਹੁੰਗਾਰਾ ਦੇਣ ਲਈ 100 ਨਵੇਂ ਕਲੱਸਟਰ ਸਥਾਪਤ ਕਰਨ ਦਾ ਐਲਾਨ ਕੀਤਾ, ਜੋ ਤਕਰੀਬਨ 50 ਹਜ਼ਾਰ ਕਲਾਕਾਰਾਂ ਤੇ ਦੇਸ਼ ਦੇ ਕਬਾਇਲੀ ਸੱਭਿਆਚਾਰ ਨੂੰ ਹੁੰਗਾਰਾ ਦੇਣਗੇ। ਨਿੰਜੀਕਰਨ ਦੀ ਹਮਾਇਤੀ ਕੇਂਦਰ ਸਰਕਾਰ ਵੱਲੋਂ ਮੌਜੂਦਾ ਸਾਲ 2019-20 'ਚ ਸਰਕਾਰੀ ਕੰਪਨੀਆਂ ਵਿਚ ਵਿਦੇਸ਼ੀ ਨਿਵੇਸ਼ ਰਾਹੀਂ 1.05 ਲੱਖ ਕਰੋੜ ਰੁਪਏ ਜੁਟਾਉਣ ਦਾ ਟੀਚਾ ਮਿਥਿਆ ਗਿਆ ਹੈ, ਜਿਸ 'ਚ ਘਾਟੇ 'ਚ ਚੱਲ ਰਹੀ ਸਰਕਾਰੀ ਹਵਾਈ ਕੰਪਨੀ 'ਏਅਰ ਇੰਡੀਆ' ਦਾ ਨਾਂ ਸਭ ਤੋਂ ਉੱਪਰ ਹੈ।

### ਬਜਟ ਦੀਆਂ ਤਜਵੀਜ਼ਾਂ

- -ਆਧਾਰ ਕਾਰਡ ਨਾਲ ਟੈਕਸ ਰਿਟਰਨ ਭਰਨ ਦੀ ਖੁੱਲ੍ਹ
- -ਸਿੱਖਿਆ ਦੇ ਮਿਆਰ 'ਚ ਸੁਧਾਰ ਲਈ ਕੌਮੀ ਸਿੱਖਿਆ ਨੀਤੀ ਦੀ ਤਜਵੀਜ਼
- -ਸਰਕਾਰੀ ਜ਼ਮੀਨ 'ਤੇ ਸਸਤੀ ਹਾਊਸਿੰਗ ਯੋਜਨਾ ਦੀ ਪੇਸ਼ਕਸ਼
- -'ਇਕ ਰਾਸ਼ਟਰ ਇਕ ਗਰਿੱਡ' ਤਹਿਤ 2022 ਤਕ ਹਰ ਘਰ ਵਿਚ ਬਿਜਲੀ
- -ਪਾਸਪੋਰਟ ਧਾਰਕ ਐਨ.ਆਰ.ਆਈਜ਼. ਨੂੰ ਜਾਰੀ ਹੋਵੇਗਾ ਆਧਾਰ ਕਾਰਡ
- -ਹਾਊਸਿੰਗ ਫਾਇਨਾਂਸ ਕੰਪਨੀਆਂ ਦਾ ਕੰਟਰੋਲ ਆਰ.ਬੀ.ਆਈ. ਨੂੰ ਸੌਂਪਿਆ
- -ਸਟਾਰਟਅੱਪਜ਼ ਨੂੰ ਟੈਕਸ ਸਕਰੂਟਨੀ ਤੋਂ ਛੋਟ
- -ਏਅਰ ਇੰਡੀਆ ਦੇ ਰਣਨੀਤਕ ਅਪਨਿਵੇਸ਼ ਦੀ ਤਜਵੀਜ਼
- -ਬਿਜਲਈ ਵਾਹਨਾਂ ਨੂੰ ਹੱਲਾਸ਼ੇਰੀ ਲਈ ਦਸ ਹਜ਼ਾਰ ਕਰੋੜ
- -ਤਿੰਨ ਕਰੋੜ ਪ੍ਰਚੂਨ ਦੁਕਾਨਦਾਰਾਂ/ਕਾਰੋਬਾਰੀਆਂ ਨੂੰ ਪੈਨਸ਼ਨ ਲਾਭ ਦੇਣ ਦਾ ਐਲਾਨ
- -ਪਾਣੀ ਤੇ ਗੈਸ ਲਈ ਕੌਮੀ ਗਰਿੱਡ
- -ਵਿਦੇਸ਼ੀ ਨਿਵੇਸ਼ਕਾਂ ਲਈ ਕੇਵਾਈਸੀ ਨੂੰ ਸੁਖਾਲਾ ਬਣਾਉਣਾ
- -ਰੇਲ ਢਾਂਚੇ ਲਈ 65 ਹਜ਼ਾਰ ਕਰੋੜ
- -ਪੁਲਾੜ 'ਚ ਭਾਰਤ ਦੀ ਤਾਕਤ ਵਧਾਉਣ ਉਤੇ ਜ਼ੋਰ
- -ਸਰਕਾਰੀ ਬੈਂਕਾਂ ਨੂੰ ਕਰਜ਼ੇ ਵਜੋਂ ਮਿਲਣਗੇ 70 ਹਜ਼ਾਰ ਕਰੋੜ
- -ਨੈਸ਼ਨਲ ਰਿਸਰਚ ਫਾਊਂਡੇਸ਼ਨ ਬਣਾਉਣ ਦੀ ਤਜਵੀਜ਼
- - ਐਵੀਏਸ਼ਨ, ਮੀਡੀਆ ਤੇ ਇੰਸ਼ੋਰੈਂਸ 'ਚ ਐਫ.ਡੀ.ਆਈ. ਦੀ ਖੁੱਲ੍ਹ
- -2022 ਤੱਕ 1.95 ਕਰੋੜ ਘਰ ਬਣਾਉਣ ਦੀ ਯੋਜਨਾ
- -ਆਲਮੀ ਨਿਵੇਸ਼ਕ ਸੰਮੇਲਨ ਹਰ ਸਾਲ ਕਰਵਾਉਣ ਦਾ ਫੈਸਲਾ

## ਰੇਲਵੇ ਨੂੰ 65,837 ਕਰੋੜ ਰੁਪਏ ਮਿਲੇ

**ਨਵੀਂ ਦਿੱਲੀ:** ਰੇਲਵੇ ਨੂੰ 65,837 ਕਰੋੜ ਰੁਪਏ ਦਾ ਬਜਟ ਅਤੇ 1.60 ਲੱਖ ਕਰੋੜ ਰੁਪਏ ਦਾ ਪੂੰਜੀ ਖਰਚਾ ਜਾਰੀ ਕੀਤਾ ਗਿਆ ਹੈ। ਕੇਂਦਰੀ ਵਿੱਤ ਮੰਤਰੀ ਨੇ ਕਿਹਾ ਕਿ ਰੇਲਵੇ ਦੇ ਢਾਂਚੇ ਨੂੰ 2018 ਅਤੇ 2030 ਵਿਚਾਲੇ 50 ਲੱਖ ਕਰੋੜ ਰੁਪਏ ਦੀ ਲੋੜ ਹੈ। ਉਨ੍ਹਾਂ ਰੇਲਵੇ ਦੇ ਤੇਜ਼ੀ ਨਾਲ ਵਿਕਾਸ ਅਤੇ ਮੁਸਾਫਰਾਂ ਨੂੰ ਚੰਗੀਆਂ ਸਹੂਲਤਾਂ ਦੇਣ ਲਈ ਪਬਲਿਕ ਪ੍ਰਾਈਵੇਟ ਭਾਈਵਾਲੀ (ਪੀ.ਪੀ.ਪੀ.) ਦੀ ਤਜਵੀਜ਼ ਪੇਸ਼ ਕੀਤੀ। ਉਨ੍ਹਾਂ ਕਿਹਾ, 'ਰੇਲ ਮੰਤਰਾਲਾ ਨੀਮ ਸ਼ਹਿਰੀ ਇਲਾਕਿਆਂ 'ਚ ਸਪੈਸ਼ਲ ਪਰਪਜ਼ ਵ੍ਹੀਕਲਜ਼ (ਐਸ.ਪੀ.ਵੀਜ਼.) ਰਾਹੀਂ ਨਿਵੇਸ਼ ਕਰੇਗਾ ਅਤੇ ਪੀ.ਪੀ.ਪੀ. ਰਾਹੀਂ ਮੈਟਰੋ ਰੇਲ ਨੈਟਵਰਕ ਨੂੰ ਹੁਲਾਰਾ ਦੇਵੇਗਾ।' ਸਰਕਾਰ ਢੋਆ-ਢੁਆਈ ਲਈ ਨਦੀਆਂ ਦੀ ਮਾਰਗਾਂ ਵਜੋਂ ਵਰਤੋਂ ਕਰੇਗੀ। ਇਸ ਸਾਲ ਰੇਲਵੇ ਸਟੇਸ਼ਨਾਂ ਦਾ ਆਧੁਨਿਕੀਕਰਨ ਵੀ ਸ਼ੁਰੂ ਕੀਤਾ ਜਾਵੇਗਾ।

## ਆਸ ਦੇ ਉਲਟ ਰੱਖਿਆ ਬਜਟ 'ਚ ਬਹੁਤਾ ਫੇਰਬਦਲ ਨਹੀਂ

**ਨਵੀਂ ਦਿੱਲੀ:** ਮੋਦੀ ਸਰਕਾਰ ਨੇ ਆਮ ਬਜਟ ਵਿਚ ਰੱਖਿਆ ਖੇਤਰ ਲਈ ਰਾਖਵੀਂ ਰਾਸ਼ੀ ਨੂੰ ਜ਼ਿਆਦਾ ਨਾ ਘਟਾਉਂਦਿਆਂ-ਵਧਾਉਂਦਿਆਂ ਇਸ ਨੂੰ ਪਿਛਲੀ ਅਲਾਟ ਰਾਸ਼ੀ ਦੇ ਨੇੜੇ ਤੇੜੇ ਹੀ 3.18 ਲੱਖ ਕਰੋੜ ਰੁਪਏ ਉਤੇ ਬਰਕਰਾਰ ਰੱਖਿਆ ਹੈ। ਜਦਕਿ ਸੰਭਾਵਨਾ ਜਤਾਈ ਗਈ ਸੀ ਇਸ ਵਿਚ ਵਾਧਾ ਕੀਤਾ ਜਾ ਸਕਦਾ ਹੈ। ਵਿੱਤੀ ਵਰ੍ਹੇ 2018-19 ਲਈ ਇਹ 2.98 ਲੱਖ ਕਰੋੜ ਰੁਪਏ ਸੀ। ਇਸ ਵਿਚ 6.87 ਫੀਸਦ ਦਾ ਵਾਧਾ ਕੀਤਾ ਗਿਆ ਹੈ। ਰੱਖਿਆ ਬਜਟ ਜੀ.ਡੀ.ਪੀ. ਦੇ 1.6 ਫੀਸਦ ਦੇ ਬਰਾਬਰ ਹੈ ਤੇ ਮਾਹਿਰਾਂ ਮੁਤਾਬਕ ਚੀਨ ਨਾਲ 1962 ਵਿਚ ਹੋਈ ਜੰਗ ਤੋਂ ਬਾਅਦ ਇਹ ਹੁਣ ਤੱਕ ਦਾ ਸਭ ਤੋਂ ਘੱਟ ਵਾਧਾ ਹੈ।

## ਖੇਤੀ ਖੇਤਰ ਵਿਚ ਵੱਡਾ ਨਿਵੇਸ਼ ਹੋਵੇਗਾ

**ਨਵੀਂ ਦਿੱਲੀ:** ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਟੀਚੇ ਤਹਿਤ ਸਰਕਾਰ ਖੇਤੀਬਾੜੀ ਤੇ ਇਸ ਦੇ ਸਹਾਇਕ ਧੰਦਿਆਂ 'ਚ ਵੱਡੇ ਪੱਧਰ ਉਤੇ ਨਿਵੇਸ਼ ਕਰੇਗੀ ਅਤੇ ਨਿੱਜੀ ਉਦਮੀਆਂ ਨੂੰ ਫੂਡ ਪ੍ਰੋਸੈਸਿੰਗ ਲਈ ਉਤਸ਼ਾਹਿਤ ਕਰੇਗੀ। ਵਿੱਤ ਮੰਤਰੀ ਨੇ ਕਿਹਾ, 'ਖੇਤੀਬਾੜੀ ਢਾਂਚੇ ਲਈ ਅਸੀਂ ਵੱਡੇ ਪੱਧਰ 'ਤੇ ਨਿਵੇਸ਼ ਕਰਾਂਗੇ। ਖੇਤੀਬਾੜੀ ਤੇ ਇਸ ਨਾਲ ਸਬੰਧਤ ਸਹਾਇਕ ਧੰਦਿਆਂ ਵਿਚ ਸਹਿਯੋਗ ਲਈ ਅਸੀਂ ਪ੍ਰਾਈਵੇਟ ਕਾਰੋਬਾਰੀਆਂ ਦੀ ਮਦਦ ਕਰਾਂਗੇ।' ਉਨ੍ਹਾਂ ਕਿਹਾ ਕਿ ਮੱਛੀ ਪਾਲਣ ਦੇ ਧੰਦੇ ਨੂੰ ਹੁਲਾਰਾ ਦੇਣ ਲਈ ਸਰਕਾਰ ਨੇ ਪ੍ਰਧਾਨ ਮੰਤਰੀ ਮਤਸਯ ਸੰਪਦਾ ਯੋਜਨਾ ਦੀ ਤਜਵੀਜ਼ ਪੇਸ਼ ਕੀਤੀ ਹੈ। ਉਨ੍ਹਾਂ ਦੇਸ਼ ਨੂੰ ਦਾਲਾਂ ਦੀ ਪੈਦਾਵਾਰ 'ਚ ਆਤਮ ਨਿਰਭਰ ਬਣਾਉਣ ਲਈ ਕਿਸਾਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ 10 ਹਜ਼ਾਰ ਨਵੀਆਂ ਕਿਸਾਨ ਉਤਪਾਦਕ ਸੰਸਥਾਵਾਂ ਸਥਾਪਤ ਕਰਨ ਦੀ ਵੀ ਤਜਵੀਜ਼ ਹੈ।

## ਸੀਤਾਰਮਨ ਨੇ ਅੰਗਰੇਜ਼ਾਂ ਦੀ ਰਵਾਇਤ ਤੋੜੀ

**ਨਵੀਂ ਦਿੱਲੀ:** ਭਾਰਤ ਦੀ ਪਹਿਲੀ ਮੁਕੰਮਲ ਮਹਿਲਾ ਵਿੱਤ ਮੰਤਰੀ ਵਜੋਂ ਨਿਰਮਲਾ ਸੀਤਾਰਮਨ ਆਪਣਾ ਪਲੇਠਾ ਕੇਂਦਰੀ ਬਜਟ ਪੇਸ਼ ਕਰਨ ਮੌਕੇ ਦਸਤਾਵੇਜ਼ਾਂ ਨੂੰ ਬ੍ਰੀਫਕੇਸ ਦੀ ਥਾਂ ਰਵਾਇਤੀ 'ਵਹੀ-ਖਾਤੇ' ਦੇ ਰੂਪ ਵਿੱਚ ਲਾਲ ਰੰਗ ਦੇ ਰੇਸ਼ਮ ਦੇ ਕੱਪੜੇ ਵਿਚ ਲੈ ਕੇ ਪੁੱਜੇ। ਕੱਪੜੇ ਦੇ ਬਣੇ ਬੈਗ 'ਤੇ ਰਾਸ਼ਟਰੀ ਚਿੰਨ੍ਹ ਵੀ ਮੌਜੂਦ ਸੀ। ਇਸ ਤੋਂ ਪਹਿਲਾਂ ਵੱਖ ਵੱਖ ਸਰਕਾਰਾਂ ਵਿਚ ਰਹੇ ਵਿੱਤ ਮੰਤਰੀ ਬਜਟ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਇਕ ਬ੍ਰੀਫਕੇਸ ਵਿਚ ਰੱਖ ਕੇ ਲਿਆਉਂਦੇ ਰਹੇ ਹਨ, ਜਿਸ ਨੂੰ ਬਸਤੀਵਾਦੀ ਯੁੱਗ ਦੀ ਰਵਾਇਤ ਮੰਨਿਆ ਜਾਂਦਾ ਹੈ। ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਮੌਕੇ ਤਤਕਾਲੀਨ ਵਿੱਤ ਮੰਤਰੀ ਯਸ਼ਵੰਤ ਸਿਨਹਾ ਨੇ ਬਜਟ ਸ਼ਾਮ ਪੰਜ ਵਜੇ ਪੇਸ਼ ਕਰਨ ਦੀ ਬਸਤੀਵਾਦੀ ਰਵਾਇਤ ਨੂੰ ਤੋੜਿਆ ਸੀ। ਰਵਾਇਤੀ ਭਾਰਤੀ ਕਾਰੋਬਾਰੀ ਆਮ ਕਰਕੇ ਆਪਣੇ ਖਾਤਿਆਂ ਦੀ ਸਾਂਭ-ਸੰਭਾਲ ਲਈ ਜਿਨ੍ਹਾਂ ਕਾਪੀਆਂ ਨੂੰ ਵਰਤਦੇ ਹਨ, ਉਨ੍ਹਾਂ ਨੂੰ ਵਹੀ-ਖਾਤੇ ਦਾ ਨਾਂ ਦਿੱਤਾ ਜਾਂਦਾ ਹੈ।

## ਛੋਟੇ ਸਨਅਤਕਾਰਾਂ ਦੀਆਂ ਉਮੀਦਾਂ ਟੁੱਟੀਆਂ

**ਲੁਧਿਆਣਾ:** ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਬਜਟ ਤੋਂ ਪੰਜਾਬ ਦੇ ਛੋਟੇ ਸਨਅਤਕਾਰਾਂ ਨੂੰ ਬਹੁਤ ਉਮੀਦਾਂ ਸਨ ਪਰ ਬਜਟ ਦੇਖਣ ਤੋਂ ਬਾਅਦ ਇਥੋਂ ਦੇ ਸਨਅਤਕਾਰਾਂ ਨੂੰ ਸਿਰਫ ਨਿਰਾਸ਼ਾ ਹੀ ਮਿਲੀ। ਦੂਜੇ ਪਾਸੇ ਵੱਡੇ ਸਨਅਤਕਾਰਾਂ ਨੇ ਬਜਟ ਦੀ ਸ਼ਲਾਘਾ ਕੀਤੀ ਹੈ। ਛੋਟੀਆਂ ਸਨਅਤਾਂ ਤੇ ਐਮ.ਐਸ.ਐਮ.ਈ. ਲਈ ਕੁਝ ਨਾ ਹੋਣ ਕਾਰਨ ਸਨਅਤਕਾਰ ਨਿਰਾਸ਼ ਹੋਏ। ਸਰਕਾਰ ਨੇ ਬਜਟ ਦੌਰਾਨ ਸਨਅਤਕਾਰਾਂ ਨੂੰ 59 ਮਿੰਟ 'ਚ ਇਕ ਕਰੋੜ ਦਾ ਕਰਜ਼ ਦੇਣ ਦੀ ਗੱਲ ਦੁਬਾਰਾ ਆਖੀ ਪਰ ਕਾਰੋਬਾਰੀਆਂ ਦੀ ਮੰਨੀਏ ਤਾਂ ਇਹ ਸਿਰਫ ਕਾਗਜ਼ੀ ਐਲਾਨ ਹੀ ਹੈ।

# ਪੰਜਾਬ ਦੇ ਲੋਕਾਂ 'ਤੇ ਪਵੇਗਾ ਸਾਲਾਨਾ 1054 ਕਰੋੜ ਦਾ ਬੋਝ

**ਬਠਿੰਡਾ:** ਕੇਂਦਰੀ ਬਜਟ 'ਚ ਤੇਲ ਟੈਕਸਾਂ 'ਚ ਵਾਧੇ ਨਾਲ ਪੰਜਾਬ ਦੇ ਲੋਕਾਂ ਉਤੇ 1054 ਕਰੋੜ ਦਾ ਸਾਲਾਨਾ ਬੋਝ ਪਵੇਗਾ, ਜਿਸ ਨਾਲ ਕਿਸਾਨੀ ਦੇ ਲਾਗਤ ਖਰਚੇ ਹੋਰ ਵਧਣਗੇ। ਕੇਂਦਰੀ ਬਜਟ ਵਿਚ ਡੀਜ਼ਲ ਅਤੇ ਪੈਟਰੋਲ 'ਤੇ ਐਕਸਾਈਜ਼ ਡਿਊਟੀ ਅਤੇ ਰੋਡ ਐਂਡ ਇਨਫਰਾਸਟਰਕਚਰ ਸੈਸ ਦਾ ਦੋ ਰੁਪਏ ਪ੍ਰਤੀ ਲਿਟਰ ਦਾ ਵਾਧਾ ਕਰ ਦਿੱਤਾ ਹੈ। ਪੰਜਾਬ ਵਿਚ ਪਹਿਲਾਂ ਹੀ ਤੇਲ ਪੰਪ ਖੁਸ਼ਕ ਚੱਲ ਰਹੇ ਹਨ ਅਤੇ ਹੁਣ ਇਸ ਵਾਧੇ ਮਗਰੋਂ ਸਰਹੱਦੀ ਖੇਤਰ ਦੇ ਤੇਲ ਪੰਪਾਂ ਦੀ ਵਿਕਰੀ ਨੂੰ ਹੋਰ ਸੱਟ ਵੱਜੇਗੀ। ਪੰਜਾਬ ਦੇ ਖੇਤੀ ਸੈਕਟਰ ਅਤੇ ਟਰਾਂਸਪੋਰਟ ਸੈਕਟਰ 'ਚ ਹੀ ਡੀਜ਼ਲ ਦੀ ਮੁੱਖ ਖਪਤ ਹੈ।

ਵੇਰਵਿਆਂ ਅਨੁਸਾਰ ਪੰਜਾਬ ਵਿਚ 3265 ਤੇਲ ਪੰਪ ਹਨ ਜਿਨ੍ਹਾਂ 'ਤੇ ਸਾਲਾਨਾ 420.32 ਕਰੋੜ ਲੀਟਰ ਡੀਜ਼ਲ ਅਤੇ 105.92 ਕਰੋੜ ਲਿਟਰ ਪੈਟਰੋਲ ਦੀ ਸਾਲਾਨਾ ਵਿਕਰੀ ਹੁੰਦੀ ਹੈ, ਜਿਸ ਦਾ ਮਤਲਬ ਹੈ ਕਿ ਦੋ ਰੁਪਏ ਦੇ ਵਾਧੇ ਨਾਲ ਪੰਜਾਬ ਦੇ ਲੋਕਾਂ ਉਤੇ 1054 ਕਰੋੜ ਦਾ ਸਾਲਾਨਾ ਭਾਰ ਪੈ ਜਾਣਾ ਹੈ। ਔਸਤਨ ਦੇਖੀਏ ਤਾਂ ਪੰਜਾਬ ਦੇ ਤੇਲ ਪੰਪਾਂ 'ਤੇ ਰੋਜ਼ਾਨਾ 1.15 ਕਰੋੜ ਲਿਟਰ ਡੀਜ਼ਲ ਦੀ ਵਿਕਰੀ ਹੈ ਅਤੇ ਇਸੇ ਤਰ੍ਹਾਂ 29.02 ਲੱਖ ਪੈਟਰੋਲ ਦੀ ਵਿਕਰੀ ਹੈ। ਰੋਜ਼ਾਨਾ ਦਾ ਔਸਤਨ ਬੋਝ ਦੇਖੀਏ ਤਾਂ ਨਵੇਂ ਵਾਧੇ ਨਾਲ 2.88 ਕਰੋੜ ਬਣਦਾ ਹੈ, ਜਿਸ 'ਚੋਂ 2.30 ਕਰੋੜ ਦਾ ਭਾਰ ਇਕੱਲੇ ਡੀਜ਼ਲ ਦਾ ਬਣਦਾ ਹੈ।

ਪੰਜਾਬ ਵਿਚ ਤੇਲ ਉਤੇ ਪਹਿਲਾਂ ਹੀ ਵੈਟ ਦਰ ਕਾਫੀ ਉਚੀ ਹੈ। ਪੰਜਾਬ ਸਰਕਾਰ ਨੇ ਚਾਲੂ ਵਰ੍ਹੇ ਦੇ ਬਜਟ ਵਿਚ ਡੀਜ਼ਲ 'ਤੇ ਇਕ ਰੁਪਏ ਅਤੇ ਪੈਟਰੋਲ ਤੇ ਪੰਜ ਰੁਪਏ ਤੱਕ ਦੀ ਵੈਟ 'ਤੇ ਛੋਟ ਦਿੱਤੀ ਸੀ। ਦੇਸ਼ ਵਿਚ ਕਰੀਬ 18 ਸੂਬਿਆਂ ਵੱਲੋਂ ਵੈਟ ਵਿਚ ਕਟੌਤੀ ਕੀਤੀ ਗਈ ਹੈ। ਹੁਣ ਕੇਂਦਰੀ ਬਜਟ ਨੇ ਸੂਬਿਆਂ ਵੱਲੋਂ ਦਿੱਤੀ ਰਾਹਤ ਨੂੰ ਖੂਹ ਖਾਤੇ ਪਾ ਦਿੱਤਾ ਹੈ। ਪੰਜਾਬ ਵਿਚ ਤਕਰੀਬਨ 700 ਤੇਲ ਪੰਪ ਅੰਤਰਰਾਜੀ ਸੀਮਾ 'ਤੇ ਹਨ ਜਿਨ੍ਹਾਂ ਨੂੰ ਦੂਸਰੇ ਰਾਜਾਂ ਵਿਚਲੇ ਘੱਟ ਟੈਕਸਾਂ ਕਰਕੇ ਮਾਰ ਝੱਲਣੀ ਪੈ ਰਹੀ ਹੈ। ਬਠਿੰਡਾ, ਸੰਗਰੂਰ, ਪਟਿਆਲਾ, ਮੁਹਾਲੀ, ਰੋਪੜ ਅਤੇ ਹੁਸ਼ਿਆਰਪੁਰ ਦੇ ਸਰਹੱਦੀ ਤੇਲ ਪੰਪ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ।

## ਕੇਂਦਰੀ ਬਜਟ ਪੂਰੀ ਤਰ੍ਹਾਂ ਦਿਸ਼ਾਹੀਣ: ਕੈਪਟਨ

**ਚੰਡੀਗੜ੍ਹ:** ਕੇਂਦਰੀ ਬਜਟ ਨੂੰ ਦਿਸ਼ਾਹੀਣ ਦੱਸਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਵਿਚ ਸਮਾਜ ਦੇ ਕਿਸੇ ਵਰਗ ਨੂੰ ਕੁਝ ਨਹੀਂ ਦਿੱਤਾ ਗਿਆ ਅਤੇ ਰੱਖਿਆ ਵਰਗੇ ਅਹਿਮ ਖੇਤਰ ਨੂੰ ਵੀ ਅਣਗੌਲਿਆ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਲਈ ਵੀ ਫੰਡ ਨਹੀਂ ਰੱਖੇ ਗਏ। ਕੇਂਦਰੀ ਬਜਟ ਦੀ ਨਿਖੇਧੀ ਕਰਦਿਆਂ ਮੁੱਖ ਮੰਤਰੀ ਨੇ ਇਸ ਨੂੰ ਲੰਮੀਆਂ ਗੱਲਾਂ ਤੇ ਸੰਖੇਪ ਕੰਮਾਂ ਵਾਲਾ ਬਜਟ ਗਰਦਾਨਿਆ। ਉਨ੍ਹਾਂ ਕਿਹਾ ਕਿ ਬਜਟ ਵਿਚ ਰਾਸ਼ਟਰੀ ਹਿੱਤਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਹੈ। ਦੇਸ਼ ਦੇ ਵਾਧੇ ਤੇ ਵਿਕਾਸ ਲਈ ਕੋਈ ਵੀ ਰੂਪ-ਰੇਖਾ ਬਜਟ ਵਿਚ ਪੇਸ਼ ਨਹੀਂ ਕੀਤੀ ਗਈ।

## ਬੈਂਕਾਂ ਨੂੰ 70 ਹਜ਼ਾਰ ਕਰੋੜ ਰੁਪਏ ਦੀ ਸੰਜੀਵਨੀ

ਸਰਕਾਰੀ ਬੈਂਕਾਂ ਨੂੰ ਹੁਲਾਰਾ ਦੇਣ ਲਈ ਕੇਂਦਰ ਵੱਲੋਂ 70 ਹਜ਼ਾਰ ਕਰੋੜ ਰੁਪਏ ਦੀ ਵਾਧੂ ਪੂੰਜੀ ਦੇਣ ਦਾ ਐਲਾਨ ਕੀਤਾ ਗਿਆ ਹੈ। ਸੰਜੀਵਨੀ ਦੇਣ ਤੋਂ ਪਹਿਲਾਂ ਖਜ਼ਾਨਾ ਮੰਤਰੀ ਨੇ ਸਰਕਾਰ ਵੱਲੋਂ ਹੁਣ ਤੱਕ ਚੁੱਕੇ ਗਏ ਸੁਧਾਰ ਕਦਮਾਂ ਨੂੰ ਪ੍ਰਭਾਵੀ ਦੱਸਦਿਆਂ ਕਿਹਾ ਕਿ ਸੁਧਾਰ ਦਾ ਦਿਖਵਾਂ ਅਸਰ ਸਾਹਮਣੇ ਆ ਰਿਹਾ ਹੈ, ਜਿਸ 'ਚ ਉਨ੍ਹਾਂ ਪਿਛਲੇ ਸਾਲ ਐਨ.ਪੀ.ਏ. 'ਚ ਇਕ ਲੱਖ ਕਰੋੜ ਰੁਪਏ ਦੀ ਕਮੀ ਦਾ ਜ਼ਿਕਰ ਵੀ ਕੀਤਾ। ਸੀਤਾਰਮਨ ਨੇ ਸਰਕਾਰੀ ਬੈਂਕਾਂ ਲਈ ਇਕ ਵਾਰ ਦਿੱਤੇ ਜਾਣ ਵਾਲੀ 6 ਮਹੀਨੇ ਅੰਸ਼ਕ ਗਾਰੰਟੀ ਦੇਣ ਦਾ ਵੀ ਐਲਾਨ ਕੀਤਾ।

## ਕੁੱਟਮਾਰ ਮਾਮਲੇ 'ਚ 'ਆਪ' ਵਿਧਾਇਕ ਸੋਮ ਦੱਤ ਨੂੰ ਜੇਲ੍ਹ

**ਨਵੀਂ ਦਿੱਲੀ:** 2015 ਵਿਚ ਵਿਧਾਨ ਸਭਾ ਚੋਣਾਂ ਦੌਰਾਨ ਕੁੱਟਮਾਰ ਦੇ ਮਾਮਲੇ 'ਚ ਦਿੱਲੀ ਦੀ ਇਕ ਅਦਾਲਤ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਸੋਮ ਦੱਤ ਨੂੰ 6 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਹੈ। ਸੋਮ ਦੱਤ ਨੂੰ ਬੀਤੇ ਹਫਤੇ ਅਦਾਲਤ ਵੱਲੋਂ ਦੋਸ਼ੀ ਠਹਿਰਾਇਆ ਗਿਆ ਸੀ। ਅਦਾਲਤ ਨੇ ਉਸ ਨੂੰ 10 ਹਜ਼ਾਰ ਰੁਪਏ ਦੇ ਨਿੱਜੀ ਮੁਚੱਲਕੇ 'ਤੇ 5 ਅਗਸਤ ਤੱਕ ਜ਼ਮਾਨਤ ਦੇ ਦਿੱਤੀ। ਸੋਮ ਦੱਤ ਇਥੇ ਸਦਰ ਬਾਜ਼ਾਰ ਹਲਕੇ ਤੋਂ ਵਿਧਾਇਕ ਹਨ ਤੇ ਉਨ੍ਹਾਂ ਨੂੰ 325, 341, 147 ਤੇ 149 ਧਾਰਾਵਾਂ ਤਹਿਤ ਕਸੂਰਵਾਰ ਠਹਿਰਾਇਆ ਗਿਆ ਸੀ। ਅਦਾਲਤ ਨੇ ਕਿਹਾ ਸੀ ਕਿ ਇਸ 'ਚ ਕੋਈ ਸ਼ੱਕ ਨਹੀਂ ਕਿ 10 ਜਨਵਰੀ, 2015 ਦੀ ਰਾਤ ਨੂੰ 8 ਵਜੇ ਸੋਮ ਦੱਤ ਆਪਣੇ 50 ਸਮਰਥਕਾਂ ਨਾਲ ਫਲੈਟ ਨੰਬਰ-13 'ਚ ਪਹੁੰਚੇ ਤੇ ਉਥੇ ਮੌਜੂਦ ਸ਼ਿਕਾਇਤਕਰਤਾ ਦੀ ਕੁੱਟਮਾਰ ਕੀਤੀ, ਜਿਸ ਨੂੰ ਗੰਭੀਰ ਸੱਟਾਂ ਲੱਗੀਆਂ ਸਨ।

# ਸਮਰਥਨ ਮੁੱਲ: ਮੋਦੀ ਨੇ ਮੁੜ ਕੀਤਾ ਕਿਸਾਨਾਂ ਨੂੰ ਨਿਰਾਸ਼

**ਨਵੀਂ ਦਿੱਲੀ:** ਮੋਦੀ ਸਰਕਾਰ ਨੇ ਝੋਨੇ ਦਾ ਭਾਅ ਸਾਲ 2019-20 ਲਈ 65 ਰੁਪਏ ਕੁਇੰਟਲ ਵਧਾ ਕੇ 1815 ਰੁਪਏ ਕਰ ਦਿੱਤਾ ਹੈ। ਇਹ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਲਿਆ ਗਿਆ ਹੈ। ਕਿਸਾਨ ਜਥੇਬੰਦੀਆਂ ਨੇ ਇਸ ਵਾਧੇ ਨੂੰ ਰੱਦ ਕਰ ਦਿੱਤਾ ਹੈ। ਕੇਂਦਰ ਸਰਕਾਰ ਵੱਲੋਂ ਲੋਕ ਸਭਾ ਵਿਚ ਪੇਸ਼ ਕੀਤੇ ਆਰਥਿਕ ਸਰਵੇਖਣ ਅਨੁਸਾਰ 2018-19 ਵਿਚ ਮਹਿੰਗਾਈ ਔਸਤਨ 3.6 ਫੀਸਦੀ ਦੀ ਦਰ ਨਾਲ ਵਧੀ ਹੈ।



ਇਸ ਦਾ ਅਰਥ ਹੈ ਕਿ ਫਸਲਾਂ ਦੇ ਸਮਰਥਨ ਮੁੱਲ ਵਿਚ ਵਾਧਾ ਕਿਸਾਨ ਨੂੰ ਕੋਈ ਲਾਭ ਨਹੀਂ ਪਹੁੰਚਣ ਵਾਲਾ; ਇਹ ਤਾਂ ਕਿਸਾਨ ਨੂੰ ਵਧ ਰਹੀ ਮਹਿੰਗਾਈ ਤੋਂ ਵੀ ਬਚਾਉਣ ਜੋਗਾ ਵੀ ਨਹੀਂ। 2014 ਦੇ ਚੋਣ ਮਨੋਰਥ ਪੱਤਰ ਵਿਚ ਵਾਅਦਾ ਕਰਨ ਦੇ ਬਾਵਜੂਦ ਬਾਅਦ ਵਿਚ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਇਕ ਹਲਫਨਾਮੇ ਵਿਚ ਕਿਹਾ ਸੀ ਕਿ ਸਵਾਮੀਨਾਥਨ ਰਿਪੋਰਟ ਮੁਤਾਬਕ ਸਮਰਥਨ ਮੁੱਲ ਦੇਣਾ ਮੁਮਕਿਨ ਨਹੀਂ। ਕਿਸਾਨ ਜਥੇਬੰਦੀਆਂ ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਡਾ. ਐਮ.ਐਸ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਾਬਕ ਨਿਰਧਾਰਤ ਕਰਨ ਦੀ ਆਵਾਜ਼ ਉਠਾਉਂਦੀਆਂ ਆ ਰਹੀਆਂ ਹਨ। ਕਿਸਾਨੀ ਮਸਲਿਆਂ ਦੇ ਮਾਹਿਰਾਂ ਦੀ ਵੀ ਇਹੀ ਰਾਏ ਹੈ। ਸਵਾਮੀਨਾਥਨ ਰਿਪੋਰਟ ਅਨੁਸਾਰ ਫਸਲ 'ਤੇ ਲੱਗਦੀ ਸਮੁੱਚੀ ਲਾਗਤ ਵਿਚ ਪੰਜਾਹ ਫੀਸਦ ਰਾਸ਼ੀ ਹੋਰ ਜੋੜ ਕੇ ਫਸਲਾਂ ਦਾ ਸਮਰਥਨ ਮੁੱਲ ਦੇਣਾ ਤੈਅ ਕੀਤਾ ਜਾਣਾ ਚਾਹੀਦਾ ਹੈ। ਹੁਣ ਕੇਂਦਰ ਸਰਕਾਰ ਨੇ ਝੋਨੇ ਸਮੇਤ 14 ਫਸਲਾਂ ਦੇ ਸਮਰਥਨ ਮੁੱਲ ਦਾ ਐਲਾਨ ਕੀਤਾ ਹੈ। ਸਧਾਰਨ ਝੋਨੇ ਦਾ ਸਮਰਥਨ ਮੁੱਲ ਪ੍ਰਤੀ ਕੁਇੰਟਲ 1815 ਰੁਪਏ ਅਤੇ 'ਏ' ਗ੍ਰੇਡ ਦਾ 1835 ਰੁਪਏ ਪ੍ਰਤੀ ਕੁਇੰਟਲ ਨਿਰਧਾਰਤ ਕੀਤਾ ਗਿਆ ਹੈ। ਪੰਜਾਬ ਵਿਚ 'ਏ' ਗ੍ਰੇਡ ਝੋਨਾ ਹੀ ਲਗਾਇਆ ਜਾਂਦਾ ਹੈ।

ਇਹ ਵਾਧਾ 3.7 ਫੀਸਦੀ ਹੈ। ਇਸੇ ਤਰ੍ਹਾਂ ਮੱਕੀ, ਮਾਂਹ, ਮੂੰਗ, ਸੋਇਆਬੀਨ, ਸੂਰਜਮੁਖੀ ਅਤੇ ਕਪਾਹ ਦੇ ਸਮਰਥਨ ਮੁੱਲ ਦਾ ਵੀ ਐਲਾਨ ਕੀਤਾ ਗਿਆ ਹੈ। ਚੋਣਾਂ ਨੇੜੇ ਆਉਣ ਕਾਰਨ ਸੱਤਾਧਾਰੀ ਪਾਰਟੀ ਦੀ ਸੁਰ ਬਦਲੀ ਤੇ ਉਸ ਨੇ ਸਵਾਮੀਨਾਥਨ ਫਾਰਮੂਲੇ ਦੀ ਨਵੀਂ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ। ਫਸਲ ਦੀ ਲਾਗਤ ਨਿਰਧਾਰਿਤ ਕਰਦਿਆਂ ਕੇਵਲ ਕਿਸਾਨ ਵੱਲੋਂ ਫਸਲ ਲਾਉਣ ਤੇ ਪਾਲਣ ਲਈ ਕੀਤੇ ਜਾਂਦੇ ਖਰਚੇ (ਏ-2) ਅਤੇ ਉਸ ਦੇ ਪਰਿਵਾਰ ਵੱਲੋਂ ਕੀਤੇ ਜਾਣ ਵਾਲੇ ਕੰਮ ਦੀ ਦਿਹਾੜੀ (ਐਫਐਲ) ਦਾ ਜੋੜ ਕੀਤਾ ਗਿਆ ਹੈ ਜਦਕਿ ਮਾਹਿਰਾਂ ਦਾ ਕਹਿਣਾ ਹੈ ਕਿ ਅਸਲ ਲਾਗਤ ਵਿਚ ਕਿਸਾਨ ਦੀ ਜ਼ਮੀਨ ਤੋਂ ਮਿਲਣ ਵਾਲਾ ਠੇਕਾ, ਫਸਲ ਪਾਲਣ ਲਈ ਲਗਾਈ ਜਾਂਦੀ ਪੂੰਜੀ ਤੇ ਵਿਆਜ ਤੇ ਹੋਰ ਖਰਚੇ ਵੀ ਸ਼ਾਮਲ ਕਰਨੇ ਜ਼ਰੂਰੀ ਹਨ। ਸਵਾਮੀਨਾਥਨ ਫਾਰਮੂਲੇ ਅਨੁਸਾਰ ਇਨ੍ਹਾਂ ਰਾਸ਼ੀਆਂ/ਖਰਚਿਆਂ ਨੂੰ ਸੀ-2 ਕਿਹਾ ਜਾਂਦਾ ਹੈ।

ਜੇਕਰ ਏ-2, ਐਫਐਲ ਅਤੇ ਸੀ-2 ਨੂੰ ਜੋੜ ਕੇ ਭਾਅ ਤੈਅ ਕੀਤਾ ਜਾਵੇ ਤਾਂ 2018-19 ਵਿਚ ਹੀ ਸਾਧਾਰਨ ਝੋਨੇ ਦਾ ਭਾਅ ਹੀ 1750 ਦੇ ਬਜਾਏ 2340 ਰੁਪਏ ਕੁਇੰਟਲ ਹੋਣਾ ਸੀ। ਇਕ ਹੋਰ ਤੱਥ ਇਹ ਹੈ ਕਿ ਸਰਕਾਰ ਸਿਰਫ ਕਣਕ ਅਤੇ ਝੋਨੇ ਦੀ ਖਰੀਦ ਲਈ ਹੀ ਵਚਨਬੱਧ ਹੈ। ਇਸ ਲਈ ਬਾਕੀ ਦੀਆਂ ਫਸਲਾਂ ਦਾ ਸਮਰਥਨ ਮੁੱਲ ਐਲਾਨਣ ਦਾ ਕੋਈ ਮਤਲਬ ਨਜ਼ਰ ਨਹੀਂ ਆਉਂਦਾ, ਕਿਉਂਕਿ ਸਰਕਾਰੀ ਏਜੰਸੀਆਂ ਉਨ੍ਹਾਂ ਜਿਣਸਾਂ ਦੀ ਕੋਈ ਖਰੀਦ ਨਹੀਂ ਕਰਦੀਆਂ ਤੇ ਕਿਸਾਨ ਉਨ੍ਹਾਂ ਨੂੰ ਘੱਟ ਭਾਅ ਉਤੇ ਵੇਚਣ ਲਈ ਮਜਬੂਰ ਹੁੰਦਾ ਹੈ। ਰਬੀ ਅਤੇ ਖਰੀਫ ਦੀਆਂ 23 ਫਸਲਾਂ ਦਾ ਸਮਰਥਨ ਮੁੱਲ ਨਿਰਧਾਰਤ ਹੁੰਦਾ ਹੈ। ਸਮਰਥਨ ਮੁੱਲ ਨਿਰਧਾਰਤ ਕਰਨ ਦੀ ਨੀਤੀ ਨੂੰ ਤਾਂ ਹੀ ਵਾਜਿਬ ਮੰਨਿਆ ਜਾ ਸਕਦਾ ਹੈ ਜੇ ਇਸ ਨੂੰ ਅਮਲੀ ਰੂਪ ਦਿੱਤਾ ਜਾਵੇ ਭਾਵ ਜਾਂ ਤਾਂ ਸਰਕਾਰੀ ਏਜੰਸੀਆਂ ਇਨ੍ਹਾਂ ਜਿਣਸਾਂ ਨੂੰ ਖਰੀਦਣ ਜਾਂ ਸਰਕਾਰ ਇਹ ਯਕੀਨੀ ਬਣਾਏ ਕਿ ਕਿਸਾਨਾਂ ਨੂੰ ਨਿਰਧਾਰਤ ਕੀਤਾ ਭਾਅ ਮਿਲ ਰਿਹਾ ਹੈ। ਦੂਸਰੀਆਂ ਜਿਣਸਾਂ ਦੇ ਠੀਕ ਭਾਅ ਨਾ ਮਿਲਣ ਕਾਰਨ ਕਿਸਾਨ ਕਣਕ ਤੇ ਝੋਨੇ ਤੋਂ ਸਿਵਾ ਦੂਸਰੀਆਂ ਫਸਲਾਂ ਨਹੀਂ ਲਾ ਰਹੇ। ਖੇਤੀ ਦਾ ਸੰਕਟ ਦਿਨੋਂ ਦਿਨ ਡੂੰਘਾ ਹੋ ਕੇ ਗੰਭੀਰ ਸਮਾਜਿਕ ਤੇ ਆਰਥਿਕ ਸੰਕਟ ਦਾ ਰੂਪ ਧਾਰ ਰਿਹਾ ਹੈ।

ਜ਼ਿਕਰਯੋਗ ਹੈ ਕਿ ਝੋਨਾ ਸਾਉਣੀ ਦੀ ਮੁੱਖ ਫਸਲ ਹੈ। ਇਸ ਵਾਰ ਮਾਨਸੂਨ ਵਿਚ ਹੋਈ ਦੇਰੀ ਕਾਰਨ ਪਿਛਲੇ ਹਫਤੇ ਤੱਕ 146.61 ਲੱਖ ਹੈਕਟੇਅਰ 'ਚ ਹੀ ਫਸਲਾਂ ਦੀ ਬਿਜਾਂਦ ਕੀਤੀ ਜਾ ਸਕੀ ਹੈ ਜਦਕਿ ਪਿਛਲੇ ਸਾਲ 162 ਲੱਖ ਹੈਕਟੇਅਰ ਵਿਚ ਫਸਲਾਂ ਬੀਜੀਆਂ ਜਾ ਚੁੱਕੀਆਂ ਸਨ। ਮੌਸਮ ਵਿਭਾਗ ਅਨੁਸਾਰ ਜੁਲਾਈ ਤੇ ਅਗਸਤ ਮਹੀਨੇ ਚੰਗੇ ਮੀਂਹ ਪੈਣ ਦੀ ਸੰਭਾਵਨਾ ਹੈ।

## ਫਸਲਾਂ ਦੇ ਭਾਅ ਕਿਸਾਨ ਧਿਰਾਂ ਨੇ ਕੀਤੇ ਰੱਦ

**ਪਟਿਆਲਾ:** ਕੇਂਦਰ ਸਰਕਾਰ ਵੱਲੋਂ ਝੋਨੇ ਦੇ ਭਾਅ ਵਿਚ 65 ਰੁਪਏ ਅਤੇ ਨਰਮੇ ਦੇ ਭਾਅ ਵਿਚ ਸੌ ਰੁਪਏ ਪ੍ਰਤੀ ਕੁਇੰਟਲ ਕੀਤੇ ਗਏ ਵਾਧੇ ਨੂੰ ਮਜ਼ਾਕ ਕਰਾਰ ਦਿੰਦਿਆਂ ਕਿਸਾਨ ਧਿਰਾਂ ਨੇ ਇਹ ਵਾਧਾ ਰੱਦ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵਾਰ ਵਾਰ ਵਾਅਦਾ ਕਰਕੇ ਵੀ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਨਹੀਂ ਕਰ ਰਹੀ। ਕਿਸਾਨ ਯੂਨੀਅਨ (ਡਕੌਂਦਾ) ਦੇ ਸੂਬਾ ਜਨਰਲ ਸਕੱਤਰ ਜਗਮੋਹਣ ਸਿੰਘ ਪਟਿਆਲਾ ਨੇ ਆਖਿਆ ਕਿ ਬਦਲਵੀਆਂ ਫਸਲਾਂ ਬੀਜਣ ਵਾਲੇ ਕਿਸਾਨਾਂ ਨੂੰ ਨਾ ਸਿਰਫ ਮੰਡੀਆਂ ਵਿਚ ਰੁਲਣਾ ਪੈ ਰਿਹਾ ਹੈ, ਬਲਕਿ ਮਿਥੇ ਭਾਅ ਵੀ ਨਹੀਂ ਦਿੱਤੇ ਜਾ ਰਹੇ। ਨਰਮੇ ਤੇ ਸੂਰਜਮੁਖੀ ਵਰਗੀਆਂ ਖੇਤੀ ਵਿਭਿੰਨਤਾ ਵਾਲੀਆਂ ਫਸਲਾਂ ਦੀ ਖਰੀਦ ਯਕੀਨੀ ਬਣਾਉਣ ਦਾ ਕੋਈ ਵੀ ਸੁਝਾਅ ਪੇਸ਼ ਨਹੀਂ ਕੀਤਾ ਗਿਆ। ਕਰਜ਼ਾ ਮੁਆਫੀ ਦੀ ਵੀ ਕੋਈ ਗੱਲ ਨਹੀਂ ਕੀਤੀ ਜਾ ਰਹੀ। ਯਕੀਨਨ ਹੀ ਕੇਂਦਰ ਨੇ ਕਿਸਾਨਾਂ ਦੀ ਪੈਨਸ਼ਨ ਅਤੇ ਕਰਜ਼ਾ ਮੁਕਤੀ ਸਕੀਮ ਠੰਢੇ ਬਸਤੇ ਵਿਚ ਪਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਗਲੇ ਦਿਨਾਂ 'ਚ ਯੂਨੀਅਨ ਵੱਲੋਂ ਹੋਰ ਤਿੱਖੇ ਸੰਘਰਸ਼ ਕੀਤੇ ਜਾਣਗੇ।

## ਭਾਅ ਵਿਚ ਵਾਧਾ ਨਿਗੂਣਾ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਵੱਲੋਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ ਕੀਤੇ ਵਾਧੇ ਨੂੰ 'ਨਿਗੂਣਾ' ਕਰਾਰ ਦਿੱਤਾ ਹੈ। ਮੁੱਖ ਮੰਤਰੀ ਨੇ ਇਕ ਟਵੀਟ ਵਿਚ ਫਸਲਾਂ ਦੇ ਲਾਗਤ ਖਰਚੇ ਵਿਚ ਆਏ ਉਭਾਰ ਦੇ ਮੁਕਾਬਲੇ ਨਰਿੰਦਰ ਮੋਦੀ ਸਰਕਾਰ ਵੱਲੋਂ ਫਸਲਾਂ ਦੀ ਐਮ.ਐਸ.ਪੀ. 'ਚ ਕੀਤੇ ਵਾਧੇ ਨੂੰ 'ਕੁਲ ਮਿਲਾ ਕੇ ਨਿਗੂਣਾ' ਕਰਾਰ ਦਿੱਤਾ ਹੈ। ਉਨ੍ਹਾਂ ਕਿਸਾਨੀ ਕਰਜ਼ਿਆਂ 'ਤੇ ਲੀਕ ਮਾਰਨ ਦੀ ਆਪਣੀ ਮੰਗ ਵੀ ਦੁਹਰਾਈ।

# ਕੈਪਟਨ ਸਰਕਾਰ ਵੱਲੋਂ ਸੋਧੇ ਤਨਖਾਹ ਸਕੇਲ ਦੇਣ ਤੋਂ ਹੱਥ ਖੜ੍ਹੇ

**ਚੰਡੀਗੜ੍ਹ:** ਪੰਜਾਬ ਦੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਨੇੜ ਭਵਿੱਖ ਵਿਚ ਛੇਵੇਂ ਤਨਖਾਹ ਕਮਿਸ਼ਨ ਅਨੁਸਾਰ ਸੋਧੇ ਤਨਖਾਹ ਸਕੇਲ ਨਸੀਬ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ ਕਿਉਂਕਿ ਸਰਕਾਰ ਤਨਖਾਹ ਕਮਿਸ਼ਨ ਦੀ ਸਥਾਪਨਾ ਤੋਂ 30 ਮਹੀਨਿਆਂ ਬਾਅਦ ਮਹਿਜ਼ ਮੰਗਵਾਂ ਤਨਖਾਹ ਕਮਿਸ਼ਨ ਸੈੱਲ ਸਥਾਪਤ ਕਰਨ ਦੇ ਸਮਰੱਥ ਹੀ ਹੋਈ ਹੈ।

ਇਸ ਤੋਂ ਸੰਕੇਤ ਮਿਲੇ ਹਨ ਕਿ ਕੈਪਟਨ ਸਰਕਾਰ ਦਾ ਮੁਲਾਜ਼ਮਾਂ ਨੂੰ ਨੇੜ ਭਵਿੱਖ ਵਿਚ ਤਨਖਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਕੇ ਸੋਧੇ ਤਨਖਾਹ ਸਕੇਲ ਦੇਣ ਦਾ ਕੋਈ ਏਜੰਡਾ ਨਹੀਂ ਹੈ। ਵਿੱਤ ਵਿਭਾਗ ਨੇ ਲੰਘੀ 3 ਜੁਲਾਈ ਨੂੰ ਛੇਵੇਂ ਤਨਖਾਹ ਕਮਿਸ਼ਨ ਦਾ ਸੈੱਲ ਗਠਿਤ ਕੀਤਾ ਹੈ। ਮਜ਼ੇਦਾਰ ਗੱਲ ਇਹ ਹੈ ਕਿ ਇਹ ਸੈੱਲ ਵੀ ਮੰਗਵੇਂ ਰੂਪ ਵਿਚ ਸਥਾਪਤ ਕੀਤਾ ਗਿਆ ਹੈ। ਸਰਕਾਰ ਵੱਲੋਂ ਇਸ ਸਬੰਧ ਵਿਚ ਜਾਰੀ ਸਰਕੁਲਰ (7/67-2019-5ਪੀਪੀ1/949) ਰਾਹੀਂ ਕਿਹਾ ਗਿਆ ਹੈ ਕਿ ਪੰਜਾਬ ਤਨਖਾਹ ਕਮਿਸ਼ਨ ਨੂੰ ਲੋੜੀਂਦੀ ਸੂਚਨਾ ਤੇ ਡੇਟਾ ਮੁਹੱਈਆ ਕਰਵਾਉਣ ਸਬੰਧੀ ਤਨਖਾਹ ਕਮਿਸ਼ਨ ਸੈੱਲ ਬਣਾਏ ਜਾਣ ਦੀ ਲੋੜ ਸੀ, ਜਿਸ ਤਹਿਤ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਦਿੱਤੀ ਪ੍ਰਵਾਨਗੀ ਅਨੁਸਾਰ 15ਵੇਂ ਵਿੱਤ ਕਮਿਸ਼ਨ ਸੈੱਲ ਨੂੰ ਹੀ ਤਨਖਾਹ ਕਮਿਸ਼ਨ ਦੇ ਸੈੱਲ ਵਜੋਂ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਛੇ ਅਧਿਕਾਰੀਆਂ ਤੇ ਮੁਲਾਜ਼ਮਾਂ 'ਤੇ ਆਧਾਰਿਤ ਵਿੱਤ ਕਮਿਸ਼ਨ ਸੈੱਲ ਨੂੰ ਹੀ ਤਨਖਾਹ ਕਮਿਸ਼ਨ ਦੇ ਸੈੱਲ ਵਜੋਂ ਕੰਮ ਕਰਨ ਦਾ ਫਰਮਾਨ ਜਾਰੀ ਕਰਕੇ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਸੈੱਲ ਵਿੱਤ ਕਮਿਸ਼ਨ ਦਾ ਕੰਮ ਵੀ ਨਾਲ ਹੀ ਕਰੇਗਾ। ਸਰਕਾਰ ਨੇ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਦੀ ਸਥਾਪਤੀ ਦੇ ਕਰੀਬ 30 ਮਹੀਨਿਆਂ ਬਾਅਦ ਮਹਿਜ਼ ਮੰਗਵਾਂ ਤਨਖਾਹ ਕਮਿਸ਼ਨ ਗਠਿਤ ਕਰਕੇ ਬੁੱਤਾ ਸਾਰ ਦਿੱਤਾ ਹੈ।

ਅਸਲ ਵਿਚ ਪੰਜਾਬ ਸਰਕਾਰ ਨੇ ਕਦੇ ਤਨਖਾਹ ਕਮਿਸ਼ਨ ਨੂੰ ਗੰਭੀਰਤਾ ਨਾਲ ਲਿਆ ਹੀ ਨਹੀਂ ਹੈ। ਪਿਛਲੀ ਬਾਦਲ ਸਰਕਾਰ ਨੇ ਅੱਜ ਤੋਂ ਪੰਜ ਸਾਲ ਪਹਿਲਾਂ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਸੰਘਰਸ਼ ਕਰ ਰਹੀਆਂ ਮੁਲਾਜ਼ਮ ਜਥੇਬੰਦੀਆਂ ਨਾਲ ਵਾਅਦਾ ਕੀਤਾ ਸੀ ਕਿ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਪੰਜਾਬ ਦੇ ਤਨਖਾਹ



ਕਮਿਸ਼ਨ ਦੀ ਸਥਾਪਨਾ ਕਰ ਦਿੱਤੀ ਜਾਵੇਗੀ ਪਰ ਬਾਦਲ ਸਰਕਾਰ ਨੇ ਤਨਖਾਹ ਕਮਿਸ਼ਨ ਦਾ ਗਠਨ ਢਾਈ ਸਾਲਾਂ ਬਾਅਦ ਸਾਲ 2016 ਦੇ ਅਖੀਰ ਵਿਚ ਕੀਤਾ ਸੀ। ਫਿਰ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਉਸ ਵੇਲੇ ਦੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ ਦੀ ਸੂਰਤ ਵਿਚ ਉਹ ਤਨਖਾਹ ਕਮਿਸ਼ਨ ਦੀ ਰਿਪੋਰਟ ਤਿਆਰ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਕ੍ਰਮਵਾਰ ਸੋਧੀਆਂ ਤਨਖਾਹਾਂ ਤੇ ਪੈਨਸ਼ਨਾਂ ਦੇ ਦੇਣਗੇ।

ਇਸ ਦੇ ਉਲਟ ਕੈਪਟਨ ਨੇ ਮੁੱਖ ਮੰਤਰੀ ਬਣਦਿਆਂ ਹੀ ਪਹਿਲਾਂ ਬਾਦਲ ਸਰਕਾਰ ਵੱਲੋਂ ਕਮਿਸ਼ਨ ਦੇ ਚੇਅਰਮੈਨ ਲਾਏ ਗਏ ਆਰ.ਐਸ. ਮਾਨ ਦੀ ਛਾਂਟੀ ਕਰਕੇ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਜੈ ਸਿੰਘ ਗਿੱਲ ਨੂੰ ਚੇਅਰਮੈਨ ਲਾਇਆ ਅਤੇ ਰਿਪੋਰਟ ਜਲਦ ਲਾਗੂ ਕਰਵਾਉਣ ਦੀ ਥਾਂ ਕਮਿਸ਼ਨ ਦੀ ਮਿਆਦ ਹੀ ਦਸੰਬਰ 2019 ਤਕ ਵਧਾ ਕੇ ਮੁਲਾਜ਼ਮਾਂ ਨੂੰ ਵੱਡਾ ਝਟਕਾ ਦਿੱਤਾ ਹੈ।

ਦੱਸਣਯੋਗ ਹੈ ਕਿ ਦੂਸਰੇ ਪਾਸੇ ਕੇਂਦਰ ਦੇ ਸੱਤਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਪਹਿਲੀ ਜਨਵਰੀ 2016 ਤੋਂ ਭਾਰਤ ਸਰਕਾਰ ਦੇ ਇਕ ਕਰੋੜ ਤੋਂ ਵੱਧ ਮੁਲਾਜ਼ਮਾਂ ਤੇ ਪੈਨਸ਼ਨਰਾਂ ਸਮੇਤ ਕਰੀਬ ਹੋਰ ਸਾਰੇ ਰਾਜਾਂ ਵਿਚ ਲਾਗੂ ਹੋ ਚੱਕੀ ਹੈ।

ਪੰਜਾਬ ਸਕੱਤਰੇਤ ਦੇ ਸੂਤਰਾਂ ਅਨੁਸਾਰ ਸਰਕਾਰ ਦਾ ਫਿਲਹਾਲ ਮੁਲਾਜ਼ਮਾਂ ਉਪਰ ਤਨਖਾਹ ਕਮਿਸ਼ਨ ਲਾਗੂ ਕਰਨ ਦਾ ਕੋਈ ਇਰਾਦਾ ਨਹੀਂ ਹੈ ਕਿਉਂਕਿ ਵਿੱਤ ਵਿਭਾਗ ਤਾਂ ਮੁਲਾਜ਼ਮ ਨੂੰ 15 ਫੀਸਦ ਡੀਏ ਦੀਆਂ 3 ਕਿਸ਼ਤਾਂ ਦੇਣ ਤੋਂ ਵੀ ਇਨਕਾਰੀ ਹੈ।

## 'ਆਪ' ਵੱਲੋਂ ਬਿਜਲੀ ਅੰਦੋਲਨ ਤੇਜ਼ ਕਰਨ ਦਾ ਅਹਿਦ

**ਰੂਪਨਗਰ:** ਪੰਜਾਬ ਕੋਲ ਬਿਜਲੀ ਪੈਦਾ ਕਰਨ ਵਾਲੇ ਲਗਭਗ ਸਾਰੇ ਕੁਦਰਤੀ ਸਰੋਤ ਹੋਣ ਦੇ ਬਾਵਜੂਦ ਪੰਜਾਬ ਦੇ ਲੋਕਾਂ ਨੂੰ ਹੋਰ ਰਾਜਾਂ ਦੇ ਮੁਕਾਬਲੇ ਮਹਿੰਗੀ ਬਿਜਲੀ ਮਿਲ ਰਹੀ ਹੈ, ਜਦਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਿੱਲੀ ਬਾਹਰੋਂ ਬਿਜਲੀ ਖਰੀਦ ਕੇ ਵੀ ਦਿੱਲੀ ਵਾਸੀਆਂ ਨੂੰ ਸਭ ਤੋਂ ਸਸਤੀ ਬਿਜਲੀ ਦੇ ਰਹੀ ਹੈ। ਦਿੱਲੀ ਵਿਚ ਪਹਿਲੇ 200 ਯੂਨਿਟ 'ਤੇ 3 ਰੁਪਏ ਦੇ ਹਿਸਾਬ ਨਾਲ ਬਿਜਲੀ ਰੇਟ ਹੈ ਤੇ ਇਸ ਉੱਤੇ ਵੀ 2 ਰੁਪਏ ਸਬਸਿਡੀ ਮਿਲਦੀ ਹੈ ਭਾਵ ਸਿਰਫ 1 ਰੁਪਏ ਯੂਨਿਟ ਦਿੱਲੀ ਸਰਕਾਰ ਮੁਹੱਈਆ ਕਰਵਾ ਰਹੀ ਹੈ ਤੇ ਪੰਜਾਬ ਵਿਚ 5 ਰੁਪਏ ਪ੍ਰਤੀ ਯੂਨਿਟ ਹੈ।

'ਆਪ' ਦੇ ਜ਼ਿਲ੍ਹਾ ਪ੍ਰਧਾਨ ਹਰਦਿਆਲ ਸਿੰਘ ਬੈਂਸ ਨੇ ਪਾਰਟੀ ਵਰਕਰਾਂ ਨਾਲ ਮੀਟਿੰਗ ਕੀਤੀ। ਹਲਕਾ ਚਮਕੌਰ ਸਾਹਿਬ ਦੇ ਇੰਚਾਰਜ ਚਰਨਜੀਤ ਸਿੰਘ ਚੰਨੀ, ਨੂਰਪੁਰ ਦੇ ਬਲਾਕ ਪ੍ਰਧਾਨ ਕਸ਼ਮੀਰੀ ਲਾਲ ਬਜਰੂੜ ਤੇ ਰੂਪਨਗਰ ਦੇ ਸ਼ਹਿਰੀ ਪ੍ਰਧਾਨ ਸਰਬਜੀਤ ਸਿੰਘ ਹੁੰਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਦਾ ਅੱਧੇ ਤੋਂ ਵਧੇਰੇ ਸਮਾਂ ਬੀਤ ਚੁੱਕਿਆ ਹੈ, ਪਰ ਚੋਣਾਂ ਵਿੱਚ ਕੀਤੇ ਇਕ ਵੀ ਵਾਅਦੇ ਪੂਰੇ ਨਹੀਂ ਕੀਤੇ ਗਏ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਬਿਜਲੀ ਅੰਦੋਲਨ ਲਈ ਧਰਨੇ-ਮੁਜ਼ਾਹਰੇ ਕੀਤੇ ਜਾਣਗੇ ਤੇ ਪ੍ਰਾਈਵੇਟ ਥਰਮਲਾਂ ਨਾਲ ਕੀਤੇ ਗਏ ਲੋਕ ਮਾਰੂ ਸਮਝੌਤਿਆਂ ਨੂੰ ਰੱਦ ਕਰਾਉਣ ਲਈ ਕਾਨੂੰਨੀ ਕਾਰਵਾਈਆਂ ਅਰੰਭੀਆਂ ਜਾਣਗੀਆਂ।

# ਲੋਕ ਸਭਾ 'ਚ ਆਧਾਰ ਸੋਧ ਬਿੱਲ ਪਾਸ

**ਨਵੀਂ ਦਿੱਲੀ:** ਲੋਕ ਸਭਾ ਨੇ ਆਧਾਰ ਤੇ ਹੋਰ ਕਾਨੂੰਨ (ਸੋਧ) ਬਿੱਲ, 2019 ਨੂੰ ਜ਼ੁਬਾਨੀ ਵੋਟ ਨਾਲ ਪਾਸ ਕਰ ਦਿੱਤਾ। ਇਸ ਨਾਲ ਮੋਬਾਈਲ ਫੋਨ ਅਤੇ ਬੈਂਕ ਖਾਤੇ ਖੋਲ੍ਹਣ ਲਈ ਪਛਾਣ ਦੇ ਸਬੂਤ ਵਜੋਂ ਆਧਾਰ ਕਾਰਡ ਦੀ ਆਪਣੀ ਮਰਜ਼ੀ ਨਾਲ ਵਰਤੋਂ ਦੀ ਪ੍ਰਵਾਨਗੀ ਮਿਲ ਗਈ ਹੈ। ਸੂਚਨਾ ਤਕਨਾਲੋਜੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਸਦਨ ਨੂੰ ਭਰੋਸਾ ਦਿੱਤਾ ਕਿ ਆਧਾਰ ਦੀ ਵਰਤੋਂ ਤੋਂ ਪਹਿਲਾਂ ਕਾਰਡਧਾਰਕ ਤੋਂ ਸਹਿਮਤੀ ਲੈਣੀ ਪਵੇਗੀ।

ਸੋਧ ਬਿੱਲ 'ਚ ਪ੍ਰਾਵਧਾਨ ਕੀਤਾ ਗਿਆ ਹੈ ਕਿ ਆਧਾਰ ਡੇਟਾ ਇਕੱਠਾ ਕਰਨ ਵਾਲੀਆਂ ਪ੍ਰਾਈਵੇਟ ਕੰਪਨੀਆਂ ਨੂੰ ਇਕ ਕਰੋੜ ਰੁਪਏ ਦਾ ਜੁਰਮਾਨਾ ਅਤੇ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ। ਸਦਨ 'ਚ ਆਪਣਾ ਆਧਾਰ ਕਾਰਡ ਦਰਸਾਉਂਦਿਆਂ ਕੇਂਦਰੀ ਮੰਤਰੀ ਨੇ ਕਿਹਾ ਕਿ ਕਾਰਡ 'ਚ ਜਾਤ, ਧਰਮ, ਫਿਰਕੇ ਅਤੇ ਮੈਡੀਕਲ ਰਿਕਾਰਡ ਦੇ ਵੇਰਵਿਆਂ ਦੀ ਕੋਈ ਜਾਣਕਾਰੀ ਨਹੀਂ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸੂਚਨਾ ਤਕਨਾਲੋਜੀ ਮੰਤਰੀ ਹੋਣ ਦੇ ਨਾਤੇ ਜੇਕਰ ਉਹ ਆਧਾਰ ਡੇਟਾ ਮੰਗਦੇ ਹਨ ਤਾਂ ਇਸ ਨਾਲ ਤਿੰਨ ਸਾਲ ਦੀ ਸਜ਼ਾ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਛੇਤੀ ਹੀ ਡੇਟਾ ਸੁਰੱਖਿਆ ਬਿੱਲ ਵੀ ਲਿਆਵੇਗੀ।

ਬਹਿਸ 'ਚ ਹਿੱਸਾ ਲੈਂਦਿਆਂ ਬਸਪਾ ਮੈਂਬਰ ਰਿਤੇਸ਼ ਪਾਂਡੇ ਨੇ ਕਿਹਾ ਕਿ ਇਸ 'ਚ ਸੁਧਾਰ ਦੀ ਗੁੰਜਾਇਸ਼ ਹੈ। ਐਨ.ਸੀ.ਪੀ. ਦੀ ਸੁਪ੍ਰਿਆ ਸੂਲੇ ਨੇ ਕਿਹਾ ਕਿ ਇਹ ਆਮ ਵਿਅਕਤੀ ਨਾਲ ਧੋਖਾ ਹੈ। ਭਾਜਪਾ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਆਧਾਰ ਕਾਰਡ ਜੇਕਰ ਲਾਜ਼ਮੀ ਹੈ ਤਾਂ ਫਿਰ ਵੋਟਰ ਕਾਰਡ ਕੀ ਹੈ।

ਕਾਂਗਰਸ ਆਗੂ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਯੂ.ਪੀ.ਏ. ਸਰਕਾਰ ਨੇ ਸਭ ਤੋਂ ਪਹਿਲਾਂ ਆਧਾਰ ਬਿੱਲ ਲਿਆਂਦਾ ਸੀ। ਕਾਂਗਰਸ ਦੇ ਮਨੀਸ਼ ਤਿਵਾੜੀ ਨੇ ਕਿਹਾ ਕਿ ਵਿਅਕਤੀ ਨੂੰ ਆਪਣਾ ਆਧਾਰ ਨੰਬਰ ਹਟਾਉਣ ਦਾ ਹੱਕ ਮਿਲਣਾ ਚਾਹੀਦਾ ਹੈ। ਏ.ਆਈ.ਐਮ.ਆਈ.ਐਮ. ਦੇ ਅਸਦ-ਉਦ-ਦੀਨ ਓਵਾਇਸੀ ਨੇ ਕਿਹਾ ਕਿ ਸਰਕਾਰ ਪ੍ਰਾਈਵੇਟ ਕੰਪਨੀਆਂ ਨੂੰ ਲਾਹਾ ਦਿਵਾਉਣ ਲਈ ਬਿੱਲ ਲਿਆ ਰਹੀ ਹੈ ਪਰ ਇਹ ਅਦਾਲਤ 'ਚ ਨਕਾਰ ਦਿੱਤਾ ਜਾਵੇਗਾ।

ਤ੍ਰਿਣਮੂਲ ਕਾਂਗਰਸ ਦੀ ਮਹੂਆ ਮੋਇਤਰਾ ਨੇ ਕਿਹਾ ਕਿ ਆਧਾਰ ਸੋਧ ਬਿੱਲ 'ਚ ਪਾਰਦਰਸ਼ਤਾ ਦੀ ਘਾਟ ਹੈ ਅਤੇ ਇਹ ਵਿਅਕਤੀ ਦੀ ਨਿੱਜਤਾ 'ਤੇ ਹਮਲਾ ਹੋਵੇਗਾ। ਉਨ੍ਹਾਂ ਕਿਹਾ ਕਿ ਡੇਟਾ ਸੁਰੱਖਿਆ ਕਾਨੂੰਨ ਤੋਂ ਬਿਨਾਂ ਇਹ ਗੱਡੇ ਮੂਹਰੇ ਘੋੜੇ ਨੂੰ ਜੋੜਨ ਵਾਂਗ ਹੋਵੇਗਾ। ਉਨ੍ਹਾਂ ਜੀਓ ਸਿਮ ਕਾਰਡ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਕਿਵੇਂ ਲੋਕਾਂ ਨੇ ਮੁਫਤ ਡੇਟਾ ਲੈਣ ਲਈ ਆਧਾਰ ਕਾਰਡ ਦੇ ਵੇਰਵੇ ਕੰਪਨੀ ਨਾਲ ਸਾਂਝੇ ਕੀਤੇ।

# ਰਾਜਨ ਵੱਲੋਂ ਸਰਕਾਰੀ ਬੈਂਕਾਂ ਦੀ 'ਆਜ਼ਾਦੀ' ਦਾ ਸੱਦਾ

**ਨਵੀਂ ਦਿੱਲੀ:** ਆਰ.ਬੀ.ਆਈ. ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਦਾ ਮੰਨਣਾ ਹੈ ਕਿ ਜਨਤਕ ਖੇਤਰ ਦੀਆਂ ਬੈਂਕਾਂ ਤੋਂ ਜੇ ਕੁਝ ਬੰਦਿਸ਼ਾਂ ਹਟਾ ਲਈਆਂ ਜਾਣ ਤੇ ਇਹ ਬਿਹਤਰ ਵਿਕਾਸ ਕਰ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਪਰ ਸ਼ਰਤ ਇਹ ਹੈ ਕਿ ਅਜਿਹੀਆਂ ਛੋਟਾਂ ਬੈਂਕ ਸਰਕਾਰੀ ਦਖਲਅੰਦਾਜ਼ੀ ਤੋਂ ਬਿਨਾਂ ਹੀ ਹਾਸਲ ਕਰ ਸਕਦੇ ਹਨ।

ਰਾਜਨ ਦਾ ਵਿਚਾਰ ਹੈ ਕਿ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਨਿਜੀਕਰਨ ਹੀ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਉਨ੍ਹਾਂ ਕਿਹਾ ਕਿ ਨਿਜੀਕਰਨ ਬਾਰੇ ਜ਼ਿਆਦਾਤਰ ਸੰਭਾਵਨਾਵਾਂ ਵਿਚਾਰਧਾਰਕ ਝੁਕਾਅ ਉੱਤੇ ਆਧਾਰਿਤ ਹਨ। ਰਘੂਰਾਮ ਰਾਜਨ ਨੇ ਸਰਕਾਰੀ ਬੈਂਕਾਂ ਵੱਲੋਂ ਘੱਟ ਮੁਹਾਰਤ ਵਾਲੀਆਂ ਨੌਕਰੀਆਂ ਲਈ ਪ੍ਰਾਈਵੇਟ ਬੈਂਕਾਂ ਨਾਲੋਂ ਜ਼ਿਆਦਾ ਤਨਖਾਹ ਦੇਣ ਤੇ ਵਿਸ਼ੇਸ਼



ਮੁਹਾਰਤ ਵਾਲੀਆਂ ਤੇ ਸੀਨੀਅਰ ਪੁਜ਼ੀਸ਼ਨ ਦੀਆਂ ਨੌਕਰੀਆਂ ਲਈ ਪ੍ਰਾਈਵੇਟ ਬੈਂਕਾਂ ਨਾਲੋਂ ਘੱਟ ਤਨਖਾਹਾਂ ਦੇਣ, ਸਰਕਾਰ ਦੇ ਇਸ਼ਾਰਿਆਂ ਜਾਂ ਨੀਤੀਆਂ ਮੁਤਾਬਕ ਚੱਲਣ, ਸੀ.ਵੀ.ਸੀ. ਤੇ ਸੀ.ਬੀ.ਆਈ. ਦੀ ਜਾਂਚ ਦੇ ਡਰ ਜਿਹੇ ਕਾਰਨਾਂ ਦਾ ਜ਼ਿਕਰ ਕੀਤਾ।

ਰਾਜਨ ਨੇ ਕਿਹਾ ਕਿ ਜਦ ਤੱਕ ਇਹ ਬੈਂਕਾਂ ਸਰਕਾਰ ਦੀ ਮਲਕੀਅਤ ਹਨ ਅਜਿਹਾ ਸੰਭਵ ਨਹੀਂ ਜਾਪਦਾ। ਉਨ੍ਹਾਂ ਕਿਹਾ ਕਿ ਕੁਝ ਪ੍ਰਾਈਵੇਟ ਬੈਂਕਾਂ ਵੀ ਮਾੜੀ ਪ੍ਰਸ਼ਾਸਕੀ ਪਹੁੰਚ ਦਾ ਸ਼ਿਕਾਰ ਹਨ। ਰਾਜਨ ਨੇ ਕਿਹਾ ਕਿ ਤਜਰਬੇ ਦੇ ਤੌਰ 'ਤੇ ਇਕ ਜਾਂ ਦੋ ਦਰਮਿਆਨੇ ਸਾਈਜ਼ ਦੀਆਂ ਬੈਂਕਾਂ ਨੂੰ ਪ੍ਰਾਈਵੇਟ ਕਰ ਕੇ ਦੇਖਿਆ ਜਾਵੇ ਤੇ ਹੋਰਾਂ 'ਚ ਸਰਕਾਰ ਦਾ ਹਿੱਸਾ 50% ਤੱਕ ਘਟਾਇਆ ਜਾਵੇ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਲ੍ਹਿਆਂਵਾਲਾ ਬਾਗ ਸੋਧ ਬਿੱਲ ਲੋਕ ਸਭਾ 'ਚ ਪੇਸ਼

**ਨਵੀਂ ਦਿੱਲੀ:** ਜਲ੍ਹਿਆਂਵਾਲਾ ਬਾਗ ਨੈਸ਼ਨਲ ਮੈਮੋਰੀਅਲ ਦਾ ਕਾਰ-ਵਿਹਾਰ ਚਲਾਉਂਦੇ ਟਰੱਸਟ 'ਚ ਸਥਾਈ ਮੈਂਬਰ ਵਜੋਂ ਸ਼ਾਮਲ ਕਾਂਗਰਸ ਪ੍ਰਧਾਨ ਨੂੰ ਹਟਾ ਕੇ ਸੰਸਥਾ ਨੂੰ 'ਗੈਰਸਿਆਸੀ' ਬਣਾਉਣ ਦੀ ਮੰਗ ਕਰਦਾ ਇਕ ਬਿੱਲ ਲੋਕ ਸਭਾ ਵਿਚ ਪੇਸ਼ ਕੀਤਾ ਗਿਆ। ਕਾਂਗਰਸ ਨੇ ਬਿੱਲ ਦਾ ਜ਼ੋਰਦਾਰ ਵਿਰੋਧ ਕੀਤਾ।

ਸਭਿਆਚਾਰ ਮੰਤਰੀ ਪ੍ਰਹਿਲਾਦ ਸਿੰਘ ਪਟੇਲ ਨੇ ਜਲ੍ਹਿਆਂਵਾਲਾ ਬਾਗ ਕੌਮੀ ਯਾਦਗਾਰ (ਸੋਧ) ਬਿੱਲ ਪੇਸ਼ ਕਰਦਿਆਂ ਕਿਹਾ ਕਿ ਇਹ ਬਿੱਲ ਟਰੱਸਟੀ ਵਜੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਦੇ ਜ਼ਿਕਰ ਉਤੇ 'ਲੀਕ' ਮਾਰਨਾ ਚਾਹੁੰਦਾ ਹੈ। ਮੋਦੀ ਸਰਕਾਰ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ ਵੀ ਅਜਿਹਾ ਬਿੱਲ ਪੇਸ਼ ਕੀਤਾ ਸੀ, ਪਰ ਸੰਸਦ ਦੀ ਲੋੜੀਂਦੀ ਪ੍ਰਵਾਨਗੀ ਦੀ ਅਣਹੋਂਦ 'ਚ ਇਹ ਰੱਦ ਹੋ ਗਿਆ ਸੀ। ਕਾਂਗਰਸ ਦੇ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਬਿੱਲ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ 'ਦੇਸ਼ ਦੀ ਵਿਰਾਸਤ ਦਾ ਖੰਡਨ ਕਰਨ ਵਰਗਾ' ਹੈ।

ਉਧਰ ਪਟੇਲ ਨੇ ਪਲਟਵਾਰ ਕਰਦਿਆਂ ਕਿਹਾ ਕਿ ਕਾਂਗਰਸ ਨੇ ਪਿਛਲੇ 40-50 ਸਾਲਾਂ ਵਿਚ ਯਾਦਗਾਰ ਲਈ ਕੁਝ ਨਹੀਂ ਕੀਤਾ। ਇਸ ਸੋਧ ਬਿੱਲ ਦੇ ਕਾਨੂੰਨ ਦਾ ਰੂਪ ਲੈਣ ਨਾਲ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਨੂੰ ਹਟਾ ਕੇ ਉਹਦੀ ਥਾਂ ਲੋਕ ਸਭਾ ਵਿਚ ਸਭ ਤੋਂ ਵੱਡੀ ਵਿਰੋਧੀ ਪਾਰਟੀ ਦੇ ਆਗੂ ਜਾਂ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਨੂੰ ਟਰੱਸਟ ਵਿਚ ਮੈਂਬਰ ਵਜੋਂ ਸ਼ਾਮਲ ਕੀਤਾ ਜਾ ਸਕੇਗਾ। ਸੋਧ ਬਿੱਲ, ਕੇਂਦਰ ਸਰਕਾਰ ਨੂੰ ਨਾਮਜ਼ਦ ਟਰੱਸਟੀਆਂ ਦਾ ਕਾਰਜਕਾਲ ਸੀਮਤ ਕਰਨ ਦਾ ਅਧਿਕਾਰ ਵੀ ਦੇਵੇਗਾ।

# ਮਨੁੱਖੀ ਹੱਕਾਂ ਦੀ ਉਲੰਘਣਾ ਰੋਕਣ 'ਚ ਭਾਰਤ ਨਾਕਾਮ ਕਰਾਰ

**ਜਨੇਵਾ:** ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਦਫਤਰ ਦੀ ਰਿਪੋਰਟ ਮੁਤਾਬਕ ਭਾਰਤ ਤੇ ਪਾਕਿਸਤਾਨ ਕਸ਼ਮੀਰ ਦੀ ਸਥਿਤੀ ਸੁਧਾਰਨ ਵਿਚ ਨਾਕਾਮ ਰਹੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੋਵਾਂ ਮੁਲਕਾਂ ਨੇ ਪਿਛਲੀ ਰਿਪੋਰਟ ਵਿਚ ਉਠਾਏ ਗਏ ਕਈ ਮੁੱਦਿਆਂ ਦੇ ਹੱਲ ਲਈ ਕੋਈ ਠੋਸ ਕਦਮ ਨਹੀਂ ਚੁੱਕਿਆ।

ਰਿਪੋਰਟ ਵਿਚ 47 ਮੈਂਬਰੀ ਮਨੁੱਖੀ ਅਧਿਕਾਰ ਕੌਂਸਲ ਨੂੰ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਦੋਸ਼ਾਂ ਦੀ ਪੜਤਾਲ ਲਈ ਜਾਂਚ ਕਮਿਸ਼ਨ ਬਣਾਉਣ ਦੀ ਸੰਭਾਵਨਾ ਤਲਾਸ਼ਣ ਲਈ ਵੀ ਕਿਹਾ ਗਿਆ ਹੈ। ਲੰਘੇ ਵਰ੍ਹੇ ਮਨੁੱਖੀ ਹੱਕਾਂ ਬਾਰੇ ਹਾਈ ਕਮਿਸ਼ਨਰ ਦਫਤਰ ਨੇ ਕਸ਼ਮੀਰ ਬਾਰੇ ਆਪਣੀ ਪਹਿਲੀ ਰਿਪੋਰਟ ਪੇਸ਼ ਕੀਤੀ ਸੀ। ਇਸ ਵਿਚ ਭਾਰਤ ਤੇ ਪਾਕਿ ਦੇ ਇਸ ਮਾਮਲੇ ਬਾਰੇ ਲਾਪਰਵਾਹੀ ਵਾਲੇ ਰਵੱਈਏ ਨੂੰ ਉਭਾਰਿਆ ਗਿਆ ਸੀ ਤੇ ਦੋਵਾਂ ਮੁਲਕਾਂ ਨੂੰ ਚਿਰਾਂ ਤੋਂ ਬਣੇ ਟਕਰਾਅ ਨੂੰ ਸੁਲਝਾਉਣ ਦੀ ਅਪੀਲ ਕੀਤੀ ਗਈ ਸੀ।

ਭਾਰਤ ਦੇ ਕਬਜ਼ੇ ਵਾਲੇ ਕਸ਼ਮੀਰ ਤੇ ਮਕਬੂਜ਼ਾ ਕਸ਼ਮੀਰ ਬਾਰੇ ਮਈ 2018 ਤੋਂ ਅਪਰੈਲ 2019 ਬਾਰੇ ਰਿਲੀਜ਼ ਕੀਤੀ ਗਈ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ 12 ਮਹੀਨਿਆਂ ਦੌਰਾਨ ਹੋਇਆ ਆਮ ਨਾਗਰਿਕਾਂ ਦੀਆਂ ਮੌਤਾਂ ਸ਼ਾਇਦ ਪਿਛਲੇ ਇਕ ਦਹਾਕੇ ਵਿਚ ਸਭ ਤੋਂ ਵੱਧ ਹਨ।

ਰਿਪੋਰਟ ਮੁਤਾਬਕ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਭਾਰਤੀ ਸੁਰੱਖਿਆ ਬਲਾਂ ਵੱਲੋਂ ਕੀਤੀਆਂ ਉਲੰਘਣਾਵਾਂ ਦੀ ਜ਼ਿੰਮੇਵਾਰੀ ਬਿਲਕੁਲ ਤੈਅ ਹੀ ਨਹੀਂ ਕੀਤੀ ਗਈ ਹੈ ਤੇ ਇਸ ਦਾ ਕੋਈ ਰਿਕਾਰਡ ਨਹੀਂ ਹੈ।

## ਰਿਪੋਰਟ ਝੂਠੀ ਤੇ ਪੱਖਪਾਤੀ: ਭਾਰਤ

**ਨਵੀਂ ਦਿੱਲੀ:** ਭਾਰਤ ਨੇ ਜੰਮੂ ਕਸ਼ਮੀਰ ਬਾਰੇ ਸੰਯੁਕਤ ਰਾਸ਼ਟਰ ਵੱਲੋਂ ਰਿਲੀਜ਼ ਕੀਤੀ ਗਈ ਰਿਪੋਰਟ 'ਤੇ ਤਿੱਖੀ ਪ੍ਰਤੀਕ੍ਰਿਆ ਦਿੱਤੀ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਵੀਸ਼ ਕੁਮਾਰ ਨੇ ਕਿਹਾ ਕਿ ਇਹ ਨਿਰੋਲ ਪਿਛਲੇ ਸਾਲ ਬਿਆਨੀ ਗਈ ਝੂਠੀ ਤੇ ਪੱਖਪਾਤੀ ਰਿਪੋਰਟ ਦਾ ਹੀ ਅਗਲਾ ਅੰਕ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਸਰਹੱਦ ਪਾਰ ਦੇ ਮੁੱਖ ਮੁੱਦੇ ਅਤਿਵਾਦ, ਜਿਸ ਨੂੰ ਪਾਕਿਸਤਾਨ ਦੀ ਸ਼ਹਿ ਹੈ, ਦਾ ਕੋਈ ਜ਼ਿਕਰ ਨਹੀਂ ਹੈ। ਇਹ ਰਿਪੋਰਟ ਭਾਰਤ ਦੀ ਖੁਦਮੁਖਤਿਆਰੀ ਤੇ ਖੇਤਰੀ ਅਖੰਡਤਾ ਦੀ ਉਲੰਘਣਾ ਕਰਦੀ ਹੈ। ਪਾਕਿਸਤਾਨ ਨੇ ਰਿਪੋਰਟ ਦਾ ਸਵਾਗਤ ਕਰਦਿਆਂ ਕਿਹਾ ਕਿ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੇ ਹਾਲਾਤ ਅਤੇ ਮਕਬੂਜ਼ਾ ਕਸ਼ਮੀਰ ਤੇ ਗਿਲਗਿਤ-ਬਾਲਟਿਸਤਾਨ ਬਾਰੇ ਵਾਤਾਵਰਣ ਵੱਖਰਾ ਹੈ।

# ਬਿਕਰਮਜੀਤ ਕਤਲ ਕੇਸ 'ਚ 11 ਪੁਲਿਸ ਮੁਲਾਜ਼ਮਾਂ ਸਣੇ 13 ਨੂੰ ਉਮਰ ਕੈਦ

**ਅੰਮ੍ਰਿਤਸਰ:** ਪੰਜ ਸਾਲ ਪਹਿਲਾਂ ਗੁਰੂ ਨਾਨਕ ਦੇਵ ਹਸਪਤਾਲ ਵਿਚ ਜ਼ੇਰੇ ਇਲਾਜ ਕੈਦੀ ਬਿਕਰਮਜੀਤ ਸਿੰਘ ਨੂੰ ਅਗਵਾ ਕਰਕੇ ਕਤਲ ਕਰਨ ਦੇ ਮਾਮਲੇ ਵਿਚ ਅਦਾਲਤ ਨੇ 13 ਜਣਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ 13 ਵਿਚ 11 ਪੁਲਿਸ ਮੁਲਾਜ਼ਮ ਸ਼ਾਮਲ ਹਨ। ਦੋਸ਼ੀਆਂ 'ਚ ਸਾਬਕਾ ਇੰਸਪੈਕਟਰ ਨਾਰੰਗ ਸਿੰਘ, ਗੁਲਸ਼ਨਬੀਰ ਸਿੰਘ, ਲਖਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਜਗਜੀਤ ਸਿੰਘ, ਅਮਨਦੀਪ ਸਿੰਘ, ਲਖਵਿੰਦਰ ਸਿੰਘ, ਸਵਿੰਦਰ ਸਿੰਘ, ਮਖਤੂਲ ਸਿੰਘ, ਰਣਧੀਰ ਸਿੰਘ, ਅੰਗਰੇਜ਼ ਸਿੰਘ, ਜਗਤਾਰ ਸਿੰਘ ਤੇ ਦੀਪ ਰਾਜ ਸਿੰਘ ਸ਼ਾਮਲ ਹਨ।

ਸਾਬਕਾ ਪੁਲਿਸ ਕਰਮਚਾਰੀ ਨਾਰੰਗ ਸਿੰਘ ਨੇ ਦੋਸ਼ ਲਾਇਆ ਕਿ ਇਸ ਮਾਮਲੇ 'ਚ ਉਨ੍ਹਾਂ ਨੂੰ ਉਚ ਅਧਿਕਾਰੀਆਂ ਨੇ ਫਸਾਇਆ ਹੈ। ਜ਼ਿਕਰਯੋਗ ਹੈ ਕਿ ਬਿਕਰਮਜੀਤ ਸਿੰਘ 2002 'ਚ ਭਿਖੀਵਿੰਡ ਨੇੜੇ ਪਿੰਡ ਅਲਗੋਂ ਕੋਠੀ 'ਚ ਅਕਾਲੀ ਆਗੂ ਗੁਰਦਿਆਲ ਸਿੰਘ ਸਣੇ ਮਾਰੇ ਗਏ ਛੇ ਲੋਕਾਂ ਦੇ ਕਤਲ ਕੇਸ 'ਚ ਇਥੇ ਜੇਲ੍ਹ 'ਚ ਬੰਦ ਸੀ। ਉਸ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ। ਦੋਸ਼ੀਆਂ ਨੇ ਉਸ ਨੂੰ ਹਸਪਤਾਲ 'ਚੋਂ ਅਚਾਨਕ ਚੁੱਕ ਲਿਆ ਤੇ ਥਾਣੇ ਜਾ ਕੇ ਤਸ਼ੱਦਦ ਕੀਤਾ ਤੇ ਉਸ ਦੀ ਮੌਤ ਹੋ ਗਈ।

## ਪੰਜਾਬ ਵਿਚ ਜਨਮ ਦਰ ਬਾਰੇ ਡਰਾਉਣੇ ਅੰਕੜੇ

**ਚੰਡੀਗੜ੍ਹ:** ਆਉਂਦੇ 20 ਸਾਲਾਂ ਦੌਰਾਨ ਪੰਜਾਬ ਵਿਚ ਜਨ ਸੰਖਿਆ ਵਾਧਾ ਦਰ ਸਭ ਤੋਂ ਘੱਟ ਹੋ ਜਾਵੇਗੀ। ਇਸ ਤੋਂ ਬਾਅਦ ਪੰਜਾਬ ਦੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਦੀ ਵਾਰੀ ਆਵੇਗੀ। ਇਹ ਖੁਲਾਸਾ ਸਾਲ 2019 ਵਿਚ ਹੋਏ ਜਨ ਸੰਖਿਆ ਭਵਿੱਖਬਾਣੀ ਵਿੱਚ ਸਾਹਮਣੇ ਆਈ ਹੈ।

ਸਾਲ 2041 ਤੱਕ ਪੰਜਾਬ ਵਿਚ ਜਨ ਸੰਖਿਆ ਵਾਧਾ ਦਰ ਸਿਫਰ ਹੋਣ ਦੀ ਸੰਭਾਵਨਾ ਹੈ। ਸੰਸਦ ਵਿਚ ਪੇਸ਼ ਕੀਤੇ ਗਏ ਅੰਕੜਿਆਂ ਮੁਤਾਬਕ ਸਾਲ 2011 ਵਿਚ ਇਥੇ ਜਨ ਸੰਖਿਆ ਵਾਧਾ ਦਰ 1.39 ਫੀਸਦੀ ਸੀ, ਤਾਂ ਸਾਲ 2031-41 ਤੱਕ ਇਹ ਦਰ ਘਟ ਕੇ 0.15 ਫੀਸਦੀ ਤੱਕ ਆ ਸਕਦੀ ਹੈ। 2011 ਵਿਚ ਪੰਜਾਬ 'ਚ 0 ਤੋਂ 19 ਸਾਲ ਦੇ ਉਮਰ ਵਰਗ ਦੇ ਨੌਜਵਾਨਾਂ ਦੀ ਜਨ ਸੰਖਿਆ 35.8 ਫੀਸਦੀ ਸੀ, ਪਰ ਸਾਲ 2041 ਵਿਚ ਇਹ ਘਟ ਕੇ 21 ਫੀਸਦੀ ਰਹਿ ਜਾਵੇਗੀ। ਦੂਜੇ ਪਾਸੇ ਸਾਲ 2011 ਵਿਚ ਬਜ਼ੁਰਗਾਂ ਦੀ ਆਬਾਦੀ 10.4 ਫੀਸਦ ਸੀ, ਜੋ 2041 ਵਿਚ ਵਧ ਕੇ 20.6 ਫੀਸਦੀ ਹੋ ਜਾਵੇਗੀ। ਇਸ ਦਾ ਮੁੱਖ ਕਾਰਨ ਪ੍ਰਜਨਨ ਦਰ ਦਾ ਡਿੱਗਣਾ ਅਤੇ ਜੀਵਨ ਦੀ ਆਸ ਵਿਚ ਵਾਧਾ ਹੈ। ਇਸ ਨਾਲ ਕੰਮਕਾਜੀ ਉਮਰ ਦੀ ਜਨ ਸੰਖਿਆ ਵਧੇਗੀ ਅਤੇ ਸਕੂਲਾਂ ਵਿਚ ਜਾਣ ਵਾਲੇ ਬੱਚਿਆਂ ਦੀ ਗਿਣਤੀ ਘਟੇਗੀ। ਇਸ ਟਰੈਂਡ ਦੇ ਸਮਾਜਿਕ ਤੇ ਆਰਥਕ ਨਤੀਜੇ ਵੀ ਦੇਖਣ ਨੂੰ ਮਿਲਣਗੇ। ਇਸ ਤੋਂ ਬਾਅਦ ਹੀ ਸਰਕਾਰ ਸਿਹਤ, ਸਿੱਖਿਆ ਤੇ ਸੇਵਾਮੁਕਤੀ ਦੀ ਉਮਰ ਬਾਰੇ ਨੀਤੀਆਂ ਤਿਆਰ ਕਰਦੀ ਹੈ।

# ਪੰਜਾਬ ਨੂੰ ਮੋਦੀ ਸਰਕਾਰ ਦਾ ਇਕ ਹੋਰ ਝਟਕਾ

*(ਸਫਾ ਇਕ ਦੀ ਬਾਕੀ)*

ਸੰਕਟ ਵਿਚ ਹੈ। ਸਰਕਾਰੀ ਨੀਤੀਆਂ ਕਾਰਨ ਖੇਤੀ ਹੁਣ ਲਾਹੇਵੰਦ ਧੰਦਾ ਨਹੀਂ ਰਹੀ। ਕਿਸਾਨ ਆਰਥਿਕ ਤੰਗੀ ਕਾਰਨ ਨਿੱਤ ਖੁਦਕੁਸ਼ੀਆਂ ਕਰ ਰਹੇ ਹਨ। ਪੰਜਾਬ ਸਰਕਾਰ ਵਲੋਂ ਕਿਸਾਨਾਂ ਦੀ ਕਰਜ਼ ਮੁਆਫੀ ਲਈ ਕਈ ਵਾਰ ਮਦਦ ਮੰਗੀ ਗਈ ਹੈ ਪਰ ਇਸ ਬਾਰੇ ਕੋਰਾ ਜਵਾਬ ਹੀ ਮਿਲਦਾ ਰਿਹਾ ਹੈ; ਹਾਲਾਂਕਿ ਭਾਜਪਾ ਚੋਣਾਂ ਸਮੇਂ ਡੁਬਦੀ ਕਿਸਾਨੀ ਨੂੰ ਵੱਡਾ ਮੁੱਦਾ ਬਣਾਉਂਦੀ ਰਹੀ ਹੈ। 2014 ਦੀਆਂ ਲੋਕ ਸਭ ਚੋਣਾਂ ਸਮੇਂ ਮੋਦੀ ਨੇ ਪੰਜਾਬ ਵਿਚ ਆਪਣੇ ਪ੍ਰਚਾਰ ਦੌਰਾਨ ਹੀ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਸਮੇਤ ਕਿਸਾਨਾਂ ਨਾਲ ਵੱਡੇ ਵਾਅਦੇ ਕੀਤੇ ਸਨ ਪਰ 5 ਸਾਲ ਸੱਤਾ ਭੋਗ ਕੇ ਵੀ ਇਨ੍ਹਾਂ ਉਤੇ ਗੌਰ ਨਹੀਂ ਕੀਤੀ ਗਈ। ਹੁਣ ਮੋਦੀ ਸਰਕਾਰ ਦੀ ਦੂਜੀ ਪਾਰੀ ਦੇ ਪਹਿਲੇ ਬਜਟ ਨੇ ਤਾਂ ਕਿਸਾਨਾਂ ਦੀਆਂ ਸਾਰੀਆਂ ਉਮੀਦਾਂ ਉਤੇ ਪਾਣੀ ਫੇਰ ਦਿੱਤਾ ਹੈ।

ਕਰਜ਼ੇ ਦੇ ਬੋਝ ਹੇਠ ਖੁਦਕੁਸ਼ੀ ਕਰ ਰਹੇ ਕਿਸਾਨਾਂ ਤੇ ਮਜ਼ਦੂਰਾਂ ਦੇ ਕਰਜ਼ੇ ਦਾ ਬੋਝ ਹਲਕਾ ਕਰਨ, ਫਸਲਾਂ ਸਮਰਥਨ ਮੁੱਲ ਉਤੇ ਖਰੀਦਣ ਅਤੇ ਵਾਤਾਵਰਨ ਦੇ ਸੰਕਟ ਨਾਲ ਨਜਿੱਠਣ ਦੇ ਮੁੱਦੇ ਉਤੇ ਬਜਟ ਖਾਮੋਸ਼ ਹੈ। ਆਰਥਿਕ ਸਰਵੇਖਣ ਅਨੁਸਾਰ ਖੇਤੀ ਦੀ ਵਿਕਾਸ ਦਰ 2.7 ਫੀਸਦੀ ਤੱਕ ਸਿਮਟ ਗਈ ਹੈ। ਪੰਜਾਬ ਦੇ ਕਿਸਾਨਾਂ ਨੂੰ ਨਕਦੀ ਯੋਜਨਾ ਤਹਿਤ ਮੁਸ਼ਕਲ ਨਾਲ ਲਗਭਗ 12 ਸੌ ਕਰੋੜ ਮਿਲਣ ਦਾ ਅਨੁਮਾਨ ਹੈ ਪਰ ਸਰਕਾਰ ਨੇ ਡੀਜ਼ਲ ਦਾ ਰੇਟ 2 ਰੁਪਏ ਲਿਟਰ ਵਧਾ ਕੇ ਲਗਭਗ 240 ਕਰੋੜ ਰੁਪਏ ਦਾ ਨਵਾਂ ਬੋਝ ਕਿਸਾਨੀ ਉਤੇ ਪਾ ਦਿੱਤਾ ਹੈ। ਖੇਤੀ ਖੇਤਰ ਵਿਚ ਲਗਭਗ 12 ਹਜ਼ਾਰ ਕਿਲੋ ਲਿਟਰ ਤੇਲ ਦੀ ਖਪਤ ਹੁੰਦੀ ਹੈ। ਪਿਛਲੇ ਸਾਲ ਤੋਂ ਖਾਦਾਂ ਉਤੇ ਲਗਾਈ 5 ਫੀਸਦੀ ਜੀ.ਐਸ.ਟੀ., ਕੀਟਨਾਸ਼ਕਾਂ ਉਤੇ 12 ਫੀਸਦੀ ਅਤੇ ਖੇਤੀ ਮਸ਼ੀਨਰੀ ਉਤੇ 18 ਤੋਂ 25 ਫੀਸਦੀ ਤੱਕ ਜੀ.ਐਸ.ਟੀ. ਨੂੰ ਹਟਾਉਣ ਬਾਰੇ ਵਿਚਾਰ ਤੱਕ ਨਹੀਂ ਕੀਤੀ ਗਈ। ਜੀ. ਐਸ. ਟੀ. ਤੋਂ ਪਹਿਲਾਂ ਪੰਜਾਬ ਵਿਚ ਇਨ੍ਹਾਂ ਉਤੇ ਟੈਕਸ ਨਹੀਂ ਸੀ ਲੱਗਦਾ।

ਬਜਟ ਨੇ ਉਦਯੋਗਪਤੀਆਂ ਨੂੰ ਤਾਂ ਗੱਫੇ ਦਿੱਤੇ ਪਰ ਕਿਸਾਨਾਂ ਦੇ ਕਰਜ਼ਾ ਮੁਆਫੀ ਬਾਰੇ ਚੁੱਪ ਵੱਟੀ ਹੈ। ਕਿਸਾਨਾਂ ਨੂੰ ਜ਼ੀਰੋ ਖਰਚ ਵਾਲੀ ਖੇਤੀ ਵਲ ਉਤਸ਼ਾਹਿਤ ਕਰਨ ਦਾ ਐਲਾਨ ਤਾਂ ਕੀਤਾ ਗਿਆ ਹੈ ਪਰ ਉਸ ਵਿਚ ਸ਼ੁਰੂਆਤੀ ਦੌਰ ਵਿਚ ਪੈਣ ਵਾਲੇ ਘਾਟੇ ਦੀ ਭਰਪਾਈ ਅਤੇ ਬਾਅਦ ਵਿਚ ਮੰਡੀ ਦੀ ਗਾਰੰਟੀ ਲਈ ਆਉਣ ਵਾਲੇ ਪੈਸੇ ਬਾਰੇ ਨਹੀਂ ਦੱਸਿਆ ਗਿਆ।

ਇਹੀ ਨਹੀਂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨਾਏ ਜਾ ਰਹੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਲਈ ਮੋਦੀ ਦੀ ਤਤਕਾਲੀ ਭਾਜਪਾ ਸਰਕਾਰ ਵਲੋਂ ਆਪਣੇ ਅੰਤ੍ਰਿਮ ਬਜਟ ਵਿਚ 100 ਕਰੋੜ ਦੀ ਵਿਸ਼ੇਸ਼ ਰਾਸ਼ੀ ਰਾਖਵੀਂ ਰੱਖਣ ਦਾ ਐਲਾਨ ਕੀਤਾ ਗਿਆ ਸੀ ਪਰ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵਲੋਂ ਇਸ ਵਿਸ਼ੇਸ਼ ਦਿਹਾੜੇ ਨੂੰ ਮਨਾਉਣ ਸਬੰਧੀ ਬਜਟ ਰਾਖਵਾਂ ਰੱਖਣ ਦਾ ਕੋਈ ਰਸਮੀ ਐਲਾਨ ਤੱਕ ਨਹੀਂ ਕੀਤਾ ਗਿਆ।

## ਹਰਸਿਮਰਤ ਬਾਦਲ ਦੀ ਚੁੱਪ ਉਤੇ ਸਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕੌਮੀ ਕਮੇਟੀ ਵਿਚੋਂ ਪੰਜਾਬ ਨੂੰ ਬਾਹਰ ਕਰਨ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਮੋਦੀ ਸਰਕਾਰ ਨੇ ਖੇਤੀ ਤੇ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਪੰਜਾਬ ਨੂੰ ਨਜ਼ਰ ਅੰਦਾਜ਼ ਹੀ ਨਹੀਂ ਕੀਤਾ ਸਗੋਂ ਪਿਛਲੇ 60 ਸਾਲਾਂ ਤੋਂ ਪੂਰੇ ਦੇਸ਼ ਦਾ ਪੇਟ ਭਰ ਰਹੇ ਪੰਜਾਬ ਦੇ 'ਅੰਨਦਾਤਾ' ਦੀ ਤੌਹੀਨ ਕੀਤੀ ਹੈ। ਸ੍ਰੀ ਮਾਨ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰੇ। ਉਨ੍ਹਾਂ ਇਸ ਮੁੱਦੇ 'ਤੇ ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਘੇਰਦਿਆਂ ਕਿਹਾ ਕਿ ਮੋਦੀ ਸਰਕਾਰ ਜਦੋਂ ਅਜਿਹੇ ਮੁੱਦਿਆਂ 'ਤੇ ਫੈਸਲਾ ਲੈਣ ਸਮੇਂ ਪੰਜਾਬ ਨੂੰ ਅਣਗੌਲਿਆ ਕਰਦੀ ਹੈ ਤਾਂ ਉਦੋਂ ਬੀਬਾ ਬਾਦਲ ਕਿੱਥੇ ਹੁੰਦੇ ਹਨ।

## ਸੁਰੇਸ਼ ਅਰੋੜਾ ਹੋਣਗੇ ਪੰਜਾਬ ਦੇ ਮੁੱਖ ਸੂਚਨਾ ਕਮਿਸ਼ਨਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੇਵਾ ਮੁਕਤ ਡੀ.ਜੀ.ਪੀ. ਸੁਰੇਸ਼ ਅਰੋੜਾ ਨੂੰ ਸੂਬੇ ਦਾ ਮੁੱਖ ਸੂਚਨਾ ਕਮਿਸ਼ਨਰ ਅਤੇ ਪੱਤਰਕਾਰ ਆਸਿਤ ਜੌਲੀ ਨੂੰ ਸੂਚਨਾ ਕਮਿਸ਼ਨਰ ਲਾਉਣ ਦਾ ਫੈਸਲਾ ਕੀਤਾ ਹੈ। ਸੁਰੇਸ਼ ਅਰੋੜਾ ਪੰਜਾਬ ਦੇ ਪਹਿਲੇ ਅਜਿਹੇ ਸੇਵਾਮੁਕਤ ਪੁਲਿਸ ਅਫਸਰ ਹੋਣਗੇ ਜਿਨ੍ਹਾਂ ਨੂੰ ਮੁੱਖ ਸੂਚਨਾ ਕਮਿਸ਼ਨਰ ਲਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਇਸ ਅਹੁਦੇ 'ਤੇ ਤਿੰਨ ਸੇਵਾਮੁਕਤ ਆਈ.ਏ.ਐਸ. ਰਾਜਨ ਕਸ਼ਯਪ, ਰਮੇਸ਼ਇੰਦਰ ਸਿੰਘ ਅਤੇ ਐਸ.ਐਸ. ਚੰਨੀ ਸੇਵਾ ਨਿਭਾ ਚੁੱਕੇ ਹਨ। ਇਸ ਅਹੁਦੇ ਲਈ 30 ਜੂਨ ਨੂੰ ਸੇਵਾ ਮੁਕਤ ਹੋਏ ਵਧੀਕ ਮੁੱਖ ਸਕੱਤਰ ਨਿਰਮਲਜੀਤ ਸਿੰਘ ਕਲਸੀ ਨੇ ਵੀ ਜ਼ੋਰ-ਅਜ਼ਮਾਈ ਕੀਤੀ ਸੀ ਪਰ ਸਰਕਾਰ ਵੱਲੋਂ ਸਾਬਕਾ ਡੀ.ਜੀ.ਪੀ. ਦੀ ਚੋਣ ਨੂੰ ਹੀ ਤਰਜੀਹ ਦਿੱਤੀ ਗਈ ਹੈ।

## ਚੋਣਾਂ ਪਿੱਛੋਂ ਬਰਗਾੜੀ ਕਾਂਡ ਦੀ ਜਾਂਚ ਨੂੰ ਬਰੇਕਾਂ

*(ਸਫਾ ਇਕ ਦੀ ਬਾਕੀ)*

27 ਮਈ ਨੂੰ ਕੋਟਕਪੂਰਾ ਗੋਲੀ ਕਾਂਡ ਵਿਚ ਦਾਇਰ ਕੀਤੀ ਗਈ ਚਾਰਜਸ਼ੀਟ ਸਮੇਂ ਵੀ ਆਈ.ਜੀ. ਕੁੰਵਰ ਵਿਜੈਪ੍ਰਤਾਪ ਸਿੰਘ ਫਰੀਦਕੋਟ ਨਹੀਂ ਆਏ। ਉਨ੍ਹਾਂ ਕੋਟਕਪੂਰਾ ਗੋਲੀ ਕਾਂਡ ਵਿਚ ਤਿਆਰ ਕੀਤੀ ਗਈ ਚਾਰਜਸ਼ੀਟ ਵਿਚ ਦਾਅਵਾ ਕੀਤਾ ਸੀ ਕਿ ਉਹ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਡੀ.ਆਈ.ਜੀ. ਅਮਰ ਸਿੰਘ ਚਾਹਲ ਦੇ ਕੋਟਕਪੂਰਾ ਗੋਲੀ ਕਾਂਡ ਵਿਚ ਨਿਭਾਏ ਰੋਲ ਦੀ ਪੜਤਾਲ ਕਰ ਰਹੇ ਹਨ ਤੇ ਉਨ੍ਹਾਂ ਖਿਲਾਫ ਵੀ ਅਦਾਲਤ 'ਚ ਚਲਾਨ ਦਿੱਤਾ ਜਾ ਸਕਦਾ ਹੈ ਪਰ 27 ਮਈ ਤੋਂ ਬਾਅਦ ਜਾਂਚ ਟੀਮ ਨੇ ਪੜਤਾਲ ਨੂੰ ਅੱਗੇ ਨਹੀਂ ਤੋਰਿਆ। ਜਾਂਚ ਟੀਮ ਵੱਲੋਂ ਜੇਲ੍ਹ 'ਚ ਮਾਰੇ ਗਏ ਡੇਰਾ ਪ੍ਰੇਮੀ ਬਾਰੇ ਪੁੱਛ ਪੜਤਾਲ ਕਰਨ ਦੇ ਦਾਅਵੇ ਵੀ ਖੋਖਲੇ ਨਜ਼ਰ ਆ ਰਹੇ ਹਨ।



# ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿੱਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਮਜੀਠੀਆ ਤੋਂ ਮਦਦ ਲੈਣ ਵਾਲੇ ਕਿਸਾਨ ਬੁੱਧ ਸਿੰਘ ਨੂੰ ਕਾਂਗਰਸੀਆਂ ਨੇ ਚਾੜ੍ਹਿਆ ਕੁਟਾਪਾ

**ਬਟਾਲਾ:** ਪਿੰਡ ਕੋਟਲੀ ਸੂਰਤ ਮੱਲ੍ਹੀ ਦੇ ਕਿਸਾਨ ਬੁੱਧ ਸਿੰਘ ਨੇ ਕੁਝ ਕਾਂਗਰਸੀਆਂ ਖਿਲਾਫ ਉਸ ਦੀ ਕੁੱਟਮਾਰ ਕਰਨ ਦੇ ਦੋਸ਼ ਲਾਏ ਹਨ। ਵਾਪਸ ਆ ਰਿਹਾ ਸੀ ਕਿ ਅੱਡਾ ਕੋਟਲੀ ਸੂਰਤ ਮੱਲ੍ਹੀ ਦੇ ਨੇੜੇ ਕੁਝ ਕਾਂਗਰਸੀ ਵਰਕਰਾਂ ਨੇ ਉਸ ਨੂੰ ਘੇਰ ਲਿਆ ਅਤੇ ਉਸ ਦੀ ਮਾਰਕੁੱਟ ਕਰਕੇ



ਦੱਸਣਯੋਗ ਹੈ ਕਿ ਕਿਸਾਨ ਬੁੱਧ ਸਿੰਘ ਉਸ ਸਮੇਂ ਸੁਰਖੀਆਂ ਵਿਚ ਆਇਆ ਸੀ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਰਜ਼ਾ ਮੁਆਫੀ ਦਾ ਪਹਿਲਾ ਫਾਰਮ ਉਸ ਦੇ ਘਰ ਜਾ ਕੇ ਭਰਵਾਇਆ ਸੀ ਅਤੇ ਬੁੱਧ ਸਿੰਘ ਦੀ ਕੈਪਟਨ ਅਮਰਿੰਦਰ ਸਿੰਘ ਨਾਲ ਫੋਟੋ ਵੀ ਕਾਫੀ ਵਾਇਰਲ ਹੋਈ ਸੀ ਪਰ ਕੈਪਟਨ ਸਰਕਾਰ ਵੱਲੋਂ ਉਸ ਨੂੰ ਕਰਜ਼ਾ ਮੁਆਫੀ ਨਾ ਮਿਲਣ 'ਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੌਕਾ ਵੇਖਦਿਆਂ ਉਸ ਦੇ ਘਰ ਜਾ ਕੇ ਕਰਜ਼ੇ ਦੀ ਅਦਾਇਗੀ ਲਈ ਚੈੱਕ ਦਿੱਤੇ ਸਨ।

ਘਟਨਾ ਬਾਰੇ ਦੱਸਦਿਆਂ ਬੁੱਧ ਸਿੰਘ ਨੇ ਕਿਹਾ ਉਹ ਬਿਜਲੀ ਦਾ ਬਿੱਲ ਜਮ੍ਹਾਂ ਕਰਵਾ ਕੇ ਉਸ ਦੀ ਦਸਤਾਰ ਵੀ ਉਤਾਰ ਦਿੱਤੀ। ਉਸ ਨੇ ਦੱਸਿਆ ਕਿ ਹੁਣ ਉਸ 'ਤੇ ਰਾਜ਼ੀਨਾਮਾ ਕਰਨ ਦਾ ਦਬਾਅ ਬਣਾਇਆ ਜਾ ਰਿਹਾ ਹੈ।

ਉਸ ਨੇ ਕਿਹਾ ਕਿ ਉਸ ਦੀ ਜਾਨ ਨੂੰ ਖਤਰਾ ਹੈ ਅਤੇ ਜੇ ਉਸ ਦਾ ਕੋਈ ਜਾਨੀ ਜਾਂ ਮਾਲੀ ਨੁਕਸਾਨ ਹੁੰਦਾ ਹੈ ਤਾਂ ਸਬੰਧਤ ਕਾਂਗਰਸੀ ਵਰਕਰ ਜ਼ਿੰਮੇਵਾਰ ਹੋਣਗੇ। ਬੁੱਧ ਸਿੰਘ ਨੇ ਉਚ ਪੁਲਿਸ ਅਧਿਕਾਰੀਆਂ ਕੋਲੋਂ ਹਮਲਾਵਰਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਇਸ ਸਬੰਧੀ ਡੀ.ਐਸ.ਪੀ. ਡੇਰਾ ਬਾਬਾ ਨਾਨਕ ਗੁਰਪ੍ਰਤਾਪ ਸਿੰਘ ਨੇ ਦੱਸਿਆ ਕਿ ਬੁੱਧ ਸਿੰਘ ਦੀ ਸ਼ਿਕਾਇਤ 'ਤੇ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਸਬੰਧੀ ਬਣਦੀ ਕਾਰਵਾਈ ਕੀਤੀ ਜਾਵੇਗੀ।

# ਸਰਹੱਦ ਉਤੇ ਘੁਸਪੈਠ ਰੋਕਣ ਲਈ ਨਵੀਂ ਰਣਨੀਤੀ

**ਚੰਡੀਗੜ੍ਹ:** ਸੀਮਾ ਸੁਰੱਖਿਆ ਬਲ ਵੱਲੋਂ ਪੰਜਾਬ ਤੇ ਜੰਮੂ ਵਿਚ ਪੈਂਦੀ ਪਾਕਿਸਤਾਨ ਦੀ ਸਰਹੱਦ ਦੇ ਨਾਲ ਘੁਸਪੈਠ ਵਿਰੋਧੀ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਲਈ ਵੱਡੇ ਪੱਧਰ 'ਤੇ ਤਿਆਰੀ ਆਰੰਭ ਦਿੱਤੀ ਗਈ ਹੈ, ਜਿਸ ਨਾਲ ਸਰਹੱਦੀ ਖੇਤਰ ਵਿਚ ਤਾਇਨਾਤ ਸਮੂਹ ਸੀਨੀਅਰ ਅਧਿਕਾਰੀ, ਹਜ਼ਾਰਾਂ ਜਵਾਨ ਅਤੇ ਮੂਹਰਲੇ ਖੇਤਰਾਂ 'ਚ ਲਗਾਈ ਮਸ਼ੀਨਰੀ ਗਤੀਸ਼ੀਲ ਹੋ ਗਈ ਹੈ।

ਪਹਿਲੀ ਜੁਲਾਈ ਤੋਂ ਸ਼ੁਰੂ ਹੋਏ ਇਸ ਅਪਰੇਸ਼ਨ ਨੂੰ 'ਸੁਦਰਸ਼ਨ' ਨਾਂ ਦਿੱਤਾ ਗਿਆ ਹੈ ਅਤੇ ਇਹ ਭਾਰਤ-ਪਾਕਿਸਤਾਨ ਸਰਹੱਦ ਦੇ ਸਮੂਹ ਇਕ ਹਜ਼ਾਰ ਕਿਲੋਮੀਟਰ ਲੰਬੇ ਖੇਤਰ ਵਿਚ ਚਲਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਇਕ ਹਜ਼ਾਰ ਕਿਲੋਮੀਟਰ ਲੰਬੀ ਇਸ ਸੰਵੇਦਨਸ਼ੀਲ ਕੌਮਾਂਤਰੀ ਸਰਹੱਦ ਦਾ 553 ਕਿਲੋਮੀਟਰ ਹਿੱਸਾ ਪੰਜਾਬ ਅਤੇ 485 ਕਿਲੋਮੀਟਰ ਹਿੱਸਾ ਜੰਮੂ ਵਿਚ ਪੈਂਦਾ ਹੈ। ਇਸ ਤੋਂ ਇਲਾਵਾ ਇਹ ਪੱਛਮ ਵੱਲ ਰਾਜਸਥਾਨ ਤੇ ਗੁਜਰਾਤ ਤੱਕ ਜਾਂਦਾ ਹੈ।

ਸੀਮਾ ਸੁਰੱਖਿਆ ਬਲ ਇਸ ਸਰਹੱਦ ਦੀ ਰੱਖਿਆ ਲਈ ਤਾਇਨਾਤ 'ਪਹਿਲੀ ਸੁਰੱਖਿਆ ਪੱਟੀ' ਹੈ। ਸੁਰੱਖਿਆ ਏਜੰਸੀ ਦੇ ਆਲਾ ਮਿਆਰੀ ਸੂਤਰਾਂ ਨੇ ਦੱਸਿਆ ਕਿ ਅਪਰੇਸ਼ਨ 'ਸੁਦਰਸ਼ਨ' ਲਈ ਭਾਰੀ ਮਸ਼ੀਨਰੀ, ਸੰਚਾਰ ਯੰਤਰਾਂ ਅਤੇ ਮੋਬਾਈਲ ਬੁਲੇਟਪਰੂਫ ਬੰਕਰਾਂ ਤੋਂ ਇਲਾਵਾ ਬੀ.ਐਸ.ਐਫ. ਦੇ ਹਜ਼ਾਰਾਂ ਜਵਾਨਾਂ ਇਸ ਕਾਰਵਾਈ ਦਾ ਹਿੱਸਾ ਹਨ। ਉਨ੍ਹਾਂ ਦੱਸਿਆ ਕਿ ਇੰਸਪੈਕਟਰ ਜਨਰਲ ਤੋਂ ਲੈ ਕੇ ਕਮਾਂਡੈਂਟ ਰੈਂਕ ਤੱਕ ਦੇ ਬਟਾਲੀਅਨ ਕਮਾਂਡਰ ਅਤੇ ਬੀ. ਐਸ. ਐਫ. ਦੀਆਂ ਕਰੀਬ 40 ਬਟਾਲੀਅਨਾਂ ਦੇ ਕੰਪਨੀ (ਯੂਨਿਟ) ਕਮਾਂਡਰ ਦੋਵੇਂ ਸੂਬਿਆਂ ਵਿਚ ਪੰਦਰਾਂ ਦਿਨਾਂ ਦੇ ਅੰਦਰ ਅਪਰੇਸ਼ਨ ਨੂੰ ਪੂਰਾ ਕਰਨ ਲਈ ਮੂਹਰਲੇ ਖੇਤਰਾਂ 'ਚ ਡੇਰੇ ਲਗਾ ਰਹੇ ਹਨ। ਉਨ੍ਹਾਂ 15 ਜੁਲਾਈ ਤੱਕ ਕਾਰਵਾਈ ਪੂਰੀ ਕਰ ਕੇ ਵਾਪਸ ਆਪਣੇ ਪੱਕੇ ਟਿਕਾਣਿਆਂ 'ਤੇ ਪਰਤਣਾ ਹੈ। ਅਤਿਵਾਦੀਆਂ ਤੇ ਨਸ਼ਾ ਤਸਕਰਾਂ ਦੀ ਘੁਸਪੈਠ ਰੋਕਣ ਅਤੇ ਪਾਕਿਸਤਾਨ ਵੱਲੋਂ ਹੁੰਦੀ ਗੋਲੀਬਾਰੀ ਦਾ ਮੂੰਹ ਤੋੜ ਜਵਾਬ ਦੇਣ ਲਈ ਇਨ੍ਹਾਂ ਸਰਹੱਦਾਂ 'ਤੇ ਭਾਰਤੀ ਸੁਰੱਖਿਆ ਚੌਕੀਆਂ ਦੀ ਮਜ਼ਬੂਤੀ ਵਾਸਤੇ ਲਗਾਤਾਰ ਗਸ਼ਤ ਕੀਤੀ ਜਾ ਰਹੀ ਹੈ।

ਸਰਕਾਰੀ ਸੂਤਰਾਂ ਅਨੁਸਾਰ ਇਸ ਵੱਡੀ ਕਾਰਵਾਈ ਨੂੰ 'ਸੁਦਰਸ਼ਨ' ਦਾ ਨਾਂ ਦਿੱਤਾ ਗਿਆ ਹੈ ਜੋ ਮਿਥਿਹਾਸ 'ਚੋਂ ਭਗਵਾਨ ਕ੍ਰਿਸ਼ਨ ਦੇ ਸੁਦਰਸ਼ਨ ਚੱਕਰ ਤੋਂ ਲਿਆ ਗਿਆ ਹੈ ਜੋ ਦੁਸ਼ਮਣਾਂ ਦਾ ਨਾਸ ਕਰ ਕੇ ਮੁੜ ਆਪਣੀ ਜਗ੍ਹਾ ਉਤੇ ਆ ਜਾਂਦਾ ਹੈ। ਕਮਾਂਡਰਾਂ ਨੂੰ ਵਾਚ ਟਾਵਰ ਬਣਾਉਣ, ਗੋਲੀ ਬਾਰੂਦ ਪੂਰੀ ਤਰ੍ਹਾਂ ਭਰਨ, ਤੋਪਾਂ ਦੀਆਂ ਪੁਜ਼ੀਸ਼ਨਾਂ ਮਜ਼ਬੂਤ ਕਰਨ, ਸਰਹੱਦ 'ਤੇ ਲਗਾਈ ਕੰਡਿਆਲੀ ਤਾਰ ਨੂੰ ਚੈੱਕ ਕਰਨ ਤੇ ਜੇ ਕਿਧਰੋਂ ਤਾਰ ਟੁੱਟੀ ਹੋਈ ਹੈ ਉਸ ਨੂੰ ਜੋੜਨ, ਸਰਹੱਦੋਂ ਆਰ ਪਾਰ ਬਣੀਆਂ ਸੁਰੰਗਾਂ ਦਾ ਪਤਾ ਲਾਉਣ ਤੇ ਘੁਸਪੈਠ ਵਾਲੇ ਸਰਹੱਦੀ ਖੇਤਰ 'ਚ ਹੋਰ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕਰਨ ਲਈ ਕਿਹਾ ਗਿਆ ਹੈ। ਕਮਾਂਡਰਾਂ ਨੂੰ ਜਵਾਨਾਂ ਵੱਲੋਂ ਸਾਰੇ ਸੁਰੱਖਿਆ ਮਾਪਦੰਡ ਅਪਣਾਏ ਜਾਣ ਜਿਵੇਂ ਕਿ ਬੁਲੇਟ ਪਰੂਫ ਜੈਕਟਾਂ ਪਾਉਣੀਆਂ, ਹੈੱਡ ਗੇਅਰ ਪਾਉਣੇ ਆਦਿ ਯਕੀਨੀ ਬਣਾਉਣ ਲਈ ਵੀ ਕਿਹਾ ਗਿਆ ਹੈ।

# ਇਕ ਏਕੜ ਦੇ ਮਾਲਕ ਕਿਸਾਨ ਦੀ ਲੱਗੀ 2 ਕਰੋੜ ਦੀ ਲਾਟਰੀ

**ਮੋਗਾ:** ਪਿੰਡ ਨੱਥੂਵਾਲਾ ਜਦੀਦ (ਮੋਗਾ) ਦੇ ਨੌਜਵਾਨ ਛੋਟੇ ਕਿਸਾਨ ਲਈ ਵਿਸਾਖੀ ਬੰਪਰ 'ਅਲਾਦੀਨ ਦਾ ਚਿਰਾਗ' ਬਣ ਕੇ ਆਇਆ ਹੈ। ਇਕ ਏਕੜ ਜ਼ਮੀਨ ਦੇ ਮਾਲਕ ਨੌਜਵਾਨ ਕਿਸਾਨ ਦੀ 2 ਕਰੋੜ ਰੁਪਏ ਦੇ ਵਿਸਾਖੀ ਬੰਪਰ ਦੀ ਲਾਟਰੀ ਲੱਗੀ ਹੈ। ਇਸ ਕਿਸਾਨ ਪਰਵਿੰਦਰ ਸਿੰਘ ਦੀ ਉਮਰ 34 ਸਾਲ ਹੈ ਅਤੇ ਉਹ ਪਿੰਡ ਨੱਥੂਵਾਲਾ ਜਦੀਦ (ਮੋਗਾ) ਦਾ ਵਸਨੀਕ ਹੈ। ਉਸ ਦੇ ਪਰਿਵਾਰ ਕੋਲ ਸਿਰਫ ਇਕ ਏਕੜ ਜ਼ਮੀਨ ਹੈ, ਜਿਸ 'ਤੇ ਖੇਤੀ ਕਰਕੇ ਪਰਿਵਾਰ ਦਾ ਗੁਜ਼ਾਰਾ ਕਰਦੇ ਹਨ।

ਉਨ੍ਹਾਂ ਦੱਸਿਆ ਕਿ ਉਹ ਜਿੱਤੀ ਗਈ ਇਹ ਰਕਮ ਆਪਣੇ ਦੋ ਬੱਚਿਆਂ ਦੇ ਚੰਗੇ ਭਵਿੱਖ ਅਤੇ ਪੜ੍ਹਾਈ ਉੱਪਰ ਖਰਚ ਕਰੇਗਾ। ਕਿਸਾਨ ਪਰਵਿੰਦਰ ਨੇ ਕਿਹਾ ਕਿ ਵਿਸਾਖੀ ਬੰਪਰ ਉਸ ਦੀ ਜ਼ਿੰਦਗੀ ਵਿਚ 'ਅਲਾਦੀਨ ਦੇ ਚਿਰਾਗ' ਵਾਂਗੂ ਆਇਆ ਜਿਸ ਨੇ ਪਲਾਂ ਵਿਚ ਹੀ ਉਸ ਨੂੰ ਕਰੋੜਪਤੀ ਬਣਾ ਦਿੱਤਾ। ਉਸ ਨੇ ਕਿਹਾ ਕਿ ਉਸ ਦੀ ਲਾਟਰੀ ਨਿਕਲਣ ਪਿੱਛੇ ਇਕ ਦਿਲਚਸਪ ਕਹਾਣੀ ਹੈ। ਉਸ ਨੇ ਦੱਸਿਆ ਕਿ ਉਹ ਆਪਣੇ ਪਿਉ ਨਾਲ ਪਿਛਲੇ ਬਹੁਤ ਸਾਰੇ ਸਾਲਾਂ ਤੋਂ ਪੰਜਾਬ ਸਰਕਾਰ ਵੱਲੋਂ ਜਾਰੀ ਲਾਟਰੀ ਬੰਪਰ ਪਾਉਂਦੇ ਆ ਰਹੇ ਹਨ। ਕਈ ਵਾਰ ਤਾਂ ਉਨ੍ਹਾਂ ਦੋ-ਦੋ ਟਿਕਟਾਂ ਵੀ ਖਰੀਦੀਆਂ। ਇਸੇ ਤਰ੍ਹਾਂ ਇਕ ਦਿਨ ਮੋਗਾ ਤੋਂ ਪਿੰਡ ਨੂੰ ਜਾਂਦਿਆਂ ਉਸ ਨੇ ਲਾਟਰੀ ਦਾ ਸਟਾਲ ਵੇਖਿਆ ਅਤੇ ਮੋਟਰਸਾਈਕਲ ਰੋਕ ਕੇ ਵਿਸਾਖੀ ਬੰਪਰ-2019 ਦੀ ਟਿਕਟ ਖਰੀਦ ਲਈ। ਜਦੋਂ ਨਤੀਜਾ ਆਇਆ ਤਾਂ ਦੋ ਕਰੋੜ ਰੁਪਏ ਦਾ ਪਹਿਲਾ ਇਨਾਮ ਉਸ ਦੇ ਨਾਂ ਹੋ ਚੁੱਕਾ ਸੀ। ਉਸ ਨੇ ਕਿਹਾ ਕਿ ਜਦੋਂ ਪਹਿਲਾਂ ਲਾਟਰੀ ਨਹੀਂ ਨਿਕਲਦੀ ਸੀ ਤਾਂ ਉਹ ਨਿਰਾਸ਼ ਹੋ ਜਾਂਦਾ ਸੀ ਪਰ ਵਿਸਾਖੀ ਬੰਪਰ ਨੇ ਉਸ ਦੇ ਪਰਿਵਾਰ ਦੀ ਕਿਸਮਤ ਬਦਲ ਦਿੱਤੀ ਹੈ।

# ਗੁਲਾਬੀ ਨਗਰੀ ਜੈਪੁਰ ਨੂੰ ਮਿਲਿਆ ਯੂਨੈਸਕੋ ਵਿਸ਼ਵ ਵਿਰਾਸਤ ਦਾ ਦਰਜਾ

**ਨਵੀਂ ਦਿੱਲੀ:** ਗੁਲਾਬੀ ਨਗਰੀ ਵਜੋਂ ਪ੍ਰਸਿੱਧ ਰਾਜਸਥਾਨ ਦੀ ਰਾਜਧਾਨੀ ਜੈਪੁਰ ਨੂੰ ਯੂਨੈਸਕੋ ਵਿਸ਼ਵ ਵਿਰਾਸਤੀ ਸਥਾਨਾਂ ਦੀ ਸੂਚੀ 'ਚ ਦਰਜ ਕਰ ਲਿਆ ਗਿਆ ਹੈ। ਯੂਨੈਸਕੋ ਨੇ ਟਵੀਟ ਕਰਕੇ ਇਸ ਦੀ ਜਾਣਕਾਰੀ ਦਿੱਤੀ। ਯੂਨੈਸਕੋ ਦੀ ਵਿਸ਼ਵ ਵਿਰਾਸਤੀ ਕਮੇਟੀ ਨੇ ਅਜ਼ਰਬਾਇਜਾਨ ਦੇ ਬਾਕੂ 'ਚ 30 ਜੂਨ ਤੋਂ 10 ਜੁਲਾਈ ਤਕ ਚੱਲ ਰਹੀ ਬੈਠਕ ਦੌਰਾਨ ਜੈਪੁਰ ਨੂੰ ਵਿਸ਼ਵ ਵਿਰਾਸਤ ਦੀ ਸੂਚੀ 'ਚ ਸ਼ਾਮਲ ਕਰਨ ਸਬੰਧੀ ਨਾਮਜ਼ਦਗੀ 'ਤੇ ਵਿਚਾਰਾਂ ਕੀਤੀਆਂ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੈਪੁਰ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਮਿਲਣ 'ਤੇ ਖੁਸ਼ੀ ਜਤਾਈ ਹੈ। ਉਨ੍ਹਾਂ ਟਵੀਟ ਕਰਕੇ ਕਿਹਾ ਕਿ ਜੈਪੁਰ ਸੱਭਿਆਚਾਰ ਅਤੇ ਬਹਾਦਰੀ ਨਾਲ ਜੁੜਿਆ ਹੋਇਆ ਹੈ ਅਤੇ ਇਸ ਦੀ ਮਹਿਮਾਨਨਿਵਾਜ਼ੀ ਦੁਨੀਆ ਭਰ ਦੇ ਲੋਕਾਂ ਨੂੰ ਆਕਰਸ਼ਿਤ ਕਰਦੀ ਹੈ।

ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਯੂਨੈਸਕੋ ਵਿਸ਼ਵ ਵਿਰਾਸਤ ਦਾ ਦਰਜਾ ਮਿਲਣ 'ਤੇ ਜੈਪੁਰ ਦੇ ਲੋਕਾਂ ਨੂੰ ਵਧਾਈ ਦਿੱਤੀ ਹੈ। ਆਪਣੇ ਟਵੀਟ 'ਚ ਸ੍ਰੀ ਗਹਿਲੋਤ ਨੇ ਕਿਹਾ ਕਿ ਗੁਲਾਬੀ ਨਗਰੀ ਲਈ ਇਹ ਵੱਡੇ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸੈਰ ਸਪਾਟੇ ਨੂੰ ਹੋਰ ਹੱਲਾਸ਼ੇਰੀ ਮਿਲੇਗੀ ਅਤੇ ਸੂਬੇ ਦੀ ਆਰਥਿਕਤਾ 'ਚ ਸੁਧਾਰ ਹੋਵੇਗਾ।

ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਯਾਦਗਾਰਾਂ ਅਤੇ ਸਥਾਨਾਂ ਬਾਰੇ ਕੌਮਾਂਤਰੀ ਪ੍ਰੀਸ਼ਦ ਨੇ 2018 'ਚ ਸ਼ਹਿਰ ਦਾ ਨਿਰੀਖਣ ਕੀਤਾ ਸੀ ਜਿਸ ਮਗਰੋਂ ਹੁਣ ਜੈਪੁਰ ਨੂੰ ਵਿਸ਼ਵ ਵਿਰਾਸਤ ਦੇ ਸ਼ਹਿਰਾਂ ਦੀ ਸੂਚੀ 'ਚ ਸ਼ਾਮਲ ਕੀਤਾ ਗਿਆ ਹੈ।

## ਅਪੀਲ ਕੋਰਟ: ਸਰਹੱਦ 'ਤੇ ਕੰਧ ਲਈ ਪੈਂਟਾਗਨ ਦਾ ਪੈਸਾ ਨਹੀਂ ਵਰਤ ਸਕਦੇ ਟਰੰਪ

**ਸੈਨ ਡੀਆਗੋ:** ਮੈਕਸਿਕੋ ਨਾਲ ਲਗਦੀ ਸਰਹੱਦ 'ਤੇ ਕੰਧ ਬਣਾਉਣ ਲਈ ਪੈਂਟਾਗਨ ਦਾ ਪੈਸਾ ਨਾ ਵਰਤੇ ਜਾਣ ਦੇ ਫੈਸਲੇ ਨੂੰ ਅਪੀਲਜ਼ ਕੋਰਟ ਨੇ ਬਹਾਲ ਰੱਖਿਆ ਹੈ। ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ 2020 ਦੀਆਂ ਚੋਣਾਂ ਤੋਂ ਪਹਿਲਾਂ ਵਾਅਦਾ ਪੂਰਾ ਕਰਨ ਦੇ ਮਨਸੂਬਿਆਂ ਨੂੰ ਇਸ ਨਾਲ ਝਟਕਾ ਲੱਗ ਸਕਦਾ ਹੈ।

ਸੈਨ ਫਰਾਂਸਿਸਕੋ 'ਚ 9ਵੇਂ ਯੂ.ਐਸ. ਸਰਕਿਟ ਕੋਰਟ ਆਫ ਅਪੀਲਜ਼ ਦੇ ਤਿੰਨ ਜੱਜਾਂ 'ਤੇ ਆਧਾਰਿਤ ਬੈਂਚ ਨੇ ਹੇਠਲੀ ਅਦਾਲਤ ਦੇ ਫੈਸਲੇ ਨਾਲ ਸਹਿਮਤੀ ਜਤਾਈ ਅਤੇ ਐਰੀਜ਼ੋਨਾ, ਕੈਲੀਫੋਰਨੀਆ ਅਤੇ ਨਿਊ ਮੈਕਸਿਕੋ 'ਚ ਕੰਧ ਲਈ ਰੱਖਿਆ ਵਿਭਾਗ ਦਾ ਪੈਸਾ ਸਰਕਾਰ ਵੱਲੋਂ ਵਰਤੇ ਜਾਣ 'ਤੇ ਰੋਕ ਲਾ ਦਿੱਤੀ। ਕੇਸ ਦੀ ਸੁਣਵਾਈ ਜਾਰੀ ਰਹਿਣ ਤਕ ਪ੍ਰਸ਼ਾਸਨ ਕੰਧ ਨਹੀਂ ਉਸਾਰ ਸਕੇਗਾ। ਇਸ ਫੈਸਲੇ ਨਾਲ ਟਰੰਪ ਦੀ ਯੋਜਨਾ ਨੂੰ ਝਟਕਾ ਲੱਗਾ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਵੱਲੋਂ ਘੱਟ ਰਾਸ਼ੀ ਦਿੱਤੇ ਜਾਣ 'ਤੇ 35 ਦਿਨਾਂ ਤਕ ਅਮਰੀਕਾ 'ਚ ਤਾਲਾਬੰਦੀ ਹੋਈ ਸੀ।

ਮੈਡੀਸਨ, ਵਿਸਕਾਨਸਿਨ ਵਿਚ

**ਵੇਟਰ, ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਰਿਹਾਇਸ਼ ਮੁਫਤ*

ਸੰਪਰਕ ਕਰੋ, ਦਵਿੰਦਰ ਸਿੰਘ

**ਫੋਨ: 262-391-7666**

25-28

*ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

**Michigan Truck Driving School**

**6405 Middlebelt Road, Romulus, MI 48174**

ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

**Raj Jamarai Cell:734-644-1010 Office:734-747-4298**

# ਪ੍ਰਕਾਸ਼ ਪੁਰਬ ਸਮਾਗਮਾਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਸੁਖਬੀਰ ਨੂੰ ਅੱਗੇ ਲਾਉਣ ਤੋਂ ਕੈਪਟਨ ਸਰਕਾਰ ਔਖੀ

**ਚੰਡੀਗੜ੍ਹ:** ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖ ਕੇ ਗੁਰੂ ਨਾਨਕ ਦੇਵ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ 'ਤੇ



ਇਤਰਾਜ਼ ਜਤਾਏ ਹਨ।


ਪੱਤਰ ਵਿਚ ਰੰਧਾਵਾ ਨੇ ਕਿਹਾ ਹੈ ਕਿ ਪ੍ਰਕਾਸ਼ ਪੁਰਬ ਸਾਰੀਆਂ ਧਿਰਾਂ ਵੱਲੋਂ ਸਾਂਝੇ ਤੌਰ 'ਤੇ ਮਨਾਉਣ ਦੀ ਪਹਿਲਕਦਮੀ ਤਹਿਤ ਉਹ ਦੋ ਹੋਰ ਮੰਤਰੀਆਂ ਸਣੇ ਪਿਛਲੇ ਦਿਨੀਂ ਜਥੇਦਾਰ ਤੇ ਐਸ.ਜੀ.ਪੀ.ਸੀ. ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਮਿਲੇ ਸਨ। ਅਕਾਲ ਤਖਤ ਸਾਹਿਬ ਦਫਤਰ ਵਿਚ ਮੁਲਾਕਾਤ ਸਦਭਾਵਨਾ ਵਾਲੇ ਮਾਹੌਲ ਵਿਚ ਹੋਈ। ਮੀਟਿੰਗ ਵਿਚ ਸਹਿਮਤੀ ਬਣੀ ਸੀ ਕਿ ਗੁਰਦੁਆਰਾ ਸਾਹਿਬ ਦੇ ਅੰਦਰਲੇ ਸਾਰੇ ਸਮਾਗਮ ਸ਼੍ਰੋਮਣੀ ਕਮੇਟੀ ਕਰੇਗੀ ਅਤੇ ਬਾਹਰਲੇ ਪ੍ਰਬੰਧ ਪੰਜਾਬ ਸਰਕਾਰ ਕਰੇਗੀ। ਇਹ ਵੀ ਤੈਅ ਹੋ ਗਿਆ ਸੀ ਕਿ ਮੁੱਖ ਸਮਾਗਮ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ, ਸਮਾਪਤੀ ਮੌਕੇ ਅਰਦਾਸ ਕਰਨ, ਹੁਕਮਨਾਮਾ ਲੈਣ ਅਤੇ ਕੜਾਹ-ਪ੍ਰਸ਼ਾਦ ਵਰਤਾਉਣ ਦੀ ਸੇਵਾ ਵੀ ਸ਼੍ਰੋਮਣੀ ਕਮੇਟੀ ਕਰੇਗੀ। ਉਨ੍ਹਾਂ ਨਾਲ ਹੀ ਕਿਹਾ ਕਿ ਮੁੱਖ ਸਮਾਗਮ ਦੀ ਰੂਪ-ਰੇਖਾ ਉਲੀਕਣ ਅਤੇ ਇਸ ਮੌਕੇ ਦੁਨੀਆਂ ਭਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸੱਦਾ ਦੇਣ ਵਰਗੇ ਹੋਰ ਮਹੱਤਵਪੂਰਨ ਮਾਮਲਿਆਂ ਸਬੰਧੀ ਵਿਚਾਰ-ਵਟਾਂਦਰਾ ਕਰਨ ਲਈ ਵੀ ਮੁੱਖ ਮੰਤਰੀ ਛੇਤੀ ਹੀ ਅਕਾਲ ਤਖਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨਾਲ ਮੀਟਿੰਗ ਕਰਨਗੇ।

ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਦੀ ਪਹਿਲਕਦਮੀ ਸਦਕਾ ਹੋਈ ਇਸ ਮੀਟਿੰਗ ਦਾ ਪੂਰੇ ਸਿੱਖ ਜਗਤ ਵਿਚ ਚੰਗਾ ਪ੍ਰਭਾਵ ਗਿਆ ਸੀ ਕਿਉਂਕਿ ਹਰ ਗੁਰੂ ਨਾਨਕ ਨਾਮ ਲੇਵਾ ਪ੍ਰਾਣੀ ਇਹ ਚਾਹੁੰਦਾ ਹੈ ਕਿ ਪ੍ਰਕਾਸ਼ ਪੁਰਬ ਮਿਲ ਕੇ ਮਨਾਇਆ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਇਸ ਦੇ ਉਲਟ ਗੋਬਿੰਦ ਸਿੰਘ ਲੌਂਗੋਵਾਲ ਸ਼੍ਰੋਮਣੀ ਅਕਾਲੀ ਦਲ ਦਾ ਪੱਖ ਪੂਰ ਰਹੇ ਹਨ। ਲੌਂਗੋਵਾਲ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਵਫਦ ਦਾ ਹਿੱਸਾ ਬਣ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪ੍ਰਕਾਸ਼ ਪੁਰਬ ਵਿਚ ਸ਼ਾਮਲ ਹੋਣ ਦਾ ਸੱਦਾ ਪੱਤਰ ਦੇਣ ਗਏ ਹਨ। ਉਨ੍ਹਾਂ ਕਿਹਾ ਕਿ ਭਾਈ ਲੌਂਗੋਵਾਲ ਦੀ ਇਸ ਕਾਰਵਾਈ ਨਾਲ ਸ਼੍ਰੋਮਣੀ ਕਮੇਟੀ ਦੇ ਵੱਕਾਰ ਨੂੰ ਠੇਸ ਪਹੁੰਚੀ ਹੈ ਤੇ ਇਤਿਹਾਸਕ ਦਿਹਾੜਾ ਰਲ-ਮਿਲ ਕੇ ਮਨਾਉਣ ਲਈ ਕੀਤੇ ਯਤਨਾਂ ਨੂੰ ਵੀ ਢਾਹ ਲੱਗੀ ਹੈ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਪੁਰਬ ਪੰਜਾਬ ਵਿਚ ਮਨਾਉਣ ਲਈ ਦੋ ਹੀ ਪ੍ਰਮੁੱਖ ਧਿਰਾਂ ਹਨ। ਇਕ ਲੋਕਾਂ ਦੁਆਰਾ ਚੁਣੀ ਹੋਈ ਪੰਜਾਬ ਸਰਕਾਰ ਤੇ ਦੂਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਚੁੱਕੇ ਗਏ ਇਸ ਕਦਮ ਨਾਲ ਦੋਵਾਂ ਧਿਰਾਂ ਦਾ ਆਪਸੀ ਵਿਸ਼ਵਾਸ ਤਿੜਕਿਆ ਹੈ।

# ਐਨੀਮੇਟਿਡ ਫਿਲਮ ਨੂੰ ਵਿਚਾਰੇਗੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ

**ਅੰਮ੍ਰਿਤਸਰ:** ਐਨੀਮੇਟਿਡ ਫਿਲਮ 'ਦਾਸਤਾਨ-ਏ-ਮੀਰੀ ਪੀਰੀ' ਦਾ ਮਾਮਲਾ ਮੁੜ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਕੋਲ ਪੁੱਜ ਗਿਆ ਹੈ ਅਤੇ ਹੁਣ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਮਗਰੋਂ ਹੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਫਿਲਮ ਰਿਲੀਜ਼ ਕਰਨ ਲਈ ਹਰੀ ਝੰਡੀ ਦਿੱਤੀ ਜਾਵੇਗੀ।

ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸ਼ੁਰੂ ਕੀਤੇ ਮੀਰੀ ਪੀਰੀ ਦੇ ਸਿਧਾਂਤ ਨੂੰ ਦਰਸਾਉਂਦੀ ਇਸ ਵਿਚੋਂ ਇਤਰਾਜ਼ਯੋਗ ਦ੍ਰਿਸ਼ ਠੀਕ ਕਰਾਏ ਹਨ। ਲਗਭਗ ਦਰਜਨ ਇਤਰਾਜ਼ ਠੀਕ ਕਰਨ ਮਗਰੋਂ ਸਬ ਕਮੇਟੀ ਵੱਲੋਂ ਇਸ ਫਿਲਮ ਸਬੰਧੀ ਆਪਣੀ ਰਿਪੋਰਟ ਅਕਾਲ ਤਖਤ ਦੇ ਜਥੇਦਾਰ ਕੋਲ ਭੇਜੀ ਗਈ ਸੀ ਪਰ ਜਥੇਦਾਰ ਨੇ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੂੰ ਪੱਤਰ ਭੇਜ ਕੇ ਆਖਿਆ ਕਿ ਇਸ ਫਿਲਮ ਦੀ ਪ੍ਰਵਾਨਗੀ ਅੰਤ੍ਰਿੰਗ ਕਮੇਟੀ ਵਿਚ ਵਿਚਾਰਨ ਮਗਰੋਂ ਦਿੱਤੀ ਜਾਵੇ ਅਤੇ ਫਿਲਮਾਂ ਸਬੰਧੀ ਪੱਕੇ ਨਿਯਮ ਵੀ ਬਣਾਏ ਜਾਣ।




ਫਿਲਮ ਨੂੰ ਪ੍ਰਬੰਧਕਾਂ ਵੱਲੋਂ ਪੰਜ ਜੂਨ ਨੂੰ ਰਿਲੀਜ਼ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ ਸੀ ਪਰ ਇਹ ਫਿਲਮ ਉਸ ਵੇਲੇ ਵਿਵਾਦਾਂ ਵਿਚ ਘਿਰ ਗਈ ਸੀ ਜਦੋਂ ਇਸ ਦਾ ਪ੍ਰੋਮੋ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ। ਫਿਲਮ ਵਿਚ ਗੁਰੂ ਸਾਹਿਬ ਨੂੰ ਐਨੀਮੇਟਿਡ ਰੂਪ ਵਿਚ ਦਿਖਾਇਆ ਗਿਆ ਸੀ ਜਿਸ ਦਾ ਵਿਰੋਧ ਹੋਇਆ ਅਤੇ ਇਸ ਸਬੰਧੀ ਸ਼ਿਕਾਇਤਾਂ ਅਕਾਲ ਤਖਤ ਪੁੱਜੀਆਂ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਫਿਲਮ ਦੇ ਮਾਮਲੇ ਵਿਚ ਰਿਪੋਰਟ ਦੇਣ ਲਈ ਨਿਰਦੇਸ਼ ਦਿੱਤੇ ਸਨ। ਸ਼੍ਰੋਮਣੀ ਕਮੇਟੀ ਦੀ ਫਿਲਮਾਂ ਸਬੰਧੀ ਸਬ ਕਮੇਟੀ ਦੇ ਮੈਂਬਰਾਂ ਨੇ ਫਿਲਮ

ਸਬ ਕਮੇਟੀ ਦੇ ਮੁਖੀ ਐਡਵੋਕੇਟ ਬੀ.ਐਸ. ਸਿਆਲਕਾ ਤੇ ਹੋਰ ਮੈਂਬਰਾਂ ਨੇ ਦੱਸਿਆ ਕਿ ਜਾਂਚ ਕਮੇਟੀ ਵੱਲੋਂ ਲਾਏ ਗਏ ਇਤਰਾਜ਼ ਪ੍ਰਬੰਧਕਾਂ ਨੇ ਫਿਲਮ ਵਿਚੋਂ ਹਟਾ ਦਿੱਤੇ ਹਨ। ਕਮੇਟੀ ਨੇ ਆਪਣੀ ਰਿਪੋਰਟ ਅਕਾਲ ਤਖਤ ਦੇ ਜਥੇਦਾਰ ਕੋਲ ਭੇਜ ਦਿੱਤੀ ਸੀ ਪਰ ਜਥੇਦਾਰ ਨੇ ਇਸ ਫਿਲਮ ਨੂੰ ਹਰੀ ਝੰਡੀ ਦੇਣ ਲਈ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਮੰਗੀ ਹੈ। ਦੱਸਣਯੋਗ ਹੈ ਕਿ 1934, 1940 ਅਤੇ ਇਸ ਤੋਂ ਬਾਅਦ ਵੀ ਹੋਏ ਫੈਸਲਿਆਂ ਤਹਿਤ ਇਹ ਫੈਸਲਾ ਕੀਤਾ ਗਿਆ ਸੀ ਕਿ ਫਿਲਮਾਂ, ਨਾਟਕਾਂ ਆਦਿ ਵਿਚ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਪਰਿਵਾਰਕ ਜੀਅ ਨਹੀਂ ਦਿਖਾਏ ਜਾਣਗੇ।

# ਪਾਕਿਸਤਾਨ 'ਚ ਪ੍ਰਕਾਸ਼ ਪੁਰਬ ਮਨਾਉਣ ਲਈ ਵੱਡੇ ਪੱਧਰ 'ਤੇ ਤਿਆਰੀਆਂ

**ਇਸਲਾਮਾਬਾਦ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮ ਨੂੰ ਮਨਾਉਣ ਲਈ ਪਾਕਿਸਤਾਨ ਵਿਚ ਵੱਡੇ ਪੱਧਰ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਪ੍ਰਕਾਸ਼ ਪੁਰਬ ਸਮਾਗਮਾਂ ਦੌਰਾਨ ਲਗਭਗ ਇਕ ਲੱਖ ਸ਼ਰਧਾਲੂਆਂ ਦੀ ਆਮਦ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕੀਤਾ ਹੈ, ਜੋ ਪਾਕਿਸਤਾਨ ਤੋਂ ਪਰਤੇ ਹਨ।

ਮੁੱਖ ਸਕੱਤਰ ਡਾ. ਰੂਪ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦਾ ਇਕ ਪੱਤਰ ਲੈ ਕੇ ਪਾਕਿਸਤਾਨ ਗਏ ਸਨ, ਜਿਸ ਰਾਹੀਂ ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭਰੋਸਾ ਦਿੱਤਾ ਹੈ ਕਿ ਪ੍ਰਕਾਸ਼ ਪੁਰਬ ਸਮਾਗਮਾਂ ਲਈ ਲੋੜੀਂਦੇ ਪ੍ਰਬੰਧਾਂ ਵਾਸਤੇ ਉਹ ਹਰ ਸੰਭਵ ਸਹਿਯੋਗ ਦੇਣਗੇ। ਮੁੱਖ ਸਕੱਤਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਨਨਕਾਣਾ ਸਾਹਿਬ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਲਈ ਪੀ.ਜੀ.ਪੀ.ਸੀ., ਔਕਾਫ ਬੋਰਡ ਅਤੇ ਲਹਿੰਦੇ ਪੰਜਾਬ ਦੇ ਗਵਰਨਰ ਨੇ ਹਾਂ ਪੱਖੀ ਹੁੰਗਾਰਾ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦਾ ਇਹ ਨਗਰ ਕੀਰਤਨ ਸ੍ਰੀ ਨਨਕਾਣਾ ਸਾਹਿਬ ਤੋਂ 25 ਜੁਲਾਈ ਨੂੰ ਆਰੰਭ ਹੋ ਕੇ ਅਟਾਰੀ ਵਾਹਗਾ ਸਰਹੱਦ ਰਸਤੇ ਭਾਰਤ ਵਿਚ ਦਾਖਲ ਹੋਵੇਗਾ ਅਤੇ ਇਥੋਂ ਵੱਖ-ਵੱਖ ਸੂਬਿਆਂ ਦੇ ਵੱਖ-ਵੱਖ ਸ਼ਹਿਰਾਂ 'ਚੋਂ ਹੁੰਦਾ ਹੋਇਆ ਸੁਲਤਾਨਪੁਰ ਲੋਧੀ ਪੁੱਜ ਕੇ ਸਮਾਪਤ ਹੋਵੇਗਾ। ਉਨ੍ਹਾਂ ਦੱਸਿਆ ਕਿ ਪੀ.ਜੀ.ਪੀ.ਸੀ. ਤੇ ਔਕਾਫ ਬੋਰਡ ਨੇ ਇਸ ਸਬੰਧੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।

ਸ਼੍ਰੋਮਣੀ ਕਮੇਟੀ ਵੱਲੋਂ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤਿੰਨ ਕੌਮਾਂਤਰੀ ਸੈਮੀਨਾਰ ਵੀ ਪਾਕਿਸਤਾਨ ਵਿਚ ਕਰਾਉਣ ਦੀ ਯੋਜਨਾ ਹੈ, ਜਿਨ੍ਹਾਂ ਵਿਚੋਂ ਇਕ ਕੌਮਾਂਤਰੀ ਸੈਮੀਨਾਰ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਦੂਜਾ ਪੰਜਾਬ ਯੂਨੀਵਰਸਿਟੀ ਲਾਹੌਰ ਅਤੇ ਤੀਜਾ ਗੌਰਮਿੰਟ ਕਾਲਜ ਯੂਨੀਵਰਸਿਟੀ ਲਾਹੌਰ (ਜੀ.ਸੀ. ਯੂਨੀਵਰਸਿਟੀ) ਵਿਖੇ ਹੋਵੇਗਾ। ਉਨ੍ਹਾਂ ਇਸ ਸਬੰਧੀ ਵਿਦਵਾਨਾਂ ਨਾਲ ਵੀ ਗੱਲਬਾਤ ਕੀਤੀ ਹੈ। ਇਸ ਤੋਂ ਇਲਾਵਾ ਪੀ.ਜੀ.ਪੀ.ਸੀ. ਵੱਲੋਂ ਪਾਕਿਸਤਾਨ ਸਰਕਾਰ ਦੇ ਸਹਿਯੋਗ ਨਾਲ ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਵੱਡੇ ਪੱਧਰ 'ਤੇ ਪ੍ਰਬੰਧ ਕੀਤੇ ਜਾ ਰਹੇ ਹਨ। ਲਗਭਗ ਇਕ ਲੱਖ ਸ਼ਰਧਾਲੂਆਂ ਦੀ ਆਮਦ ਨੂੰ ਧਿਆਨ ਵਿਚ ਰੱਖਦਿਆਂ ਸ਼ਰਧਾਲੂਆਂ ਵਾਸਤੇ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਹੋਵੇਗਾ। ਰਿਹਾਇਸ਼ ਵਾਸਤੇ ਸਰਾਵਾਂ, ਸਕੂਲਾਂ-ਕਾਲਜਾਂ ਦੀਆਂ ਇਮਾਰਤਾਂ ਅਤੇ ਟੈਂਟ ਸਿਟੀ ਦਾ ਵੀ ਪ੍ਰਬੰਧ ਕੀਤਾ ਜਾਵੇਗਾ। ਲਾਹੌਰ ਤੋਂ ਨਨਕਾਣਾ ਸਾਹਿਬ ਜਾਂਦੇ ਰਸਤੇ ਨੂੰ ਮੁਲਤਾਨ ਹਾਈਵੇਅ ਨਾਲ ਜੋੜ ਦਿੱਤਾ ਹੈ ਅਤੇ ਹੁਣ ਇਸ ਦੀ ਦੂਰੀ ਲਾਹੌਰ ਤੋਂ ਸਿਰਫ 45 ਮਿੰਟ ਦੀ ਰਹਿ ਗਈ ਹੈ। ਰਸਤੇ ਵਿਚ ਗੇਟ ਬਣਾਏ ਗਏ ਹਨ, ਜਿਨ੍ਹਾਂ ਉਤੇ ਗੁਰਮੁਖੀ ਵਿਚ 'ਜੀ ਆਇਆਂ' ਲਿਖਿਆ ਹੋਇਆ ਹੈ। ਇਸੇ ਤਰ੍ਹਾਂ ਮਾਰਗਾਂ 'ਤੇ ਪੰਜਾਬੀ ਵਿਚ ਸਾਈਨ ਬੋਰਡ ਲਾਏ ਗਏ ਹਨ। ਲਾਹੌਰ ਦੇ ਸ਼ਾਹੀ ਕਿਲੇ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ ਸਥਾਪਤੀ ਨੂੰ ਵੀ ਸ਼੍ਰੋਮਣੀ ਕਮੇਟੀ ਨੇ ਇਕ ਵੱਡੀ ਪ੍ਰਾਪਤੀ ਦੱਸਿਆ ਹੈ।

ਮੁੱਖ ਸਕੱਤਰ ਨੇ ਦੱਸਿਆ ਕਿ ਗੁਰਦੁਆਰਾ ਕਰਤਾਰਪੁਰ ਲਾਂਘਾ ਦੀ ਤਿਆਰੀ ਵੀ ਜ਼ੋਰਾਂ ਨਾਲ ਚੱਲ ਰਹੀ ਹੈ, ਜਿਸ ਨੂੰ ਨਵੰਬਰ ਮਹੀਨੇ ਵਿਚ ਖੋਲ੍ਹਣ ਦੀ ਤਿਆਰੀ ਹੈ। ਉਨ੍ਹਾਂ ਦੱਸਿਆ ਕਿ ਪੀ.ਜੀ.ਪੀ.ਸੀ. ਪ੍ਰਧਾਨ ਤਾਰਾ ਸਿੰਘ ਤੇ ਹੋਰ ਸਿੱਖ ਆਗੂਆਂ ਨੇ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸਹਿਯੋਗ ਲਈ ਸ਼੍ਰੋਮਣੀ ਕਮੇਟੀ ਦੀ ਪੇਸ਼ਕਸ਼ ਨੂੰ ਵੱਡਾ ਮਾਣ ਸਨਮਾਨ ਦਿੱਤਾ ਹੈ।

# ਜਲ੍ਹਿਆਂਵਾਲਾ ਬਾਗ ਦੀ ਇਤਿਹਾਸਕਤਾ ਬਰਕਰਾਰ ਰੱਖਣ ਲਈ ਅਲਟੀਮੇਟਮ

**ਜਲੰਧਰ:** ਜਲ੍ਹਿਆਂਵਾਲੇ ਬਾਗ ਦੇ ਸ਼ਤਾਬਦੀ ਵਰ੍ਹੇ ਦੌਰਾਨ ਹੀ ਉਸ ਦੀ ਇਤਿਹਾਸਕ ਤੇ ਇਨਕਲਾਬੀ ਵਿਰਾਸਤ ਦੇ ਮੁਹਾਂਦਰੇ ਨੂੰ ਬਦਲਣ ਦੀ ਕੀਤੀ ਜਾ ਰਹੀ ਕੋਝੀ ਚਾਲ ਦੀ ਚੁਫੇਰਿਓਂ ਨਿੰਦਾ ਹੋਣ ਲੱਗੀ ਹੈ। ਜਲ੍ਹਿਆਂਵਾਲੇ ਬਾਗ ਦੇ ਇਤਿਹਾਸਕ ਖੂਹ ਦੀ ਮੁਰੰਮਤ ਕਰਨ ਦੀ ਆੜ ਹੇਠ ਇਤਿਹਾਸਕ ਨਿਸ਼ਾਨੀ ਨਾਲ ਛੇੜਛਾੜ ਕਰਨ ਦਾ ਦੇਸ਼ ਭਗਤ ਯਾਦਗਾਰ ਕਮੇਟੀ ਨੇ ਗੰਭੀਰ ਨੋਟਿਸ ਲਿਆ ਹੈ। ਕਮੇਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਾਗ ਦੇ ਟਰੱਸਟੀਆਂ ਦੇ ਨਾਂ ਮੰਗ ਪੱਤਰ ਦਿੱਤਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਹੈ ਕਿ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਜਲ੍ਹਿਆਂਵਾਲਾ ਬਾਗ ਵਰਗੀ ਕੌਮੀ ਇਬਾਦਤਗਾਹ ਨੂੰ ਵੀ ਟਿਕਟ ਲਗਾ ਕੇ ਅਤੇ ਸੈਰ-ਸਪਾਟੇ 'ਚ ਬਦਲਣ ਦੇ ਮਨਸ਼ੇ ਪਾਲੇ ਜਾ ਰਹੇ ਹਨ, ਜਿਨ੍ਹਾਂ ਦਾ ਤਿੱਖਾ ਵਿਰੋਧ ਕੀਤਾ ਜਾਏਗਾ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਮੈਂਬਰਾਂ ਨੇ ਜਲ੍ਹਿਆਂਵਾਲਾ ਬਾਗ 'ਚ ਚੱਲ ਰਹੇ ਕੰਮ ਦਾ ਮੌਕੇ 'ਤੇ ਜਾ ਕੇ ਜਾਇਜ਼ਾ ਲੈ ਕੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਸ਼ਹੀਦੀ ਖੂਹ, ਗੋਲੀਆਂ ਦੇ ਨਿਸ਼ਾਨ ਅਤੇ ਯਾਦਗਾਰੀ ਦੀਵਾਰਾਂ ਦਾ ਸਾਂਭ-ਸੰਭਾਲ ਦੇ ਪਰਦੇ ਹੇਠ ਇਤਿਹਾਸਕਤਾ ਨੂੰ ਤਹਿਸ ਨਹਿਸ ਕੀਤਾ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਜਲ੍ਹਿਆਂਵਾਲਾ ਬਾਗਨਾਲ ਜੁੜੀਆਂ ਇਨਕਲਾਬੀ ਲਹਿਰਾਂ ਅਤੇ ਨਾਇਕਾਂ/ਨਾਇਕਾਵਾਂ ਦਾ ਇਤਿਹਾਸਕ ਵੇਰਵਾ ਅਜਾਇਬ ਘਰ 'ਚ ਸੰਭਾਲਿਆ ਜਾਵੇ।

# ਕਰਤਾਰਪੁਰ ਲਾਂਘੇ ਦਾ 8 ਨਵੰਬਰ ਨੂੰ ਉਦਘਾਟਨ ਕਰਨਗੇ ਇਮਰਾਨ ਖਾਨ

**ਲਾਹੌਰ:** ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ (ਸ੍ਰੀ ਕਰਤਾਰਪੁਰ ਸਾਹਿਬ) ਤੇ ਡੇਰਾ ਬਾਬਾ ਨਾਨਕ ਨੂੰ ਜੋੜਨ ਲਈ ਉਸਾਰੇ ਜਾ ਰਹੇ ਕਰਤਾਰਪੁਰ ਕੋਰੀਡੋਰ ਦਾ ਉਦਘਾਟਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ 8 ਨਵੰਬਰ ਨੂੰ ਕਰਨਗੇ ਤੇ 9 ਨਵੰਬਰ ਨੂੰ ਭਾਰਤ ਵੱਲੋਂ ਲਾਂਘੇ ਰਾਹੀਂ ਪਹਿਲਾ ਜਥਾ ਪਾਕਿਸਤਾਨ ਪੁੱਜੇਗਾ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਾਰਾ ਸਿੰਘ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ ਮੁੱਖ ਸਮਾਗਮ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ 10 ਤੋਂ 12 ਨਵੰਬਰ ਤੱਕ ਰੱਖਿਆ ਜਾਵੇਗਾ, ਜਿਸ 'ਚ ਭਾਰਤ ਸਮੇਤ ਹੋਰਨਾਂ ਮੁਲਕਾਂ ਤੋਂ ਲਗਭਗ ਇਕ ਲੱਖ ਨਾਨਕ ਨਾਮਲੇਵਾ ਸ਼ਰਧਾਲੂ ਸ਼ਾਮਲ ਹੋਣਗੇ। ਇਸ ਦੇ ਬਾਅਦ ਇਕ ਦਿਨ ਲਈ ਯਾਤਰੂਆਂ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਵੀ ਠਹਿਰਾਇਆ ਜਾਵੇਗਾ। ਸ. ਤਾਰਾ ਸਿੰਘ ਅਨੁਸਾਰ ਭਾਰਤ ਤੋਂ ਲਾਂਘੇ ਦੀ ਮਾਰਫਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਭਾਰਤੀ ਯਾਤਰੀਆਂ ਨੂੰ ਬਗੈਰ ਵੀਜ਼ੇ ਦੇ ਦਰਸ਼ਨਾਂ ਦੀ ਸਹੂਲਤ ਮੁਹੱਈਆ ਕਰਵਾਈ ਗਈ ਹੈ ਅਤੇ ਪੀ.ਐਸ.ਜੀ.ਪੀ.ਸੀ. ਵੱਲੋਂ ਇਹ ਵੀ ਉਪਰਾਲੇ ਕੀਤੇ ਜਾ ਰਹੇ ਹਨ ਕਿ ਲਾਂਘਾ ਖੁੱਲ੍ਹਣ ਉਪਰੰਤ ਇਸ ਲਾਂਘੇ ਦੇ ਨਾਲ ਹੀ ਸ੍ਰੀ ਨਨਕਾਣਾ ਸਾਹਿਬ ਨੂੰ ਵੀ ਜੋੜਿਆ ਜਾਵੇ, ਤਾਂ ਕਿ ਭਾਰਤ ਤੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀ ਸੰਗਤ ਅਗਲੇ ਦਿਨ ਬਿਨਾਂ ਵੀਜ਼ਾ ਦੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਵੀ ਦਰਸ਼ਨ ਕਰ ਸਕੇ।

ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘੇ ਦਾ ਕੰਮ 80 ਫੀਸਦ ਤੱਕ ਮੁਕੰਮਲ ਕਰ ਲਿਆ ਗਿਆ ਹੈ। ਪ੍ਰਾਜੈਕਟ ਦੇ ਪਾਕਿਸਤਾਨ ਵੱਲੋਂ ਸੀਨੀਅਰ ਇੰਜੀਨੀਅਰ ਨੇ ਇਹ ਜਾਣਕਾਰੀ ਦਿੱਤੀ। ਪ੍ਰਾਜੈਕਟ ਦੇ ਇੰਜੀਨੀਅਰ ਨੇ ਉਮੀਦ ਜ਼ਾਹਿਰ ਕੀਤੀ ਕਿ ਲਾਂਘੇ ਦਾ ਕੰਮ ਤੈਅ ਸਮਾਂ ਸੀਮਾ ਅੰਦਰ ਮੁਕੰਮਲ ਕਰ ਲਿਆ ਜਾਵੇਗਾ। ਭਾਰਤ ਤੇ ਪਾਕਿਸਤਾਨ ਦੇ ਅਧਿਕਾਰੀਆਂ ਦੀ ਮੀਟਿੰਗ 14 ਜੁਲਾਈ ਨੂੰ ਵਾਹਗਾ ਸਰਹੱਦ 'ਤੇ ਹੋਵੇਗੀ। ਪ੍ਰਾਪਤ ਰਿਪੋਰਟਾਂ ਅਨੁਸਾਰ ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘੇ ਦਾ ਕੰਮ 80 ਫੀਸਦ ਤੱਕ ਨਿਬੇੜ ਲਿਆ ਗਿਆ ਹੈ, ਜਿਸ 'ਚ ਗੁਰਦੁਆਰੇ ਤੋਂ ਲੈ ਕੇ ਮੁੱਖ ਸੜਕ, ਪੁਲ ਅਤੇ ਇਮਾਰਤਾਂ ਦਾ ਨਿਰਮਾਣ ਸ਼ਾਮਲ ਹੈ। ਇੰਜੀਨੀਅਰ ਕਾਸ਼ਿਫ ਅਲੀ ਨੇ ਕਿਹਾ ਕਿ ਸਿਰਫ ਟਾਈਲਾਂ ਲਗਾਉਣ ਦਾ ਕੰਮ ਬਾਕੀ ਹੈ ਅਤੇ ਇਸ ਸਬੰਧੀ ਨਿਰਦੇਸ਼ ਜਾਰੀ ਹੋ ਚੁੱਕੇ ਹਨ। ਇਹ ਕੰਮ 2-3 ਹਫਤਿਆਂ ਅੰਦਰ ਸ਼ੁਰੂ ਹੋਵੇਗਾ। ਉਨ੍ਹਾਂ ਕਿਹਾ ਕਿ ਲੰਗਰ ਖਾਨਾ, ਦਰਸ਼ਨ ਖਾਨਾ, ਪ੍ਰਸ਼ਾਸਨਿਕ ਬਲਾਕ ਅਤੇ ਪਖਾਨਿਆਂ ਦੀ ਉਸਾਰੀ 70-80 ਫੀਸਦ ਤੱਕ ਹੋ ਚੁੱਕੀ ਹੈ ਤੇ ਹੁਣ ਬਿਜਲੀ ਦੀਆਂ ਤਾਰਾਂ ਪਾਉਣ, ਗੈਸ ਕੁਨੈਕਸ਼ਨ ਤੇ ਪਾਣੀ ਦੀਆਂ ਪਾਈਪਾਂ ਪਾਉਣ ਦਾ ਕੰਮ ਚੱਲ ਰਿਹਾ ਹੈ।

## ਸਵਾਗਤੀ ਗੇਟਾਂ ਦੀ ਉਸਾਰੀ ਸ਼ੁਰੂ

**ਬਟਾਲਾ:** ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਗੋਇੰਦਵਾਲ ਤੋਂ ਕਾਰਸੇਵਾ ਵਾਲੇ ਬਾਬਾ ਸੁਬੇਗ ਸਿੰਘ ਨੇ ਸਵਾਗਤੀ ਗੇਟਾਂ ਦੇ ਉਸਾਰੀ ਕਾਰਜਾਂ ਦੀ ਰਸਮੀ ਸ਼ੁਰੂਆਤ ਕਰਵਾਈ। ਨਵੇਂ ਬਣਨ ਵਾਲੇ ਗੇਟਾਂ ਤੇ ਡਿਉੜੀਆਂ ਦੇ ਨਾਂ ਮਾਤਾ ਸੁਲੱਖਣੀ ਜੀ, ਬਾਬਾ ਸ੍ਰੀ ਚੰਦ, ਬਾਬਾ ਬੁੱਢਾ ਜੀ ਅਤੇ ਬਾਬਾ ਸਿੱਧ ਸਿੰਹੁ ਰੰਧਾਵਾ ਸਣੇ ਹੋਰ ਸ਼ਖ਼ਸੀਅਤਾਂ ਦੇ ਨਾਂ 'ਤੇ ਹੋਣਗੇ। ਸ. ਰੰਧਾਵਾ ਨੇ ਦੱਸਿਆ ਕਿ ਇਥੇ (ਡੇਰਾ ਬਾਬਾ ਨਾਨਕ ਖੇਤਰ) 'ਚ ਦੋ ਗੇਟ ਤੇ ਦੋ ਡਿਉੜੀਆਂ ਬਣਨਗੀਆਂ।

## ਸਲਮਾਨ ਖਾਨ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਦੇ ਹੁਕਮ

**ਜੋਧਪੁਰ:** ਕਾਲੇ ਹਿਰਨ ਦੇ ਸ਼ਿਕਾਰ ਮਾਮਲੇ ਦੀ ਸੁਣਵਾਈ ਕਰ ਰਹੀ ਜ਼ਿਲ੍ਹਾ ਤੇ ਸੈਸ਼ਨ ਕੋਰਟ ਨੇ ਸੁਪਰਸਟਾਰ ਸਲਮਾਨ ਖਾਨ ਦੀ ਗੈਰਹਾਜ਼ਰੀ 'ਤੇ ਨਾਖੁਸ਼ੀ ਜ਼ਾਹਿਰ ਕਰਦਿਆਂ ਅਦਾਕਾਰ ਨੂੰ ਕੇਸ ਦੀ ਅਗਲੀ ਸੁਣਵਾਈ ਮੌਕੇ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਕਿਹਾ ਹੈ। ਕੋਰਟ ਨੇ ਚਿਤਾਵਨੀ ਦਿੱਤੀ ਕਿ ਜੇਕਰ ਅਦਾਕਾਰ ਖੁਦ ਪੇਸ਼ ਨਾ ਹੋਇਆ ਤਾਂ ਉਸ ਦੀ ਜ਼ਮਾਨਤ ਰੱਦ ਕਰ ਦਿੱਤੀ ਜਾਵੇਗੀ। ਕੇਸ ਦੀ ਅਗਲੀ ਸੁਣਵਾਈ 27 ਸਤੰਬਰ ਨੂੰ ਹੋਵੇਗੀ।

# ਸਰਕਾਰੀ ਖਜਾਨੇ ਉਤੇ ਭਾਰੀ ਪਿਆ ਵੀ.ਵੀ.ਆਈ.ਪੀ. ਕਲਚਰ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਬਾਅਦ ਪੰਜਾਬ ਵਿਚ ਵੀ.ਵੀ.ਆਈ.ਪੀ ਕਲਚਰ ਖਤਮ ਕਰ ਲਈ ਕੈਪਟਨ ਸਰਕਾਰ ਨੇ ਕਾਫੀ ਸਰਗਰਮੀ ਵਿਖਾਈ ਸੀ ਪਰ ਇਹ ਸਰਗਰਮੀਆਂ ਜ਼ਿਆਦਾ ਚਿਰ ਨਾ ਚੱਲੀਆਂ। ਪੰਜਾਬ ਪੁਲਿਸ ਵੱਲੋਂ ਸੂਬੇ ਵਿਚ ਮੁੱਖ ਮੰਤਰੀ, ਮੰਤਰੀਆਂ, ਸਾਰੇ ਵਿਧਾਇਕਾਂ, ਸਾਬਕਾ ਮੁੱਖ ਮੰਤਰੀ, ਧਾਰਮਿਕ ਆਗੂਆਂ, ਸੇਵਾਮੁਕਤ ਪੁਲਿਸ ਅਫਸਰਾਂ ਅਤੇ ਸ਼ਿਵ ਸੈਨਾ ਦੇ ਆਗੂਆਂ ਨੂੰ ਭਾਰੀ ਗਿਣਤੀ ਵਿਚ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਪੰਜਾਬ ਪੁਲਿਸ ਦੇ ਕਈ ਅਧਿਕਾਰੀਆਂ ਕੋਲ ਤਾਂ 30-30 ਦੇ ਕਰੀਬੀ ਸੁਰੱਖਿਆ ਕਰਮਚਾਰੀ ਤਾਇਨਾਤ ਹਨ। ਇਸ ਤਰ੍ਹਾਂ ਨਾਲ ਮਹਿਜ਼ ਸੁਰੱਖਿਆ ਲਈ ਹੀ ਤਾਇਨਾਤ ਪੁਲਿਸ ਮੁਲਾਜ਼ਮਾਂ ਦੀ ਗਿਣਤੀ 10 ਹਜ਼ਾਰ ਦੇ ਕਰੀਬ ਹੈ। ਇਹ ਸੁਰੱਖਿਆ ਜ਼ਿਲ੍ਹਾ ਪੱਧਰ 'ਤੇ ਐਸ.ਐਸ.ਪੀਜ਼ ਵੱਲੋਂ ਦਿੱਤੀ ਗਈ ਸੁਰੱਖਿਆ ਨਾਲੋਂ ਵੱਖਰੀ ਹੈ। ਪੁਲਿਸ ਅਧਿਕਾਰੀਆਂ ਨੇ ਅੰਦਾਜ਼ਾ ਲਾਇਆ ਹੈ ਕਿ ਇਕ ਪੁਲਿਸ ਮੁਲਾਜ਼ਮ ਦਾ ਸਰਕਾਰੀ ਖਜ਼ਾਨੇ 'ਤੇ ਵਿੱਤੀ ਭਾਰ ਸਾਲਾਨਾ 8 ਲੱਖ ਦੇ ਕਰੀਬ ਬਣਦਾ ਹੈ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਐਸ.ਐਸ.ਪੀਜ਼. ਵੱਲੋਂ ਅਣ-ਅਧਿਕਾਰਤ ਤੌਰ 'ਤੇ ਦਿੱਤੀ ਹੋਈ ਸੁਰੱਖਿਆ ਦਾ ਹੀ ਸਰਕਾਰ 'ਤੇ ਸਲਾਨਾ 80 ਕਰੋੜ ਰੁਪਏ ਦਾ ਬੋਝ ਪੈਂਦਾ ਹੈ। ਪੰਜਾਬ ਪੁਲਿਸ ਨੇ ਹਾਕਮ ਪਾਰਟੀ ਦੇ ਆਗੂਆਂ ਜਾਂ ਧਾਰਮਿਕ ਆਗੂਆਂ ਵੱਲੋਂ 'ਫੈਸ਼ਨ' ਵਜੋਂ ਰੱਖੀ ਸੁਰੱਖਿਆ ਛੱਤਰੀ ਨੂੰ ਘਟਾਉਣ ਲਈ ਸਮੀਖਿਆ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਮੁਤਾਬਕ ਵਧੀਕ ਡੀ.ਜੀ.ਪੀ. (ਸੁਰੱਖਿਆ) ਆਰ.ਐਨ. ਢੋਕੇ ਨੇ ਸਾਰੇ ਜ਼ਿਲ੍ਹਿਆਂ ਦੇ ਐਸ.ਐਸ.ਪੀਜ਼. ਤੋਂ ਅਜਿਹੇ ਵਿਅਕਤੀਆਂ ਦੀਆਂ ਸੂਚੀਆਂ ਮੰਗੀਆਂ ਹਨ ਜਿਨ੍ਹਾਂ ਨਾਲ ਅਣ-ਅਧਿਕਾਰਤ ਤੌਰ 'ਤੇ ਹੀ ਸਬੰਧਤ ਜ਼ਿਲ੍ਹਿਆਂ ਵਿਚ ਸੁਰੱਖਿਆ ਵਜੋਂ ਪੰਜਾਬ ਪੁਲਿਸ ਦੇ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ।

ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਇਸ ਗਤੀਵਿਧੀ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਸ ਵੇਲੇ ਇਕ ਹਜ਼ਾਰ ਦੇ ਕਰੀਬ ਪੁਲਿਸ ਮੁਲਾਜ਼ਮਾਂ ਦੀ ਤਾਇਨਾਤੀ ਜ਼ਿਲ੍ਹਾ ਪੁਲਿਸ ਮੁਖੀਆਂ ਜਾਂ ਫੀਲਡ ਵਿਚ ਤਾਇਨਾਤ ਹੋਰਨਾਂ ਅਫਸਰਾਂ ਵੱਲੋਂ ਆਪਣੇ ਪੱਧਰ 'ਤੇ ਹੀ ਹਾਕਮ ਪਾਰਟੀ ਜਾਂ ਅਕਾਲੀ ਦਲ ਦੇ ਆਗੂਆਂ ਨਾਲ ਕੀਤੀ ਹੋਈ ਹੈ। ਕਈ ਜ਼ਿਲ੍ਹਿਆਂ ਵਿਚ ਤਾਂ ਪ੍ਰਾਪਰਟੀ ਡੀਲਰ ਤੇ ਹੋਰ ਸ਼ੱਕੀ ਕਿਸਮ ਦੇ ਵਿਅਕਤੀਆਂ ਨੂੰ ਵੀ ਸੁਰੱਖਿਆ ਦਿੱਤੀ ਹੋਈ ਹੈ। ਸ੍ਰੀ ਢੋਕੇ ਨੇ ਸੂਚੀਆਂ ਦੇ ਨਾਲ-ਨਾਲ ਸੁਰੱਖਿਆ ਦੇਣ ਦਾ ਕਾਰਨ ਵੀ ਪੁੱਛਿਆ ਹੈ। ਪੁਲਿਸ ਅਧਿਕਾਰੀਆਂ ਦਾ ਇਹ ਵੀ ਦੱਸਣਾ ਹੈ ਕਿ ਹੁਣ ਤੱਕ ਢਾਈ ਸੌ ਦੇ ਕਰੀਬ ਪੁਲਿਸ ਮੁਲਾਜ਼ਮਾਂ ਨੂੰ ਵਾਪਸ ਪੁਲਿਸ ਦੀ ਡਿਊਟੀ



'ਤੇ ਬੁਲਾਇਆ ਜਾ ਚੁੱਕਾ ਹੈ। ਸੂਬਾਈ ਪੱਧਰ 'ਤੇ ਪੁਲਿਸ ਅਧਿਕਾਰੀਆਂ ਵੱਲੋਂ ਸਮੀਖਿਆ ਕਰਨ ਤੋਂ ਪਹਿਲਾਂ ਤੈਅ ਕੀਤਾ ਗਿਆ ਹੈ ਕਿ ਖੁਫੀਆ ਵਿੰਗ ਦੀ ਸਿਫਾਰਸ਼ ਜਾਂ ਰਿਪੋਰਟਾਂ ਦੇ ਆਧਾਰ 'ਤੇ ਸਿਰਫ ਅਜਿਹੇ ਵਿਅਕਤੀਆਂ ਨੂੰ ਹੀ ਸੁਰੱਖਿਆ ਦਿੱਤੀ ਜਾਵੇਗੀ ਜਿਨ੍ਹਾਂ ਨੂੰ ਵਾਕਿਆ ਹੀ ਖਤਰਾ ਹੋਵੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਅਹੁਦਾ ਸੰਭਾਲਣ ਤੋਂ ਬਾਅਦ ਸੁਰੱਖਿਆ ਘਟਾਉਣ ਦਾ ਐਲਾਨ ਕੀਤਾ ਸੀ ਪਰ ਇਸ ਤਰ੍ਹਾਂ ਦੀ ਦਲੇਰੀ ਕਿਸੇ ਹੋਰ ਨੇ ਨਹੀਂ ਦਿਖਾਈ।

ਪੁਲਿਸ ਵੱਲੋਂ ਖੁਫੀਆ ਰਿਪੋਰਟਾਂ ਦੇ ਆਧਾਰ 'ਤੇ ਹਾਲ ਹੀ ਵਿਚ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਜ਼ੈਡ ਪਲੱਸ, ਵਿਧਾਇਕ ਪਰਮਿੰਦਰ ਸਿੰਘ ਪਿੰਕੀ ਅਤੇ ਅਕਾਲੀ ਨੇਤਾ ਰਵੀਇੰਦਰ ਸਿੰਘ ਕਾਹਲੋਂ ਨੂੰ ਜ਼ੈਡ ਸ਼੍ਰੇਣੀ ਦੀ ਸੁਰੱਖਿਆ ਦਿੱਤੀ ਗਈ ਸੀ। ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਖਤਰੇ ਦੇ ਮੱਦੇਨਜ਼ਰ ਇਸ ਮੰਤਰੀ ਦੀ ਸੁਰੱਖਿਆ ਵਿਚ ਵੀ ਵਾਧਾ ਕੀਤਾ ਹੋਇਆ ਹੈ। ਜ਼ਿਲ੍ਹਾ ਪੱਧਰ 'ਤੇ ਐਸ.ਐਸ.ਪੀਜ਼. ਵੱਲੋਂ ਨਿਯਮਾਂ ਨੂੰ ਛਿੱਕੇ ਟੰਗ ਕੇ ਹੀ ਸੁਰੱਖਿਆ ਮੁਹੱਈਆ ਕਰਵਾ ਦਿੱਤੀ ਜਾਂਦੀ ਹੈ। ਇਕ ਪੱਖ ਇਹ ਵੀ ਹੈ ਕਿ ਪੰਜਾਬ ਜੋ ਕਿ ਵਿੱਤੀ ਪੱਖ ਤੋਂ ਕੰਗਾਲੀ ਦੀ ਰਾਹ 'ਤੇ ਹੈ, ਅਜਿਹੀਆਂ ਗਤੀਵਿਧੀਆਂ ਸਰਕਾਰੀ ਖਜ਼ਾਨੇ 'ਤੇ ਹੋਰ ਬੋਝ ਪਾ ਰਹੀਆਂ ਹਨ। ਸਰਕਾਰ ਵੱਲੋਂ ਸੁਰੱਖਿਆ ਹੀ ਨਹੀਂ ਦਿੱਤੀ ਜਾਂਦੀ ਸਗੋਂ ਸਰਕਾਰੀ ਗੱਡੀਆਂ ਅਤੇ ਸਰਕਾਰੀ ਖਜ਼ਾਨੇ ਵਿਚੋਂ ਤੇਲ ਦੇ ਪੈਸੇ ਵੀ ਦਿੱਤੇ ਜਾਂਦੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਰੋਪੜ ਪੁਲਿਸ ਨੇ ਇਕ ਅਜਿਹੇ ਸ਼ਖਸ ਨੂੰ ਗ੍ਰਿਫਤਾਰ ਕੀਤਾ ਸੀ ਜੋ ਪੰਜਾਬ ਪੁਲਿਸ ਵਿਚ ਨਕਲੀ ਡੀ.ਐਸ.ਪੀ. ਵਜੋਂ ਵਿਚਰਦਾ ਸੀ ਤੇ ਇਸ ਨੂੰ ਵੀ ਇਕ ਸਮੇਂ ਜਲੰਧਰ (ਦਿਹਾਤੀ) ਪੁਲਿਸ ਜ਼ਿਲ੍ਹੇ ਨਾਲ ਸਬੰਧਤ ਪੁਲੀਸ ਮੁਲਾਜ਼ਮ ਸੁਰੱਖਿਆ ਵਜੋਂ ਮਿਲੇ ਹੋਏ ਸਨ। ਖੰਨਾ ਪੁਲਿਸ ਜ਼ਿਲ੍ਹੇ ਵਿਚ ਇਕ ਮੁਖਬਰ ਦਾ ਹੀ ਐਨਾ ਜ਼ਿਆਦਾ ਬੋਲਬਾਲਾ ਹੋ ਗਿਆ ਕਿ ਸਾਰੀ ਪੁਲਿਸ ਨੂੰ ਵਖਤ ਪੈ ਗਿਆ ਸੀ। ਇਸ ਤਰ੍ਹਾਂ ਸ਼ੱਕੀ ਕਿਰਦਾਰ ਵਾਲੇ ਵਿਅਕਤੀਆਂ ਨੂੰ ਕਈ ਥਾਈਂ ਸੁਰੱਖਿਆ ਦਿੱਤੀ ਹੋਈ ਹੈ।

# ਕੈਪਟਨ ਸਰਕਾਰ ਵੱਲੋਂ ਬਜ਼ੁਰਗ ਖਿਡਾਰੀਆਂ ਦੀ ਪੈਨਸ਼ਨ ਬੰਦ

**ਚੰਡੀਗੜ੍ਹ:** ਕੌਮਾਂਤਰੀ ਖੇਡ ਮੁਕਾਬਲਿਆਂ ਵਿਚ ਮੈਡਲ ਜਿੱਤ ਕੇ ਦੇਸ਼ ਦਾ ਨਾਂ ਉੱਚਾ ਕਰਦੇ ਰਹੇ ਬਜ਼ੁਰਗ ਖਿਡਾਰੀਆਂ ਦੀ ਪੈਨਸ਼ਨ ਤਿੰਨ ਗੁਣਾਂ ਕਰਨ ਦੇ ਵਾਅਦੇ ਨੂੰ ਪੁਗਾਉਣ ਦੀ ਥਾਂ ਸੂਬਾ ਸਰਕਾਰ ਨੇ ਉਨ੍ਹਾਂ ਨੂੰ ਪਹਿਲਾਂ ਮਿਲਦੀ ਪੈਨਸ਼ਨ ਵੀ ਖੋਹ ਲਈ ਹੈ। ਪੰਜਾਬ ਵਿਚ 125 ਦੇ ਕਰੀਬ ਅਜਿਹੇ ਖਿਡਾਰੀ ਹਨ ਜਿਨ੍ਹਾਂ ਨੇ ਉਲੰਪਿਕ, ਏਸ਼ਿਆਈ ਅਤੇ ਕਾਮਨਵੈਲਥ ਖੇਡਾਂ ਸਮੇਤ ਹੋਰ ਕੌਮਾਂਤਰੀ ਮੁਕਾਬਲਿਆਂ ਵਿਚ ਦੇਸ਼ ਲਈ ਮੈਡਲ ਜਿੱਤੇ ਸਨ ਪਰ ਹੁਣ ਸਰਕਾਰ ਨੇ ਇਨ੍ਹਾਂ ਖਿਡਾਰੀਆਂ ਦਾ ਮਾਣ ਹੋਰ ਵਧਾਉਣ ਦੀ ਥਾਂ ਨਿਗੂਣੀ ਮਿਲਦੀ ਪੈਨਸ਼ਨ ਵੀ ਬੰਦ ਕਰ ਦਿੱਤੀ ਹੈ। ਇਨ੍ਹਾਂ 125 ਬਜ਼ੁਰਗ ਖਿਡਾਰੀਆਂ ਵਿਚੋਂ 31 ਖਿਡਾਰੀਆਂ ਨੇ ਇਕੱਠੇ ਹੋ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨਾਲ ਸੂਬਾ ਸਰਕਾਰ ਨੇ ਜਿਹੜਾ ਤਿੰਨ ਗੁਣਾਂ ਪੈਨਸ਼ਨ ਵਧਾਉਣ ਦਾ ਵਾਅਦਾ ਕੀਤਾ ਸੀ ਉਸ ਨੂੰ ਪੂਰਾ ਕੀਤਾ ਜਾਵੇ ਨਾ ਕਿ ਪਹਿਲਾਂ ਮਿਲਦੀ ਪੈਨਸ਼ਨ ਬੰਦ ਕੀਤੀ ਜਾਵੇ।

ਸਰਕਾਰ ਦੀ ਨਵੀਂ ਪੈਨਸ਼ਨ ਨੀਤੀ ਅਨੁਸਾਰ ਵੀ ਬੰਦ ਕਰ ਦਿੱਤੀ ਹੈ। ਹਾਕੀ ਵਿਚ ਸੁਨਹਿਰੀ ਇਬਾਰਤ ਲਿਖਣ ਵਾਲੀ ਤੇ ਗੋਲਡਨ ਗਰਲ ਦੇ ਨਾਂ ਨਾਲ ਜਾਣ ਵਾਲੀ ਰਾਜਬੀਰ ਕੌਰ ਨੇ ਕਿਹਾ ਕਿ ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਤੇ ਉੱਤਰ ਪ੍ਰਦੇਸ਼ ਵਿਚ ਬਜ਼ੁਰਗ ਖਿਡਾਰੀਆਂ ਦੀ ਪੈਨਸ਼ਨ ਵਧਾ ਕੇ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ ਪਰ ਪੰਜਾਬ ਸਰਕਾਰ ਮਿਲਦੀ ਪੈਨਸ਼ਨ




ਜਿਹੜੇ ਖਿਡਾਰੀ ਵੱਖ-ਵੱਖ ਵਿਭਾਗਾਂ ਵਿਚ ਕੰਮ ਕਰਦੇ ਰਹੇ ਹਨ ਜੇ ਉਨ੍ਹਾਂ ਨੂੰ ਉਥੋਂ ਸਾਲਾਨਾ 6 ਲੱਖ ਤੋਂ ਵੱਧ ਪੈਨਸ਼ਨ ਮਿਲ ਰਹੀ ਹੈ ਤਾਂ ਉਨ੍ਹਾਂ ਨੂੰ ਖਿਡਾਰੀ ਕੋਟੇ ਵਿਚੋਂ ਪੈਨਸ਼ਨ ਨਹੀਂ ਮਿਲੇਗੀ। ਇਨ੍ਹਾਂ ਬਜ਼ੁਰਗ ਖਿਡਾਰੀਆਂ ਨੇ ਪੰਜਾਬ ਸਪੋਰਟਸ ਸੁਪਰ ਸਟਾਰ ਐਸੋਸੀਏਸ਼ਨ ਨਾਂ ਦੀ ਜਥੇਬੰਦੀ ਬਣਾ ਕੇ ਸਰਕਾਰ ਨਾਲ ਟੱਕਰ ਲੈਣ ਦਾ ਵੀ ਫੈਸਲਾ ਕੀਤਾ ਹੈ। ਇਸ ਜਥੇਬੰਦੀ ਦਾ ਪ੍ਰਧਾਨ ਬ੍ਰਿਗੇਡੀਅਰ ਹਰਚਰਨ ਸਿੰਘ ਨੂੰ ਬਣਾਇਆ ਗਿਆ ਹੈ। ਇਸ ਮੌਕੇ ਬਜ਼ੁਰਗ ਖਿਡਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਪੈਨਸ਼ਨ ਬੰਦ ਕਰਨ ਦੇ ਨੋਟਿਸ ਆ ਗਏ ਹਨ। ਬਾਸਕਟਬਾਲ ਦੇ ਨਾਮਵਰ ਖਿਡਾਰੀ ਰਹੇ ਸੱਜਣ ਸਿੰਘ ਚੀਮਾ ਨੇ ਦੱਸਿਆ ਕਿ ਮਾਰਚ 2018 ਵਿਚ ਉਨ੍ਹਾਂ ਨੂੰ ਆਖਰੀ ਪੈਨਸ਼ਨ ਮਿਲੀ ਸੀ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਸਿਰਫ ਮਹੀਨੇ ਦੀ 600 ਰੁਪਏ ਪੈਨਸ਼ਨ ਮਿਲਦੀ ਹੈ ਤੇ ਸਰਕਾਰ ਨੇ ਉਹ ਵੀ ਬੰਦ ਕਰ ਰਹੀ ਹੈ।

ਓਲੰਪੀਅਨ ਸੁਰਿੰਦਰ ਸਿੰਘ ਸੋਢੀ ਨੇ ਕਿਹਾ ਕਿ ਸੂਬੇ ਦੇ 12,500 ਪਿੰਡ ਹਨ ਜਦਕਿ ਬਜ਼ੁਰਗ ਖਿਡਾਰੀਆਂ ਦੀ ਗਿਣਤੀ 125 ਹੈ। ਇਸ ਹਿਸਾਬ ਮੁਤਾਬਕ 100 ਪਿੰਡਾਂ ਪਿੱਛੇ ਆਉਂਦੇ ਇਕ ਖਿਡਾਰੀ ਨੂੰ ਵੀ ਸਰਕਾਰ ਜੇ ਮਾਣ ਵਜੋਂ ਪੈਨਸ਼ਨ ਨਹੀਂ ਦੇ ਸਕਦੀ ਤਾਂ ਇਸ ਦਾ ਆਉਣ ਵਾਲੀ ਨਵੀਂ ਪੀੜ੍ਹੀ ਦੇ ਖਿਡਾਰੀਆਂ 'ਤੇ ਕੀ ਅਸਰ ਹੋਵੇਗਾ। ਬਜ਼ੁਰਗ ਖਿਡਾਰੀਆਂ ਨੇ ਕਿਹਾ ਕਿ ਸੂਬਾ ਸਰਕਾਰ ਵਿਚ ਤਿੰਨ ਖਿਡਾਰੀ ਮੰਤਰੀ ਹਨ, ਜਿਨ੍ਹਾਂ ਵਿਚ ਨਵਜੋਤ ਸਿੰਘ ਸਿੱਧੂ, ਰਾਣਾ ਸੋਢੀ ਅਤੇ ਮਨਪ੍ਰੀਤ ਬਾਦਲ ਸ਼ਾਮਲ ਹਨ। ਇਸ ਦੇ ਬਾਵਜੂਦ ਵੀ ਖਿਡਾਰੀਆਂ ਦੀ ਗੱਲ ਨਹੀਂ ਸੁਣੀ ਜਾ ਰਹੀ। ਉਨ੍ਹਾਂ ਕਿਹਾ ਕਿ ਉਲੰਪੀਅਨ ਪਰਗਟ ਸਿੰਘ ਵਿਧਾਇਕ ਹਨ। ਉਨ੍ਹਾਂ ਨੇ ਵੀ ਹਾਅ ਦਾ ਨਾਅਰਾ ਨਹੀਂ ਮਾਰਿਆ।

# ਪ੍ਰਸ਼ਾਸਨ ਦੀ ਲਾਪਰਵਾਹੀ ਦੇ ਰਹੀ ਹੈ ਜੇਲ੍ਹਾਂ ਵਿਚ ਅਪਰਾਧਿਕ ਘਟਨਾਵਾਂ ਨੂੰ ਸ਼ਹਿ

**ਲੁਧਿਆਣਾ:** ਲੁਧਿਆਣਾ ਕੇਂਦਰੀ ਜੇਲ੍ਹ ਵਿਚ ਭੜਕੀ ਹਿੰਸਾ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਦੀ ਲਾਪਰਵਾਹੀ ਦੀ ਪੋਲ ਪਰਤ ਦਰ ਪਰਤ ਖੁੱਲ੍ਹ ਰਹੀ ਹੈ। ਹੈਰਾਨੀ ਦੀ ਗੱਲ ਹੈ ਕਿ ਪਿਛਲੇ ਇਕ ਸਾਲ ਦੌਰਾਨ ਲੁਧਿਆਣਾ ਕੇਂਦਰੀ ਜੇਲ੍ਹ ਵਿਚੋਂ 200 ਤੋਂ ਵੱਧ ਮੋਬਾਈਲ ਫੋਨ ਵੱਖ-ਵੱਖ ਗੈਂਗਸਟਰ ਤੇ ਨਸ਼ਾ ਤਸਕਰਾਂ ਕੋਲੋਂ ਬਰਾਮਦ ਹੋਏ ਹਨ। ਇਹ ਪਤਾ ਨਹੀਂ ਲੱਗ ਸਕਿਆ ਕਿ ਸੁਰੱਖਿਆ ਦੇ ਬਾਵਜੂਦ ਮੋਬਾਈਲ ਫੋਨ ਅੰਦਰ ਕਿਵੇਂ ਪੁੱਜੇ। ਇੰਨਾ ਹੀ ਨਹੀਂ ਇਸ ਹਿੰਸਾ ਦੇ ਬਾਅਦ ਲੁਧਿਆਣਾ ਪੁਲਿਸ ਵੱਲੋਂ ਜੇਲ੍ਹ ਵਿਚ ਚਲਾਏ ਗਏ ਸਰਚ ਅਪਰੇਸ਼ਨ ਦੌਰਾਨ ਨੌਂ ਮੋਬਾਈਲ ਫੋਨ ਬਰਾਮਦ ਹੋਏ ਹਨ।

ਜ਼ਿਕਰਯੋਗ ਹੈ ਕਿ ਲੁਧਿਆਣਾ ਕੇਂਦਰੀ ਜੇਲ੍ਹ ਗੈਂਗਸਟਰਾਂ ਤੇ ਨਸ਼ਾ ਤਸਕਰਾਂ ਵੱਲੋਂ ਮੋਬਾਈਲ ਫੋਨ ਦੇ ਇਸਤੇਮਾਲ ਲਈ 'ਸੁਰੱਖਿਅਤ ਅੱਡਾ' ਬਣਦੀ ਜਾ ਰਹੀ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜੇਲ੍ਹ ਵਿਚ ਗੈਂਗਸਟਰ ਫੇਸਬੁੱਕ ਚਲਾ ਰਹੇ ਹਨ ਤੇ ਅੰਦਰੋਂ ਫੋਟੋਆਂ ਖਿੱਚ ਕੇ ਅਪਲੋਡ ਕਰ ਰਹੇ ਹਨ। ਲੁਧਿਆਣਾ ਜੇਲ੍ਹ ਅੰਦਰ ਭੜਕੀ ਹਿੰਸਾ ਦੌਰਾਨ ਤਾਂ ਅੰਦਰ ਬੰਦ ਬੰਦੀਆਂ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਸਾਰੀ ਕਹਾਣੀ ਲੋਕਾਂ ਸਾਹਮਣੇ ਰੱਖੀ ਸੀ। ਜੇਲ੍ਹ ਪ੍ਰਸ਼ਾਸਨ ਨੇ ਪੋਅਟੀਐਮ ਵਰਤਦਾ ਹੋਇਆ ਇਕ ਬੰਦੀ ਵੀ ਫੜਿਆ ਸੀ। ਇੰਨਾ ਹੀ ਨਹੀਂ




ਗੈਂਗਸਟਰ ਤੇ ਨਸ਼ਾ ਤਸਕਰ ਅੰਦਰੋਂ ਬੈਠੇ ਹੀ ਨਸ਼ਾ ਤਸਕਰੀ ਦਾ ਧੰਦਾ ਵੀ ਕਰ ਰਹੇ ਹਨ ਜਿਸ ਦਾ ਖੁਲਾਸਾ ਪਿਛਲੇ ਦਿਨੀਂ ਗ੍ਰਿਫਤਾਰ ਕੀਤੇ ਮੁਲਜ਼ਮ ਵੱਲੋਂ ਕੀਤਾ ਗਿਆ।

## ਮੋਬਾਈਲ ਰਾਹੀਂ ਹੁੰਦੀ ਹੈ ਨਸ਼ਾ ਤਸਕਰੀ

**ਲੁਧਿਆਣਾ:** ਪਿਛਲੇ ਦਿਨੀਂ ਲੁਧਿਆਣਾ ਦੇ ਥਾਣਾ ਡਿਵੀਜ਼ਨ ਨੰਬਰ-5 ਦੀ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਦੋ ਮੁਲਜ਼ਮ ਅਰਵਿੰਦਰ ਸਿੰਘ ਤੇ ਰਵੀ ਕੁਮਾਰ ਨੇ ਖੁਲਾਸਾ ਕੀਤਾ ਸੀ ਕਿ ਉਹ ਸਿਰਫ ਨਸ਼ੇ ਦੀ ਸਪਲਾਈ ਕਰਦੇ ਹਨ, ਉਨ੍ਹਾਂ ਨੂੰ ਜੇਲ੍ਹ ਦੇ ਅੰਦਰ ਬੈਠਾ ਗੈਂਗਸਟਰ ਗਗਨਦੀਪ ਹੁਕਮ ਦਿੰਦਾ ਹੈ ਤੇ ਉਸ ਵੱਲੋਂ ਦੱਸੀ ਹੋਈ ਥਾਂ 'ਤੇ ਉਹ ਹੈਰੋਇਨ ਸਪਲਾਈ ਕਰਦੇ ਹਨ। ਮੁਲਜ਼ਮਾਂ ਕੋਲੋਂ 120 ਗ੍ਰਾਮ ਹੈਰੋਇਨ ਬਰਾਮਦ ਹੋਈ ਸੀ। ਗੈਂਗਸਟਰ ਗਗਨਦੀਪ 'ਤੇ ਕਈ ਜ਼ਿਲ੍ਹਿਆਂ ਵਿਚ ਡਕੈਤੀ, ਕਤਲ ਤੇ ਹੋਰ ਕੇਸ ਦਰਜ ਹਨ। ਗਗਨਦੀਪ ਜੇਲ੍ਹ 'ਚ ਬੈਠ ਕੇ ਹੀ ਮੋਬਾਈਲ ਜ਼ਰੀਏ ਨਸ਼ਾ ਤਸਕਰੀ ਕਰਵਾ ਰਿਹਾ ਹੈ।

## ਰਸੂਖ ਵਾਲਿਆਂ ਨੂੰ ਜੇਲ੍ਹਾਂ 'ਚ ਨਹੀਂ ਮਿਲਣਗੀਆਂ ਖਾਸ ਸਹੂਲਤਾਂ: ਰੰਧਾਵਾ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ 'ਚ ਅਸਰ ਰਸੂਖ ਵਾਲੇ ਕੈਦੀਆਂ ਜਾਂ ਗੈਂਗਸਟਰਾਂ ਦੀਆਂ ਚੱਲ ਰਹੀਆਂ 'ਪ੍ਰਾਈਵੇਟ' ਰਸੋਈਆਂ ਨੂੰ ਬੰਦ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ ਤਾਂ ਜੋ ਸਾਰਿਆਂ ਨੂੰ ਜੇਲ੍ਹ ਦੀ ਰੋਟੀ ਹੀ ਮਿਲੇ। ਅਜਿਹਾ ਕਦਮ ਉਦੋਂ ਉਠਾਇਆ ਗਿਆ ਹੈ ਜਦੋਂ ਕੁਝ ਰਿਪੋਰਟਾਂ ਮਿਲੀਆਂ ਸਨ ਕਿ 'ਵਿਸ਼ੇਸ਼' ਕੈਦੀਆਂ ਨੂੰ ਫਿਲਮੀ ਅੰਦਾਜ਼ 'ਚ ਉਨ੍ਹਾਂ ਦੇ 'ਸੇਵਾਦਾਰ' ਭੋਜਨ ਛਕਾਉਂਦੇ ਹਨ ਅਤੇ ਕਈ ਤਾਂ ਬਾਹਰੋਂ ਪਿੱਜ਼ਾ ਅਤੇ ਜਨਮ ਦਿਨ ਦੇ ਕੇਕ ਵੀ ਮੰਗਵਾਉਂਦੇ ਹਨ। ਪੰਜਾਬ ਦੇ ਜੇਲ੍ਹਾਂ ਬਾਰੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਜੇਲ੍ਹਾਂ 'ਚ ਸੁਧਾਰ ਲਈ ਉਠਾਏ ਗਏ ਕੁਝ ਕਦਮਾਂ ਬਾਰੇ ਜਾਣਕਾਰੀ ਦਿੱਤੀ। ਸ੍ਰੀ ਰੰਧਾਵਾ ਨੇ ਕਿਹਾ ਕਿ ਜੇਲ੍ਹਾਂ 'ਚ ਵਾਪਰਦੀਆਂ ਘਟਨਾਵਾਂ ਦੇ ਮੁਕੰਮਲ ਪੋਸਟਮਾਰਟਮ ਲਈ ਸਾਰੀਆਂ ਪੁਰਾਣੀਆਂ ਫਾਈਲਾਂ ਅਤੇ ਵਿਸਾਰੀਆਂ ਜਾ ਚੁੱਕੀਆਂ ਜਾਂਚ ਰਿਪੋਰਟਾਂ ਨੂੰ ਮੁੜ ਖੋਲ੍ਹਣ ਦਾ ਫੈਸਲਾ ਲਿਆ ਹੈ।

## ਜੇਲ੍ਹ ਗਾਰਦ ਨੂੰ ਰਬੜ ਦੀਆਂ ਗੋਲੀਆਂ ਤੇ ਹੰਝੂ ਗੈਸ ਦੇ ਗੋਲੇ ਮਿਲੇ

**ਚੰਡੀਗੜ੍ਹ:** ਜੇਲ੍ਹਾਂ ਵਿਚ ਹਿੰਸਾ ਅਤੇ ਮੌਤਾਂ ਦੀਆਂ ਵਧਦੀਆਂ ਘਟਨਾਵਾਂ ਤੋਂ ਝੰਬੇ ਪੰਜਾਬ ਦੇ ਜੇਲ੍ਹ ਵਿਭਾਗ ਨੇ ਪਹਿਲੀ ਵਾਰ ਜੇਲ੍ਹ ਗਾਰਦਾਂ ਨੂੰ ਹੰਝੂ ਗੈਸ ਦੇ ਗੋਲਿਆਂ ਅਤੇ ਰਬੜ ਦੀਆਂ ਗੋਲੀਆਂ ਨਾਲ ਲੈਸ ਕੀਤਾ ਹੈ। ਇਨ੍ਹਾਂ ਤੋਂ ਇਲਾਵਾ ਵਿਭਾਗ ਨੂੰ ਛੇਤੀ ਹੀ 340 ਆਟੋਮੈਟਿਕ ਇਨਸਾਸ ਰਾਈਫਲਾਂ ਅਤੇ 9 ਐਮ.ਐਮ. ਦੀਆਂ 71 ਪਿਸਤੌਲਾਂ ਮਿਲਣਗੀਆਂ ਜੋ ਦੂਜੀ ਵਿਸ਼ਵ ਜੰਗ 'ਚ ਵਰਤੀਆਂ ਗਈਆਂ ਪੁਆਇੰਟ 303 ਰਾਈਫਲਾਂ ਦੀ ਥਾਂ ਲੈਣਗੀਆਂ। ਉਧਰ, ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਬਾਊਂਸਰਾਂ ਵਰਗੇ ਸਿਹਤਮੰਦ ਅਤੇ ਉਚੇ ਲੰਬੇ ਨੌਜਵਾਨਾਂ ਨੂੰ ਭਰਤੀ ਕਰਨ ਦੀ ਤਜਵੀਜ਼ ਪੇਸ਼ ਕੀਤੀ ਹੈ ਤਾਂ ਜੋ ਜੇਲ੍ਹਾਂ 'ਚ ਗੈਂਗਸਟਰਾਂ ਅਤੇ ਹਿੰਸਕ ਘਟਨਾਵਾਂ ਉਤੇ ਕਾਬੂ ਪਾਇਆ ਜਾ ਸਕੇ।

# ਪਰਿਵਾਰ ਦੇ ਤਿੰਨ ਜੀਆਂ ਵੱਲੋਂ ਖੁਦਕੁਸ਼ੀ

**ਬੰਗਾ:** ਪਿੰਡ ਘੁੰਮਣਾ ਵਿਚ ਇਕ ਪਰਿਵਾਰ ਦੇ ਤਿੰਨ ਜੀਆਂ ਨੇ ਸਲਫਾਸ ਨਿਗਲ ਕੇ ਖੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਸੋਢੀ ਰਾਮ, ਉਸ ਦੀ ਪਤਨੀ ਮਿੰਦੋ ਅਤੇ ਪੁੱਤਰ ਪ੍ਰਿੰਸ ਨੇ ਆਪਣੇ ਘਰ 'ਚ ਸਲਫਾਸ ਦੀਆਂ ਗੋਲੀਆਂ ਖਾ ਲਈਆਂ, ਜਿਨ੍ਹਾਂ ਨੂੰ ਗੰਭੀਰ ਹਾਲਤ 'ਚ ਸਿਵਲ ਹਸਪਤਾਲ ਲਿਆਂਦਾ ਗਿਆ ਸੀ। ਸੋਢੀ ਰਾਮ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ ਪਰ ਮਾਂ-ਪੁੱਤਰ ਨੂੰ ਸਿਵਲ ਹਸਪਤਾਲ ਜਲੰਧਰ ਭੇਜਿਆ ਗਿਆ ਸੀ, ਜਿਥੇ ਦੋਵਾਂ ਨੇ ਦਮ ਤੋੜ ਦਿੱਤਾ।



ਪਿੰਡ ਵਾਸੀ ਰੇਸ਼ਮ ਸਿੰਘ ਅਤੇ ਮੋਹਨ ਲਾਲ ਨੇ ਦੱਸਿਆ ਕਿ ਮੌਤ ਦਾ ਮਾਮਲਾ ਬੁਝਾਰਤ ਬਣਿਆ ਹੋਇਆ ਹੈ। ਕੁਝ ਲੋਕਾਂ ਨੇ ਦੱਸਿਆ ਕਿ ਪ੍ਰਿੰਸ ਦਾ ਵਿਆਹ ਪਟਿਆਲਾ ਵਾਸੀ ਲੜਕੀ ਨਾਲ ਹੋਇਆ ਸੀ, ਜੋ ਕੈਨੇਡਾ ਰਹਿੰਦੀ ਹੈ। ਸੂਤਰਾਂ ਅਨੁਸਾਰ ਸਮੂਹ ਪਰਿਵਾਰਕ ਮੈਂਬਰਾਂ ਨੂੰ ਇਕੱਠੇ ਵਿਦੇਸ਼ ਭੇਜਣ ਦਾ ਭਰੋਸਾ ਦਿੱਤਾ ਗਿਆ ਸੀ, ਜਿਸ ਕਾਰਨ ਉਨ੍ਹਾਂ ਨੇ ਪੈਸਾ ਕਰ ਕੇ ਮੋਹਾਲੀ ਦੇ ਕਿਸੇ ਏਜੰਟ ਨੂੰ ਦੇ ਦਿੱਤੇ ਸਨ। ਇਹ ਵੀ ਪੱਤਾ ਲੱਗਾ ਹੈ ਕਿ ਇਨ੍ਹਾਂ ਦੀ 2-4 ਦਿਨ 'ਚ ਵਿਦੇਸ਼ ਜਾਣ ਦੀ ਤਿਆਰੀ ਸੀ। ਪਿੰਡ ਵਾਸੀਆਂ ਨੇ ਦੱਸਿਆ ਕਿ ਇਨ੍ਹਾਂ ਨੇ ਆਪਣੇ ਘਰ ਦਾ ਸਾਮਾਨ ਵੀ ਕੁਝ ਲੋਕਾਂ ਨੂੰ ਵੰਡ ਦਿੱਤਾ ਸੀ। ਮੌਕੇ 'ਤੇ ਪੁੱਜੇ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਫਿਲਹਾਲ ਕੋਈ ਵੀ ਗੱਲ ਸਾਹਮਣੇ ਨਹੀਂ ਆਈ।

ਮ੍ਰਿਤਕ ਸੋਢੀ ਰਾਮ ਦੀ ਲੜਕੀ ਨੇ ਦੱਸਿਆ ਕਿ ਉਹ ਦੋ ਭੈਣਾਂ ਤੇ ਇਕ ਭਰਾ ਪ੍ਰਿੰਸ ਸੀ। ਪ੍ਰਿੰਸ ਨੇ ਪਟਿਆਲੇ ਦੀ ਇਕ ਲੜਕੀ ਨਾਲ ਕੋਰਟ ਮੈਰਿਜ ਕਰਵਾਈ ਹੋਈ ਸੀ ਅਤੇ ਉਨ੍ਹਾਂ ਵਿਦੇਸ਼ ਜਾਣ ਦੀ ਤਿਆਰੀ ਸੀ। ਉਸ ਨੇ ਮੰਗ ਕੀਤੀ ਕਿ ਪ੍ਰਿੰਸ ਦੀ ਪਤਨੀ ਦਾ ਪਤਾ ਲਾਇਆ ਜਾਵੇ ਤਾਂ ਜੋ ਅਸਲ ਮਾਮਲਾ ਸਾਹਮਣੇ ਆ ਸਕੇ।

# ਪੰਜਾਬ ਨਾਲ ਇਨਸਾਫ ਕਰਨਾ ਮੁਲਕ ਲਈ ਜ਼ਰੂਰੀ

ਡਾ. ਗਿਆਨ ਸਿੰਘ*
ਫੋਨ: 1-408-493-9776

ਲੋਕ ਸਭਾ ਚੋਣਾਂ ਪਿਛੋਂ ਇਸ ਦੇ ਪਹਿਲੇ ਸੈਸ਼ਨ ਦੌਰਾਨ ਪਹਿਲੇ ਦੋ ਦਿਨਾਂ ਵਿਚ ਸੰਸਦ ਮੈਂਬਰਾਂ ਨੂੰ ਸਹੁੰ ਚੁਕਵਾਉਣ ਪਿਛੋਂ ਵੱਖ ਵੱਖ ਪਾਰਟੀਆਂ ਦੇ ਸੰਸਦ ਮੈਂਬਰ ਮੁਲਕ ਦੀਆਂ ਸਮੱਸਿਆਵਾਂ ਨਾਲ ਸਬੰਧਿਤ ਮੁੱਦਿਆਂ 'ਤੇ ਭਾਸ਼ਣ ਦੇ ਰਹੇ ਸਨ। ਪੰਜਾਬ ਦੇ 13 ਸੰਸਦ ਮੈਂਬਰਾਂ ਵਿਚੋਂ ਹਲਕਾ ਪਟਿਆਲਾ ਦੀ ਸੰਸਦ ਮੈਂਬਰ ਪ੍ਰਨੀਤ ਕੌਰ ਅਤੇ ਸੰਗਰੂਰ ਤੋਂ ਭਗਵੰਤ ਮਾਨ ਨੇ ਆਪਣੇ ਪਹਿਲੇ ਭਾਸ਼ਣ ਵਿਚ ਪੰਜਾਬ ਨਾਲ ਇਨਸਾਫ ਕਰਨ ਬਾਰੇ ਕਿਹਾ। ਜਿੱਥੇ ਪ੍ਰਨੀਤ ਕੌਰ ਨੇ ਪੰਜਾਬ ਦੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਬਾਰੇ ਕੇਂਦਰ ਸਰਕਾਰ ਨੂੰ ਸੁਚੇਤ ਕੀਤਾ, ਉਥੇ ਭਗਵੰਤ ਮਾਨ ਨੇ ਮੁਲਕ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਪੰਜਾਬੀਆਂ ਦੀਆਂ ਕੁਰਬਾਨੀਆਂ, ਕਿਸਾਨਾਂ ਦੇ ਕਰਜ਼ੇ ਤੇ ਖੁਦਕੁਸ਼ੀਆਂ, ਪੰਜਾਬ ਦੇ ਨੌਜਵਾਨਾਂ ਦੇ ਦੂਜੇ ਮੁਲਕਾਂ ਨੂੰ ਪਰਵਾਸ, ਪੰਜਾਬ ਦੇ ਉਦਯੋਗਿਕ ਵਿਕਾਸ ਸਬੰਧੀ ਕੀਤੇ ਜਾਂਦੇ ਧੱਕੇ, ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਖਤਰਨਾਕ ਪੱਧਰ ਤੱਕ ਥੱਲੇ ਜਾਣ ਅਤੇ ਨਤੀਜੇ ਵਜੋਂ ਇਸ ਸੂਬੇ ਦੇ ਮਾਰੂਥਲ ਬਣਨ ਆਦਿ ਬਾਰੇ ਖੁੱਲ੍ਹ ਕੇ ਵਿਚਾਰ ਰੱਖੇ। ਇਨ੍ਹਾਂ ਦੋ ਸੰਸਦ ਮੈਂਬਰਾਂ ਤੋਂ ਬਿਨਾ ਬਾਕੀ ਦੇ 11 ਮੈਂਬਰਾਂ ਦਾ ਫਰਜ਼ ਬਣਦਾ ਸੀ ਕਿ ਉਹ ਮੁਲਕ ਤੇ ਖਾਸ ਕਰਕੇ ਪੰਜਾਬ ਵਲੋਂ ਹੰਢਾਈਆਂ ਜਾ ਰਹੀਆਂ ਅਤੇ ਸੰਭਾਵੀ ਸਮੱਸਿਆਵਾਂ ਸਬੰਧੀ ਮੁੱਦਿਆਂ 'ਤੇ ਤੱਥਾਂ ਆਧਾਰਤ ਵਿਚਾਰ ਲੋਕ ਸਭਾ ਵਿਚ ਰੱਖ ਕੇ ਕੇਂਦਰ ਸਰਕਾਰ ਨੂੰ ਇਨ੍ਹਾਂ ਦਾ ਹੱਲ ਕਰਨ ਲਈ ਰਾਜ਼ੀ ਕਰਨ।

ਮੁਲਕ ਦੀ ਆਜ਼ਾਦੀ ਲਈ ਕੀਤੇ ਗਏ ਸੰਘਰਸ਼ ਵਿਚ ਸਭ ਤੋਂ ਵੱਧ ਕੁਰਬਾਨੀਆਂ, ਕਰੀਬ 90%, ਪੰਜਾਬ ਦੇ ਲੋਕਾਂ ਨੇ ਕੀਤੀਆਂ। ਆਜ਼ਾਦੀ ਪਿਛੋਂ ਪਾਕਿਸਤਾਨ ਨਾਲ ਹੋਈਆਂ ਤਿੰਨ ਲੜਾਈਆਂ ਵਿਚ ਵੀ ਪੰਜਾਬ ਦਾ ਹਿੱਸਾ ਸਭ ਤੋਂ ਵੱਧ ਰਿਹਾ। ਸਰਹੱਦੀ ਸੂਬਾ ਹੋਣ ਕਾਰਨ ਜਿੱਥੇ ਕੌਮਾਂਤਰੀ ਬਾਰਡਰ 'ਤੇ ਬੇਚੈਨੀ ਦੀਆਂ ਘਟਨਾਵਾਂ ਦੀ ਮਾਰ ਪੰਜਾਬ ਦੇ ਲੋਕਾਂ ਨੂੰ ਸਹਿਣੀ ਪੈਂਦੀ ਹੈ, ਉਥੇ ਪੰਜਾਬ ਦੇ ਸਰਹੱਦੀ ਜਿਲਿਆਂ ਦੇ ਵੱਖ ਵੱਖ ਤਰ੍ਹਾਂ ਦੇ ਵਿਕਾਸ 'ਤੇ ਵੀ ਇਸ ਦਾ ਮਾਰੂ ਅਸਰ ਪੈਂਦਾ ਹੈ।

ਮੁਲਕ ਦੇ ਲੋਕਾਂ ਦੀਆਂ ਅਨਾਜ ਸਬੰਧੀ ਲੋੜਾਂ ਨੂੰ ਪੂਰਾ ਕਰਨ ਵਿਚ ਸਭ ਤੋਂ ਵੱਡਾ ਹਿੱਸਾ ਪੰਜਾਬ ਨੇ ਪਾਇਆ ਹੈ ਅਤੇ ਭਵਿੱਖ ਵਿਚ ਵੀ ਪੰਜਾਬ ਦਾ ਅਜਿਹਾ ਹਿੱਸਾ ਅਹਿਮ ਰਹੇਗਾ। ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਖੇਤਰ ਦੀ ਥਾਂ ਉਦਯੋਗਿਕ ਵਿਕਾਸ ਨੂੰ ਤਰਜੀਹ ਦਿੱਤੇ ਜਾਣ ਦੇ ਨਤੀਜੇ ਵਜੋਂ ਮੁਲਕ ਵਿਚ ਅਨਾਜ ਦੀ ਭਾਰੀ ਥੁੜ੍ਹ ਆਈ। 1964-66 ਦੌਰਾਨ ਮੁਲਕ ਵਿਚ ਪਏ ਸੋਕੇ ਨੇ ਅਨਾਜ ਦੀ ਥੁੜ੍ਹ ਹੋਰ ਵਧਾ ਦਿੱਤੀ। ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਕੇਂਦਰ ਸਰਕਾਰ ਨੂੰ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ। ਕੇਂਦਰ ਸਰਕਾਰ ਨੇ ਇਸ ਸਮੱਸਿਆ 'ਤੇ ਕਾਬੂ ਪਾਉਣ ਲਈ ਮੁਲਕ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਨਾਉਣ ਦਾ ਫੈਸਲਾ ਕੀਤਾ। ਇਹ ਜੁਗਤ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉਲੀਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਦੇ ਆਧੁਨਿਕ ਢੰਗਾਂ ਦਾ ਇਕ ਪੁਲੰਦਾ ਸੀ।

ਖੇਤੀਬਾੜੀ ਦੀ ਇਸ ਜੁਗਤ ਨੂੰ ਸ਼ੁਰੂ ਕਰਨ ਲਈ ਮੁਲਕ ਦੇ ਵੱਖ ਵੱਖ ਖੇਤਰਾਂ ਦੇ ਅਧਿਐਨ ਪਿਛੋਂ ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹਿੰਮਤ ਅਤੇ ਇੱਥੋਂ ਦੇ ਅਮੀਰ ਕੁਦਰਤੀ ਸਾਧਨਾਂ ਨੂੰ ਧਿਆਨ ਵਿਚ ਰੱਖਦਿਆਂ ਕੇਂਦਰ ਸਰਕਾਰ ਨੇ ਇਸ ਨੂੰ ਤਰਜੀਹ ਤੌਰ 'ਤੇ ਪੰਜਾਬ ਵਿਚ ਸ਼ੁਰੂ ਕਰਨ ਦਾ ਫੈਸਲਾ ਲਿਆ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਆਪਣਾ ਰੰਗ ਲਿਆਈ, ਨਤੀਜੇ ਵਜੋਂ ਕੇਂਦਰ ਸਰਕਾਰ ਦਾ ਬਾਹਰਲੇ ਮੁਲਕਾਂ ਅੱਗੇ ਅਨਾਜ ਲਈ ਠੂਠਾ ਫੜਨ ਤੋਂ ਖਹਿੜਾ ਛੁੱਟਿਆ।

ਕਹਿਣ ਨੂੰ ਤਾਂ ਭਾਵੇਂ ਖੇਤੀਬਾੜੀ ਖੇਤਰ ਸੂਬਾ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ, ਪਰ ਅਸਲ ਵਿਚ ਸੂਬਾ ਸਰਕਾਰਾਂ ਆਪਣੀ ਖੇਤੀ ਨੀਤੀ ਬਣਾਉਣ ਦੇ ਸਮਰੱਥ ਨਹੀਂ ਹਨ। ਕਾਰਨ ਇਹ ਹੈ ਕਿ ਖੇਤੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਕੇਂਦਰ ਸਰਕਾਰ ਵੱਲੋਂ ਤੈਅ ਕੀਤੀਆਂ ਜਾਂਦੀਆਂ ਹਨ; ਖੇਤੀ ਲਈ ਲੋੜੀਂਦੇ ਸਾਧਨਾਂ ਜਿਵੇਂ ਰਸਾਇਣਕ ਖਾਦਾਂ, ਡੀਜ਼ਲ ਵਗੈਰਾ ਦੀਆਂ ਕੀਮਤਾਂ ਕੇਂਦਰ ਸਰਕਾਰ ਤੈਅ ਕਰਦੀ ਹੈ ਜਾਂ ਇਨ੍ਹਾਂ ਦੇ ਤੈਅ ਹੋਣ ਨੂੰ ਬੇਲਗਾਮ ਮੰਡੀ ਦੇ ਹਵਾਲੇ ਵੀ ਕੇਂਦਰ ਸਰਕਾਰ ਹੀ ਕਰਦੀ ਹੈ, ਖੇਤੀ ਲਈ ਲੋੜੀਂਦੇ ਸੰਸਥਾਗਤ ਵਿੱਤ ਸਬੰਧੀ ਅਹਿਮ ਫੈਸਲੇ ਕੇਂਦਰ ਸਰਕਾਰ ਹੀ ਲੈਂਦੀ ਹੈ ਅਤੇ ਖੇਤੀ ਜਿਣਸਾਂ ਦੀ ਬਰਾਮਦ ਤੇ ਦਰਾਮਦ ਸਬੰਧੀ ਨੀਤੀਆਂ ਬਣਾਉਣੀਆਂ ਵੀ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ 'ਚ ਹੈ। ਇਸ ਸਬੰਧੀ ਕੁਝ ਹੋਰ ਅਹਿਮ ਫੈਸਲੇ ਵੀ ਕੇਂਦਰ ਸਰਕਾਰ ਹੀ ਲੈਂਦੀ ਹੈ।

ਖੇਤੀ ਖੇਤਰ ਸਬੰਧੀ ਕੇਂਦਰ ਸਰਕਾਰ ਦੀਆਂ ਨੀਤੀਆਂ ਨੇ ਪੰਜਾਬ ਨੂੰ ਇਕ ਗੰਭੀਰ ਸੰਕਟ ਹੰਢਾਉਣ ਲਈ ਮਜ਼ਬੂਰ ਕੀਤਾ ਹੋਇਆ ਹੈ। ਪੰਜਾਬ 'ਚ ਮੁੱਖ ਤੌਰ 'ਤੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀ ਦਿਨੋ-ਦਿਨ ਨਿਘਰਦੀ ਹਾਲਤ, ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਲਗਾਤਾਰ ਥੱਲੇ ਜਾਣਾ ਅਤੇ ਮਨੁੱਖਾਂ, ਪਸ਼ੂਆਂ ਤੇ ਪੰਛੀਆਂ ਲਈ ਪੀਣ ਵਾਲੇ ਪਾਣੀ ਦੀ ਘਾਟ ਅਤੇ ਉਸ ਦਾ ਗੰਧਲਾ ਤੇ ਜ਼ਹਿਰੀਲਾ ਹੋਣਾ, ਖੇਤੀਬਾੜੀ ਵਾਲੀ ਜ਼ਮੀਨ ਦਾ ਬੰਜਰ ਹੋਣਾ, ਵਾਤਾਵਰਣ ਦਾ ਗੰਧਲਾ ਹੋਣਾ ਆਦਿ ਪ੍ਰਮੁੱਖ ਸਮੱਸਿਆਵਾਂ ਹਨ।

ਕੇਂਦਰ ਸਰਕਾਰ ਨੇ 1965 ਵਿਚ ਖੇਤੀ ਕੀਮਤ ਕਮਿਸ਼ਨ ਦੀ ਬਣਾਇਆ ਸੀ, ਜੋ ਹੁਣ ਤੱਕ ਕੁਝ ਖੇਤੀ ਜਿਣਸਾਂ ਦੀਆਂ ਘੱਟੋ-ਘੱਟ ਕੀਮਤਾਂ ਤੈਅ ਕਰਨ ਸਬੰਧੀ ਸਿਫਾਰਸ਼ਾਂ ਕੇਂਦਰ ਸਰਕਾਰ ਨੂੰ ਕਰਦਾ ਆ ਰਿਹਾ ਹੈ। ਲੰਬੇ ਸਮੇਂ ਦੌਰਾਨ ਇਸ ਕਮਿਸ਼ਨ ਦੀਆਂ ਸਿਫਾਰਸ਼ਾਂ ਦੀ ਕੁਝ ਰਾਜਸੀ ਪਾਰਟੀਆਂ ਅਤੇ ਕਿਸਾਨ ਜੱਥੇਬੰਦੀਆਂ ਵੱਲੋਂ ਕੀਤੀ ਜਾਂਦੀ ਨੁਕਤਾਬੰਦੀ ਤੋਂ ਬਚਣ ਲਈ ਕੇਂਦਰ ਸਰਕਾਰ ਨੇ 23 ਫਰਵਰੀ 1987 ਨੂੰ ਇਸ ਕਮਿਸ਼ਨ ਦਾ ਨਾਮ ਬਦਲ ਕੇ ਖੇਤੀ ਲਾਗਤ ਅਤੇ ਕੀਮਤ ਕਮਿਸ਼ਨ ਰੱਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਇਹ ਕਮਿਸ਼ਨ ਸਿਫਾਰਸ਼ਾਂ ਕਰਨ ਮੌਕੇ ਖੇਤੀ ਲਾਗਤਾਂ ਨੂੰ ਉਸ ਦਾ ਆਧਾਰ ਬਣਾਉਂਦਾ ਹੈ, ਪਰ ਅਸਲ ਵਿਚ ਅਜਿਹਾ ਨਹੀਂ ਹੈ, ਕਿਉਂਕਿ ਖੇਤੀ ਲਾਗਤਾਂ ਦੀਆਂ ਗਿਣਤੀਆਂ ਮਿਣਤੀਆਂ ਵਿਚ ਅਨੇਕਾਂ ਊਣਤਾਈਆਂ ਹਨ ਅਤੇ ਇਸ ਦੀ ਸਭ ਤੋਂ ਵੱਡੀ ਮਾਰ ਉਚ ਉਤਪਾਦਨ ਲਾਗਤਾਂ ਵਾਲੇ ਸੂਬੇ ਪੰਜਾਬ 'ਤੇ ਪੈ ਰਹੀ ਹੈ।

ਲੇਖਕ ਅਤੇ ਉਸ ਦੇ ਸਹਿਯੋਗੀਆਂ ਨੇ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਵਲੋਂ ਸਪਾਂਸਰ ਕੀਤੇ ਗਏ ਇਕ ਖੋਜ ਪ੍ਰਾਜੈਕਟ ਰਾਹੀਂ ਇਹ ਤੱਥ ਸਾਹਮਣੇ ਲਿਆਂਦਾ ਕਿ 2014-15 ਦੌਰਾਨ ਪੰਜਾਬ ਦੇ ਸੀਮਾਂਤ, ਛੋਟੇ, ਅਰਧ-ਦਰਮਿਆਨੇ ਤੇ ਦਰਮਿਆਨੇ ਕਿਸਾਨਾਂ ਅਤੇ ਖੇਤ ਮਜ਼ੂਦਰਾਂ ਸਿਰ ਇੰਨਾ ਕਰਜ਼ਾ ਸੀ ਕਿ ਉਹ ਤਾਂ ਕਰਜ਼ੇ ਦਾ ਵਿਆਜ ਦੇਣ ਜੋਗੇ ਵੀ ਨਹੀਂ ਸਨ। ਉਨ੍ਹਾਂ ਲਈ ਕਰਜ਼ੇ ਦਾ ਬੋਝ ਅਸਹਿ ਹੈ ਕਿਉਂਕਿ ਕਰਜ਼ੇ ਕਾਰਨ ਉਹ ਅਣਕਿਆਸੀਆਂ ਤਕਲੀਫਾਂ, ਦੁੱਖ, ਤਿਆਗ ਸਹਿਣ ਲਈ ਮਜ਼ਬੂਰ ਹਨ।

ਜਦੋਂ ਪੰਜਾਬ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਪ੍ਰਤੀ ਸਭ ਆਸਾਂ ਮੁੱਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖੁਦਕੁਸ਼ੀਆਂ ਦੇ ਰਾਹ ਪਏ ਹਨ ਅਤੇ ਪਿੱਛੇ ਰਹਿ ਗਏ ਪਰਿਵਾਰ ਅਕਹਿ ਤੇ ਅਸਹਿ ਮੁਸੀਬਤਾਂ ਹੰਢਾਉਣ ਲਈ ਮਜ਼ਬੂਰ ਹਨ। ਰੁਜ਼ਗਾਰ ਦੇ ਮੌਕੇ ਪੈਦਾ ਨਾ ਕੀਤੇ ਜਾਣ ਦੇ ਨਤੀਜੇ ਵਜੋਂ ਇੱਥੋਂ ਦੇ ਨੌਜਵਾਨ ਵੱਡੀ ਗਿਣਤੀ ਵਿਚ ਬਾਹਰਲੇ ਮੁਲਕਾਂ ਨੂੰ ਜਾ ਰਹੇ ਹਨ, ਜਿੱਥੇ ਉਹ ਅਨੇਕ ਮੁਸੀਬਤਾਂ ਝੱਲਣ ਲਈ ਮਜ਼ਬੂਰ ਹਨ। ਹੋਰ ਤਾਂ ਹੋਰ ਬਾਹਰਲੇ ਮੁਲਕਾਂ ਵਿਚ ਪੰਜਾਬ ਤੋਂ ਗਏ ਕੁਝ ਐਨ. ਆਰ. ਆਈ. ਕਾਰੋਬਾਰੀ ਵੀ ਇਨ੍ਹਾਂ ਨੌਜਵਾਨਾਂ ਦਾ ਲਹੂ ਚੂਸਦੇ ਹਨ।

ਪੰਜਾਬ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਲਗਾਤਾਰ ਥੱਲੇ ਜਾਣ ਸਬੰਧੀ ਇਕ ਗੰਭੀਰ ਸਮੱਸਿਆ ਹੰਢਾ ਰਿਹਾ ਹੈ, ਜਿਸ ਲਈ ਮੁੱਖ ਤੌਰ 'ਤੇ ਪੰਜਾਬ ਸਿਰ ਮੜ੍ਹੀ ਧਾਨ ਦੀ ਫਸਲ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਗਲਤ ਵੰਡ ਜਿੰਮੇਵਾਰ ਹਨ। ਪੰਜਾਬ ਵਿਚ ਅਪਨਾਈ ਗਈ 'ਖੇਤੀ ਦੀ ਨਵੀਂ ਜੁਗਤ' ਦੀ ਕਾਮਯਾਬੀ ਦੇ ਨਤੀਜੇ ਵਜੋਂ ਇਸ ਸੂਬੇ ਵਿਚ ਕਣਕ ਦੀ ਪੈਦਾਵਾਰ ਵਿਚ ਹੋਏ ਅਥਾਹ ਵਾਧੇ ਦੇ ਨਤੀਜਿਆਂ ਨੂੰ ਦੇਖਦਿਆਂ ਕੇਂਦਰ ਸਰਕਾਰ ਨੇ ਆਪਣੇ ਅਨਾਜ ਭੰਡਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਖੇਤੀ ਜਿਣਸਾਂ ਦੀਆਂ ਘੱਟੋ-ਘੱਟ ਕੀਮਤਾਂ ਦੀ ਨੀਤੀ ਰਾਹੀਂ ਪੰਜਾਬ ਸਿਰ ਧਾਨ ਦੀ ਫਸਲ ਮੜ੍ਹ ਦਿੱਤੀ।

ਪੰਜਾਬ ਤਿੰਨ-ਚੌਥਾਈ ਤੋਂ ਵੱਧ ਵਿਕਾਸ ਖੰਡਾਂ ਵਿਚ ਧਰਤੀ ਹੇਠਲਾ ਪਾਣੀ ਖਤਰਨਾਕ ਪੱਧਰ ਤੱਕ ਹੇਠਾਂ ਜਾ ਚੁਕਾ ਹੈ ਅਤੇ ਇਹ ਵਿਕਾਸ ਖੰਡ ਉਹ ਹਨ, ਜਿੱਥੇ ਧਾਨ ਦੀ ਖੇਤੀ ਕੀਤੀ ਜਾਂਦੀ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਰਾਜਸੀ ਗਿਣਤੀਆਂ-ਮਿਣਤੀਆਂ ਨੂੰ ਅੱਗੇ ਰੱਖਿਆ ਗਿਆ ਤੇ ਰੱਖਿਆ ਜਾ ਰਿਹਾ ਹੈ, ਜਦੋਂ ਕਿ ਰਿਪੇਅਰੀਅਨ ਸਿਧਾਂਤ ਨੂੰ ਇਸ ਦਾ ਆਧਾਰ ਬਣਾਇਆ ਜਾਣਾ ਬਣਦਾ ਹੈ।

ਪੰਜਾਬ ਦੇ ਬਹੁਤੇ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਘਾਟ ਲਗਾਤਾਰ ਵਧਦੀ ਜਾ ਰਹੀ ਹੈ ਅਤੇ ਖੇਤੀ ਪੈਦਾਵਾਰ ਲਈ ਵਰਤੇ ਗਏ ਰਸਾਇਣਾਂ ਕਾਰਨ ਇਹ ਪਾਣੀ ਮਨੁੱਖਾਂ, ਪਸ਼ੂਆਂ ਅਤੇ ਪੰਛੀਆਂ ਦੀ ਜ਼ਿੰਦਗੀ ਲਈ ਖਤਰਾ ਬਣ ਰਿਹਾ ਹੈ। ਕਿਸਾਨਾਂ ਦੀ ਗਰੀਬੀ ਕਾਰਨ ਉਨ੍ਹਾਂ ਵੱਲੋਂ ਕਣਕ ਦੀ ਨਾੜ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਕਾਰਨ ਪੈਦਾ ਹੋਈ ਕਾਰਬਨਡਾਇਆਕਸਾਈਡ ਅਤੇ ਧੂੰਏਂ ਦੇ ਕਣ ਅਤੇ ਝੋਨੇ ਦੀ ਫਸਲ ਲਈ ਲੋੜੀਂਦੀ ਵਰਤਮਾਨ ਛੱਪੜ-ਸਿੰਜਾਈ ਕਾਰਨ ਪੈਦਾ ਹੋਈ ਮੀਥੇਨ ਗੈਸ ਇਸ ਸੂਬੇ ਵਿਚ ਹਰ ਤਰ੍ਹਾਂ ਦੀ ਜ਼ਿੰਦਗੀ ਲਈ ਖਤਰਨਾਕ ਹੈ। ਖੇਤੀ ਪੈਦਾਵਾਰ ਲਈ ਵਰਤੇ ਜਾ ਰਹੇ ਰਸਾਇਣ ਇੱਥੋਂ ਦੀ ਧਰਤੀ ਨੂੰ ਬੰਜਰ ਬਣਾਉਣ ਵੱਲ ਵਧ ਰਹੇ ਹਨ।

ਪੰਜਾਬ ਦੇ ਸਨਅਤੀ ਵਿਕਾਸ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ। ਖਾੜਕੂਵਾਦ ਦੇ ਦੌਰ ਅਤੇ ਪੰਜਾਬ ਨਾਲ ਲੱਗਦੇ ਪਹਾੜੀ ਸੂਬਿਆਂ ਵਿਚ ਉਦਯੋਗਾਂ ਲਈ ਵਿਸ਼ੇਸ਼ ਟੈਕਸ ਛੋਟਾਂ ਨੇ ਇੱਥੋਂ ਦੇ ਸਨਅਤੀ ਵਿਕਾਸ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਖੇਤੀ ਆਧਾਰਤ ਘਰੇਲੂ ਅਤੇ ਛੋਟੇ ਉਦਯੋਗਾਂ ਦੇ ਵਿਕਾਸ ਵੱਲ ਬਿਲਕੁਲ ਹੀ ਧਿਆਨ ਨਹੀਂ ਦਿੱਤਾ ਗਿਆ। ਇਸ ਤੋਂ ਬਿਨਾ ਪੰਜਾਬ ਦੇ ਸਰਹੱਦੀ ਇਲਾਕਿਆਂ ਵੱਲ ਬਣਦਾ ਧਿਆਨ ਨਾ ਦਿੱਤੇ ਜਾਣ ਕਾਰਨ ਉਥੋਂ ਦੇ ਲੋਕ ਅਨੇਕਾਂ ਸਮੱਸਿਆਵਾਂ ਝੱਲ ਰਹੇ ਹਨ।

ਪੰਜਾਬ ਤੋਂ ਚੁਣੇ ਗਏ ਸਾਰੇ 13 ਸੰਸਦ ਮੈਂਬਰਾਂ ਦਾ ਫਰਜ਼ ਬਣਦਾ ਹੈ ਕਿ ਪੰਜਾਬ ਦੇ ਮਸਲਿਆਂ ਸਬੰਧੀ ਵਿਚਾਰ ਲੋਕ ਸਭਾ ਵਿਚ ਦਲੀਲਾਂ ਸਹਿਤ ਰੱਖ ਕੇ ਕੇਂਦਰ ਸਰਕਾਰ ਤੋਂ ਇਸ ਸੂਬੇ ਦੀਆਂ ਸਮੱਸਿਆਵਾਂ ਹੱਲ ਕਰਾਉਣ।

# ਭਾਰਤ ਵਿਚਲਾ ਪਾਣੀ ਦਾ ਸੰਕਟ ਕਿਵੇਂ ਹੱਲ ਹੋਵੇ?

ਡਾ. ਗੁਰਿੰਦਰ ਕੌਰ
ਫੋਨ: 1-408-493-9776

ਅੱਜ ਕੱਲ੍ਹ ਦੱਖਣੀ ਭਾਰਤ ਦੇ ਪ੍ਰਸਿੱਧ ਸ਼ਹਿਰ ਚੇਨੱਈ ਦੇ ਘਰਾਂ ਵਿਚ ਪੀਣ ਵਾਲੇ ਪਾਣੀ ਦੀ ਪੂਰਤੀ ਵਿਚ 40% ਕਟੌਤੀ ਕਰ ਦਿੱਤੀ ਗਈ ਹੈ। ਹਸਪਤਾਲਾਂ ਵਿਚ ਵੀ ਲੋੜ ਤੋਂ ਘੱਟ ਪਾਣੀ ਭੇਜਿਆ ਜਾ ਰਿਹਾ ਹੈ। ਪਾਣੀ ਦੀ ਸਮੱਸਿਆ ਇੰਨੀ ਭਿਆਨਕ ਪੱਧਰ 'ਤੇ ਪਹੁੰਚ ਗਈ ਹੈ ਕਿ ਆਈ. ਟੀ. ਕੰਪਨੀਆਂ ਨੇ ਤਾਂ ਆਪਣੇ ਕਰਮਚਾਰੀਆਂ ਨੂੰ ਘਰੋਂ ਹੀ ਕੰਮ ਕਰਨ ਨੂੰ ਕਹਿ ਦਿੱਤਾ ਹੈ, ਕਿਉਂਕਿ ਉਹ ਦਫਤਰਾਂ ਵਿਚ ਲੋੜ ਅਨੁਸਾਰ ਪਾਣੀ ਮੁਹੱਈਆ ਕਰਵਾਉਣ ਤੋਂ ਅਸਮਰੱਥ ਹਨ। ਲੋਕਾਂ ਨੂੰ ਆਪਣੀਆਂ ਰੋਜ਼ਮੱਰਾ ਦੀਆਂ ਲੋੜਾਂ ਪੂਰੀਆਂ ਕਰਨ ਲਈ 1380 ਮਿਲੀਅਨ ਲੀਟਰ ਪਾਣੀ ਚਾਹੀਦਾ ਹੈ, ਪਰ ਸ਼ਹਿਰ ਦਾ ਪਾਣੀ ਸਪਲਾਈ ਵਿਭਾਗ ਅਤੇ ਸੀਵਰੇਜ ਬੋਰਡ ਉਨ੍ਹਾਂ ਨੂੰ ਸਿਰਫ 830 ਮਿਲੀਅਨ ਲੀਟਰ ਪਾਣੀ ਹੀ ਮੁਸ਼ਕਿਲ ਨਾਲ ਟੈਂਕਰਾਂ ਦੀ ਮਦਦ ਨਾਲ ਮੁਹੱਈਆ ਕਰਵਾ ਰਿਹਾ ਹੈ। ਚੇਨੱਈ ਵਿਚ ਪਾਣੀ ਦਾ ਇਹ ਸੰਕਟ ਪਿੱਛਲੇ ਛੇ ਮਹੀਨਿਆਂ ਤੋਂ ਚੱਲ ਰਿਹਾ ਹੈ।

ਤਾਮਿਲਨਾਡੂ ਰਾਜ ਸਰਕਾਰ ਅਤੇ ਮਿਊਂਸਪਲ ਕਾਰਪੋਰੇਸ਼ਨ ਸ਼ਹਿਰ ਵਿਚ ਪਾਣੀ ਦੇ ਇਸ ਸੰਕਟ ਦਾ ਮੁੱਖ ਕਾਰਨ ਸਰਦੀਆਂ ਵਿਚ ਮੌਨਸੂਨ ਪੌਣਾਂ ਰਾਹੀਂ ਹੋਣ ਵਾਲਾ ਔਸਤ ਨਾਲੋਂ ਘੱਟ ਮੀਂਹ ਦੱਸ ਰਹੀਆਂ ਹਨ, ਜੋ ਥੋੜ੍ਹਾ ਜਿਹਾ ਠੀਕ ਹੈ, ਪਰ ਪੂਰਾ ਸੱਚ ਨਹੀਂ ਹੈ। ਇਸ ਸੰਕਟ ਦਾ ਮੁੱਖ ਕਾਰਨ ਚੇਨੱਈ ਦਾ ਬੇਤਹਾਸ਼ਾ ਬੇਤਰਤੀਬਾ ਵਿਕਾਸ ਅਤੇ ਪਾਣੀ ਦੇ ਕੁਦਰਤੀ ਸ੍ਰੋਤਾਂ ਦਾ ਅੰਨ੍ਹੇਵਾਹ ਉਜਾੜਾ ਹੈ। ਚੇਨੱਈ ਸ਼ਹਿਰ ਅਤੇ ਇਸ ਦੇ ਆਸਪਾਸ ਦੇ ਇਲਾਕਿਆਂ ਦੇ ਲੋਕ ਖੇਤੀਬਾੜੀ ਅਤੇ ਆਪਣੀਆਂ ਰੋਜ਼ਮੱਰਾ ਦੀਆਂ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਮੀਂਹ ਦਾ ਪਾਣੀ ਨਹਿਰਾਂ, ਤਲਾਬਾਂ ਅਤੇ ਝੀਲਾਂ ਵਿਚ ਸੁਚੱਜੇ ਤਰੀਕੇ ਨਾਲ ਇਕੱਠਾ ਕਰ ਲਿਆ ਕਰਦੇ ਸਨ। ਚੇਨੱਈ ਦੀ ਅੰਨਾ ਯੂਨੀਵਰਸਿਟੀ ਦੀ ਇਕ ਖੋਜ ਅਨੁਸਾਰ 20ਵੀਂ ਸਦੀ ਦੇ ਸ਼ੁਰੂ ਵਿਚ ਸ਼ਹਿਰ ਵਿਚ 60 ਵੱਡੇ ਤਲਾਬ, ਝੀਲਾਂ, ਅਦੀਆਰ ਤੇ ਕੋਮ ਨਾਂ ਦੇ ਬਰਸਾਤੀ ਦਰਿਆ ਅਤੇ ਇਕ ਬਕਿੰਘਮ ਨਾਂ ਦੀ ਨਹਿਰ ਸੀ, ਜੋ ਲੋਕਾਂ ਦੀਆਂ ਪਾਣੀ ਦੀਆਂ ਲੋੜਾਂ ਦੀ ਪੂਰਤੀ ਕਰਦੇ ਸਨ, ਪਰ ਹੁਣ ਤਲਾਬ/ਝੀਲਾਂ ਘਟ ਕੇ 28 ਹੀ ਰਹਿ ਗਏ ਹਨ। ਇਸ ਤੋਂ ਇਲਾਵਾ ਹੁਣ ਅਦੀਆਰ ਦਰਿਆ ਦੇ ਵਹਾਅ ਖੇਤਰ ਵਿਚ ਤਾਂ ਹਵਾਈ ਅੱਡਾ ਬਣਾ ਦਿੱਤਾ ਗਿਆ ਹੈ। ਇਸ ਸ਼ਹਿਰ ਵਿਚ ਪਲਾਈਕਾਰਾਨਾਏ ਨਾਂ ਦੀ 6000 ਹੈਕਟੇਅਰ ਵਿਚ ਫੈਲੀ ਇਕ ਵੱਡੀ ਜਲਗਾਹ ਸੀ, ਜੋ ਮੀਂਹ ਦੇ ਪਾਣੀ ਨੂੰ ਆਪਣੇ ਅੰਦਰ ਸੋਖ ਲੈਂਦੀ ਸੀ ਅਤੇ ਖੁਸ਼ਕ ਮੌਸਮ ਵਿਚ ਜ਼ਮੀਨੀ ਜਲ ਪੱਧਰ ਨੂੰ ਰਿਚਾਰਜ ਕਰਨ ਵਿਚ ਸਹਾਈ ਹੁੰਦੀ ਸੀ, ਪਰ ਹੁਣ ਇਸ ਦੇ ਬਹੁਤੇ ਹਿੱਸੇ ਉਤੇ ਮਾਸ ਰੈਪਿਡ ਟਰਾਂਜ਼ਿਟ ਸਿਸਟਮ ਬਣਾ ਦਿੱਤਾ ਗਿਆ, ਜਿਸ ਨਾਲ ਰਕਬਾ ਘੱਟ ਕੇ ਸਿਰਫ 650 ਹੈਕਟੇਅਰ ਹੀ ਰਹਿ ਗਿਆ ਹੈ, ਜੋ ਇਥੋਂ ਦੀ ਵਧਦੀ ਸ਼ਹਿਰੀ ਆਬਾਦੀ ਦੀਆਂ ਲੋੜਾਂ ਪੂਰੀਆਂ ਕਰਨ ਦੇ ਨਾਲ ਜਮੀਨੀ ਜਲ ਪੱਧਰ ਨੂੰ ਗਿਰਨ ਤੋਂ ਬਚਾਉਣ ਦੇ ਵੀ ਅਸਮਰੱਥ ਹੋ ਗਈ ਹੈ। ਇਸ ਤੋਂ ਇਲਾਵਾ ਹੋਰ ਵੱਖ ਵੱਖ ਸਥਾਨਕ ਅਧਿਐਨਾਂ ਤੋਂ ਵੀ ਪਤਾ ਲੱਗਦਾ ਹੈ ਕਿ ਵਧਦੀ ਸ਼ਹਿਰੀ ਆਬਾਦੀ ਅਤੇ ਉਦਯੋਗਾਂ ਦੇ ਵਿਕਾਸ ਲਈ ਕੁਦਰਤੀ ਜਲ ਸਾਧਨਾਂ ਦੀ ਅਣਦੇਖੀ ਕੀਤੀ ਗਈ। ਨਤੀਜੇ ਵਜੋਂ ਅੱਜ ਕਲ੍ਹ ਚੇਨੱਈ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਿਰਫ ਚਾਰ ਰੈਜ਼ਰਵਾਇਰਜ਼ ਉਤੇ ਨਿਰਭਰ ਹੈ, ਪਰ ਪਿਛਲੇ ਸਾਲਾਂ ਵਿਚ ਔਸਤ ਤੋਂ ਘਟ ਮੀਂਹ ਪੈਣ ਕਾਰਨ ਉਹ ਸਾਰੇ ਇਸ ਸਮੇਂ ਲਗਭਗ ਸੁੱਕਣ ਕਿਨਾਰੇ ਹਨ, ਕਿਉਂਕਿ ਉਨ੍ਹਾਂ ਵਿਚ ਪਾਣੀ ਸੰਭਾਲਣ ਦੀ ਸਮਰੱਥਾ ਦਾ 1% ਤੋਂ ਵੀ ਘੱਟ ਪਾਣੀ ਹੈ। ਉਪਰੋਂ ਇਸ ਸਾਲ ਐਲਨੀਨੋ ਵਰਗੀ ਸਥਿਤੀ ਹੋਣ ਕਰਕੇ ਹਾਲੇ ਤੱਕ ਜੂਨ ਦੇ ਆਖੀਰ ਤੱਕ ਮੀਂਹ ਔਸਤ ਤੋਂ 40% ਘੱਟ ਪਿਆ ਹੈ ਅਤੇ ਇਸ ਮੌਨਸੂਨ ਰੁੱਤ ਵਿਚ ਘੱਟ ਮੀਂਹ ਪੈਣ ਦੇ ਆਸਾਰ ਸਾਫ ਨਜ਼ਰ ਆ ਰਹੇ ਹਨ।

ਨੀਤੀ ਆਯੋਗ ਦੀ ਇਕ ਰਿਪੋਰਟ ਅਨੁਸਾਰ ਸਾਲ 2020 ਵਿਚ ਇਕੱਲੇ ਚੇਨੱਈ ਸ਼ਹਿਰ ਦਾ ਹੀ ਨਹੀਂ ਸਗੋਂ ਦਿੱਲੀ, ਮੁੰਬਈ, ਹੈਦਰਾਬਾਦ, ਬੰਗਲੌਰ, ਇੰਦੌਰ ਆਦਿ ਸਮੇਤ 21 ਸ਼ਹਿਰਾਂ ਦਾ ਧਰਤੀ ਹੇਠਲਾ ਪਾਣੀ ਖਤਮ ਹੋ ਜਾਵੇਗਾ ਅਤੇ 2030 ਤੱਕ ਦੇਸ਼ ਦੀ 40% ਆਬਾਦੀ ਕੋਲ ਪੀਣ ਲਈ ਪਾਣੀ ਨਹੀਂ ਹੋਵੇਗਾ। ਦੇਸ਼ ਦਾ 70% ਪੀਣ ਯੋਗ ਪਾਣੀ ਪ੍ਰਦੂਸ਼ਿਤ ਹੋ ਚੁਕਾ। ਪ੍ਰਦੂਸ਼ਿਤ ਪਾਣੀ ਪੀਣ ਨਾਲ ਹਰ ਸਾਲ 2 ਲੱਖ ਵਿਅਕਤੀ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਨਾਲ ਪੀੜਿਤ ਹੋ ਕੇ ਮਰ ਜਾਂਦੇ ਹਨ। ਇੰਜ ਪ੍ਰਦੂਸ਼ਿਤ ਪਾਣੀ ਨਾਲ ਰੋਜ਼ਾਨਾ 548 ਵਿਅਕਤੀ ਮੌਤ ਦੇ ਮੂੰਹ ਵਿਚ ਜਾ ਪੈਂਦੇ ਹਨ। ਦੇਸ਼ ਕੋਲ ਦੁਨੀਆਂ ਦੇ ਕੁੱਲ ਪੀਣ ਯੋਗ ਪਾਣੀ ਦਾ 4% ਹੈ, ਜਦਕਿ ਇੱਥੇ ਦੁਨੀਆਂ ਦੀ 18% ਆਬਾਦੀ ਰਹਿੰਦੀ ਹੈ, ਜਿਸ ਨਾਲ ਇੱਥੇ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਘਟ ਰਿਹਾ ਹੈ।

ਇਕ ਰਿਪੋਰਟ ਦੇ ਅਨੁਸਾਰ 2000 ਤੋਂ 2010 ਤੱਕ ਸੰਸਾਰਕ ਪੱਧਰ 'ਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਵਿਚ 22% ਦੀ ਦਰ ਨਾਲ ਗਿਰਾਵਟ ਆਈ, ਜਦਕਿ ਇਸ ਸਮੇਂ ਭਾਰਤ ਵਿਚ ਇਹ ਗਿਰਾਵਟ 23% ਦਰ ਨਾਲ ਆਈ। ਗਰੀਨ ਐਂਡ ਗਰੇ ਇੰਫਰਾਸਟਰਕਚਰ ਦੀ ਇਕ ਰਿਪੋਰਟ ਅਨੁਸਾਰ 2040 ਵਿਚ ਦੁਨੀਆਂ ਦੇ 33 ਦੇਸ਼ਾਂ ਨੂੰ ਪਾਣੀ ਦੇ ਅੱਤ ਦਰਜੇ ਦੀ ਘਾਟ ਦਾ ਸਾਹਮਣਾ ਕਰਨਾ ਪਵੇਗਾ, ਉਨ੍ਹਾਂ ਵਿਚ ਭਾਰਤ ਵੀ ਹੋਵੇਗਾ।

ਦਿੱਲੀ ਵਿਚ ਅੱਜ ਵੀ ਬਹੁਤ ਸਾਰੀਆਂ ਕਾਲੋਨੀਆਂ ਪਾਣੀ ਦੀ ਕਿੱਲਤ ਦਾ ਸਾਹਮਣਾ ਕਰ ਰਹੀਆਂ ਹਨ। ਪਿਛਲੇ ਸਾਲ ਸ਼ਿਮਲੇ ਵਿਚ ਲੋਕਾਂ ਨੂੰ ਇਕ ਹਫਤਾ ਗਰਮੀਆਂ ਦੇ ਦਿਨਾਂ ਵਿਚ ਪਾਣੀ ਲੈਣ ਲਈ ਮਾਲ ਰੋਡ ਉਤੇ ਲਾਈਨਾਂ ਲਾ ਕੇ ਖੜ੍ਹਨਾ ਪਿਆ ਅਤੇ ਹਿਮਾਚਲ ਸਰਕਾਰ ਨੂੰ ਉਨ੍ਹੀਂ ਦਿਨੀਂ ਸੈਲਾਨੀਆਂ ਨੂੰ ਸ਼ਿਮਲੇ ਘੁੰਮਣ ਆਉਣ ਤੋਂ ਮਨ੍ਹਾਂ ਕਰਨਾ ਪਿਆ, ਜਿਨ੍ਹਾਂ ਲਈ ਪਰਵਾਣੂ-ਸ਼ਿਮਲਾ ਸੜਕ ਨੂੰ ਚਾਰ ਮਾਰਗੀ ਬਣਾਇਆ ਜਾ ਰਿਹਾ ਹੈ। ਜੇ ਅਸੀਂ ਬੇਤਰਤੀਬਾ ਅਖੌਤੀ ਵਿਕਾਸ ਕਰਦੇ ਰਹੇ ਤਾਂ ਭਾਰਤ ਵਿਚ ਪਾਣੀ ਦਾ ਸੰਕਟ ਦਿਨੋ-ਦਿਨ ਗਹਿਰਾ ਹੁੰਦਾ ਜਾਵੇਗਾ। ਪਾਣੀ ਦੇ ਸੰਕਟ ਦੇ ਮੁੱਖ ਕਾਰਨ ਵਿਕਾਸ ਦੇ ਨਾਂ 'ਤੇ ਜੰਗਲਾਂ ਦੀ ਅੰਧਾਧੁੰਦ ਕਟਾਈ, ਬੇਤਹਾਸ਼ਾ ਸ਼ਹਿਰੀਕਰਨ ਅਤੇ ਉਦਯੋਗੀਕਰਨ, ਜਲ ਸ੍ਰੋਤਾਂ (ਨਦੀਆਂ, ਬਰਸਾਤੀ ਨਾਲੇ, ਝੀਲਾਂ, ਤਲਾਬ, ਟੋਭੇ ਆਦਿ) ਨੂੰ ਗੰਦਗੀ ਸੁੱਟ ਕੇ ਪ੍ਰਦੂਸ਼ਿਤ ਕਰਨਾ, ਵੱਖ ਵੱਖ ਰਾਜਾਂ ਉਤੇ ਕੇਂਦਰ ਸਰਕਾਰ ਦੁਆਰਾ ਥੋਪੀਆਂ ਗਈਆਂ ਫਸਲਾਂ (ਜਿਵੇਂ ਪੰਜਾਬ ਤੇ ਹਰਿਆਣੇ 'ਤੇ ਧਾਨ ਅਤੇ ਮਹਾਂਰਾਸ਼ਟਰ 'ਤੇ ਗੰਨਾ ਆਦਿ), ਪਾਣੀ ਦੀ ਗਲਤ ਵਰਤੋਂ, ਨਦੀਆਂ 'ਤੇ ਬੰਨ੍ਹ ਲਾਉਣਾ ਆਦਿ ਹਨ।


ਵੱਖ ਵੱਖ ਤਰ੍ਹਾਂ ਦੇ ਉਸਾਰੀ ਦੇ ਕੰਮਾਂ ਤੇ ਖਣਿਜ ਪਦਾਰਥਾਂ ਦੀ ਖੁਦਾਈ ਲਈ ਘਣੇ ਜੰਗਲ ਅਤੇ ਦਰੱਖਤ ਵਾਤਾਵਰਣ ਨਿਯਮ ਛਿੱਕੇ ਟੰਗ ਕੇ ਵੱਢੇ ਜਾ ਰਹੇ ਹਨ, ਜੋ ਮੀਂਹ ਦੇ ਵਾਧੂ ਪਾਣੀ ਨੂੰ ਆਪਣੀਆਂ ਜੜ੍ਹਾਂ ਵਿਚ ਜਜ਼ਬ ਕਰਨ ਦੀ ਸਮਰੱਥਾ ਰਖਦੇ ਹਨ। ਉਨ੍ਹਾਂ ਦੀ ਥਾਂ ਵਪਾਰਕ ਫਸਲਾਂ ਜਿਵੇਂ ਚਾਹ, ਕੌਫੀ ਆਦਿ ਥੱਲੇ ਰਕਬਾ ਵਧਾ ਕੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਜੰਗਲਾਂ ਥੱਲੇ ਵਧਿਆ ਹੋਇਆ ਰਕਬਾ ਦਿਖਾ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਸਰਕਾਰ ਕੁਝ ਕੁ ਅਮੀਰ ਲੋਕਾਂ ਦੇ ਸੌੜੇ ਹਿੱਤਾਂ ਖਾਤਰ ਵਾਤਾਵਰਣ ਨਿਯਮਾਂ ਨੂੰ ਬੜੇ ਕੋਝੇ ਤਰੀਕੇ ਨਾਲ ਬਦਲ ਕੇ ਜਿਵੇਂ 28 ਦਸੰਬਰ 2018 ਨੂੰ ਤੱਟਵਰਤੀ ਇਲਾਕਿਆਂ ਦੇ ਵਾਤਾਵਰਣ ਸੰਵੇਦਨਸ਼ੀਲ ਖੇਤਰਾਂ ਦੇ ਨਿਯਮ ਬਦਲ ਕੇ ਪੱਛਮੀ ਘਾਟ ਦੇ ਸੰਵੇਦਨਸ਼ੀਲ ਖੇਤਰਾਂ ਬਾਰੇ ਗਾਡਗਿਲ ਕਮੇਟੀ ਦੀ ਰਿਪੋਰਟ ਨੂੰ ਨਕਾਰ ਕੇ, ਪਹਾੜੀ ਖੇਤਰਾਂ ਵਿਚ ਚਾਰ ਮਾਰਗੀ ਸੜਕਾਂ ਆਦਿ ਬਣਾ ਕੇ ਕਰ ਰਹੀ ਹੈ, ਆਮ ਲੋਕਾਂ ਨੂੰ ਕੁਦਰਤੀ ਆਫਤਾਂ ਦੇ ਨਾਲ ਨਾਲ ਪਾਣੀ ਦੇ ਸੰਕਟ ਵਲ ਤੇਜ਼ੀ ਨਾਲ ਧਕੇਲ ਰਹੀ ਹੈ।

ਸਰਕਾਰ ਨੂੰ ਪਾਣੀ ਦੇ ਸੰਕਟ 'ਤੇ ਕਾਬੂ ਪਾਉਣ ਲਈ ਸਭ ਤੋਂ ਪਹਿਲਾਂ ਜੰਗਲਾਂ ਦੀ ਅੰਧਾਧੁੰਦ ਕਟਾਈ ਬੰਦ ਕਰਨੀ ਚਾਹੀਦੀ ਹੈ। ਮੀਂਹ ਦੇ ਪਾਣੀ ਨੂੰ ਰਵਾਇਤੀ ਤਰੀਕਿਆਂ ਅਤੇ ਵਿਗਿਆਨਕ ਢੰਗਾਂ ਨਾਲ ਇਕੱਠਾ ਕਰਕੇ ਉਸ ਤੋਂ ਵੱਧ ਤੋਂ ਵੱਧ ਫਾਇਦਾ ਲੈਣਾ ਚਾਹੀਦਾ ਹੈ। ਪਾਣੀ ਦੇ ਕਿਸੇ ਵੀ ਜਲ ਸਰੋਤ ਵਿਚ ਕਿਸੇ ਵੀ ਤਰ੍ਹਾਂ ਦੀ ਗੰਦਗੀ ਸੁੱਟਣ ਦੀ ਸਿਰਫ ਮਨਾਹੀ ਹੀ ਨਹੀਂ, ਸਗੋਂ ਸਜ਼ਾ ਦੇ ਨਾਲ ਜੁਰਮਾਨਾ ਵੀ ਹੋਣਾ ਚਾਹੀਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਨਦੀਆਂ ਵਿਚ ਵੱਡੇ, ਛੋਟੇ ਸ਼ਹਿਰਾਂ ਤੋਂ ਸੀਵਰੇਜ ਪਾਈਪਾਂ ਰਾਹੀਂ ਹਰ ਰੋਜ਼ ਸੁੱਟੇ ਜਾਂਦੇ ਮਣਾਂਮੂੰਹੀ ਮਲਮੂਤਰ ਅਤੇ ਉਦਯੋਗ ਦੇ ਰਸਾਇਣਾਂ ਵਾਲੇ ਗੰਦੇ ਪਾਣੀ ਨੂੰ ਬਿਨਾ ਸਮਾਂ ਗੁਆਏ ਬੰਦ ਕਰਵਾਏ। ਚੰਗਾ ਹੋਵੇ ਜੇ ਇਹ ਦਿੱਲੀ ਦੀ ਯੁਮਨਾ ਨਦੀ ਤੋਂ ਸ਼ੁਰੂ ਕਰੇ ਜਿਸ ਨਾਲ ਨਦੀਆਂ ਦਾ ਪਾਣੀ ਪੀਣ ਲਈ ਪਹਿਲਾਂ ਵਾਂਗ ਵਰਤਿਆ ਜਾ ਸਕੇ। ਇਸ ਤੋਂ ਇਲਾਵਾ ਪਿੰਡਾਂ ਅਤੇ ਸ਼ਹਿਰਾਂ ਵਿਚ ਪੁਰਾਣੇ ਟੋਭਿਆਂ/ਤਲਾਬਾਂ ਅਤੇ ਝੀਲਾਂ ਦੀ ਸਾਫ-ਸਫਾਈ ਕਰਵਾਉਣ ਲਈ ਪੰਚਾਇਤਾਂ ਅਤੇ ਮਿਊਂਸਪਲ ਕਮੇਟੀਆਂ/ਕਾਰਪੋਰੇਸ਼ਨਾਂ ਨੂੰ ਸਖਤ ਹਦਾਇਤਾਂ ਦੇਵੇ। ਹਰ ਇਕ ਰਾਜ ਵਿਚ ਉਥੋਂ ਦੇ ਪੌਣ-ਪਾਣੀ ਅਨੁਸਾਰ ਸਥਾਨਕ ਫਸਲਾਂ ਦਾ ਉਚਿਤ ਮੁੱਲ ਨਿਰਧਾਰਤ ਕਰ ਕੇ ਪੈਦਾ ਕਰਨ ਲਈ ਉਤਸ਼ਾਹਿਤ ਕਰੇ ਤਾਂ ਕਿ ਧਰਤੀ ਹੇਠਲੇ ਪਾਣੀ ਦੇ ਗਿਰਦੇ ਪੱਧਰ ਉਤੇ ਕਾਬੂ ਪਾਇਆ ਜਾ ਸਕੇ।

ਸਰਕਾਰ ਨੂੰ ਇਹ ਵੀ ਚਾਹੀਦਾ ਹੈ ਕਿ ਆਲਮੀ ਪੱਧਰ 'ਤੇ ਜੋ ਵੀ ਰਿਪੋਰਟ ਆਉਂਦੀ ਹੈ, ਉਸ ਉਤੇ ਸੰਜੀਦਗੀ ਨਾਲ ਵਿਚਾਰ ਕਰੇ ਅਤੇ ਸਖਤ ਕਾਨੂੰਨ ਬਣਾ ਕੇ ਵਾਤਾਵਰਣ ਨੂੰ ਸੁਧਾਰਨ ਦਾ ਯਤਨ ਕਰੇ, ਕਿਉਂਕਿ ਜਦੋਂ ਵੀ ਕੋਈ ਰਿਪੋਰਟ ਆਉਂਦੀ ਹੈ, ਜਿਸ ਵਿਚ ਭਾਰਤ ਦਾ ਵਾਤਾਵਰਣ ਸਬੰਧੀ ਦਰਜਾ ਨੀਵਾਂ ਹੁੰਦਾ ਹੈ, ਉਸ ਨੂੰ ਸਾਡੇ ਦੇਸ਼ ਦੀ ਉਸ ਸਮੇਂ ਦੇ ਸਰਕਾਰ ਇਕ ਸਿਰੇ ਤੋਂ ਨਕਾਰ ਦਿੰਦੀ ਹੈ। ਐਲਡੋਰਾਡੋ ਵੈਦਰ ਏਜੰਸੀ ਦੀ ਇਕ ਰਿਪੋਰਟ ਜਿਸ ਵਿਚ ਕਿਹਾ ਗਿਆ ਸੀ ਕਿ 2 ਜੂਨ 2019 ਨੂੰ ਦੁਨੀਆਂ 15 ਸਭ ਤੋਂ ਗਰਮ ਸ਼ਹਿਰਾਂ ਵਿਚੋਂ 11 ਭਾਰਤ ਵਿਚ ਹਨ। ਇਸ ਰਿਪੋਰਟ ਦੇ ਜਵਾਬ ਵਿਚ ਕਿਹਾ ਗਿਆ ਕਿ ਤਾਪਮਾਨ ਤਾਂ ਹਰ ਰੋਜ਼ ਬਦਲਦਾ ਹੈ, ਇਸ ਲਈ ਇਹ ਰਿਪੋਰਟ ਗਲਤ ਹੈ। ਇਸ ਤੋਂ ਪਹਿਲਾਂ ਦਿੱਲੀ ਦੇ ਹਵਾ ਪ੍ਰਦੂਸ਼ਣ ਬਾਰੇ ਇਕ ਰਿਪੋਰਟ ਨੂੰ ਵੀ ਵਾਤਾਵਰਣ ਮੰਤਰੀਆਂ-ਅਨਿਲ ਦੇਵ ਅਤੇ ਹਰਸ਼ਵਰਧਨ ਨੇ ਨਕਾਰਿਆ ਸੀ। ਇਸ ਵਾਰ ਭਾਰਤ ਦੇ ਨੀਤੀ ਆਯੋਗ ਨੇ ਇਹ ਗੱਲ ਪ੍ਰਵਾਨ ਕੀਤੀ ਹੈ ਕਿ ਭਾਰਤ ਵਿਚ ਪਾਣੀ ਦਾ ਸੰਕਟ ਤੇਜ਼ੀ ਨਾਲ ਵਧ ਰਿਹਾ ਹੈ।

# ਸਮੇਂ ਦੀ ਚਾਲ ਨਾਲ ਬੜਾ ਹੀ ਕੁਝ ਬਦਲ ਜਾਣਾ!


ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਮੈਨੂੰ ਇਹ ਨਹੀਂ ਪਤਾ ਕਿ ਰਾਜਨੀਤੀ ਤੋਂ ਹਟ ਕੇ ਲਿਖਣ ਲੱਗਾ ਹਾਂ ਜਾਂ ਰਾਜਨੀਤੀ ਦੇ ਭਵਿੱਖ ਬਾਰੇ, ਭਵਿੱਖ ਦੀ ਰਾਜਨੀਤੀ ਜਾਂ ਫਿਰ ਕਿਰਤ ਕਰਨ ਅਤੇ ਪੇਟ ਭਰਨ ਵਾਲੀ ਜਮਾਤ ਦੇ ਭਵਿੱਖ ਬਾਰੇ ਲਿਖਣ ਲੱਗਾ ਹਾਂ! ਹਾਲਾਤ ਬੜੀ ਤੇਜ਼ੀ ਨਾਲ ਅਤੇ ਸਾਡੀ ਸੋਚ ਤੋਂ ਬਾਹਰੀ ਤੇਜ਼ੀ ਨਾਲ ਬਦਲ ਰਹੇ ਹਨ। ਅਗਲੇ ਕੁਝ ਸਾਲਾਂ ਵਿਚ ਕਈ ਕੁਝ ਇਸ ਤਰ੍ਹਾਂ ਦਾ ਹੋਣ ਵਾਲਾ ਹੈ, ਜਿਸ ਨਾਲ ਅੱਜ ਦੀਆਂ ਸਭ ਧਾਰਨਾਵਾਂ ਬਦਲ ਸਕਦੀਆਂ ਹਨ। ਜਦੋਂ ਏਨਾ ਕੁਝ ਅਤੇ ਏਨੀ ਤੇਜ਼ੀ ਨਾਲ ਬਦਲਣ ਜਾ ਰਿਹਾ ਹੈ, ਇਸ ਦੇ ਅਸਰ ਹੇਠ ਅੱਜ ਦੀ ਰਾਜਨੀਤੀ ਅਤੇ ਕਿਰਤ ਕਰਨ ਵਾਲੀ ਜਮਾਤ ਦੇ ਅਜੋਕੇ ਹੱਕੀ ਸੰਘਰਸ਼ ਜਾਂ ਇਸ ਦੀਆਂ ਮੰਗਾਂ ਵਾਲੇ ਪੱਖ 'ਤੇ ਵੀ ਏਨਾ ਅਸਰ ਹੋਣਾ ਹੈ, ਜਿਸ ਦੀ ਗੱਲ ਕਰਨਾ ਹਾਲੇ ਹਾਸੋਹੀਣਾ ਲੱਗਦਾ ਹੈ।



ਇਸ ਜੁਲਾਈ ਦੀ ਪੰਜ ਤਾਰੀਖ ਨੂੰ ਜਦੋਂ ਭਾਰਤ ਦਾ ਬਜਟ ਪੇਸ਼ ਕੀਤਾ ਜਾ ਰਿਹਾ ਸੀ, ਖਜਾਨਾ ਮੰਤਰੀ ਬੀਬੀ ਇਹ ਦੱਸ ਰਹੀ ਸੀ ਕਿ ਅਗਲੇ ਸਾਲਾਂ ਵਿਚ ਬਿਜਲੀ ਨਾਲ ਚੱਲਣ ਵਾਲੀਆਂ ਕਾਰਾਂ ਲਈ ਮਾਹੌਲ ਬਣਾਉਣਾ ਹੈ, ਤਾਂ ਇੱਕ ਸੱਜਣ ਨੇ ਫੋਨ ਕਰ ਕੇ ਪੁੱਛ ਲਿਆ ਕਿ ਉਦੋਂ ਫਿਰ ਅੱਜ ਵਾਲੇ ਪੈਟਰੋਲ ਪੰਪਾਂ ਦਾ ਕੀ ਬਣੇਗਾ? ਜਲੰਧਰ ਵਰਗੇ ਸ਼ਹਿਰ ਦੇ ਇੱਕ ਵਧੀਆ ਚੱਲਦੇ ਅਤੇ ਤੀਸਰੀ ਪੀੜ੍ਹੀ ਵੱਲੋਂ ਚਲਾਏ ਜਾ ਰਹੇ ਪੈਟਰੋਲ ਪੰਪ ਦਾ ਅਜੋਕਾ ਸੰਚਾਲਕ ਉਹ ਨੌਜਵਾਨ ਇਸ ਲਈ ਚਿੰਤਤ ਸੀ ਕਿ ਉਸ ਦੇ ਕਾਰੋਬਾਰ 'ਤੇ ਸੱਟ ਪੈਣ ਵਾਲੀ ਸੀ, ਪਰ ਅਸੀਂ ਕੁਝ ਅੱਗੇ ਸੋਚ ਰਹੇ ਹਾਂ।

ਭਾਰਤ ਦੀ ਸਰਕਾਰ ਦੂਜੇ ਦੇਸ਼ਾਂ ਵਾਂਗ ਬਿਜਲੀ ਵਾਲੀਆਂ ਕਾਰਾਂ ਤੇ ਹੋਰ ਗੱਡੀਆਂ ਚਲਾਉਣ ਦੀ ਯੋਜਨਾ ਬਣਾ ਰਹੀ ਹੈ ਤਾਂ ਇਸ ਲਈ ਕਿ ਇਸ ਨਾਲ ਪ੍ਰਦੂਸ਼ਣ ਘਟੇਗਾ, ਖਰਚਾ ਵੀ ਘਟੇਗਾ ਅਤੇ ਤੇਲ ਦੇਣ ਵੇਲੇ ਅੜੀਆਂ ਕਰਨ ਵਾਲੇ ਦੇਸਾਂ 'ਤੇ ਸਾਡੇ ਦੇਸ਼ ਦੀ ਨਿਰਭਰਤਾ ਵੀ ਘਟੇਗੀ। ਸਰਕਾਰ ਏਦਾਂ ਕਰ ਕੇ ਗਲਤ ਕੁਝ ਨਹੀਂ ਕਰਦੀ ਜਾਪਦੀ। ਜਦੋਂ ਇਹ ਪ੍ਰਬੰਧ ਚੱਲਣ ਪਿੱਛੋਂ ਹਰ ਪਾਸੇ ਕਾਰਾਂ ਤੇ ਹੋਰ ਗੱਡੀਆਂ ਬਿਜਲੀ ਨਾਲ ਚੱਲਣ ਲੱਗੀਆਂ, ਪੈਟਰੋਲ ਪੰਪ ਜ਼ਰੂਰ ਬੰਦ ਹੋ ਜਾਣਗੇ। ਇੱਕਦਮ ਇਹ ਬੰਦ ਨਹੀਂ ਹੋਣੇ, ਹੌਲੀ-ਹੌਲੀ ਹੋ ਜਾਣਗੇ, ਪਰ ਇਹ ਕੁਝ ਹੋਣਾ ਤਾਂ ਹੈ ਹੀ। ਅੱਗੇ ਵੀ ਕਈ ਕੁਝ ਬੰਦ ਹੁੰਦਾ ਗਿਆ ਹੈ।

ਸੋਸ਼ਲ ਮੀਡੀਆ 'ਤੇ ਇਸੇ ਹਫਤੇ ਕਿਸੇ ਸੱਜਣ ਨੇ ਮੈਸੇਜ ਪਾਇਆ ਹੈ ਕਿ ਪਹਿਲਾਂ ਜਦੋਂ ਕੈਮਰਿਆਂ ਵਿਚ ਫਿਲਮ ਪੈਂਦੀ ਸੀ, ਸਾਰੀ ਦੁਨੀਆਂ ਵਿਚ ਕੋਡਕ ਦੀ ਫਿਲਮ ਕੰਪਨੀ ਦੀ ਧੁੰਮ ਹੁੰਦੀ ਸੀ। ਅੱਜ ਨਵੀਂ ਪੀੜ੍ਹੀ ਵਾਲੇ ਲੋਕ ਇਸ ਕੰਪਨੀ ਤੇ ਉਸ ਫਿਲਮ ਰੋਲ ਬਾਰੇ ਜਾਣਦੇ ਵੀ ਨਹੀਂ ਹੋਣੇ। ਇੱਕ ਮੌਕੇ ਵੀਡੀਓ ਰਿਕਾਰਡਿੰਗ ਵਾਸਤੇ ਨਵੀਂ ਚੀਜ਼ ਵੀਡੀਓ ਕੈਸੇਟ ਹੁੰਦੀ ਸੀ, ਅੱਜ ਉਹ ਨਹੀਂ ਰਹੀ ਤੇ ਨਵੀਂ ਪੀੜ੍ਹੀ ਨੂੰ ਇਸ ਦਾ ਪਤਾ ਵੀ ਨਹੀਂ ਹੋਣਾ। ਕੈਸੇਟ ਪਿੱਛੋਂ ਕੰਪਿਊਟਰ ਦੀ ਫਲਾਪੀ ਡਿਸਕ ਆਈ ਸੀ, ਫਿਰ ਜਦੋਂ ਸੀ. ਡੀ. ਚੱਲ ਪਈ ਤਾਂ ਫਲਾਪੀ ਡਿਸਕ ਨਹੀਂ ਰਹੀ। ਨਵੀਂ ਪੀੜ੍ਹੀ ਦੇ ਬੱਚੇ ਏਨੀ ਗੱਲ ਸੁਣ ਕੇ ਹੀ ਅੱਕ ਜਾਣਗੇ, ਪਰ ਅਸੀਂ ਕੁਝ ਹੋਰ ਯਾਦ ਕਰ ਸਕਦੇ ਹਾਂ।

ਸਾਡੇ ਸਾਹਮਣੇ ਪਹਿਲਾਂ ਘਰਾਂ ਦੀਆਂ ਛੱਤਾਂ 'ਤੇ ਮੰਜੇ ਇੱਕ ਦੂਸਰੇ ਨਾਲ ਉਲਟੇ ਜੋੜ ਕੇ ਉਨ੍ਹਾਂ 'ਤੇ ਲਾਊਡ ਸਪੀਕਰ ਬੰਨ੍ਹਿਆ ਜਾਂਦਾ ਅਤੇ ਉਸ ਦੀ ਮਸ਼ੀਨ ਹੇਠਾਂ ਕਿਸੇ ਕਮਰੇ ਜਾਂ ਵਿਹੜੇ ਵਿਚ ਰੱਖ ਕੇ ਉਸ 'ਤੇ ਗੋਲਾਈਦਾਰ ਰਿਕਾਰਡ ਲਾ ਕੇ ਘੁੰਮਾਉਣ ਮਗਰੋਂ ਉਸ 'ਤੇ ਸੂਈ ਵਾਲਾ ਜੁਗਾੜ ਲਾਇਆ ਜਾਂਦਾ ਸੀ, ਜਿਸ ਦੀ ਸੂਈ ਝਰੀ ਵਿਚ ਚੱਲ ਕੇ ਅਵਾਜ਼ ਪੈਦਾ ਕਰਦੀ ਸੀ। ਪਿੱਛੋਂ ਉਹ ਸਭ ਕੁਝ ਗਾਇਬ ਹੋ ਗਿਆ। ਅੱਜ ਲਾਊਡ ਸਪੀਕਰ ਲੱਗਦੇ ਹਨ, ਪਰ ਮਸ਼ੀਨ ਵਿਚ ਸੀ. ਡੀ. ਫਿੱਟ ਹੁੰਦੀ ਹੈ। ਅਸੀਂ ਲੋਕਾਂ ਬਚਪਨ ਵਿਚ ਉਹ ਟੈਲੀਫੋਨ ਵੇਖਿਆ ਸੀ, ਜਿਸ ਨੂੰ ਚਲਾਉਣ ਜਾਂ ਘੰਟੀ ਵੱਜੀ ਤੋਂ ਸੁਣਨ ਵੇਲੇ ਨਾਲ ਹੱਥੀ ਘੁੰਮਾ ਕੇ ਚਾਬੀ ਭਰਨੀ ਪੈਂਦੀ ਸੀ, ਵਰਨਾ ਅਵਾਜ਼ ਬੈਠ ਜਾਂਦੀ ਸੀ, ਉਹ ਵੀ ਖਤਮ ਹੋ ਗਏ ਸਨ।

ਜਦੋਂ ਹਾਲੇ ਟੈਲੀਫੋਨ ਦਾ ਯੁੱਗ ਨਹੀਂ ਸੀ ਆਇਆ, ਉਦੋਂ ਟੈਲੀਗ੍ਰਾਮ ਹੁੰਦੀ ਸੀ ਤੇ ਡਾਕਖਾਨੇ ਜਾਂ ਕਿਸੇ ਸਰਕਾਰੀ ਦਫਤਰ ਵਿਚ ਬੈਠਾ ਬੰਦਾ ਉਸ ਦੀ ਪੱਟੀ 'ਤੇ ਉਂਗਲ ਦੇ ਨਾਲ ਖਾਸ ਕਿਸਮ ਦੀ ਟਿਕ-ਟਿਕ ਕਰੀ ਜਾਂਦਾ ਸੀ, ਜਿਸ ਦੀ ਟਿਕ-ਟਿਕ ਵਿਚ ਛੁਪੇ ਕੋਡ ਸੁਣਦਾ ਦੂਜੇ ਪਾਸੇ ਵਾਲਾ ਕਲਰਕ ਸਾਰਾ ਸੰਦੇਸ਼ ਨੋਟ ਕਰ ਸਕਦਾ ਸੀ। ਪਿਛਲੇਰੇ ਸਾਲ ਟੈਲੀਗ੍ਰਾਮ ਸਾਰੀ ਦੁਨੀਆਂ ਵਿਚ ਬੰਦ ਹੋ ਗਈ ਤਾਂ ਉਸ ਦਿਨ ਉਸ ਨਾਲ ਜੁੜੇ ਰਹੇ ਪੁਰਾਣੇ ਲੋਕਾਂ ਵਿਚੋਂ ਜਿਹੜੇ ਕੁਝ ਬਜੁਰਗ ਮਿਲੇ ਸਨ, ਉਦਾਸੀ ਜਿਹੀ ਨਾਲ ਜ਼ਿਕਰ ਕਰਦੇ ਸਨ।

ਸਾਡੇ ਵੇਖਦਿਆਂ ਤੋਂ ਪਿੰਡਾਂ ਵਿਚ ਖੇਤੀ ਲਈ ਪਾਣੀ ਕੱਢਣ ਵਾਸਤੇ ਵੱਡਾ ਮਹੱਤਵ ਰੱਖਦੇ ਖੂਹ ਗਾਇਬ ਹੋ ਗਏ ਤੇ ਉਨ੍ਹਾਂ ਦੀ ਥਾਂ ਲੋਹੇ ਦੀ ਪਾਈਪ ਵਾਲੇ ਟਿਊਬਵੈਲ ਆ ਗਏ ਸਨ। ਜੋ ਬਲਦ ਉਦੋਂ ਖੂਹਾਂ ਨੂੰ ਗੇੜਨ ਲਈ ਵਰਤਣ ਕਰ ਕੇ ਬੜੀ ਅਹਿਮੀਅਤ ਰੱਖਦੇ ਸਨ, ਉਸ ਦੇ ਬਾਅਦ ਗੱਡਿਆਂ ਜੋਗੇ ਰਹਿ ਗਏ ਅਤੇ ਫਿਰ ਗੱਡੇ ਬੰਦ ਹੋਣ ਕਾਰਨ ਬੇਲੋੜੇ ਹੋ ਕੇ ਘਰਾਂ ਤੋਂ ਕੱਢੇ ਜਾਣ ਲੱਗ ਪਏ ਸਨ। ਉਸ ਤੋਂ ਪਹਿਲਾਂ ਗਾਂ ਦੀ ਵੱਛੀ ਦਾ ਮੁੱਲ ਘੱਟ ਤੇ ਵੱਛੇ ਦਾ ਵੱਧ ਹੁੰਦਾ ਸੀ ਤੇ ਉਸ ਦੇ ਬਾਅਦ ਵੱਛੀ ਤੇ ਮੱਝ ਦੀ ਕੱਟੀ ਦੀ ਕਦਰ ਹਾਲੇ ਬਾਕੀ ਹੈ, ਵੱਛਾ ਤੇ ਕੱਟਾ ਬੇਲੋੜੇ ਹੋ ਗਏ ਸਨ। ਕੁਰਾਲੀ ਨੂੰ ਜਾਣ ਵਾਲੇ ਜਿਹੜੇ ਟਾਂਗੇ ਦੇ ਗੀਤ ਚੱਲਦੇ ਸਨ, ਅੱਜ ਉਹ ਟਾਂਗੇ ਕਿਤੇ ਵੀ ਨਹੀਂ ਰਹੇ। ਤਬਦੀਲੀ ਅਜੇ ਵੀ ਜਾਰੀ ਹੈ।

ਗੱਲ ਫਿਰ ਖਜਾਨਾ ਮੰਤਰੀ ਅਤੇ ਭਾਰਤ ਸਰਕਾਰ ਦੀ ਇਸ ਸੋਚ ਵੱਲ ਮੁੜ ਪੈਂਦੀ ਹੈ ਕਿ ਛੇਤੀ ਹੀ ਬਿਜਲੀ ਵਾਲੀ ਕਾਰ ਭਾਰਤ ਵਿਚ ਆ ਜਾਵੇਗੀ ਅਤੇ ਪੈਟਰੋਲ ਪੰਪ ਬੇਲੋੜੇ ਹੋਣ ਦਾ ਖਦਸ਼ਾ ਹੈ। ਦੁਨੀਆਂ ਇਸ ਤੋਂ ਅੱਗੇ ਜਾ ਰਹੀ ਹੈ। ਕੁਝ ਦੇਸ਼ਾਂ ਵਿਚ ਕਾਰਾਂ ਦੀ ਨਵੀਂ ਨਸਲ ਆ ਰਹੀ ਹੈ, ਜੋ ਡਰਾਈਵਰ ਤੋਂ ਬਿਨਾ ਚੱਲਿਆ ਕਰੇਗੀ ਅਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਸ ਦੀ ਮੁਹਾਰਤ ਏਨੀ ਹੈ ਕਿ ਹਾਦਸੇ ਵੀ ਘੱਟ ਹੋਣਗੇ। ਇਹ ਹੋ ਸਕਦਾ ਹੈ। ਆਕਾਸ਼ ਵਿਚ ਉਡਦੇ ਜਹਾਜ ਜਦੋਂ ਜਮੀਨ 'ਤੇ ਉਤਰਨ ਲੱਗਦੇ ਹਨ, ਕਈ ਥਾਂਈਂ ਇਹ ਗੱਲ ਸੁਣਨ ਨੂੰ ਮਿਲਦੀ ਹੈ ਕਿ ਏਅਰ ਪੋਰਟ ਨੇੜੇ ਆਉਣ ਪਿੱਛੋਂ ਪਾਇਲਟ ਉਸ ਦਾ ਕੰਟਰੋਲ ਛੱਡ ਦਿੰਦਾ ਹੈ ਤੇ ਉਹ ਆਟੋ ਲੈਂਡਿੰਗ ਸਿਸਟਮ ਨਾਲ ਖੁਦ ਹੀ ਜਮੀਨ 'ਤੇ ਵਿਛੇ ਹੋਏ ਰੰਨ-ਵੇਅ ਦੀ ਸੇਧ ਰੱਖ ਕੇ ਉਤਰ ਜਾਂਦੇ ਹਨ। ਜਮੀਨ 'ਤੇ ਡਰਾਈਵਰ ਤੋਂ ਬਿਨਾ ਚੱਲਦੀਆਂ ਕਾਰਾਂ ਵੀ ਕਾਮਯਾਬ ਹੋ ਜਾਣਗੀਆਂ ਤਾਂ ਫਿਰ ਡਰਾਈਵਰਾਂ ਦੀ ਕੀ ਲੋੜ ਰਹੇਗੀ?

ਸਿਰਫ ਡਰਾਈਵਰਾਂ ਬਾਰੇ ਗੱਲ ਨਾ ਕਰੀਏ, ਸਮਾਜ ਦੇ ਬਹੁਤ ਸਾਰੇ ਹਿੱਸਿਆਂ ਵਿਚ ਮਸ਼ੀਨੀਕਰਨ ਹੋ ਰਿਹਾ ਹੈ ਤੇ ਕਈ ਥਾਂ ਇਸ ਨਾਲ ਮਨੁੱਖਤਾ ਦਾ ਇੱਕ ਹਿੱਸਾ ਚਿੰਤਾ ਵਿਚ ਹੈ। ਚੀਨ ਵਿਚ ਖਬਰਾਂ ਬਣਾਉਣ ਅਤੇ ਇਲੈਕਟ੍ਰਾਨਿਕ ਮੀਡੀਆ 'ਤੇ ਪੜ੍ਹਨ ਦਾ ਕੰਮ ਰੋਬੋਟ ਵੱਲੋਂ ਕਰਨ ਦਾ ਤਜਰਬਾ ਕਾਮਯਾਬ ਰਿਹਾ ਦੱਸਿਆ ਜਾਂਦਾ ਹੈ ਤੇ ਨਾਲ ਇਹ ਵੀ ਖਬਰ ਸੁਣੀ ਗਈ ਹੈ ਕਿ ਚੀਨ ਵਿਚ ਮੀਡੀਆ ਨਾਲ ਜੁੜੇ ਲੋਕਾਂ ਨੇ ਇਸ ਬਾਰੇ ਆਪਣੇ ਦੇਸ਼ ਦੀ ਕਮਿਊਨਿਸਟ ਸਰਕਾਰ ਨੂੰ ਆਪਣੀ ਚਿੰਤਾ ਤੋਂ ਜਾਣੂ ਕਰਵਾਇਆ ਹੈ।

ਕੀ ਇਹ ਚਿੰਤਾ ਡਰਾਈਵਰਾਂ ਜਾਂ ਮੀਡੀਏ ਵਾਲਿਆਂ ਤੱਕ ਸੀਮਤ ਰਹੇਗੀ? ਕੀ ਇਹ ਸੱਚ ਸਾਨੂੰ ਪਤਾ ਨਹੀਂ ਹੈ ਕਿ ਕੁਝ ਦੇਸ਼ਾਂ ਦੇ ਹੋਟਲ ਮਾਲਕਾਂ ਨੇ ਗਾਹਕਾਂ ਨੂੰ ਖਾਣਾ ਪਰੋਸਣ ਵਾਸਤੇ ਰੋਬੋਟ ਦੀ ਵਰਤੋਂ ਦਾ ਤਜਰਬਾ ਕਰ ਲਿਆ ਅਤੇ ਉਸ ਦੀ ਕਾਮਯਾਬੀ ਦੇ ਸੋਹਲੇ ਗਾ ਰਹੇ ਹਨ? ਇਹ ਸਾਰਾ ਕੁਝ ਸੁਣ ਕੇ ਕੋਈ ਵੀ ਕਹਿ ਸਕਦਾ ਹੈ ਕਿ ਚੰਗੀ ਗੱਲ ਹੈ। ਗੱਲ ਚੰਗੀ ਹੋਣ ਕਰ ਕੇ ਅਸੀਂ ਇਸ ਦੇ ਵਿਰੋਧੀ ਨਹੀਂ, ਪਰ ਕੀ ਕਦੇ ਅੱਗੇ ਦਾ ਵੀ ਸੋਚਿਆ ਹੈ? ਜਿਨ੍ਹਾਂ ਲੋਕਾਂ ਦੇ ਕੋਲ ਪੈਸਾ ਹੈ, ਉਹ ਬਿਨਾ ਡਰਾਈਵਰ ਦੀ ਕਾਰ ਵਰਤਣਗੇ, ਰੋਬੋਟ ਵਾਲੇ ਹੋਟਲ ਤੋਂ ਖਾਣਾ ਖਾਣਗੇ ਤੇ ਆਪਣੇ ਘਰ ਵੀ ਰੋਬੋਟ ਲੈ ਆਉਣਗੇ, ਪਰ ਜੋ ਲੋਕ ਉਸ ਦੌਰ ਵਿਚ ਇਨ੍ਹਾਂ ਕੰਮਾਂ ਤੋਂ ਵਿਹਲੇ ਹੋ ਜਾਣਗੇ, ਉਹ ਕਿਸ ਦੀ ਮਾਂ ਨੂੰ ਮਾਸੀ ਕਹਿਣਗੇ?

ਰੋਟੀ ਕਮਾ ਕੇ ਖਾਣ ਨੂੰ ਮਿਲਣੀ ਹੈ ਤੇ ਜਦੋਂ ਉਨ੍ਹਾਂ ਵਾਲਾ ਕੰਮ ਪੈਸੇ ਵਾਲੇ ਅਦਾਰੇ ਤੇ ਲੋਕ ਰੋਬੋਟ ਤੋਂ ਕਰਵਾ ਲੈਣਗੇ, ਕਿਰਤੀਆਂ ਦੇ ਹੱਕਾਂ ਵਾਸਤੇ ਚੱਲਦੀ ਉਸ ਜੰਗ ਦਾ ਕੀ ਬਣੇਗਾ, ਜਿਸ ਤੋਂ ਤ੍ਰਹਿਕੇ ਦੇਸ਼ਾਂ ਦੇ ਆਗੂ ਸਮਾਜੀ ਸੁਰੱਖਿਆ ਦੀਆਂ ਸਕੀਮਾਂ ਦੇ ਐਲਾਨ ਕਰਨ ਨੂੰ ਮਜਬੂਰ ਹੋ ਜਾਂਦੇ ਜਾਂ ਮਜਬੂਰ ਕੀਤੇ ਜਾ ਸਕਦੇ ਸਨ? ਤਕਨੀਕੀ ਯੁੱਗ ਜਿੰਨੀ ਤੇਜ਼ੀ ਨਾਲ ਬਦਲਦਾ ਪਿਆ ਹੈ, ਇਹੋ ਜਿਹਾ ਵਕਤ ਮਨੁੱਖ ਦਾ ਰਾਹ ਰੋਕਣ ਲਈ ਬਹੁਤੀ ਦੇਰ ਨਹੀਂ ਕਰਨ ਵਾਲਾ। ਜਦੋਂ ਉਹ ਦੌਰ ਸਾਡਾ ਰਾਹ ਰੋਕ ਖੜੋਤਾ, ਫਿਰ ਸਰਕਾਰਾਂ ਦੇ ਖਿਲਾਫ ਕਿਰਤੀ ਲੋਕਾਂ ਦੇ ਹੱਕਾਂ ਦਾ ਸੰਘਰਸ਼ ਕਿਸ ਤਰ੍ਹਾਂ ਦਾ ਹੋਵੇਗਾ, ਇਸ ਬਾਰੇ ਸੋਚਣ ਦੀ ਲੋੜ ਅਜੇ ਕਿਸੇ ਧਿਰ ਦੀ ਵਿਚਾਰ ਦੇ ਏਜੰਡੇ 'ਤੇ ਆਈ ਹੀ ਨਹੀਂ ਜਾਪਦੀ।

ਅਸੀਂ ਇਸ ਗੱਲ ਬਾਰੇ ਸੋਚ ਕੇ ਚਿੰਤਤ ਨਹੀਂ ਕਿ ਕਿਸੇ ਦੋਸਤ ਪਰਿਵਾਰ ਦੇ ਤਿੰਨ ਪੀੜ੍ਹੀਆਂ ਤੋਂ ਚੱਲ ਰਹੇ ਪੈਟਰੋਲ ਪੰਪ ਦਾ ਕੀ ਬਣੇਗਾ, ਸਗੋਂ ਇਹ ਸੋਚਣਾ ਪਵੇਗਾ ਕਿ ਭਾਰਤ ਵਿਚ ਰਾਜਨੀਤੀ ਜਿਵੇਂ ਕਿਰਤ ਦਾ ਮਾਣ ਭੁੱਲ ਕੇ ਕਲਪਨਾ ਦੇ ਭਗਵਾਨ ਦੁਆਲੇ ਕੇਂਦ੍ਰਿਤ ਹੋਈ ਜਾਂਦੀ ਹੈ, ਦੇਸ਼ ਜਾਂ ਦੁਨੀਆਂ ਨੂੰ ਅਗਲੇ ਸਾਲਾਂ ਵਿਚ ਉਹ ਕਿਸ ਲੀਹੇ ਪਾਉਣ ਵਾਲੀ ਹੈ? ਭਵਿੱਖ ਦੀ ਰਾਜਨੀਤੀ ਜਾਂ ਅਜੋਕੀ ਰਾਜਨੀਤੀ ਦੇ ਭਵਿੱਖ ਬਾਰੇ ਸੋਚਣ ਦੀ ਜੋ ਲੋੜ ਬਣਦੀ ਹੈ, ਉਸ ਬਾਰੇ ਕੋਈ ਸੋਚ ਹੀ ਨਹੀਂ ਰਿਹਾ। ਕਹਿੰਦੇ ਹਨ, ਬਿੱਲੀ ਆਉਂਦੀ ਵੇਖ ਕੇ ਕਬੂਤਰ ਅੱਖਾਂ ਵੀ ਮੀਟ ਲਵੇ ਤਾਂ ਬਿੱਲੀ ਮੁੜਨ ਦਾ ਮਨ ਨਹੀਂ ਬਣਾਉਂਦੀ ਹੁੰਦੀ, ਸਗੋਂ ਝਪੱਟਾ ਮਾਰਦੀ ਹੁੰਦੀ ਹੈ ਤੇ ਇਹ ਝਪੱਟਾ ਕਿਰਤੀ ਲੋਕਾਂ 'ਤੇ ਵੀ ਵੱਜਣ ਵਾਲਾ ਜਾਪਦਾ ਹੈ।

# ਕਸ਼ਮੀਰ ਦਾ ਮਸਲਾ: ਵਾਜਪਾਈ ਬਨਾਮ ਅਮਿਤ ਸ਼ਾਹ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੇ ਸਾਹਮਣੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਜੰਮੂ-ਕਸ਼ਮੀਰ ਵਿਚ ਰਾਸ਼ਟਰਪਤੀ ਰਾਜ ਦੇ ਵਾਧੇ ਸਮੇਂ ਦਿੱਤਾ ਭਾਸ਼ਣ ਅਤੇ ਰਾਅ ਦੇ ਸਾਬਕਾ ਮੁਖੀ ਏ. ਐਸ. ਦੁੱਲਤ ਦੀ ਪੁਸਤਕ 'ਕਸ਼ਮੀਰ: ਦੀ ਵਾਜਪਾਈ ਯੀਅਰਜ਼' ਪਈ ਹੈ। ਵਾਜਪਾਈ ਦੇਸ਼ ਵਿਚ ਭਾਜਪਾ ਰਾਜ ਸਮੇਂ ਪ੍ਰਧਾਨ ਮੰਤਰੀ ਰਿਹਾ ਹੈ ਤੇ ਅਮਿਤ ਸ਼ਾਹ ਵਰਤਮਾਨ ਭਾਜਪਾ ਸਰਕਾਰ ਦਾ ਗ੍ਰਹਿ ਮੰਤਰੀ ਹੋਣ ਦੇ ਨਾਲ ਭਾਜਪਾ ਪ੍ਰਧਾਨ ਵੀ ਹੈ। ਦੁੱਲਤ ਨੇ ਆਪਣੀ ਪੁਸਤਕ ਵਿਚ ਕਸ਼ਮੀਰ ਦੇ ਮਸਲੇ ਬਾਰੇ ਖੁਲ੍ਹ ਕੇ ਚਰਚਾ ਕੀਤੀ ਹੈ ਤੇ ਦੱਸਿਆ ਹੈ ਕਿ ਵਾਜਪਾਈ ਇਸ ਮਸਲੇ ਦਾ ਸੰਵਿਧਾਨਕ ਹੱਲ ਲੱਭਣ ਲਈ ਬਹੁਤ ਤਤਪਰ ਸੀ। ਇਹ ਵੀ ਸੰਕੇਤ ਮਿਲਦਾ ਹੈ ਕਿ ਉਹ ਕੰਟਰੋਲ ਰੇਖਾ ਨੂੰ ਆਧਾਰ ਮੰਨ ਕੇ ਇਸ ਮਸਲੇ ਦੇ ਸ਼ਾਂਤਮਈ ਹੱਲ ਲਈ ਉਤਸੁਕ ਸੀ। ਜੰਮੂ-ਕਸ਼ਮੀਰ ਦੇ ਪ੍ਰਤੀਨਿਧਾਂ ਤੇ ਸੰਵਿਧਾਨਕ ਗੁੰਝਲਾਂ ਨੇ ਉਸ ਦੀ ਪੇਸ਼ ਨਾ ਜਾਣ ਦਿੱਤੀ। ਦੇਸ਼ ਦੀ ਵਾਗਡੋਰ ਥੋੜ੍ਹਾ ਸਮਾਂ ਹੋਰ ਉਸ ਦੇ ਹੱਥ ਰਹਿੰਦੀ ਤਾਂ ਉਸ ਦੀ ਸੋਚ ਨੂੰ ਬੂਰ ਪੈ ਜਾਣਾ ਸੀ।

ਏਧਰ ਨਵਾਂ ਨਵਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਬਹੁਮੱਤ ਵਾਲੀ ਸਰਕਾਰ ਦੇ ਬਲਬੂਤੇ ਰਾਜ ਵਿਚ ਚੁਣੀ ਹੋਈ ਸਰਕਾਰ ਨਾ ਹੋਣ ਕਾਰਨ ਜੰਮੂ-ਕਸ਼ਮੀਰ ਰਾਖਵਾਂਕਰਨ ਸੋਧ ਬਿੱਲ ਪਾਸ ਕਰਵਾਉਣ ਵਿਚ ਹੀ ਨਹੀਂ, ਜੰਮੂ ਕਸ਼ਮੀਰ ਵਿਚ ਰਾਸ਼ਟਰਪਤੀ ਰਾਜ ਦੀ ਮਿਆਦ ਵਧਾਉਣ ਵਿਚ ਵੀ ਸਫਲ ਹੋ ਗਿਆ ਹੈ। ਆਪਣੇ ਭਾਸ਼ਣ ਵਿਚ ਕਾਂਗਰਸ ਪਾਰਟੀ ਦੇ ਵਿਰੋਧ 'ਤੇ ਟਿੱਪਣੀ ਕਰਦਿਆਂ ਉਹ ਤਾਂ ਇਹ ਵੀ ਕਹਿ ਗਿਆ ਕਿ ਕਾਂਗਰਸ ਪਾਰਟੀ ਉਸ ਨੂੰ ਲੋਕਰਾਜ ਦਾ ਸਬਕ ਨਾ ਪੜ੍ਹਾਵੇ। ਉਹ ਜੰਮੂ-ਕਸ਼ਮੀਰ ਦੇ ਅਜੋਕੇ ਮਸਲੇ ਨੂੰ ਵੀ ਮਰਹੂਮ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਹੀ ਦੇਣ ਮੰਨਦਾ ਹੈ। ਸ਼ਾਇਦ ਉਸ ਨੂੰ ਜੰਮੂ-ਕਸ਼ਮੀਰ ਦੇ ਮਸਲੇ ਬਾਰੇ ਅਟੱਲ ਬਿਹਾਰੀ ਵਾਜਪਾਈ ਦੀ ਸੋਚ ਦੀ ਕੋਈ ਜਾਣਕਾਰੀ ਨਹੀਂ, ਜੋ ਕੰਟਰੋਲ ਰੇਖਾ ਨੂੰ ਆਧਾਰ ਬਣਾ ਕੇ ਗੱਲ ਤੋਰਨ ਦਾ ਇਛੁੱਕ ਸੀ।



ਅਮਿਤ ਸ਼ਾਹ

ਪੰਜਾਬੀ ਪਾਠਕ ਵਾਜਪਾਈ ਦੀ ਧਾਰਨਾ ਜਾਣਨਾ ਚਾਹੁਣ ਤਾਂ ਦੁੱਲਤ ਦੀ ਪੁਸਤਕ ਦਾ ਪੰਜਾਬੀ ਅਨੁਵਾਦ 'ਕਸ਼ਮੀਰ ਦੀ ਦਾਸਤਾਨ' (ਲੋਕ ਗੀਤ ਪ੍ਰਕਾਸ਼ਨ, ਮੁਹਾਲੀ) ਪੜ੍ਹ ਸਕਦੇ ਹਨ। ਉਸ ਦੇ ਉਲਟ ਅਮਿਤ ਸ਼ਾਹ ਤਾਂ ਯੁੱਧਬੰਦੀ (ਸੀਜ਼ਫਾਇਰ) ਦਾ ਆਦੇਸ਼ ਦੇਣ ਵਾਲੀ ਕਾਂਗਰਸ ਪਾਰਟੀ ਉਤੇ ਵੀ ਤਾਬੜਤੋੜ ਹਮਲੇ ਕਰ ਰਿਹਾ ਹੈ। ਜ਼ਬਾਨੀ-ਕਲਾਮੀ ਵਾਜਪਾਈ ਬਾਰੇ ਕੁਝ ਵੀ ਕਹੇ, ਉਸ ਦੇ ਭਾਸ਼ਣ ਵਿਚ ਵਾਜਪਾਈ ਦੀ ਧਾਰਨਾ ਦਾ ਕੋਈ ਸਤਿਕਾਰ ਨਹੀਂ। ਉਹ ਲੋਕਤੰਤਰ ਦੇ ਨਿਯਮਾਂ ਬਾਰੇ ਆਪਣੇ ਤੋਂ ਸਿਆਣਾ ਕਿਸੇ ਨੂੰ ਨਹੀਂ ਮੰਨਦਾ। ਉਸ ਨੂੰ ਕਿਸੇ ਤੋਂ ਸਬਕ ਸਿੱਖਣ ਦੀ ਲੋੜ ਨਹੀਂ।

ਜੰਮੂ-ਕਸ਼ਮੀਰ ਦੀ ਵਿਧਾਨ ਸਭਾ ਤਾਂ ਕਿਹੜੇ ਬਾਗ ਦੀ ਮੂਲੀ ਹੈ। ਭਾਜਪਾ ਬਹੁਮਤ ਦੇ ਥਮਲੇ ਉਤੇ ਖਲੋਤਾ ਉਹ ਕਿਸੇ ਵੀ ਅਪੀਲ, ਦਲੀਲ ਤੇ ਵਕੀਲ ਦਾ ਕਾਇਲ ਨਹੀਂ। ਉਸ ਦੀ ਧਾਰਨਾ ਅਨੁਸਾਰ ਤਾਂ ਦੇਸ਼ ਦੀ ਸੁਤੰਤਰਤਾ ਦੇ ਸਿਰਜਕ ਪੰਡਿਤ ਨਹਿਰੂ ਵਰਗੇ ਦਾਨਿਸ਼ਵਰ ਨਹੀਂ, ਸਗੋਂ ਹਿੰਦੂਤਵ ਧਾਰਨਾ ਵਾਲੇ ਮਹਾਰਥੀ ਸਨ। ਉਸ ਦੇ ਭਾਸ਼ਣ ਵਿਚ ਗ੍ਰਹਿ ਮੰਤਰੀ ਦੇ ਸਲੀਕੇ ਦੀ ਥਾਂ ਪਾਰਟੀ ਪ੍ਰਧਾਨ ਦੀ ਹੈਂਕੜ ਛਾਈ ਹੋਈ ਸੀ। ਜੇ ਇਸ ਨੂੰ ਪੰਜਾਬੀ ਦੇ ਕਿਸੇ ਟੋਟਕੇ ਰਾਹੀਂ ਬਿਆਨ ਕਰਨਾ ਹੋਵੇ ਤਾਂ ਗੀਤਕਾਰ ਸ਼ਮਸ਼ੇਰ ਸੰਧੂ ਦੀ ਮਦਦ ਲਵਾਂਗਾ,

ਤੂੰ ਨ੍ਹੀਂ ਬੋਲਦੀ ਰਕਾਨੇ ਤੂੰ ਨ੍ਹੀਂ ਬੋਲਦੀ
ਤੇਰੇ 'ਚ ਤੇਰਾ ਯਾਰ ਬੋਲਦਾ।

ਅਜੋਕੇ ਪ੍ਰਸੰਗ ਵਿਚ ਰਕਾਨ ਅਮਿਤ ਸ਼ਾਹ ਹੈ ਤੇ ਉਸ ਦਾ 'ਯਾਰ' ਆਰ. ਐਸ. ਐਸ.। ਅਮਿਤ ਸ਼ਾਹ ਪਾਰਟੀ ਪ੍ਰਧਾਨ ਦੀ ਹੈਂਕੜ ਛੱਡ ਕੇ ਗ੍ਰਹਿ ਮੰਤਰੀਆਂ ਵਾਲਾ ਸਲੀਕਾ ਕਦੋਂ ਅਪਨਾਉਂਦਾ ਹੈ, ਸਮੇਂ ਨੇ ਦੱਸਣਾ ਹੈ। ਹਾਲ ਦੀ ਘੜੀ ਤਾਂ ਨਰਿੰਦਰ ਮੋਦੀ ਉਸ ਦਾ ਨਾਇਕ ਹੈ ਤੇ ਪੰਡਿਤ ਨਹਿਰੂ ਖਲਨਾਇਕ। ਰੱਬ ਖੈਰ ਕਰੇ!

**ਕੰਵਲ ਬਾਈ ਦਾ ਸੈਂਕੜਾ:** ਪੰਜਾਬੀ ਨਾਵਲਕਾਰੀ ਦੇ ਮਹਾਰਥੀ ਜਸਵੰਤ ਸਿੰਘ ਕੰਵਲ ਨੇ ਆਪਣੀ ਉਮਰ ਦਾ ਸੈਂਕੜਾ ਮਾਰ ਕੇ ਭਾਈ ਨੂੰ ਮਾਤ ਪਾ ਦਿੱਤਾ ਹੈ। ਭਾਈ ਜੋਧ ਸਿੰਘ ਸੈਂਕੜਾ ਮਾਰਨ ਤੋਂ 6 ਮਹੀਨੇ ਪਹਿਲਾਂ ਤੁਰ ਗਿਆ ਸੀ ਤੇ ਖੁਸ਼ਵੰਤ ਸਿੰਘ ਸੌ ਤੋਂ ਸਾਢੇ ਦਸ ਮਹੀਨੇ ਪਹਿਲਾਂ। ਰਚਨਾਕਾਰੀ ਵਿਚ ਤਿੰਨੇ ਆਪੋ ਆਪਣੇ ਖੇਤਰ ਦੇ ਸ਼ਾਹ ਅਸਵਾਰ ਮੰਨੇ ਜਾਂਦੇ ਹਨ। ਭਾਈ ਸਾਹਿਬ ਦੇ ਅੰਤਲੇ ਦਿਨਾਂ ਵਿਚ ਮੈਂ ਇੱਕ ਸਮਾਗਮ ਸਮੇਂ ਤੱਕਿਆ ਤਾਂ ਉਨ੍ਹਾਂ ਦੇ ਹੱਥ ਵਾਲਾ ਚਾਹ ਦਾ ਪਿਆਲਾ ਏਦਾਂ ਡਿਕੋ ਡੋਲੇ ਖਾ ਰਿਹਾ ਸੀ ਜਿਵੇਂ ਪਲੇਟ ਵਿਚੋਂ ਨਿਕਲ ਕੇ ਡਿਗਣ ਲੱਗਾ ਹੋਵੇ। ਮੈਂ ਮਦਦ ਲਈ ਅੱਗੇ ਵਧਿਆ ਤਾਂ ਭਾਈ ਸਾਹਿਬ ਨਿਸ਼ਚਿੰਤ ਸਨ। ਕਹਿਣ ਲੱਗੇ, "ਕਿਧਰੇ ਨ੍ਹੀਂ ਜਾਂਦਾ ਚਿੰਤਾ ਨਾ ਕਰੋ।" ਉਨ੍ਹਾਂ ਦੇ ਸ਼ਬਦਾਂ ਦੀ ਸ਼ਕਤੀ ਮੈਂ ਆਪਣੇ ਅੱਖੀਂ ਨਿਭਦੀ ਤੱਕੀ। ਉਧਰ ਖੁਸ਼ਵੰਤ ਸਿੰਘ ਵੀ ਅੰਤਿਮ ਸਵਾਸ ਲੈਣ ਤੱਕ ਕਾਲਮ-ਨਵੀਸੀ ਕਰਦਾ ਰਿਹਾ। ਏਧਰ ਕੰਵਲ ਬਾਈ ਸੈਂਕੜਾ ਮਾਰ ਕੇ ਵੀ ਚੰਗਾ ਭਲਾ ਹੈ। ਹੁਣ ਉਸ ਦਾ ਟਾਕਰਾ ਸਾਹਿਤਕਾਰੀ ਤੋਂ ਬਾਹਰ ਦੀ ਦੁਨੀਆਂ ਨਾਲ ਹੈ, ਬੇਬੇ ਮਾਨ ਕੌਰ ਵਰਗਿਆਂ ਨਾਲ, ਜੋ 105 ਵਰ੍ਹੇ ਦੀ ਹੋ ਕੇ ਵੀ ਦੌੜਾਂ ਵਿਚ ਹਿੱਸਾ ਲੈਂਦੀ ਹੈ। ਇਨ੍ਹਾਂ ਵਰਗੇ ਹੋਰ ਵੀ ਹੋ ਸਕਦੇ ਹਨ। ਦੁਨੀਆਂ ਪਰੇ ਤੋਂ ਪਰੇ ਹੈ, ਪਰ ਇਹ ਗੱਲ ਦਾਅਵੇ ਨਾਲ ਕਹੀਂ ਜਾ ਸਕਦੀ ਹੈ ਕਿ ਉਨ੍ਹਾਂ ਨੇ ਉਹ ਨਾਮਣਾ ਨਹੀਂ ਖੱਟਿਆ, ਜੋ ਇਨ੍ਹਾਂ ਨੇ। ਜਸਵੰਤ ਸਿੰਘ ਕੰਵਲ ਜ਼ਿੰਦਾਬਾਦ! ਦਾਸ ਦੀਆਂ ਮੁਬਾਰਕਾਂ!

**ਇੱਕ ਲੱਖ ਰੁਪਏ ਦੀਆਂ ਪੁਸਤਕਾਂ ਦਾ ਦਾਜ:** ਪੱਛਮੀ ਤੇ ਪੂਰਬੀ ਬੰਗਾਲ ਦੀ ਸਾਰੀ ਵਸੋਂ ਪੜ੍ਹਨ-ਪੜ੍ਹਾਉਣ ਦੀ ਰੁਚੀ ਲਈ ਜਾਣੀ ਜਾਂਦੀ ਹੈ। ਪਤਾ ਲੱਗਿਆ ਹੈ ਕਿ ਪੱਛਮੀ ਬੰਗਾਲ ਦੇ ਪੂਰਬੀ ਮਿਦਨਾਪੁਰ ਦੇ ਵਾਸੀ ਸੂਰਯਾਕਾਂਤ ਨੂੰ ਦਾਜ ਵਿਚ ਉਹਦੇ ਸਹੁਰਿਆਂ ਵਲੋਂ ਇੱਕ ਲੱਖ ਰੁਪਏ ਦੀਆਂ ਪੁਸਤਕਾਂ ਮਿਲੀਆਂ ਹਨ। ਇਨ੍ਹਾਂ ਵਿਚ ਰਾਬਿੰਦਰ ਨਾਥ ਟੈਗੋਰ, ਬੰਕਮ ਚੰਦਰ ਚੈਟਰਜੀ ਤੇ ਸ਼ਰਤ ਚੰਦਰ ਬੋਸ ਦੀ ਸਮੁੱਚੀ ਰਚਨਾ ਵੀ ਸ਼ਾਮਲ ਹੈ। ਸੂਰਯਾਕਾਂਤ ਖੁਦ ਅਧਿਆਪਕ ਹੈ ਤੇ ਉਸ ਦੀ ਨਵਵਿਆਹੀ ਪਤਨੀ ਪ੍ਰਿਅੰਕਾ ਦੇ ਪੇਕੇ ਵੀ ਮਿਦਨਾਪੁਰ ਵਿਚ ਹੀ ਹਨ। ਇੰਨੀਆਂ ਪੁਸਤਕਾਂ ਦੀ ਚੋਣ ਕਿਹੜੇ ਕਿਹੜੇ ਸ਼ਹਿਰ ਤੋਂ ਕੀਤੀ ਤੇ ਕਿਵੇਂ ਲੈ ਕੇ ਆਏ, ਹੈਰਾਨ ਕਰਨ ਵਾਲੀ ਗੱਲ ਹੈ! ਹੁਣ ਇਨ੍ਹਾਂ ਵਿਚ ਹੋਰ ਪੁਸਤਕਾਂ ਮਿਲਾ ਕੇ ਸੂਰਯਾਕਾਂਤ ਆਪਣੀ ਰਿਹਾਇਸ਼ 'ਤੇ ਇਕ ਲਾਇਬਰੇਰੀ ਸਥਾਪਤ ਕਰ ਰਿਹਾ ਹੈ, ਜਿਸ ਵਿਚ ਪ੍ਰਿਅੰਕਾ ਦੀ ਇੱਛਾ ਅਨੁਸਾਰ ਵੱਧ ਪੁਸਤਕਾਂ ਬਾਲ ਸਾਹਿਤ ਨਾਲ ਸਬੰਧਤ ਰੱਖਣੀਆਂ ਹਨ। ਪਤੀ-ਪਤਨੀ ਨੂੰ ਪੁਸਤਕ ਰੁਚੀ ਮੁਬਾਰਕ ਤੇ ਸਮੁੱਚੇ ਬੰਗਾਲੀਆਂ ਨੂੰ ਪੜ੍ਹਨਾ ਪੜ੍ਹਾਉਣਾ!

**ਅੰਤਿਕਾ: ਸੁਖਵਿੰਦਰ ਅੰਮ੍ਰਿਤ**

ਮੈਂ ਇੰਜ ਤੜਪਾਂ ਮੈਂ ਇੰਜ ਸਿਸਕਾਂ
ਇੰਜ ਦੇਵਾਂ ਸਦਾ ਉਸ ਨੂੰ,
ਮੇਰਾ ਦਰਿਆ, ਮੇਰੀ ਖਾਤਰ
ਸਮੁੰਦਰ 'ਚੋਂ ਵੀ ਲੌਟ ਆਏ।

ਪੰਜਾਬ ਟਾਈਮਜ਼

*ਸਨਿਚਰਵਾਰ, 13 ਜੁਲਾਈ 2019*

## ਹਿੰਦੂਤਵੀ ਮਸ਼ੀਨਰੀ ਦੀਆਂ ਵਾਛਾਂ

ਆਮ ਕਿਆਸਆਰਾਈਆਂ ਦੇ ਉਲਟ ਲੋਕ ਸਭਾ ਚੋਣਾਂ ਧੜੱਲੇ ਨਾਲ ਜਿੱਤਣ ਪਿਛੋਂ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠ ਬਣੀ ਕੇਂਦਰ ਸਰਕਾਰ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਘੱਟ ਗਿਣਤੀਆਂ ਉਤੇ ਹਜੂਮੀ ਹਮਲੇ ਇਕ ਵਾਰ ਮੁੜ ਸ਼ੁਰੂ ਹੋ ਗਏ ਹਨ ਅਤੇ ਇਨ੍ਹਾਂ ਨੂੰ ਰੋਕਣ ਲਈ ਸਰਕਾਰ ਵਲੋਂ ਕਿਤੇ ਕੋਈ ਪੈਰਵੀ ਕੀਤੇ ਜਾਣ ਦੀ ਕਨਸੋਅ ਨਹੀਂ ਹੈ। ਅਸਲ 'ਚ ਸਰਕਾਰ ਦੀਆਂ ਸਭ ਕਾਰਵਾਈ ਇਕ ਤਰ੍ਹਾਂ ਨਾਲ ਤਾਨਾਸ਼ਾਹੀ ਵਾਲੇ ਰਾਹ ਨੂੰ ਮੋਕਲਾ ਕਰਨ ਵਾਲੀਆਂ ਹਨ। ਭਾਰਤੀ ਜਨਤਾ ਪਾਰਟੀ ਨੇ 2014 ਦੀਆਂ ਚੋਣਾਂ ਵਿਚ ਵੀ ਅਤੇ ਹੁਣ 2019 ਵਾਲੀਆਂ ਚੋਣਾਂ ਵਿਚ ਉਸ ਤੋਂ ਕਿਤੇ ਵੱਡੇ ਪੱਧਰ ਉਤੇ ਜਾ ਕੇ ਸਮਾਜ ਦਾ ਧਰੁਵੀਕਰਨ ਕੀਤਾ। ਸਿੱਟੇ ਵਜੋਂ ਇਸ ਨੇ ਲੋਕ ਸਭਾ ਅੰਦਰ ਹੁਣ ਤਕ ਦੀਆਂ ਸਭ ਤੋਂ ਵੱਧ ਸੀਟਾਂ ਉਤੇ ਕਬਜ਼ਾ ਕਰ ਲਿਆ। ਰਾਸ਼ਟਰਵਾਦ ਦੇ ਨਾਂ ਉਤੇ ਮਾਰੀ ਇਸ ਵਦਾਣੀ ਸੱਟ ਦਾ ਸਭ ਤੋਂ ਜ਼ੋਰਦਾਰ ਅਸਰ ਕਾਂਗਰਸ ਪਾਰਟੀ ਉਤੇ ਹੋਇਆ ਹੈ। ਹੇਠਲੇ ਪੱਧਰ 'ਤੇ ਕਾਡਰ ਤੋਂ ਵਿਰਵੀਂ ਅਤੇ ਸਿਰਫ ਆਗੂਆਂ ਦੇ ਸਹਾਰੇ ਚੱਲਣ ਵਾਲੀ ਇਸ ਪਾਰਟੀ ਦੀਆਂ ਚੂਲਾਂ ਹਿੱਲ ਗਈਆਂ ਹਨ ਅਤੇ ਇਸ ਦੇ ਕਥਿਤ 'ਨੌਜਵਾਨ' ਪ੍ਰਧਾਨ ਦੇ ਅਸਤੀਫੇ ਨੇ ਪਾਰਟੀ ਨੂੰ ਚੌਰਾਹੇ ਵਿਚ ਲਿਆ ਖੜ੍ਹਾ ਕੀਤਾ ਹੈ। ਪਾਰਟੀ ਪ੍ਰਧਾਨ ਰਾਹੁਲ ਗਾਂਧੀ ਨੇ ਚੋਣਾਂ ਵਿਚ ਲੱਕ ਤੋੜਵੀਂ ਹਾਰ ਤੋਂ ਬਾਅਦ ਮਹੀਨਾ ਪਹਿਲਾਂ ਅਸਤੀਫਾ ਦਿੱਤਾ ਸੀ ਪਰ ਅਜੇ ਤਕ ਪਾਰਟੀ ਇਸ ਮਸਲੇ ਦਾ ਕੋਈ ਹੱਲ ਕੱਢਣ ਵਿਚ ਨਾਕਾਮ ਰਹੀ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਭਾਰਤ ਨੂੰ ਕਾਂਗਰਸ-ਮੁਕਤ ਬਣਾਉਣ ਦਾ ਦਾਈਆ ਬੰਨ੍ਹਿਆ ਸੀ, ਐਤਕੀਂ ਚੋਣਾਂ ਦੌਰਾਨ ਇਸ ਰਾਹ ਉਤੇ ਇਹ ਚਾਰ ਕਦਮ ਹੋਰ ਵਧ ਗਈ ਹੈ।

ਜਿੱਤ ਤੋਂ ਤੁਰੰਤ ਬਾਅਦ ਭਾਰਤੀ ਜਨਤਾ ਪਾਰਟੀ ਨੇ ਜਿਹੜਾ ਮਸਲਾ ਪੂਰੇ ਜ਼ੋਰ ਨਾਲ ਉਠਾਇਆ, ਉਹ 'ਇਕ ਰਾਸ਼ਟਰ, ਇਕ ਚੋਣ' ਦਾ ਸੀ; ਹਾਲਾਂਕਿ ਇਸ ਤੋਂ ਪਹਿਲਾਂ ਕੀਤੀ ਹਰ ਕਵਾਇਦ ਵਿਚ ਇਸ ਮੁੱਦੇ ਦਾ ਵਿਰੋਧ ਹੋਇਆ ਸੀ ਅਤੇ ਬਹੁਤੀਆਂ ਪਾਰਟੀਆਂ ਨੇ ਇਸ ਬਾਰੇ ਹਾਮੀ ਨਹੀਂ ਭਰੀ ਸੀ। ਇਨ੍ਹਾਂ ਪਾਰਟੀਆਂ ਦਾ ਆਖਣਾ ਸੀ ਕਿ ਇਹ ਮੁਲਕ ਦੇ ਵੰਨ-ਸੁਵੰਨੇ ਸਭਿਆਚਾਰ ਉਤੇ ਸਿੱਧਾ ਹਮਲਾ ਹੋਵੇਗਾ। ਹਕੀਕਤ ਵਿਚ ਭਾਰਤੀ ਜਨਤਾ ਪਾਰਟੀ ਦਾ ਦਾਈਆ ਹੀ ਇਹ ਹੈ। ਇਸ ਵੇਲੇ ਇਸ ਨੇ ਮੁਲਕ ਅੰਦਰਲੀਆਂ ਦੋ ਅਹਿਮ ਧਿਰਾਂ-ਕਾਂਗਰਸ ਅਤੇ ਖੱਬੇ ਪੱਖੀਆਂ ਨੂੰ ਐਨ ਖੂੰਜੇ ਲਾ ਦਿੱਤਾ ਹੈ। ਹੁਣ ਸਿਆਸੀ ਖੇਤਰ ਵਿਚ ਜਿਹੜੀ ਵੱਡੀ ਚੁਣੌਤੀ ਰਹਿ ਗਈ ਹੈ, ਉਹ ਸਿਰਫ ਖੇਤਰੀ ਪਾਰਟੀਆਂ ਦੀ ਹੈ ਅਤੇ 'ਇਕ ਰਾਸ਼ਟਰ, ਇਕ ਚੋਣ' ਨਾਲ ਇਹ ਇਸ ਚੁਣੌਤੀ ਨੂੰ ਵੀ ਖਤਮ ਕਰ ਦੇਣਾ ਚਾਹੁੰਦੀ ਹੈ। ਇਸ ਦੀ ਗਿਣਤੀ-ਮਿਣਤੀ ਇਹ ਹੈ ਕਿ ਵੋਟਰਾਂ ਦਾ ਗੁੱਸਾ ਆਮ ਕਰਕੇ ਖੇਤਰੀ ਪਾਰਟੀਆਂ ਦੇ ਖਿਲਾਫ ਹੀ ਨਿਕਲਦਾ ਹੈ। ਇਸ ਲਈ ਜੇ 'ਇਕ ਰਾਸ਼ਟਰ, ਇਕ ਚੋਣ' ਵਾਲਾ ਦਾਅ ਚੱਲ ਜਾਵੇ ਤਾਂ ਖੇਤਰੀ ਪਾਰਟੀਆਂ ਆਪੋ-ਆਪਣੇ ਸੂਬਿਆਂ ਅੰਦਰ ਭਾਵੇਂ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਜਾਣ ਪਰ ਕੇਂਦਰ ਵਿਚ ਉਹ ਭਾਰਤੀ ਜਨਤਾ ਪਾਰਟੀ ਨੂੰ ਹੀ ਵੋਟਾਂ ਪਾਉਣਗੇ। ਘੱਟ ਜਾਂ ਵੱਧ ਰੂਪ ਵਿਚ ਐਤਕੀਂ ਲੋਕ ਸਭਾ ਚੋਣਾਂ ਅੰਦਰ ਇਹੀ ਕੁਝ ਵਾਪਰਿਆ ਹੈ। ਨਰਿੰਦਰ ਮੋਦੀ ਇਹ ਤਾਂ ਵੋਟਰਾਂ ਨੂੰ ਜਚਾ ਹੀ ਚੁਕੇ ਹਨ ਕਿ ਉਹ ਮੁਲਕ ਦੇ ਬੜੇ ਮਜ਼ਬੂਤ ਲੀਡਰ ਹਨ ਅਤੇ ਇਸ ਨੂੰ ਸਹੀ ਦਿਸ਼ਾ ਵਿਚ ਲਿਜਾ ਰਹੇ ਹਨ। ਚੋਣਾਂ ਤੋਂ ਐਨ ਪਹਿਲਾਂ ਉਸ ਨੇ ਰਾਸ਼ਟਰਵਾਦ ਦਾ ਅਜਿਹਾ ਗੁੱਡਾ ਬੰਨ੍ਹਿਆ ਕਿ ਬਾਕੀ ਸਭ ਮੁੱਦੇ ਪਿਛਾਂਹ ਧੱਕੇ ਗਏ ਅਤੇ ਵੋਟਰਾਂ ਨੇ 'ਮਜ਼ਬੂਤ ਲੀਡਰ' ਲਈ ਵੋਟਾਂ ਪਾਈਆਂ। ਇਹ ਵੀ ਸ਼ਾਇਦ ਪਹਿਲੀ ਵਾਰ ਹੋਇਆ ਕਿ ਐਤਕੀਂ ਪਾਰਟੀ ਲਈ ਨਹੀਂ ਸਗੋਂ ਪੂਰੇ ਮੁਲਕ ਵਿਚ ਮੋਦੀ ਦੇ ਨਾਂ ਉਤੇ ਵੋਟਾਂ ਮੰਗੀਆਂ ਗਈਆਂ। ਇਹ ਅਸਲ ਵਿਚ ਤਾਨਾਸ਼ਾਹੀ ਵੱਲ ਜਾਂਦਾ ਰਾਹ ਹੈ।

ਅਜਿਹੇ ਮਾਹੌਲ ਅੰਦਰ ਇਕ ਹੋਰ ਅਜੀਬ ਇਤਫਾਕ ਹੋਇਆ। ਭਾਰਤੀ ਜਨਤਾ ਪਾਰਟੀ ਦੇ ਬਿਨਾ ਸ਼ਰਤ ਭਾਈਵਾਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਅੰਦਰ ਆਪਣੇ ਪਲੇਠੇ ਭਾਸ਼ਣ ਦੌਰਾਨ ਪੰਜਾਬ ਦੇ ਹੱਕਾਂ ਲਈ ਕੂਕਾਂ ਮਾਰੀਆਂ ਹਨ। 2007 ਤੋਂ ਲੈ ਕੇ 2017 ਤਕ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਗਠਜੋੜ ਦੀ ਸਰਕਾਰ ਰਹੀ ਹੈ। ਇਹ ਦਸਾਂ ਸਾਲਾਂ ਵਿਚੋਂ ਤਕਰੀਬਨ ਤਿੰਨ ਸਾਲ 2014 ਤੋਂ ਲੈ ਕੇ 2017 ਵਿਚ ਕੇਂਦਰ ਵਿਚ ਸ਼੍ਰੋਮਣੀ ਅਕਾਲੀ ਦਲ ਸਰਕਾਰ ਵਿਚ ਭਾਈਵਾਲ ਰਿਹਾ। ਉਸ ਵੇਲੇ ਇਸ ਪਾਰਟੀ ਨੂੰ ਪੰਜਾਬ ਦੇ ਇਕ ਵੀ ਮੁੱਦੇ ਦਾ ਚੇਤਾ ਨਹੀਂ ਆਇਆ। ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਵਲੋਂ ਪਹਿਲਾਂ ਵਾਂਗ ਹੀ ਪੈਰ-ਪੈਰ ਉਤੇ ਪੰਜਾਬ ਨਾਲ ਵਿਤਕਰਾ ਹੁੰਦਾ ਰਿਹਾ ਪਰ ਅਕਾਲੀ ਦਲ ਦੇ ਆਗੂਆਂ ਨੇ ਚੂੰ ਤਕ ਨਹੀਂ ਕੀਤੀ। ਹੁਣ ਸਿਰਫ ਭਾਸ਼ਣਾਂ ਦੇ ਸਹਾਰੇ ਪੰਜਾਬ ਪ੍ਰਤੀ ਹੇਜ ਜਤਾਇਆ ਜਾ ਰਿਹਾ ਹੈ। ਹਕੀਕਤ ਇਹ ਹੈ ਕਿ ਪਿਛਲੇ ਪੰਜ ਸਾਲਾਂ ਦੌਰਾਨ ਮੁਲਕ ਦਾ ਸਿਆਸੀ ਮਾਹੌਲ ਬਹੁਤ ਬਦਲ ਗਿਆ ਹੈ। ਅਗਲੇ ਪੰਜ ਸਾਲਾਂ ਦੌਰਾਨ ਇਹ ਮਾਹੌਲ ਹੋਰ ਵੀ ਤੇਜ਼ੀ ਨਾਲ ਬਦਲੇਗਾ। ਹਿੰਦੂਤਵ ਦੇ ਹੱਕ ਵਿਚ ਬਣਾਏ ਜਾ ਰਹੇ ਇਸ ਮਾਹੌਲ ਨੂੰ ਡੱਕਣ ਲਈ ਫਿਲਹਾਲ ਕੋਈ ਵੀ ਤਾਕਤ ਕਿਤੇ ਨਜ਼ਰ ਨਹੀਂ ਆ ਰਹੀ। ਕਾਂਗਰਸ ਦਾ ਪਹਿਲਾਂ ਹੀ ਲੱਕ ਟੁੱਟਿਆ ਪਿਆ ਹੈ। ਹੁਣ ਲੈ-ਦੇ ਕੇ ਆਸ ਖੇਤਰੀ ਪਾਰਟੀਆਂ ਉਤੇ ਹੀ ਹੈ, ਹਾਲਾਂਕਿ ਇਸ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤੀ ਜਨਤਾ ਪਾਰਟੀ ਦੀ 'ਇਕਸਾਰਤਾ ਮੁਹਿੰਮ' ਦੇ ਖਿਲਾਫ ਕੋਈ ਜਾਨਦਾਰ ਧਿਰ ਆਉਣ ਵਾਲੇ ਸਮੇਂ ਵਿਚ ਉਭਰ ਕੇ ਸਾਹਮਣੇ ਆ ਜਾਵੇ; ਨਹੀਂ ਤਾਂ ਧਰੁਵੀਕਰਨ ਦੀ ਸਿਆਸਤ ਨੇ ਇਕ ਵਾਰ ਤਾਂ ਹਿੰਦੂਤਵੀ ਤਾਕਤਾਂ ਦਾ ਪਲੜਾ ਭਾਰੀ ਕਰ ਹੀ ਦਿੱਤਾ ਹੈ ਅਤੇ ਇਹ ਹਰ ਖੇਤਰ ਵਿਚ ਆਪਣੀ ਮਨਮਰਜ਼ੀ ਚਲਾਉਣ ਦੀ ਹੈਸੀਅਤ ਵਿਚ ਆ ਗਈਆਂ ਹਨ। ਅੱਜ ਮੁਲਕ ਦੀ ਹਰ ਖੁਦਮੁਖਤਾਰ ਸੰਸਥਾ ਬੇਵਸ ਦਿਖਾਈ ਦੇ ਰਹੀ ਹੈ। ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਹਿੰਦੂਤਵ ਦੇ ਹੱਕ ਵਿਚ ਬਣੇ ਮਾਹੌਲ ਨੂੰ ਕੋਈ ਧਿਰ ਕਿੰਨੀ ਕੁ ਕਾਟ ਦੇ ਸਕਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਾਈ ਦੀ ਜੰਞ!*

ਨੀਲੇ-ਚਿੱਟਿਆਂ ਉਤੇ ਪ੍ਰਭਾਵ ਪਾ ਕੇ, 'ਹੋਣਾ' ਆਪਣਾ 'ਕੁਝ' ਦਰਸਾਉਣ ਵਾਲੇ।
ਸੌਣੀ ਸੁੱਤੇ ਨੇ ਕਿਹੜੀ ਉਹ ਗਫਲਤਾਂ ਦੀ, 'ਉਤਰ ਕਾਟੋ ਮੈਂ ਚੜ੍ਹਾਂ' ਮੁਕਾਉਣ ਵਾਲੇ।
ਲੱਗੇ ਹੋਏ ਉਹ ਬਰਫ ਵਿਚ ਜਾਪਦੇ ਨੇ, ਬਣਨਾ 'ਤੀਸਰਾ ਬਦਲ' ਜੋ ਚਾਹੁਣ ਵਾਲੇ।
ਕਾਰਜ ਕਰਨਗੇ ਭਲਾ ਉਹ ਕਦੋਂ ਜਾ ਕੇ, ਫਟਿਆਂ ਹੋਇਆਂ ਦੇ ਮੇਲ ਕਰਾਉਣ ਵਾਲੇ।
ਲਿਆ ਸਬਕ ਨਾ ਭੁੱਲਾਂ ਜੋ ਪਿਛਲੀਆਂ ਤੋਂ, ਉਹੋ ਜਿਹਾ ਹੀ ਚੜ੍ਹੂਗਾ ਚੰਨ ਯਾਰੋ।
ਆ ਬਹੇਗੀ 'ਬਾਈ ਦੀ ਜੰਞ' ਬੂਹੇ, ਫੇਰ ਵਿੰਨ੍ਹਗੇ ਕੁੜੀ ਦੇ ਕੰਨ ਯਾਰੋ?

# ਮੋਦੀ ਦੇ ਰਾਜ ਅੰਦਰ ਭਾਰਤ ਦੀ ਆਰਥਿਕਤਾ ਡਾਵਾਂਡੋਲ

## *ਪੰਜ ਖਰਬ ਡਾਲਰ ਦੀ ਆਰਥਿਕਤਾ ਵਾਲੇ ਸੁਪਨੇ 'ਤੇ ਸਵਾਲੀਆ ਨਿਸ਼ਾਨ*


*ਅੰਨ੍ਹੇ ਰਾਸ਼ਟਰਵਾਦ ਦੀ ਕਿਸ਼ਤੀ ਉਤੇ ਸਵਾਰ ਹੋ ਕੇ ਨਰਿੰਦਰ ਮੋਦੀ ਅਤੇ ਉਸ ਦੀ ਜਥੇਬੰਦੀ ਭਾਰਤੀ ਜਨਤਾ ਪਾਰਟੀ ਨੇ ਭਾਵੇਂ ਲੋਕ ਸਭਾ ਚੋਣਾਂ ਵਿਚ ਤਕੜੀ ਅਤੇ ਮਿਸਾਲੀ ਜਿੱਤ ਹਾਸਲ ਕਰ ਲਈ ਹੈ ਪਰ ਮੁਲਕ ਦੀ ਆਰਥਿਕਤਾ ਡਾਵਾਂਡੋਲ ਹੈ। ਸੰਸਾਰ ਪੱਧਰ ਉਤੇ ਮੰਦੀ ਦੇ ਦੌਰ ਵਿਚ ਆਪਣੀ ਪੈਂਠ ਪਾਉਣ ਲਈ ਭਾਰਤ ਨੂੰ ਜਿੰਨੇ ਵਿਕਾਸ ਵਾਧੇ ਦੀ ਲੋੜ ਹੈ, ਉਹ ਥੋੜ੍ਹੇ ਕੀਤੇ ਹਾਸਲ ਹੋਣ ਵਾਲਾ ਨਹੀਂ। ਇਸ ਸਮੁੱਚੇ ਹਾਲਾਤ ਬਾਰੇ ਪੁਣਛਾਣ ਸੀਨੀਅਰ ਪੱਤਰਕਾਰ ਅਭੈ ਕੁਮਾਰ ਦੂਬੇ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਦੁਨੀਆ ਦੇ ਹੋਰ ਦੇਸ਼ਾਂ ਵਾਂਗ ਭਾਰਤੀ ਅਰਥਵਿਵਸਥਾ ਵੀ ਕੌਮਾਂਤਰੀ ਆਰਥਿਕ ਨਿਜ਼ਾਮ ਨਾਲ ਕਾਫੀ ਹੱਦ ਤੱਕ ਜੁੜੀ ਹੋਈ ਹੈ। ਜ਼ਾਹਿਰ ਹੈ ਕਿ ਜੇ ਆਲਮੀ ਪੱਧਰ 'ਤੇ ਆਰਥਿਕ ਮੰਦੀ ਆਵੇਗੀ ਤਾਂ ਭਾਰਤ ਵਿਚ ਵੀ ਵਾਧਾ ਦਰ 'ਤੇ ਮਾੜਾ ਪ੍ਰਭਾਵ ਪਵੇਗਾ। ਸੰਸਾਰ ਭਰ 'ਚ ਇਹ ਸਮਾਂ ਸੰਸਾਰੀਕਰਨ ਵਿਰੋਧੀ ਭਾਵਨਾਵਾਂ, ਖੁਦ ਦੀ ਹਿਫਾਜ਼ਤ ਕਰਨ, ਰਾਸ਼ਟਰੀ ਹਿਤਾਂ ਨੂੰ ਪ੍ਰਮੁਖਤਾ ਦੇਣ ਅਤੇ ਵਪਾਰਕ ਯੁੱਧਾਂ ਦਾ ਹੈ ਜਿਸ ਕਾਰਨ ਕੌਮਾਂਤਰੀ ਉਛਾਲ ਦੇ ਬਾਵਜੂਦ ਦੁਨੀਆ ਨੂੰ ਘਾਟੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤੀ ਅਰਥਵਿਵਸਥਾ ਵੀ ਇਸ ਸਮੱਸਿਆ ਦਾ ਸਾਹਮਣਾ ਕਰਨ ਤੋਂ ਬਚ ਨਹੀਂ ਸਕਦੀ; ਭਾਵ ਸਰਕਾਰ ਦੇ ਹੱਥ ਵਿਚ ਸਭ ਕੁਝ ਨਹੀਂ ਹੈ।

ਆਰਥਿਕ ਮੋਰਚੇ 'ਤੇ ਉਹ ਕੇਵਲ ਇਕ ਹੱਦ ਤੱਕ ਹੀ ਕਾਮਯਾਬੀ ਹਾਸਲ ਕਰ ਸਕਦੀ ਹੈ, ਕਿਉਂਕਿ ਕੌਮਾਂਤਰੀ ਮੰਦੀ ਦੀ ਵਜ੍ਹਾ ਕਰਕੇ ਭਾਰਤ ਦੀ ਬਰਾਮਦ 'ਤੇ ਹਾਨੀਕਾਰਕ ਅਸਰ ਪੈਣਾ

**ਅਭੈ ਕੁਮਾਰ ਦੂਬੇ**

ਲਾਜ਼ਮੀ ਹੈ। ਅਜਿਹੇ ਹਾਲਾਤ 'ਚ ਇਹ ਦੇਖ ਕੇ ਚੰਗਾ ਲਗਦਾ ਹੈ ਕਿ ਭਾਰਤ ਦੇ ਆਰਥਿਕ ਪ੍ਰਬੰਧਕਾਂ ਨੇ ਇਨ੍ਹਾਂ ਹੱਦਾਂ ਦੇ ਬਾਵਜੂਦ ਅਗਲੇ ਪੰਜ ਸਾਲ 'ਚ 5 ਖਰਬ ਡਾਲਰ ਦੀ ਅਰਥਵਿਵਸਥਾ ਬਣਾਉਣ ਦਾ ਸੰਕਲਪ ਲਿਆ ਹੈ ਅਤੇ ਪਹਿਲੇ ਆਰਥਿਕ ਸਰਵੇਖਣ ਵਿਚ ਅਤੇ ਫਿਰ ਬਜਟ ਵਿਚ ਬੜੇ ਜ਼ੋਰਦਾਰ ਢੰਗ ਨਾਲ ਇਸ ਤਰ੍ਹਾਂ ਦੀਆਂ ਦਾਅਵੇਦਾਰੀਆਂ ਕੀਤੀਆਂ ਗਈਆਂ ਹਨ।



ਜ਼ਾਹਿਰ ਹੈ ਕਿ ਅਜਿਹਾ ਕਰਕੇ ਸਰਕਾਰ ਨੇ ਆਪਣੇ ਦਾਅਵਿਆਂ ਦੀ ਸਖਤ ਪੜਤਾਲ ਕੀਤੇ ਜਾਣ ਦੀਆਂ ਸਥਿਤੀਆਂ ਵੀ ਪੈਦਾ ਕਰ ਦਿੱਤੀਆਂ ਹਨ। ਅੱਗੇ ਵਧਣ ਤੋਂ ਪਹਿਲਾਂ ਇਹ ਕਹਿਣਾ ਜ਼ਰੂਰੀ ਹੈ ਕਿ ਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਤ ਮੰਤਰੀ ਨਿਰਮਲਾ ਸੀਤਾਰਮਨ ਦੀ ਜੋੜੀ ਭਾਰਤ ਨੂੰ ਪੰਜ ਖਰਬ ਡਾਲਰ ਤੱਕ ਜਾਂ ਉਸ ਦੇ ਕੁਝ ਨੇੜੇ ਵੀ ਪਹੁੰਚਾ ਸਕੀ ਤਾਂ ਇਤਿਹਾਸ ਉਨ੍ਹਾਂ ਤੋਂ ਪਹਿਲਾਂ ਵਾਲੇ ਸਾਰੇ ਨੇਤਾਵਾਂ ਨੂੰ ਭੁਲਾ ਕੇ ਸਿਰਫ ਉਨ੍ਹਾਂ ਨੂੰ ਹੀ ਯਾਦ ਰੱਖੇਗਾ। ਇਥੇ ਇਹ ਵੀ ਧਿਆਨ ਰੱਖਣ ਦੀ ਲੋੜ ਹੈ ਕਿ ਮੋਦੀ ਨੇ ਚੋਣਾਂ 'ਚ ਤਾਂ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ ਪਰ ਆਰਥਿਕ ਦ੍ਰਿਸ਼ਟੀ ਨਾਲ ਇਹ ਜਿੱਤ ਵਾਧਾ ਦਰ ਦੇ ਕਿਸੇ ਉਛਾਲ ਦਾ ਨਤੀਜਾ ਨਾ ਹੋ ਕੇ ਸਮਾਜ ਦੇ ਵੱਖ-ਵੱਖ ਹਿੱਸਿਆਂ (ਜਿਵੇਂ ਗ਼ਰੀਬ ਔਰਤਾਂ, ਕਿਸਾਨ, ਮੱਧ ਵਰਗ) ਨੂੰ ਧਿਆਨ 'ਚ ਰੱਖ ਕੇ ਬਣਾਈਆਂ ਗਈਆਂ ਆਰਥਿਕ ਰਿਆਇਤਾਂ ਦਾ ਨਤੀਜਾ ਹੈ।

ਜੇ ਭਾਰਤੀ ਅਰਥਵਿਵਸਥਾ ਨੂੰ ਪੰਜ ਖਰਬ ਡਾਲਰ ਦੇ ਪੱਧਰ ਤੱਕ ਪਹੁੰਚਾਉਣਾ ਹੈ ਤਾਂ ਉਸ ਨੂੰ 2024 ਤੱਕ ਲਗਾਤਾਰ 12 ਫੀਸਦੀ ਪ੍ਰਤੀ ਸਾਲ ਦੀ ਦਰ ਨਾਲ ਵਾਧਾ ਕਰਨਾ ਪਵੇਗਾ। ਇਸ ਲਈ ਜ਼ਰੂਰੀ ਹੈ ਕਿ ਅਰਥਵਿਵਸਥਾ ਦੇ ਤਿੰਨੇ ਖੇਤਰ (ਮੁਢਲਾ ਭਾਵ ਖੇਤੀਬਾੜੀ, ਦੂਜਾ ਭਾਵ ਉਦਯੋਗ ਅਤੇ ਤੀਜਾ ਭਾਵ ਸੇਵਾ) ਵਾਧੇ ਦੇ ਇੰਜਣ ਦੀ ਤਰ੍ਹਾਂ ਕੰਮ ਕਰਨ। ਕਿਸੇ ਇਕ ਖੇਤਰ ਤੋਂ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਸਾਨੂੰ ਏਨੀ ਤੇਜ਼ੀ ਨਾਲ ਅਤੇ ਬਹੁਤ ਦੂਰ ਤੱਕ ਲਿਜਾ ਸਕੇਗਾ। ਧਿਆਨ ਰਹੇ ਕਿ ਕਾਂਗਰਸ ਦੇ ਸ਼ਾਸਨਕਾਲ ਦੇ ਪਹਿਲੇ ਦੌਰ ਵਿਚ ਜਦੋਂ 9 ਫੀਸਦੀ ਦੇ ਆਸਪਾਸ ਵਾਧਾ ਹੋਇਆ ਸੀ ਤਾਂ ਉਸ ਵਿਚ ਸੇਵਾ ਖੇਤਰ (ਬੈਂਕਿੰਗ, ਬੀਮਾ ਆਦਿ) ਦੀ ਭੂਮਿਕਾ ਮੁੱਖ ਸੀ; ਭਾਵ ਜੇ ਕੋਈ ਇਕ ਖੇਤਰ ਵਾਧੇ ਦਾ ਇੰਜਣ ਬਣਦਾ ਹੈ ਤਾਂ ਵਾਧਾ ਦੋ ਅੰਕਾਂ 'ਚ ਵੀ ਨਹੀਂ ਪਹੁੰਚ ਸਕਦਾ। ਸਵਾਲ ਪੈਦਾ ਹੁੰਦਾ ਹੈ ਕਿ ਕੀ ਭਾਰਤੀ ਅਰਥਵਿਵਸਥਾ ਦੇ ਸੰਚਾਲਕਾਂ ਕੋਲ ਏਨੀ ਯੋਗਤਾ ਅਤੇ ਯੋਜਨਾ ਹੈ ਕਿ ਉਹ ਤਿੰਨਾਂ ਖੇਤਰਾਂ ਨੂੰ ਤੇਜ਼ੀ ਨਾਲ ਅੱਗੇ ਵਧਾ ਸਕਣ? ਕਿਤੇ ਅਜਿਹਾ ਤਾਂ ਨਹੀਂ ਕਿ ਅਸੀਂ ਜਿਸ 8 ਫੀਸਦੀ ਵਾਧਾ ਦਰ ਦੇ ਸੁਪਨੇ ਲੈ ਰਹੇ ਹਾਂ, ਸਾਲ ਦੇ ਅੰਤ 'ਚ ਘਟ ਕੇ ਉਹ 6 ਫੀਸਦੀ 'ਤੇ ਆ ਜਾਵੇ?

ਹਕੀਕਤ ਕਿੰਨੀ ਵੀ ਤਲਖ ਹੋਵੇ, ਉਸ ਨੂੰ ਸਮਝ ਲੈਣਾ ਹੀ ਚੰਗਾ ਹੁੰਦਾ ਹੈ। ਜਿਸ ਸਮੇਂ ਵਿੱਤ ਮੰਤਰੀ ਬਜਟ ਪੇਸ਼ ਕਰ ਰਹੀ ਸੀ, ਉਸ ਸਮੇਂ ਸਾਡੀ ਵਾਧਾ ਦਰ 5.58 ਫੀਸਦੀ ਸੀ। ਭਾਵੇਂ ਕਾਰਾਂ ਦਾ ਉਦਯੋਗ ਹੋਵੇ ਜਾਂ ਮੋਟਰਸਾਈਕਲਾਂ ਦਾ, ਸਾਰੇ ਜ਼ਬਰਦਸਤ ਮੰਦੀ ਦਾ ਸਾਹਮਣਾ ਕਰ ਰਹੇ ਸਨ। ਪੇਂਡੂ ਇਲਾਕਿਆਂ ਦੇ ਬਾਜ਼ਾਰਾਂ ਵਿਚ ਚੀਜ਼ਾਂ ਵਿਕ ਨਹੀਂ ਰਹੀਆਂ ਸਨ, ਭਾਵ ਮੰਗ ਕਾਫੀ ਘੱਟ ਸੀ। ਇਸ ਦਾ ਅਸਰ ਸਾਫ ਤੌਰ 'ਤੇ ਗ਼ੈਰ-ਬੈਂਕਿੰਗ, ਵਿੱਤੀ ਕੰਪਨੀਆਂ ਦੀ ਬੁਰੀ ਹਾਲਤ ਦੇ ਰੂਪ ਵਿਚ ਦਿਖਾਈ ਦੇ ਰਿਹਾ ਸੀ। ਇਨ੍ਹਾਂ ਕੰਪਨੀਆਂ ਕੋਲ ਇਕ ਪਾਸੇ ਤਾਂ ਕਰਜ਼ ਦੇਣ ਲਈ ਪੂੰਜੀ ਦੀ ਘਾਟ ਸੀ ਅਤੇ ਦੂਜੇ ਪਾਸੇ ਕਰਜ਼ ਲੈਣ ਵਾਲਿਆਂ ਦੀ ਵੀ ਘਾਟ ਸੀ। ਇਹ ਕੰਪਨੀਆਂ ਬੈਂਕਾਂ ਤੋਂ ਕਰਜ਼ੇ ਲੈਂਦੀਆਂ ਹਨ ਅਤੇ ਫਿਰ ਉਨ੍ਹਾਂ ਨੂੰ ਛੋਟੇ ਉਦਮੀਆਂ ਅਤੇ ਖਪਤਕਾਰਾਂ ਵਿਚ ਵੰਡਦੀਆਂ ਹਨ। ਇਨ੍ਹਾਂ ਦੀ ਤੰਦਰੁਸਤੀ ਜੇ ਠੀਕ ਹੈ ਤਾਂ ਮੰਨਿਆ ਜਾਂਦਾ ਹੈ ਕਿ ਬਾਜ਼ਾਰ ਵਿਚ ਮੰਗ ਠੀਕ ਚੱਲ ਰਹੀ ਹੈ। ਸਰਕਾਰ ਨੇ ਇਸ ਸਮੱਸਿਆ ਦਾ ਸਾਹਮਣਾ ਕਰਨ ਲਈ ਬੈਂਕਾਂ ਨੂੰ 70 ਹਜ਼ਾਰ ਕਰੋੜ ਰੁਪਏ ਦੀ ਪੂੰਜੀ ਅਗਲੇ ਤਿੰਨ ਸਾਲ ਵਿਚ ਦੇਣ ਦਾ ਉਦੇਸ਼ ਮਿਥਿਆ ਹੈ ਤਾਂ ਕਿ ਬੈਂਕਾਂ ਵਿਚ ਮੰਗ ਨੂੰ ਵਧਾਉਣ ਦੀ ਯੋਗਤਾ ਪੈਦਾ ਹੋ ਸਕੇ। ਸਰਕਾਰ ਕੋਲ ਇਹ ਰਕਮ ਕਿਥੋਂ ਆਵੇਗੀ? ਸਮਝਿਆ ਜਾਂਦਾ ਹੈ ਕਿ ਉਹ ਕੁਝ ਰਕਮ ਰਿਜ਼ਰਵ ਬੈਂਕ ਦੇ ਰਾਖਵੇਂ ਫੰਡ ਤੋਂ ਲਵੇਗੀ। ਕੁਝ ਪੈਟਰੋਲ, ਡੀਜ਼ਲ ਨੂੰ ਮਹਿੰਗਾ ਕਰਨ ਦੇ ਰਾਹੀਂ ਅਤੇ ਕੁਝ ਆਮ ਤੌਰ 'ਤੇ ਟੈਕਸ ਵਸੂਲੀ ਵਧਣ ਤੋਂ ਪ੍ਰਾਪਤ ਹੋ ਜਾਵੇਗੀ। ਜਿਥੋਂ ਤੱਕ ਰਿਜ਼ਰਵ ਬੈਂਕ ਦਾ ਸਵਾਲ ਹੈ, ਉਸ ਦੇ ਰਾਖਵੇਂ ਫੰਡ ਤੋਂ ਰਕਮ ਲੈਣ 'ਤੇ ਵਿਵਾਦ ਹੈ। ਅਜਿਹਾ ਕਰਨ ਜਾਂ ਨਾ ਕਰਨ ਦੀ ਜਾਂਚ ਸਬੰਧੀ ਜੋ ਕਮੇਟੀ ਬਣਾਈ ਗਈ ਸੀ, ਉਸ ਨੇ ਕਿਹਾ ਹੈ ਕਿ ਅਜਿਹਾ ਨਹੀਂ ਕੀਤਾ ਜਾਣਾ ਚਾਹੀਦਾ ਪਰ ਸਾਡੇ ਵਿੱਤ ਸਕੱਤਰ ਕਮੇਟੀ ਦੇ ਇਸ ਫੈਸਲੇ 'ਤੇ ਆਪਣੀ ਅਸਹਿਮਤੀ ਦਰਜ ਕਰਾ ਰਹੇ ਹਨ, ਭਾਵ ਸਰਕਾਰ ਕਮੇਟੀ ਦੀ ਮਨਾਹੀ ਦੇ ਬਾਵਜੂਦ ਅਜਿਹਾ ਕਰੇਗੀ।

*ਜੇ ਭਾਰਤੀ ਅਰਥਵਿਵਸਥਾ ਨੂੰ ਪੰਜ ਖਰਬ ਡਾਲਰ ਦੇ ਪੱਧਰ ਤੱਕ ਪਹੁੰਚਾਉਣਾ ਹੈ ਤਾਂ ਉਸ ਨੂੰ 2024 ਤੱਕ ਲਗਾਤਾਰ 12 ਫੀਸਦੀ ਪ੍ਰਤੀ ਸਾਲ ਦੀ ਦਰ ਨਾਲ ਵਾਧਾ ਕਰਨਾ ਪਵੇਗਾ। ਇਸ ਲਈ ਜ਼ਰੂਰੀ ਹੈ ਕਿ ਅਰਥਵਿਵਸਥਾ ਦੇ ਤਿੰਨੇ ਖੇਤਰ (ਮੁਢਲਾ ਭਾਵ ਖੇਤੀਬਾੜੀ, ਦੂਜਾ ਭਾਵ ਉਦਯੋਗ ਅਤੇ ਤੀਜਾ ਭਾਵ ਸੇਵਾ) ਵਾਧੇ ਦੇ ਇੰਜਣ ਦੀ ਤਰ੍ਹਾਂ ਕੰਮ ਕਰਨ। ਕਿਸੇ ਇਕ ਖੇਤਰ ਤੋਂ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਸਾਨੂੰ ਏਨੀ ਤੇਜ਼ੀ ਨਾਲ ਅਤੇ ਬਹੁਤ ਦੂਰ ਤੱਕ ਲਿਜਾ ਸਕੇਗਾ।*

ਮੰਨ ਲਓ, ਸਭ ਕੁਝ ਠੀਕ ਰਿਹਾ ਅਤੇ ਬੈਂਕਾਂ ਅਤੇ ਗੈਰ-ਬੈਂਕਿੰਗ ਵਿੱਤੀ ਕੰਪਨੀਆਂ ਦੀ ਹਾਲਤ ਠੀਕ ਹੋ ਗਈ ਤਾਂ ਵੀ ਸਿਰਫ ਸੇਵਾ ਦਾ ਤੀਜਾ ਖੇਤਰ ਹੀ ਦਰੁਸਤ ਹੋਵੇਗਾ। ਸਰਕਾਰ ਕੋਲ ਖੇਤੀਬਾੜੀ ਅਤੇ ਉਦਯੋਗ ਨੂੰ ਬਿਮਾਰੀ ਦੀ ਹਾਲਤ 'ਚੋਂ ਕੱਢ ਕੇ ਚੰਗਾ-ਭਲਾ ਕਰਨ ਦਾ ਕੀ ਨੁਸਖਾ ਹੈ? ਦਰਅਸਲ ਮਾਮਲਾ ਇਥੇ ਹੀ ਫਸਿਆ ਹੋਇਆ ਹੈ। ਮੋਦੀ ਦੇ ਸ਼ਾਸਨਕਾਲ 'ਚ ਖੇਤੀ ਵਿਚ ਨਿਵੇਸ਼ ਦੀ ਦਰ ਜੋ ਪਹਿਲਾਂ ਹੀ ਕਾਫੀ ਘੱਟ ਸੀ, ਹੋਰ ਘਟੀ ਹੈ। ਸੀਤਾਰਮਨ ਦੇ ਇਸ ਬਜਟ 'ਚ ਵੀ ਜੇ ਮਹਿੰਗਾਈ ਦਰ ਨੂੰ ਸਮਾਂ-ਹੱਦ 'ਤੇ ਬੰਨ੍ਹ ਕੇ ਦੇਖਿਆ ਜਾਵੇ ਤਾਂ ਖੇਤੀਬਾੜੀ ਲਈ ਕੀਤੀ ਜਾਣ ਵਾਲੀ ਨਿਵੇਸ਼ ਦੀ ਵੰਡ ਕੋਈ ਅਜਿਹੀ ਉਮੀਦ ਨਹੀਂ ਜਗਾਉਂਦੀ ਕਿ ਇਹ ਖੇਤਰ ਨੇੜਲੇ ਭਵਿੱਖ 'ਚ ਉਛਾਲ ਦੀ ਸਥਿਤੀ 'ਚ ਆ ਸਕੇਗਾ।

ਇਸੇ ਤਰ੍ਹਾਂ ਉਦਯੋਗ ਦਾ ਖੇਤਰ ਨਿੱਜੀ ਖੇਤਰ ਤੋਂ ਵੱਡੇ ਪੱਧਰ 'ਤੇ ਨਿਵੇਸ਼ ਦੀ ਮੰਗ ਕਰਦਾ ਹੈ ਪਰ ਪਿਛਲੇ ਪੰਜ ਸਾਲਾਂ 'ਚ ਨਿੱਜੀ ਪੂੰਜੀਪਤੀਆਂ ਵਲੋਂ ਕੀਤਾ ਜਾਣ ਵਾਲਾ ਨਿਵੇਸ਼ ਘਟਦਾ ਗਿਆ ਹੈ। ਇਥੇ ਬਜਟ ਦੇ ਅੰਕੜਿਆਂ ਵੱਲ ਦੇਖਣ ਦੀ ਗੱਲ ਇਹ ਹੈ ਕਿ ਸਰਕਾਰ ਖੁਦ ਕਿੰਨਾ ਨਿਵੇਸ਼ ਕਰਨਾ ਚਾਹੁੰਦੀ ਹੈ? ਬਜਟ 'ਚ ਦਿਖਾਇਆ ਗਿਆ ਹੈ ਕਿ ਸਰਕਾਰ ਦਾ ਪੂੰਜੀਗਤ ਨਿਵੇਸ਼ 9.4 ਫੀਸਦੀ ਵਧੇਗਾ। ਇਹ ਕੁੱਲ ਘਰੇਲੂ ਉਤਪਾਦ ਦਾ ਸਿਰਫ 1.6 ਫੀਸਦੀ ਹੋਵੇਗਾ ਭਾਵ ਕਿ ਨਿਵੇਸ਼ ਦੇ ਮਾਮਲੇ 'ਚ ਸਰਕਾਰ ਪਿਛਲੇ ਬਜਟ ਦੇ ਮੁਕਾਬਲੇ ਕੋਈ ਖਾਸ ਜ਼ਿਆਦਾ ਪੈਸਾ ਨਹੀਂ ਲਗਾਉਣ ਜਾ ਰਹੀ।

ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਸੀ. ਰੰਗਰਾਜਨ ਦੇ ਅਨੁਸਾਰ ਬਜਟ 'ਚ ਅਜਿਹਾ ਕੋਈ ਉਪਾਅ ਨਹੀਂ ਹੈ ਜੋ ਨਿੱਜੀ ਪੂੰਜੀਪਤੀਆਂ 'ਚ ਨਿਵੇਸ਼ ਲਈ ਉਤਸ਼ਾਹ ਪੈਦਾ ਕਰ ਸਕੇ; ਹਾਲਾਂਕਿ ਸਰਕਾਰ ਦੇ ਦੋਵੇਂ ਵਿੱਤੀ ਸਲਾਹਕਾਰ ਦਾਅਵਾ ਕਰ ਰਹੇ ਹਨ ਕਿ ਇਹ ਬਜਟ ਨਿੱਜੀ ਪੂੰਜੀ ਦੇ ਨਿਵੇਸ਼ ਤੋਂ ਨਿਕਲਣ ਵਾਲੀ ਵਾਧਾ ਦਰ ਦੀਆਂ ਸੰਭਾਵਨਾਵਾਂ 'ਤੇ ਟਿਕਿਆ ਹੋਇਆ ਹੈ।

ਅਸੀਂ ਜਾਣਦੇ ਹਾਂ ਕਿ ਨਿੱਜੀ ਖੇਤਰ ਕੋਲ ਤਕਰੀਬਨ 2 ਲੱਖ ਕਰੋੜ ਦੀ ਨਕਦੀ ਰਾਖਵੀਂ ਪਈ ਹੈ। ਜਨਤਕ ਖੇਤਰ ਦੇ ਫਾਇਦੇ ਵਾਲੀਆਂ ਕੰਪਨੀਆਂ ਕੋਲ ਵੀ ਸਵਾ ਲੱਖ ਕਰੋੜ ਦੀ ਅਜਿਹੀ ਰਕਮ ਪਈ ਹੈ। ਪਿਛਲੇ ਪੰਜ ਸਾਲ ਤੋਂ ਸਰਕਾਰ ਇਸ ਰਕਮ ਨੂੰ ਤਿਜੋਰੀਆਂ 'ਚੋਂ ਕੱਢ ਕੇ ਅਰਥਵਿਵਸਥਾ ਵਿਚ ਸ਼ਾਮਿਲ ਕਰਨ ਲਈ ਪ੍ਰੇਰਨਾਦਾਇਕ ਮਾਹੌਲ ਨਹੀਂ ਬਣਾ ਸਕੀ। ਜਦੋਂ ਤੱਕ ਇਹ ਨਹੀਂ ਹੋਵੇਗਾ, ਪੰਜ ਖਰਬ ਡਾਲਰ ਦੀ ਅਰਥ-ਵਿਵਸਥਾ ਬਣਾਉਣ ਦਾ ਸੁਪਨਾ ਅਧੂਰਾ ਹੀ ਰਹੇਗਾ।

# ਅਗਲੀਆਂ ਪੀੜ੍ਹੀਆਂ ਲਈ ਬਚੇਗਾ ਦਮਘੋਟੂ ਮਾਹੌਲ?

**ਸਰਬਜੀਤ**

ਭਾਰਤ ਦਾ ਭੂਤਕਾਲ ਚੰਗਾ-ਮਾੜਾ ਕਿਹੋ ਜਿਹਾ ਵੀ ਰਿਹਾ ਹੋਵੇ ਪਰ ਵਰਤਮਾਨ ਬਿਲਕੁਲ ਅਸਪਸ਼ਟ, ਅਨਿਸ਼ਚਿਤ, ਧੁੰਦਲਾ ਅਤੇ ਦਿਸ਼ਾਹੀਣ ਹੈ। ਭਾਰਤ ਦੇ ਅੱਜ ਬਾਰੇ ਇਹ ਧਾਰਨਾ ਕਿਸੇ ਦੀ ਨਿੱਜੀ ਰਾਇ ਨਹੀਂ ਹੈ ਸਗੋਂ ਇਹ ਲੋਕਤੰਤਰ ਦੇ ਚੌਥੇ ਥੰਮ੍ਹ ਮੀਡੀਆ ਰਾਹੀਂ ਪੇਸ਼ ਹੋ ਰਹੀਆਂ ਘਟਨਾਵਾਂ ਅਤੇ ਵਿਚਾਰਾਂ ਵਿਚੋਂ ਉਭਰਦੀ ਵਿਚਾਰਵਾਨਾਂ ਦੀ ਸਾਂਝੀ ਰਾਇ ਹੈ। ਇਸ ਦਾ ਕਾਰਨ ਇਹ ਹੈ ਕਿ ਮੀਡੀਆ ਰਾਹੀਂ ਆ ਰਹੀਆਂ ਵੱਡੀ ਗਿਣਤੀ ਖਬਰਾਂ ਚਿੰਤਾ ਵਾਲੀਆਂ ਹਨ। ਇਨ੍ਹਾਂ ਤਮਾਮ ਖਬਰਾਂ ਵਿਚ ਵਿਸ਼ੇਸ਼ ਕਿਸਮ/ਵਰਗ ਦੀਆਂ ਖਬਰਾਂ ਹਨ, ਜਿਨ੍ਹਾਂ ਨੇ ਪਿਛਲੇ ਕੁਝ ਸਮੇਂ ਤੋਂ ਲੋਕਾਂ ਦਾ ਧਿਆਨ ਖਿੱਚਿਆ ਹੈ। ਇਨ੍ਹਾਂ ਖਬਰਾਂ ਨੇ ਸਾਧਾਰਨ ਬੰਦੇ ਨੂੰ ਚਿੰਤਾ ਵਿਚ ਪਾਇਆ ਹੈ ਲੇਕਿਨ ਬੁੱਧੀਜੀਵੀ ਵਰਗ, ਸਮਾਜਿਕ ਕਾਰਕੁਨਾਂ ਅਤੇ ਖੱਬੇ-ਪੱਖੀ ਧਿਰਾਂ ਦੇ ਇਕ ਵੱਡੇ ਹਿੱਸੇ ਦਾ ਅਜਿਹੀਆਂ ਘਟਨਾਵਾਂ ਦੇ ਸੰਵੇਦਨਸ਼ੀਲ, ਸੁਚਾਰੂ ਅਤੇ ਜ਼ਿੰਮੇਵਾਰ ਵਿਸ਼ਲੇਸ਼ਣ ਤੋਂ ਅਵੇਸਲਾ ਰਹਿਣਾ ਹਾਲਾਤ ਨੂੰ ਵਧੇਰੇ ਚਿੰਤਾਜਨਕ ਬਣਾਉਂਦਾ ਹੈ।

ਪਿਛਲੇ ਕੁਝ ਮਹੀਨਿਆਂ ਦੀਆਂ ਖਬਰਾਂ ਵਿਚ ਹੋਰ ਕਿਸੇ ਵੀ ਧਿਰ/ਵਰਗ ਨਾਲੋਂ ਵਧੇਰੇ ਬੱਚਿਆਂ/ਬੱਚੀਆਂ ਦਾ ਚਰਚਾ ਲਗਾਤਾਰ ਬਣਿਆ ਹੋਇਆ ਹੈ। ਇਹ ਖਬਰਾਂ ਬਿਨਾ ਸ਼ੱਕ ਬੱਚਿਆਂ/ਨਵੀਂ ਪੀੜ੍ਹੀ ਦੀ ਭਾਰਤੀ ਰਾਜ ਵਿਵਸਥਾ ਅੰਦਰ ਅਣਦੇਖੀ ਨੂੰ ਸਾਬਿਤ ਕਰਦੀਆਂ ਹਨ। ਇਨ੍ਹਾਂ ਖਬਰਾਂ 'ਚ ਬੱਚਿਆਂ ਦੇ ਅਗਵਾ ਹੋਣ ਤੋਂ ਲੈ ਕੇ ਨਿੱਕੀਆਂ ਬੱਚੀਆਂ ਨਾਲ ਬਲਾਤਕਾਰ ਤੱਕ ਦੀਆਂ ਅਣਮਨੁੱਖੀ ਘਟਨਾਵਾਂ ਸ਼ਾਮਿਲ ਹਨ। ਇੰਨਾ ਹੀ ਨਹੀਂ, ਬੱਚਿਆਂ ਲਈ ਬਣੀਆਂ ਸਰਕਾਰੀ ਟੀਕਾਕਰਨ ਸਕੀਮਾਂ ਵੀ ਲੋਕਾਂ ਵਿਚ ਪੈਦਾ ਹੋਏ ਸ਼ੱਕ/ਅਵਿਸ਼ਵਾਸ ਦੇ ਮੱਦੇਨਜ਼ਰ ਸੁਰਖੀਆਂ ਵਿਚ ਰਹੀਆਂ।

ਇਸ ਤੋਂ ਬਿਨਾ ਸਰਕਾਰੀ ਸਕੂਲਾਂ ਦਾ ਢਾਂਚਾ, ਮੁਫਤ ਵਰਦੀਆਂ/ਕਿਤਾਬਾਂ, ਸਾਈਕਲ ਵੰਡ ਸਕੀਮ ਤੋਂ ਲੈ ਕੇ ਮਿਡ-ਡੇ ਮੀਲ ਆਦਿ ਦੀਆਂ ਕਮੀਆਂ ਚਰਚਾ ਵਿਚ ਹਨ। ਇਸ ਦੇ ਨਾਲ ਹੀ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕਾਂ ਵਲੋਂ ਕੀਤੀਆਂ ਜਾਂਦੀਆਂ ਮਨਮਰਜ਼ੀਆਂ ਜਿਨ੍ਹਾਂ ਵਿਚ ਬੱਚਿਆਂ ਦੀ ਬਾਂਹ 'ਤੇ ਫੀਸ ਨਾ ਭਰਨ ਦੀ ਲਾਈ ਮੋਹਰ ਆਦਿ ਬੱਚਿਆਂ ਬਾਰੇ ਸਾਡੀ ਸੰਵੇਦਨਹੀਣਤਾ ਜ਼ਾਹਰ ਕਰਦੀਆਂ ਹਨ। ਫਤਹਿਵੀਰ ਅਤੇ ਮੁਜ਼ੱਫਰਪੁਰ (ਬਿਹਾਰ) ਵਿਚ ਬੱਚਿਆਂ ਦੀਆਂ ਮੌਤਾਂ ਇਸ ਢਾਂਚੇ ਦੇ ਬੱਚਿਆਂ ਵਿਰੋਧੀ ਹੋਣ ਦੇ ਅਸਲੇ ਦੀ ਪੋਲ ਖੋਲ੍ਹਦੀਆਂ ਹਨ। ਗ਼ੌਰਤਲਬ ਹੈ ਕਿ ਅਜਿਹਾ ਪਹਿਲਾਂ ਗੋਰਖਪੁਰ (ਯੂ.ਪੀ.) ਵਿਚ ਵੀ ਵਾਪਰ ਚੁੱਕਾ ਹੈ। ਇਹ ਘਟਨਾਵਾਂ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ, ਵੱਖ-ਵੱਖ ਸਮਿਆਂ ਉਪਰ ਵੱਖ-ਵੱਖ ਜਾਤਾਂ, ਗੋਤਾਂ, ਧਰਮਾਂ, ਵਰਗਾਂ ਦੇ ਬੱਚਿਆਂ ਨਾਲ ਵਾਪਰੀਆਂ ਹਨ। ਇਨ੍ਹਾਂ ਸਾਰੀਆਂ ਘਟਨਾਵਾਂ ਵਿਚ ਇਕੋ ਸਾਂਝ ਹੈ ਕਿ ਇਹ ਨਿੱਕੀ ਉਮਰ ਦੇ ਬੱਚਿਆਂ ਨਾਲ ਸਬੰਧਿਤ ਹਨ। ਇਕ ਅਰਬ ਤੋਂ ਉਪਰ ਆਬਾਦੀ ਵਾਲੇ ਮੁਲਕ ਵਿਚ ਜਿਥੇ ਅਮੀਰ/ਗ਼ਰੀਬ, ਸ਼ੋਸ਼ਿਤ/ਸ਼ੋਸ਼ਕ, ਮੁੱਖਧਾਰਾ/ਹਾਸ਼ੀਏ 'ਤੇ ਸੁੱਟੀਆਂ ਧਿਰਾਂ ਦਾ ਪਾੜਾ ਬਹੁਤ ਵੱਡਾ ਅਤੇ ਤਹਿਦਾਰ ਹੈ, ਉਥੇ ਅਜੇ ਵੱਡੀ ਗਿਣਤੀ ਘਟਨਾਵਾਂ ਸਾਹਮਣੇ ਆਉਣ ਤੋਂ ਵੀ ਰਹਿ ਗਈਆਂ ਹੋਣਗੀਆਂ।

ਇਸ ਸਾਰੇ ਪ੍ਰਸੰਗ ਵਿਚ ਸਵਾਲ ਉਠਦਾ ਹੈ ਕਿ ਆਖਰ ਇਹ ਸਭ ਘਟਨਾਵਾਂ ਕੀ ਸੰਕੇਤ ਕਰਦੀਆਂ ਹਨ? ਇਸ ਦਾ ਜਵਾਬ ਖਤਰਨਾਕ, ਡਰਾਉਣਾ ਅਤੇ ਭਿਅੰਕਰ ਹੈ। ਇਨ੍ਹਾਂ ਘਟਨਾਵਾਂ ਦਾ ਸਿੱਧਾ ਸਬੰਧ ਉਸ ਪੀੜ੍ਹੀ ਨਾਲ ਹੈ ਜਿਸ ਨੇ ਅਜੇ ਸਮਾਜ ਨੂੰ ਸਮਝਣਾ, ਚਲਾਉਣਾ ਅਤੇ ਬਦਲਣਾ ਹੈ। ਸਾਡੀ ਭਵਿਖ ਦੀ ਪੀੜ੍ਹੀ ਦਾ ਲਗਾਤਾਰ ਬੇਧਿਆਨੀ, ਖੌਫ ਤੇ ਸਹਿਮ ਦੇ ਸਾਏ ਹੇਠ ਵੱਡੇ ਹੋਣਾ, ਉਸ ਨੂੰ ਦੱਬੂ, ਕਾਇਰ, ਬੁਜ਼ਦਿਲ ਅਤੇ ਭਾਂਜਵਾਦੀ ਬਣਾ ਦੇਵੇਗਾ। ਇਹੀ ਨਹੀਂ, ਇਹ ਘਾਤਕ ਮਾਹੌਲ ਪੇਟ ਵਿਚ ਪਲ ਰਹੇ ਬੱਚਿਆਂ ਦੀ ਮਾਨਸਿਕਤਾ ਉਪਰ ਵੀ ਅਸਰਅੰਦਾਜ਼ ਹੋਵੇਗਾ। ਸਾਡੀ ਭਵਿਖ ਦੀ ਪੀੜ੍ਹੀ ਜਦ ਮਾਂ ਦੇ ਪੇਟ ਵਿਚੋਂ ਹੀ ਸਹਿਮ ਦੇ ਅਹਿਸਾਸ ਨਾਲ ਪੈਦਾ ਹੋਵੇਗੀ ਤਾਂ ਉਸ ਦੀ ਸਮਝ, ਹੌਸਲੇ ਅਤੇ ਗਿਆਨ ਦੇ ਪੱਧਰ ਦਾ ਕਿਆਸ ਕਰਨਾ ਔਖਾ ਨਹੀਂ। ਅਸੀਂ, ਆਪਣੇ ਦੌਰ ਦੀ 'ਸੰਪੂਰਨ ਕਥਾ' ਸੁਣਨ ਤੋਂ ਖੁੰਝੇ ਲੋਕ, ਆਪਣੀ ਭਵਿੱਖ ਦੀ ਪੀੜ੍ਹੀ ਨੂੰ 'ਅਭਿਮੰਨਿਊ' ਦੀ ਹੋਣੀ ਦੇ ਰਹੇ ਹਾਂ ਜਿਸ ਨੇ ਵਿਵਸਥਾ ਦੇ ਰਚੇ 'ਚੱਕਰਵਿਊ' ਦਾ ਕਦੇ 'ਭੇਦਨ' ਨਹੀਂ ਕਰ ਸਕਣਾ।

ਇਸ ਸਮੇਂ ਸਾਡੇ ਮੁਲਕ ਕੋਲ ਗਿਆਨ, ਵਿਗਿਆਨ, ਸੂਚਨਾ, ਤਕਨੀਕ, ਖੇਡਾਂ ਆਦਿ ਦੇ ਖੇਤਰਾਂ ਵਿਚ ਮਾਣ ਕਰਨ ਲਈ ਕੁਝ ਵੀ ਵੱਡਾ ਨਹੀਂ ਹੈ। ਆਜ਼ਾਦੀ ਦਾ ਚਾਅ 1947, 1984, 1990, 1992 ਅਤੇ 2002 ਦੇ ਦੰਗਿਆਂ ਨੇ ਖਤਮ ਕਰ ਦਿੱਤਾ ਹੈ। ਅੱਜ ਗੁਆਂਢੀ ਮੁਲਕਾਂ ਨਾਲ ਭਾਰਤ ਦੀਆਂ ਕੀਤੀਆਂ ਲੜਾਈਆਂ ਸਾਨੂੰ ਹੌਸਲਾ ਤੇ ਉਤਸ਼ਾਹ ਦੇਣ ਦੀ ਥਾਂ ਗ੍ਰਿਹ-ਯੁੱਧ ਦੇ ਖਤਰਿਆਂ ਦਾ ਡਰ ਦੇ ਰਹੀਆਂ ਹਨ। ਇਸ ਸੂਰਤ ਵਿਚ ਨਵੀਂ ਪੈਦਾ ਅਤੇ ਜਵਾਨ ਹੋ ਰਹੀ ਪੀੜ੍ਹੀ ਆਤਮ-ਵਿਸ਼ਵਾਸ ਕਿਥੋਂ ਪ੍ਰਾਪਤ ਕਰੇਗੀ? ਇਸ ਪੀੜ੍ਹੀ ਕੋਲ ਦੁਨੀਆ ਨੂੰ ਦਿਖਾਉਣ ਤੇ ਮਾਣ ਕਰਨ ਲਈ ਕੀ ਹੋਵੇਗਾ? ਕੀ ਇਹ ਪੀੜ੍ਹੀ ਧਰਮ ਆਧਾਰਤ ਦੰਗਿਆਂ ਜਾਂ ਦਲਿਤ/ਔਰਤ ਵਿਰੋਧੀ ਮਾਨਸਿਕਤਾ ਦੇ ਤਗਮੇ ਹਿੱਕ 'ਤੇ ਲਟਕਾ ਕੇ ਬਾਕੀ ਦੁਨੀਆ ਦੀਆਂ ਅੱਖਾਂ ਵਿਚ ਅੱਖਾਂ ਪਾ ਸਕੇਗੀ? ਕੀ ਭਵਿਖ ਦੀ ਇਹ ਪੀੜ੍ਹੀ ਅੱਜ ਆਪਣਾ ਮੁਲਕ ਛੱਡ ਕੇ ਜਾਣ ਵਾਲਿਆਂ ਵਾਂਗ, ਆਪਣੀ ਧਰਤੀ ਨੂੰ ਕਾਲੇ ਪਾਣੀਆਂ ਦੀ ਸਜ਼ਾ ਸਮਝਦਿਆਂ, ਇਥੋਂ ਭੱਜਣ ਦੇ ਬਹਾਨੇ ਅਤੇ ਤਰੀਕੇ ਨਹੀਂ ਲੱਭੇਗੀ? ਕੀ ਨਵੀਂ ਜਵਾਨ ਹੋ ਰਹੀ ਇਹ ਪੀੜ੍ਹੀ ਸਾਡੇ ਵਰਗਿਆਂ ਨੂੰ ਮੁਆਫ ਕਰ ਸਕੇਗੀ ਜਿਨ੍ਹਾਂ ਨੇ ਇਸ ਲਈ ਕੁਝ ਵੀ ਪ੍ਰੇਰਨਾਦਾਇਕ ਨਹੀਂ ਕੀਤਾ?



ਕਿੰਨੇ ਸ਼ਰਮ ਦੀ ਗੱਲ ਹੈ ਕਿ ਅਸੀਂ ਆਪਣੀ ਭਵਿਖ ਦੀ ਪੀੜ੍ਹੀ ਨੂੰ ਬੁਜ਼ਦਿਲੀ ਦੇ ਭਾਰ ਹੇਠ ਦਬਾਉਣ ਲਈ ਹਰ ਤਰ੍ਹਾਂ ਦੀ ਤਿਆਰੀ ਕਰੀ ਬੈਠੇ ਹਾਂ। ਅਸੀਂ ਲੜਨ, ਬੋਲਣ ਅਤੇ ਮਰਨ ਤੋਂ ਭੱਜੇ ਲੋਕ ਇੰਨੇ ਸਾਹ-ਸੱਤਹੀਣ ਹੋ ਗਏ ਹਾਂ ਕਿ ਅੱਜ ਆਪਣੇ ਬੱਚਿਆਂ ਦੀ ਲਾਸ਼ਾਂ ਅਤੇ ਨਿੱਕੀਆਂ-ਨਿੱਕੀਆਂ ਧੀਆਂ ਦੇ ਜਬਰ ਜਨਾਹ ਦੇ ਬੋਝ ਨੂੰ ਬੜੀ ਆਸਾਨੀ ਤੇ ਬੇਸ਼ਰਮੀ ਨਾਲ ਢੋਅ ਰਹੇ ਹਾਂ। ਸਾਡੇ ਹੋਛੇਪਣ ਦੀ ਇੰਤਹਾ ਹੈ ਕਿ ਅਸੀਂ ਇਨ੍ਹਾਂ ਘਟਨਾਵਾਂ ਖਿਲਾਫ ਵਿਰੋਧ ਨੂੰ ਕੇਵਲ ਆਪਣੇ ਸੋਸ਼ਲ ਮੀਡੀਆ ਅਕਾਊਂਟ ਦੀ ਤਸਵੀਰ ਬਦਲਣ ਤੱਕ ਸੀਮਤ ਕਰ ਦਿੱਤਾ ਹੈ। ਉਥੇ ਵੀ ਸਾਡੇ ਕੋਲ ਸਾਂਝੇ ਕਰਨ ਲਈ ਆਪਣੀ ਨਿੱਜੀ ਪੀੜ ਵਿਚੋਂ ਨਿਕਲੇ ਦੋ ਸ਼ਬਦ ਤੱਕ ਨਹੀਂ ਹੁੰਦੇ ਸਗੋਂ ਅਸੀਂ ਇੰਟਰਨੈੱਟ ਤੋਂ ਅਜਿਹੀਆਂ ਘਟਨਾਵਾਂ ਨਾਲ ਸਬੰਧਿਤ 'ਮਸਾਲਾ' ਲੈ ਕੇ ਸਾਂਝਾ ਕਰਦੇ ਹਾਂ।

ਅਸੀਂ ਇੰਨੇ ਬਿਮਾਰ ਹੋ ਚੁੱਕੇ ਲੋਕ ਹਾਂ ਕਿ ਇਨ੍ਹਾਂ ਘਟਨਾਵਾਂ ਦਾ ਸਾਡੀ ਜ਼ਮੀਰ ਉਪਰ ਕੋਈ ਅਸਰ ਨਹੀਂ ਹੁੰਦਾ ਸਗੋਂ ਅਸੀਂ ਇਸ ਨੂੰ ਦੂਜਿਆਂ ਨਾਲ ਵਾਪਰੀਆਂ 'ਆਮ' ਘਟਨਾਵਾਂ ਸਮਝ ਕੇ ਬੜੀ ਛੇਤੀ ਭੁੱਲ ਜਾਂਦੇ ਹਾਂ। ਕੀ ਅਜਿਹੀਆਂ ਘਟਨਾਵਾਂ ਤੋਂ ਸਬਕ ਸਿੱਖਣ ਅਤੇ ਉਨ੍ਹਾਂ ਨੂੰ ਸਾਰੀ ਉਮਰ ਯਾਦ ਰੱਖਣ ਲਈ ਹਰ ਬੰਦੇ ਨੂੰ ਆਪਣੇ ਢਿੱਡੋਂ ਜੰਮੇ ਬੱਚਿਆਂ ਦੀ ਬਲੀ ਦੇਣੀ ਪਵੇਗੀ? ਕਿਉਂ ਸਾਨੂੰ ਪਰਾਈ ਪੀੜ ਤੋਂ ਹਾਲਾਤ ਦੀ ਭਿਆਨਕਤਾ ਦਾ ਅੰਦਾਜ਼ਾ ਨਹੀਂ ਹੋ ਰਿਹਾ? ਕੀ ਇਨ੍ਹਾਂ ਹਾਲਾਤ ਵਿਚ ਅਸੀਂ ਆਪਣੇ ਬੱਚਿਆਂ ਨੂੰ ਬਿਹਤਰ ਭਵਿਖ ਜਾਂ ਬਿਹਤਰ ਭਵਿਖ ਦੇ ਸੁਪਨੇ ਦੇ ਸਕਾਂਗੇ? ਕੀ ਆਪੋ-ਆਪਣੇ ਵਸੀਲੇ ਜੁਟਾਉਣ ਦਾ ਸਾਡਾ ਅਮਲ ਸਾਡੇ ਬੱਚਿਆਂ ਨੂੰ ਬੇਖੌਫ ਸਮਾਜ ਮੁਹੱਈਆ ਕਰ ਸਕਦਾ ਹੈ? ਜੇ ਨਹੀਂ ਤਾਂ ਅਸੀਂ ਆਪਣੀ ਭਵਿੱਖ ਦੀ ਪੀੜ੍ਹੀ ਲਈ ਸਮਾਜ ਵਜੋਂ ਕੀ ਕਰ ਰਹੇ ਹਾਂ? ਸਮਾਜ ਵਜੋਂ ਅਸੀਂ ਸਿਆਸੀ ਪਾਰਟੀਆਂ/ਵਿਵਸਥਾ ਦੇ ਹੱਥ ਦੀ ਕਠਪੁਤਲੀ ਵਾਂਗ ਲਾਚਾਰ ਕਿਉਂ ਹਾਂ?

ਅਸਲ ਵਿਚ ਸਾਡੀ ਪੀੜ੍ਹੀ ਨੇ ਵਿਵਸਥਾ ਨੂੰ ਆਪਣੇ 'ਹੋਣ' ਦਾ ਕਦੇ ਅਹਿਸਾਸ ਹੀ ਨਹੀਂ ਕਰਵਾਇਆ। ਇਸ ਵਿਵਸਥਾ ਅੱਗੇ ਝੁਕੀ, ਹਾਰੀ ਤੇ ਲਤਾੜੀ ਸਾਡੀ ਪੀੜ੍ਹੀ ਨੇ ਕੇਵਲ ਆਪਣੀਆਂ ਜਾਨਾਂ ਬਚਾਉਣ ਦੇ 'ਝੂਠੇ ਸੌਦੇ' ਕੀਤੇ ਹਨ। ਇਸ ਦੇ ਨਤੀਜੇ ਵਜੋਂ ਅਸੀਂ ਆਪਣੀ ਬੋਲੀ, ਭੋਜਨ, ਧਰਤੀ, ਮਿੱਟੀ, ਪਾਣੀ, ਫਸਲਾਂ, ਫਲ਼ ਅਤੇ ਪੂਰਾ ਵਾਤਾਵਰਨ ਗਵਾ ਲਿਆ ਪਰ ਹੁਣ ਜਦੋਂ ਸਾਡੇ ਕੋਲ ਗਵਾਉਣ ਲਈ ਕੁਝ ਨਹੀਂ ਹੈ ਤਾਂ ਵੀ ਸਾਡੇ ਕੋਲ 'ਕੁਝ' ਹੈ ਅਤੇ ਵਿਵਸਥਾ ਨੂੰ ਇਸ ਦੀ ਮਹੱਤਤਾ ਦਾ ਸਾਡੇ ਨਾਲੋਂ ਪਹਿਲਾਂ ਤੇ ਵੱਧ ਪਤਾ ਹੈ। ਇਹ ਸਾਡੀ ਨਵੀਂ ਪੀੜ੍ਹੀ ਹੈ, ਸਾਡੇ ਬੱਚੇ। ਹੁਣ ਸਾਡੇ ਬੱਚੇ ਇਸ ਵਿਵਸਥਾ ਦੇ ਮੁੱਖ ਨਿਸ਼ਾਨੇ 'ਤੇ ਹਨ। ਸਾਡੇ ਬੱਚਿਆਂ ਨੂੰ ਹਰ ਤਰ੍ਹਾਂ ਨਾਲ ਘੇਰ ਲਿਆ ਗਿਆ ਹੈ। ਉਨ੍ਹਾਂ ਦੇ ਬਚਪਨ, ਸਿਹਤ, ਖੇਡਾਂ, ਗਿਆਨ, ਪਾਲਣ-ਪੋਸ਼ਣ ਆਦਿ ਸਭ ਕੁਝ ਨੂੰ ਇਸ ਵਿਵਸਥਾ ਨੇ ਆਪਣੇ ਹੱਥਾਂ ਵਿਚ ਲੈ ਲਿਆ ਹੈ। ਅਸੀਂ ਵਿਵਸਥਾ ਦੀ ਇਸ ਖੇਡ ਨੂੰ ਅਗਾਊਂ ਸਮਝਣ ਤੋਂ ਅਸਮਰੱਥ ਰਹੇ ਹਾਂ। ਅਜੇ ਵੀ ਸਮਾਂ ਹੈ, ਅਸੀਂ ਸੁਚੇਤ ਹੋਈਏ ਅਤੇ ਆਪਣੇ ਬੱਚਿਆਂ ਲਈ ਨੰਗੇ ਧੜ ਲੜਨ ਲਈ ਤਿਆਰ ਹੋਈਏ। ਜੇ ਅਸੀਂ ਅਜਿਹਾ ਨਾ ਕੀਤਾ ਤਾਂ ਸਾਡਾ ਭਵਿਖ ਸਾਡੇ ਵਰਤਮਾਨ ਨਾਲੋਂ ਵੀ ਹਨੇਰਾ ਹੋਵੇਗਾ ਅਤੇ ਸਾਡੇ ਬੱਚੇ ਸਾਨੂੰ ਕਦੇ ਮੁਆਫ ਨਹੀਂ ਕਰਨਗੇ।

ਅਸੀਂ ਅਜੇ ਵੀ ਨਿੱਜੀ ਮੁਫਾਦਾਂ ਅਤੇ ਨਿੱਜੀ ਫਾਇਦਿਆਂ ਲਈ ਲੜ ਰਹੇ ਲੋਕ ਹਾਂ ਪਰ ਇਨ੍ਹਾਂ ਨਿੱਜੀ ਲੜਾਈਆਂ ਨੇ ਵਿਵਸਥਾ ਦੇ ਹਾਥੀ ਨੂੰ ਵਧੇਰੇ ਤਾਕਤਵਰ ਕਰਨਾ ਹੈ। ਅਜੇ ਮੌਕਾ ਹੈ ਕਿ ਸਾਡੀ ਪੀੜ੍ਹੀ ਲੋਕਧਾਰਾ ਵਿਚ ਮਿਲਦੀ ਉਸ ਮਿਸਾਲ ਨੂੰ ਯਾਦ ਕਰੇ, ਜਦੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਮਲੇਰਕੋਟਲੇ ਦੇ ਨਵਾਬ ਨੇ ਆਪਣੀ ਹੀ ਸਰਕਾਰ ਖਿਲਾਫ ਸਾਹਿਬਜ਼ਾਦਿਆਂ ਦੇ ਹੱਕ ਵਿਚ 'ਹਾਅ ਦਾ ਨਾਅਰਾ' ਮਾਰਿਆ ਸੀ। ਕੀ ਅੱਜ ਅਸੀਂ ਆਪਣੇ ਬੱਚਿਆਂ ਲਈ, ਆਪਣੇ ਹੱਥੀਂ ਚੁਣੀ ਸਰਕਾਰ ਖਿਲਾਫ ਬੋਲਣ ਦਾ ਹੌਸਲਾ ਨਹੀਂ ਕਰ ਸਕਦੇ? ਸਾਡੇ ਵਡੇਰੇ ਲੱਖਾਂ ਕੁਰਬਾਨੀਆਂ ਤੋਂ ਬਾਅਦ ਸਾਨੂੰ ਮੁਕਾਬਲਤਨ ਬਿਹਤਰ ਅਤੇ ਸੁਖਾਲ਼ਾ ਸਾਹ ਲੈਣ ਯੋਗ ਮਾਹੌਲ ਦੇ ਕੇ ਦੁਨੀਆ ਤੋਂ ਰੁਖਸਤ ਹੋਏ ਸਨ, ਲੇਕਿਨ ਕੀ ਅਸੀਂ ਆਪਣੀ ਅਗਲੀ ਪੀੜ੍ਹੀ ਲਈ ਦਮਘੋਟੂ ਮਾਹੌਲ ਛੱਡ ਕੇ ਜਾਣਾ ਹੈ? ਬੱਚਿਆਂ ਦੀਆਂ ਲਾਸ਼ਾਂ ਅਤੇ ਉਨ੍ਹਾਂ ਦੇ ਵਰਤਮਾਨ ਨੂੰ ਦੇਖਦਿਆਂ ਸਾਡੇ ਲਈ ਇਹ ਵੱਡਾ ਤੇ ਅਹਿਮ ਸਵਾਲ ਹੈ।

> ***ਇਨ੍ਹਾਂ ਘਟਨਾਵਾਂ ਦਾ ਸਿੱਧਾ ਸਬੰਧ ਉਸ ਪੀੜ੍ਹੀ ਨਾਲ ਹੈ ਜਿਸ ਨੇ ਅਜੇ ਸਮਾਜ ਨੂੰ ਸਮਝਣਾ, ਚਲਾਉਣਾ ਅਤੇ ਬਦਲਣਾ ਹੈ। ਸਾਡੀ ਭਵਿਖ ਦੀ ਪੀੜ੍ਹੀ ਦਾ ਲਗਾਤਾਰ ਬੇਧਿਆਨੀ, ਖੌਫ ਤੇ ਸਹਿਮ ਦੇ ਸਾਏ ਹੇਠ ਵੱਡੇ ਹੋਣਾ, ਉਸ ਨੂੰ ਦੱਬੂ, ਕਾਇਰ, ਬੁਜ਼ਦਿਲ ਅਤੇ ਭਾਂਜਵਾਦੀ ਬਣਾ ਦੇਵੇਗਾ। ਇਹੀ ਨਹੀਂ, ਇਹ ਘਾਤਕ ਮਾਹੌਲ ਪੇਟ ਵਿਚ ਪਲ ਰਹੇ ਬੱਚਿਆਂ ਦੀ ਮਾਨਸਿਕਤਾ ਉਪਰ ਵੀ ਅਸਰਅੰਦਾਜ਼ ਹੋਵੇਗਾ।***

# ਭਾਰਤੀ ਸਮਾਜ ਅਤੇ ਔਰਤ

**ਮੂਰਤੀ ਕੌਰ**

ਭਾਰਤੀ ਸਮਾਜ ਵਿਚ 'ਇਨਸਾਨੀਅਤ' ਨਾਂ ਦੇ ਧਰਮ ਦੀ ਹੋਂਦ ਮਨਫੀ ਹੋ ਰਹੀ ਹੈ। ਜਿਥੇ ਔਰਤ ਨੂੰ ਦੇਵੀ ਦੇ ਰੂਪ ਵਿਚ ਪੂਜਿਆ ਜਾਂਦਾ ਹੈ, ਉਥੇ ਜਿਊਂਦੀ ਜਾਗਦੀ ਔਰਤ ਦੀ ਜ਼ਿੰਦਗੀ ਤਰਸਯੋਗ ਬਣੀ ਹੋਈ ਹੈ। ਮੱਧਵਰਗੀ ਤੇ ਨੀਵੀਂ ਸ਼੍ਰੇਣੀ ਦੀਆਂ ਔਰਤਾਂ ਦੀ ਹਾਲਤ ਹੋਰ ਵੀ ਨਾਜ਼ੁਕ ਹੈ। ਸਾਡੇ ਸਮਾਜ ਵਿਚ ਔਰਤ ਨੂੰ ਮਨੁੱਖ ਨਹੀਂ, ਬਲਕਿ ਵਰਤਣ ਦੀ ਸ਼ੈਅ ਸਮਝਿਆ ਜਾਂਦਾ ਹੈ। 21ਵੀਂ ਸਦੀ ਵਿਚ ਦੇਸ਼ ਦੀ ਤਰੱਕੀ ਦੀ ਕਹਾਣੀ ਅਧੂਰਾ ਸੱਚ ਹੈ, ਕਿਉਂਕਿ ਇਥੇ ਔਰਤ ਹੋਣਾ ਸਰਾਪ ਬਣਿਆ ਹੋਇਆ ਹੈ।

ਕਿਹਾ ਜਾਂਦਾ ਹੈ ਕਿ ਔਰਤ ਪੜ੍ਹ-ਲਿਖ ਕੇ ਆਜ਼ਾਦ ਜੀਵਨ ਬਤੀਤ ਕਰ ਰਹੀ ਰਹੀ ਹੈ ਪਰ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਕੁਝ ਹੋਰ ਹੀ ਬਿਆਨ ਕਰ ਰਹੀਆਂ ਹਨ। ਕੀ ਇਹ ਸੱਤਾਮਈ ਧਿਰਾਂ ਵੱਲੋਂ ਸਿਰਜਿਆ ਭੁਲੇਖਾ ਤਾਂ ਨਹੀਂ ਜਿਸ ਨੂੰ ਸਮਾਜ ਦਾ ਹਰ ਵਰਗ ਪ੍ਰਸ਼ਨ ਕਰਨ ਦੀ ਬਜਾਏ ਅੱਖਾਂ ਬੰਦ ਕਰਕੇ ਸਵੀਕਾਰ ਕਰੀ ਬੈਠਾ ਹੈ? ਕੀ ਔਰਤ ਇਸ ਸਮਾਜ ਅੰਦਰ ਬਿਨਾ ਕਿਸੇ ਡਰ ਦੇ ਆਜ਼ਾਦ ਵਿਚਰ ਸਕਦੀ ਹੈ? ਕੀ ਸਮਾਜ ਵਿਚ ਔਰਤ ਨੂੰ ਬਰਾਬਰ ਅਧਿਕਾਰ ਮਿਲ ਰਹੇ ਹਨ? ਸਮਾਜ ਅੰਦਰ ਔਰਤ ਨਾਲ ਨਿੱਤ ਦਿਹਾੜੇ ਵਾਪਰ ਰਹੀਆਂ ਘਟਨਾਵਾਂ ਜ਼ਰੀਏ ਔਰਤ ਦੀ ਹੋਣੀ ਦਾ ਦਰਦ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ।

2012 ਵਿਚ ਇਕ ਕੁੜੀ ਨਾਲ ਦਿੱਲੀ ਵਿਚ ਗੈਂਗਰੇਪ ਹੁੰਦਾ ਹੈ ਜਿਸ ਪਿੱਛੋਂ ਉਸ ਦੀ ਹਾਲਤ ਇੰਨੀ ਨਾਜ਼ੁਕ ਹੋ ਜਾਂਦੀ ਹੈ ਕਿ ਉਹ ਆਪਣੀ ਜ਼ਿੰਦਗੀ ਦੀ ਜੰਗ ਹਾਰ ਜਾਂਦੀ ਹੈ। ਇਸ ਤੋਂ ਬਾਅਦ ਜੰਮੂ ਕਸ਼ਮੀਰ ਵਿਚ ਜਨਵਰੀ 2018 ਵਿਚ ਅੱਠ ਸਾਲਾ ਬੱਚੀ ਆਸਿਫਾ ਨੂੰ ਬਲਾਤਕਾਰ ਪਿੱਛੋਂ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਅਜਿਹੀ ਹੀ ਇਕ ਘਟਨਾ ਪਿਛਲੇ ਦਿਨੀਂ ਸੰਗਰੂਰ ਜ਼ਿਲ੍ਹੇ ਦੇ ਛੋਟੇ ਜਿਹੇ ਸ਼ਹਿਰ ਧੂਰੀ ਵਿਚ ਵਾਪਰੀ ਹੈ। ਇਸ ਘਟਨਾ ਦਾ ਸਥਾਨ ਕੋਈ ਹੋਰ ਨਹੀਂ ਬਲਕਿ ਵਿੱਦਿਆ ਦਾ ਮੰਦਰ (ਸਕੂਲ) ਹੈ। ਇਸ ਘਟਨਾ ਦਾ ਸ਼ਿਕਾਰ ਹੋਈ ਬੱਚੀ ਦੀ ਉਮਰ ਸਿਰਫ ਚਾਰ ਤੋਂ ਲੈ ਕੇ ਪੰਜ ਸਾਲ ਵਿਚਕਾਰ ਹੈ। ਸਕੂਲ ਬੱਸ ਦੇ ਕੰਡਕਟਰ ਨੇ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ।




ਔਰਤਾਂ/ਬੱਚੀਆਂ ਨਾਲ ਜਦੋਂ ਇਕ ਵਾਰ ਅਜਿਹੀ ਘਟਨਾ ਵਾਪਰ ਜਾਂਦੀ ਹੈ, ਫਿਰ ਉਸ ਨੂੰ ਪਤਾ ਨਹੀਂ ਕਿੰਨੇ ਹੀ ਮਾਨਸਿਕ ਕਸ਼ਟ ਭੋਗਣੇ ਪੈਂਦੇ ਹਨ ਜੋ ਜ਼ਿੰਦਗੀ ਭਰ ਨਾਲ ਚੱਲਦੇ ਹਨ। ਅਜਿਹਾ ਵਾਪਰਨ ਪਿੱਛੋਂ ਭਾਵੇਂ ਕਾਨੂੰਨੀ ਪ੍ਰਕਿਰਿਆ ਦੌਰਾਨ ਉਸ ਦੀ ਪਛਾਣ ਨੂੰ ਲੁਕਾ ਕੇ ਰੱਖਿਆ ਜਾਂਦਾ ਹੈ ਪਰ ਕੀ ਜਿਸ ਸਮਾਜ ਦਾ ਉਹ ਹਿੱਸਾ ਹੈ, ਉਨ੍ਹਾਂ ਦੀਆਂ ਨਜ਼ਰਾਂ ਤੋਂ ਉਸ ਨੂੰ ਬਚਾਇਆ ਜਾ ਸਕਦਾ ਹੈ? ਕੀ ਬਲਾਤਕਾਰ ਪੀੜਤ ਪਹਿਲਾਂ ਵਾਂਗ ਸਮਾਜ ਵਿਚ ਵਿਚਰ ਸਕਦੀ ਹੈ? ਕੀ ਸਮਾਜ ਇਸ ਹਾਦਸੇ ਪਿੱਛੋਂ ਉਸ ਨੂੰ ਅਪਣਾਉਣ ਲਈ ਤਿਆਰ ਹੋਵੇਗਾ?

ਇਨ੍ਹਾਂ ਘਟਨਾਵਾਂ ਨੂੰ ਦੇਖਦਿਆਂ ਲੱਗਦਾ ਹੈ ਕਿ ਸਾਡਾ ਸਮਾਜ ਕਿੰਨਾ ਨਿੱਘਰ ਚੁੱਕਿਆ ਹੈ। ਸਾਡੀਆਂ ਨਿੱਕੀਆਂ ਬੱਚੀਆਂ ਸਮੇਤ ਔਰਤ ਨੂੰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਧਾਰਮਿਕ ਸਥਾਨਾਂ, ਕੰਮ ਕਰਨ ਦੀਆਂ ਥਾਵਾਂ, ਸਫਰ ਆਦਿ ਵਿਚ ਅਨੇਕਾਂ ਵਾਰ ਸਰੀਰਕ ਤੇ ਮਾਨਸਿਕ ਤਸ਼ੱਦਦ ਦਾ ਸਾਹਮਣਾ ਕਰਨਾ ਪੈਂਦਾ ਹੈ।

ਕੌਮੀ ਅਪਰਾਧ ਰਿਕਾਰਡ ਬਿਊਰੋ ਦੀ 2013 ਦੀ ਰਿਪੋਰਟ ਅਨੁਸਾਰ 2012 ਦੌਰਾਨ 24923 ਬਲਾਤਕਾਰ ਦੇ ਕੇਸ ਸਾਹਮਣੇ ਆਏ ਹਨ ਜਿਨ੍ਹਾਂ ਵਿਚੋਂ 98% ਕੇਸ ਪੀੜਤਾਂ ਦੇ ਜਾਣ-ਪਛਾਣ ਵਾਲਿਆਂ ਵਲੋਂ ਕੀਤੇ ਗਏ ਸਨ। ਇਸ ਰਿਪੋਰਟ ਤੋਂ ਪਤਾ ਚੱਲਦਾ ਹੈ ਕਿ ਔਰਤਾਂ ਆਪਣੇ ਸੰਗੀ-ਸਾਥੀਆਂ ਤੇ ਜਾਣਨ ਵਾਲਿਆਂ ਕੋਲੋਂ ਹੀ ਸੁਰੱਖਿਅਤ ਨਹੀਂ ਹਨ। ਇਸ ਤੋਂ ਇਲਾਵਾ ਅਜਿਹੀਆਂ ਬਹੁਤ ਹੀ ਘਟਨਾਵਾਂ ਹਨ ਜਿਨ੍ਹਾਂ ਨੂੰ ਸਮਾਜ ਵਿਚ ਇੱਜ਼ਤ ਦਾ ਸਵਾਲ ਸਮਝ ਕੇ ਅੰਦਰ ਹੀ ਦਬਾਅ ਲਿਆ ਜਾਂਦਾ ਹੈ। ਅਜਿਹੀਆਂ ਘਟਨਾਵਾਂ ਵਾਪਰਨ ਪਿੱਛੇ ਬਹੁਤ ਸਾਰੇ ਛੋਟੇ-ਵੱਡੇ ਕਾਰਨਾਂ ਸਮੇਤ ਅਸਲ ਕਾਰਨ ਹੈ ਕਿ ਸਾਡਾ ਸਮਾਜ ਇੰਨੇ ਪਿਛੜੇਪਣ ਦਾ ਸ਼ਿਕਾਰ ਹੈ ਕਿ ਉਹ ਨਾਰੀ ਦੀ ਮਨੁੱਖੀ ਹੋਂਦ, ਉਸ ਦੀ ਖੁਦਮੁਖਤਾਰੀ ਅਤੇ ਆਜ਼ਾਦ ਹਸਤੀ ਨੂੰ ਕਬੂਲ ਕਰਨ ਲਈ ਤਿਆਰ ਹੀ ਨਹੀਂ ਹੋਇਆ।

ਦੇਸ਼ ਵਿਚ ਔਰਤਾਂ ਖਿਲਾਫ ਸਖਤ ਕਾਨੂੰਨ ਹੋਣ ਦੇ ਬਾਵਜੂਦ ਇਹ ਘਟਨਾਵਾਂ ਠੱਲ੍ਹ ਨਹੀਂ ਰਹੀਆਂ ਸਗੋਂ ਇਨ੍ਹਾਂ ਵਿਚ ਰੋਜ਼ਾਨਾ ਵਾਧਾ ਹੋ ਰਿਹਾ ਹੈ। ਇਸ ਦਾ ਇਕ ਕਾਰਨ ਦੋਸ਼ੀਆਂ 'ਤੇ ਲੰਮਾ ਸਮਾਂ ਅਦਾਲਤਾਂ ਵਿਚ ਕਾਰਵਾਈ ਦਾ ਚੱਲਣਾ ਹੈ ਜਿਸ ਕਾਰਨ ਪੀੜਤਾਂ ਨੂੰ ਨਿਆਂ ਲਈ ਲੰਮਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ।

ਇਹ ਸਮੇਂ ਦੀ ਲੋੜ ਬਣ ਚੁੱਕੀ ਹੈ ਕਿ ਲੜਕੀਆਂ ਦਾ ਪਾਲਣ-ਪੋਸ਼ਣ ਇਸ ਢੰਗ ਨਾਲ ਕੀਤਾ ਜਾਵੇ ਕਿ ਉਹ ਸਿਰਫ ਮਰਦ ਦੇ ਹੱਥਾਂ ਦੀ ਕਠਪੁਤਲੀ ਹੀ ਨਾ ਬਣੀ ਰਹੇ, ਬਲਕਿ ਆਪਣੀ ਸੁਰੱਖਿਆ ਲਈ ਲੜਨ ਦੇ ਯੋਗ ਵੀ ਹੋਵੇ। ਪਰਿਵਾਰਕ ਮੈਂਬਰਾਂ ਤੇ ਸਕੂਲਾਂ ਆਦਿ ਵਿਚ ਬੱਚਿਆਂ ਨੂੰ ਇਹ ਸਿੱਖਿਆ ਦਿੱਤੀ ਜਾਵੇ ਕਿ ਜੇ ਕੋਈ ਗਲਤ ਤਰੀਕੇ ਨਾਲ ਉਨ੍ਹਾਂ ਦੇ ਸਰੀਰਕ ਅੰਗਾਂ ਨੂੰ ਛੋਹੇ ਤਾਂ ਉਹ ਬੇਝਿਜਕ ਦੂਜਿਆਂ ਨਾਲ ਇਹ ਗੱਲ ਸਾਂਝੀ ਕਰਨ। ਬਲਾਤਕਾਰ ਪੀੜਤ ਪ੍ਰਤੀ ਸਮਾਜ ਨੂੰ ਆਪਣਾ ਨਜ਼ਰੀਆ ਬਦਲਣ ਦੀ ਲੋੜ ਹੈ, ਕਿਉਂਕਿ ਇਸ ਘਟਨਾ ਲਈ ਪੀੜਤਾ ਦਾ ਕੋਈ ਕਸੂਰ ਨਹੀਂ ਹੁੰਦਾ। ਸਰਕਾਰਾਂ ਨੂੰ ਇਨ੍ਹਾਂ ਘਟਨਾਵਾਂ ਦੇ ਹੱਲ ਲਈ ਢੁਕਵੇਂ ਕਦਮ ਉਠਾਉਣੇ ਚਾਹੀਦੇ ਹਨ। ਨਿਆਂ ਪ੍ਰਣਾਲੀ ਵਿਚ ਸੁਧਾਰ ਕਰਕੇ ਦੋਸ਼ੀਆਂ ਨੂੰ ਤੁਰੰਤ ਸਜ਼ਾ ਦਾ ਵਿਧਾਨ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਅਜਿਹੀ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਵਿਅਕਤੀ ਸੋਚਣ ਲਈ ਮਜਬੂਰ ਹੋਵੇ।

# ਪੰਜਾਬ ਵਿਚ ਵਾਪਰੀਆਂ ਉਪਰੋਥਲੀ ਘਟਨਾਵਾਂ ਦੀ ਹੋਣੀ

ਪਿੰਡ ਤੇੜਾ ਖੁਰਦ (ਅਜਨਾਲਾ) ਦੇ ਚਾਰ ਪਰਿਵਾਰਕ ਮੈਂਬਰਾਂ ਦਾ ਘਰ ਦੇ ਮਾਲਕ ਵਲੋਂ ਕਤਲ, ਦਿੱਲੀ ਅੰਮ੍ਰਿਤਧਾਰੀ ਸਿੱਖ ਦੀ ਪੁਲਿਸ ਵਲੋਂ ਕੁੱਟਮਾਰ, ਝਾਰਖੰਡ ਦੇ ਤਵਰੇਜ ਅੰਸਾਰੀ ਦਾ ਕਤਲ, ਜਸਪਾਲ ਦੀ ਪੁਲਿਸ ਹਿਰਾਸਤ 'ਚ ਮੌਤ, ਫਤਿਹਬੀਰ ਸਿੰਘ ਬੋਰ ਵੈੱਲ ਸਮੇਤ ਪੰਜਾਬ ਤੇ ਪੰਜਾਬੋਂ ਬਾਹਰਲੀਆਂ ਮਾਰ ਧਾੜ ਦੀਆਂ ਘਟਨਾਵਾਂ ਦੀ ਸਿਆਹੀ ਹਾਲੇ ਸੁੱਕੀ ਵੀ ਨਹੀਂ ਸੀ ਕਿ ਨਾਭਾ (ਪਟਿਆਲਾ) ਦੀ ਨਵੀਂ ਜਿਲਾ ਜੇਲ੍ਹ ਵਿਖੇ ਬਰਗਾੜੀ ਬੇਅਦਬੀ ਕਾਂਡ ਦੇ ਕਥਿਤ ਦੋਸ਼ੀ ਮਹਿੰਦਰਪਾਲ ਸਿੰਘ ਬਿੱਟੂ ਦਾ ਜੇਲ੍ਹ ਦੇ ਹੀ ਦੋ ਕੈਦੀਆਂ-ਮਨਿੰਦਰ ਸਿੰਘ ਵਾਸੀ ਭਗੜਾਣਾ (ਫਤਿਹਗੜ੍ਹ ਸਾਹਿਬ), ਗੁਰਸੇਵਕ ਸਿੰਘ ਭੂਤ ਮੋਹਾਲੀ ਵਲੋਂ ਦਿਨ ਦਿਹਾੜੇ ਜੇਲ੍ਹ ਅੰਦਰ ਹੀ ਕੁੱਟ ਕੁੱਟ ਕੇ ਮਾਰ ਦੇਣ ਦਾ ਮਾਮਲਾ ਸਾਹਮਣੇ ਆ ਗਿਆ। ਦੋਵੇਂ ਦੋਸ਼ੀ ਕਤਲ ਕੇਸਾਂ ਸਬੰਧੀ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਸਨ।



**ਸੁਕੰਨਿਆ ਭਾਰਦਵਾਜ ਨਾਭਾ***
**ਫੋਨ: 815-307-3112**

ਹਾਲੇ ਬਿੱਟੂ ਦਾ ਅੰਤਿਮ ਸਸਕਾਰ ਹੋਇਆ ਹੀ ਸੀ ਕਿ ਲੁਧਿਆਣੇ ਦੀ ਸੈਂਟਰਲ ਜੇਲ੍ਹ ਵਿਚ ਕੈਦੀਆਂ ਦੀ ਮਾਰ ਕੁੱਟ ਤੇ ਜੇਲ੍ਹ ਤੋਂ ਕੈਦੀਆਂ ਦੇ ਕੰਧ ਟੱਪ ਕੇ ਭੱਜਣ ਦੀ ਘਟਨਾ ਵਾਪਰ ਗਈ। ਇਸ ਝੜਪ ਦਾ ਕਾਰਨ ਨਸ਼ੇ ਦੇ ਕੇਸ ਵਿਚ ਸਜ਼ਾਯਾਫਤਾ ਕੈਦੀ ਸੋਨੂੰ ਸੂਦ ਦੀ ਮੌਤ ਹੈ। ਕੈਦੀਆਂ ਤੇ ਪਰਿਵਾਰ ਦਾ ਦੋਸ਼ ਹੈ ਕਿ ਉਸ ਨੂੰ ਜੇਲ੍ਹ ਪ੍ਰਸ਼ਾਸਨ ਨੇ ਮਾਰਿਆ ਹੈ। ਉਨ੍ਹਾਂ ਹੋਰ ਵੀ ਕਈ ਤਰ੍ਹਾਂ ਦੇ ਦੋਸ਼ ਜੇਲ੍ਹ ਪ੍ਰਸ਼ਾਸਨ 'ਤੇ ਲਾਏ ਹਨ। ਜੇਲ੍ਹ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਉਹ ਬਿਮਾਰ ਸੀ, ਜਿਸ ਨੂੰ ਇਲਾਜ ਲਈ ਰਾਜਿੰਦਰਾ ਹਸਪਤਾਲ, ਪਟਿਆਲਾ ਦਾਖਲ ਕੀਤਾ ਗਿਆ ਸੀ, ਜਿਥੇ ਉਸ ਦੀ ਮੌਤ ਹੋ ਗਈ। ਇੱਕ ਹੋਰ ਕੈਦੀ ਅਜੀਤ ਸਿੰਘ ਦੇ ਵੀ ਗੋਲੀਬਾਰੀ ਵਿਚ ਸਖਤ ਜ਼ਖਮੀ ਹੋਣ ਦੀ ਖਬਰ ਹੈ। ਜਿਉਂ ਹੀ ਸੋਨੂੰ ਦੀ ਮੌਤ ਦੀ ਖਬਰ ਜੇਲ੍ਹ 'ਚ ਪਹੁੰਚੀ, ਕੈਦੀ ਭੜਕ ਗਏ ਤੇ ਜੇਲ੍ਹ ਦੇ ਹਾਲਾਤ ਬੇਕਾਬੂ ਹੋ ਗਏ। ਬਠਿੰਡਾ ਜੇਲ੍ਹ ਵਿਚੋਂ ਵੀ ਕੈਦੀਆਂ ਦੀ ਆਪਸੀ ਝੜਪ ਦੀਆਂ ਖਬਰਾਂ ਆਈਆਂ ਹਨ। ਇਹ ਤਾਂ ਉਹ ਘਟਨਾਵਾਂ ਹਨ, ਜੋ ਆਮ ਲੋਕਾਂ ਦੀ ਜ਼ੁਬਾਨ 'ਤੇ ਹਨ, ਪਰ ਪਰਦੇ ਪਿਛੇ ਦੇ ਹਾਲਾਤ ਹੋਰ ਵੀ ਚਿੰਤਾਜਨਕ ਹਨ।

ਦੇਸ਼ ਪੱਧਰ 'ਤੇ ਸਿੱਖ ਡਰਾਇਵਰ ਸਰਬਜੀਤ ਸਿੰਘ ਦੀ ਪੁਲਿਸ ਕੁੱਟਮਾਰ ਤੇ ਤਬਰੇਜ ਅੰਸਾਰੀ ਦੀ ਹਿੰਦੂਤਵੀਆਂ ਵਲੋਂ ਕੁੱਟਮਾਰ ਨਾਲ ਮੌਤ ਜਾਤੀਵਾਦ ਨੂੰ ਬੜ੍ਹਾਵਾ ਦੇਣ ਵਾਲੀਆਂ ਤੇ ਸਰਕਾਰੀ ਤੰਤਰ ਦੇ ਫੇਲ੍ਹ ਹੋਣ ਦੀਆਂ ਸੰਵੇਦਨਸ਼ੀਲ ਘਟਨਾਵਾਂ ਹਨ, ਜੋ ਬਹੁ-ਧਰਮੀ, ਜਾਤਾਂ, ਭਾਸ਼ਾਵਾਂ, ਵਰਗਾਂ ਵਾਲੇ ਦੇਸ਼ ਦੇ ਮੱਥੇ 'ਤੇ ਕਲੰਕ ਹਨ।

ਨਾਭਾ ਜੇਲ੍ਹ ਵਿਚ ਵੀ ਬਰਗਾੜੀ ਬੇਅਦਬੀ ਕਾਂਡ ਦੇ ਕਥਿਤ ਦੋਸ਼ੀ ਤੇ ਸੌਦਾ ਸਾਧ ਦੀ ਪੰਤਾਲੀ ਮੈਂਬਰੀ ਕਮੇਟੀ ਦੇ ਅਹਿਮ ਮੈਂਬਰ ਮਹਿੰਦਰਪਾਲ ਸਿੰਘ ਬਿੱਟੂ ਦੇ ਕਤਲ ਨੇ ਅਜਿਹੇ ਹੀ ਧਾਰਮਿਕ ਤੇ ਜਾਤੀਵਾਦ ਜਿਹੇ ਅਤਿ ਸੰਵੇਦਨਸ਼ੀਲ ਮੁੱਦੇ ਨੂੰ ਉਭਾਰਿਆ ਹੈ। ਸੂਬੇ ਵਿਚ ਹਾਈ ਅਲਰਟ ਜਾਰੀ ਅਤੇ ਪੈਰਾਮਿਲਟਰੀ ਫੋਰਸਾਂ ਤਾਇਨਾਤ ਕਰਨੀਆਂ ਪਈਆਂ। ਜੇਲ੍ਹ ਕਾਂਡ ਨੇ ਬਹੁਤ ਸਾਰੇ ਸੁਆਲ ਖੜ੍ਹੇ ਕੀਤੇ ਹਨ। ਇੰਨੇ ਦਿਨ ਬੀਤ ਜਾਣ 'ਤੇ ਵੀ ਜੇਲ੍ਹ ਪ੍ਰਸ਼ਾਸਨ ਸਪਸ਼ਟ ਨਹੀਂ ਕਰ ਸਕਿਆ ਕਿ ਬਿੱਟੂ ਦਾ ਕਤਲ ਸਾਜਿਸ਼ ਹੈ ਜਾਂ ਹੋਰ ਕੁਝ। ਦੋ ਹਵਾਲਾਤੀ ਕਥਿਤ ਦੋਸ਼ੀਆਂ-ਮਨਿੰਦਰ ਸਿੰਘ ਤੇ ਗੁਰਸੇਵਕ ਸਿੰਘ ਭੂਤ 'ਤੇ ਦਫਾ 302, 120-ਬੀ ਤਹਿਤ ਪਰਚਾ ਦਰਜ ਕਰਕੇ ਪਟਿਆਲਾ ਅਦਾਲਤ ਵਿਚ ਪੇਸ਼ ਕੀਤਾ ਗਿਆ। ਪੁਲਿਸ ਨੇ ਇਨ੍ਹਾਂ ਕਥਿਤ ਦੋਸ਼ੀਆਂ ਨੂੰ ਸਵੇਰੇ 9 ਵਜੇ ਹੀ ਪਟਿਆਲਾ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਲੈ ਲਿਆ ਤੇ ਚੋਰਾਂ ਵਾਂਗ ਹੀ ਕੋਰਟ ਵਿਚੋਂ ਵਾਪਸ ਲਿਜਾਇਆ ਗਿਆ। ਮਨਿੰਦਰ ਸਿੰਘ ਭਗੜਾਣਾ ਦੇ ਪਰਿਵਾਰ ਤੇ ਵਕੀਲ ਬਲਜਿੰਦਰ ਸਿੰਘ ਸੋਢੀ ਨੂੰ ਵੀ ਮਿਲਣ ਨਹੀਂ ਦਿੱਤਾ ਗਿਆ। ਜੇਲ੍ਹ/ਪੁਲਿਸ ਉਚ ਅਧਿਕਾਰੀ ਤੇ ਜੇਲ੍ਹ ਮੰਤਰੀ ਜਲਦੀ ਹੀ ਸੱਚ ਲੋਕਾਂ ਸਾਹਮਣੇ ਲਿਆਉਣ ਦੇ ਦਾਅਵੇ ਕਰ ਰਹੇ ਹਨ। ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਬਿੱਟੂ ਦੇ ਕਤਲ ਨੂੰ ਸਾਜਿਸ਼ ਅਧੀਨ ਕੀਤਾ ਗਿਆ ਕਤਲ ਦੱਸਿਆ ਹੈ।

ਰਣਬੀਰ ਸਿੰਘ ਖੱਟੜਾ ਜਾਂਚ ਕਮੇਟੀ ਨੇ 2015 ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਲਈ ਜਿੰਮੇਵਾਰ ਕਰਾਰ ਦਿੰਦਿਆਂ ਮੋਗਾ ਅਦਾਲਤ ਵਿਚ ਇਨ੍ਹਾਂ ਕਥਿਤ ਦੋਸ਼ੀਆਂ ਦਾ ਇਕਬਾਲਨਾਮਾ ਪੇਸ਼ ਕੀਤਾ ਸੀ, ਤੇ ਉਸ ਦੀ ਕਾਪੀ ਸੀ. ਬੀ. ਆਈ. ਨੂੰ ਵੀ ਭੇਜੀ। ਫਰੀਦਕੋਟ ਜਿਲੇ ਦੇ ਪਿੰਡਾਂ ਤੇ ਮੋਗਾ ਸ਼ਹਿਰ ਵਿਚ ਸਾੜ-ਫੂਕ ਵਰਗੀਆਂ ਘਟਨਾਵਾਂ 2011-15 ਤਕ ਪਿੰਡ ਬਹਿਬਲ ਕਲਾਂ, ਬੁਰਜ ਜਵਾਹਰ ਸਿੰਘ ਵਾਲਾ, ਮੱਲੇਕੇ, ਬਰਗਾੜੀ ਅਤੇ ਗੁਰੂਸਰ ਵਿਖੇ ਵਾਪਰੀਆਂ ਬੇਅਦਬੀ ਤੇ ਗੋਲੀ ਕਾਂਡ ਵਰਗੀਆਂ ਘਟਨਾਵਾਂ ਲਈ ਇਨ੍ਹਾਂ ਨੂੰ ਜਿੰਮੇਵਾਰ ਠਹਿਰਾਇਆ ਗਿਆ ਸੀ, ਪਰ 2017 ਵਿਚ ਸਰਕਾਰ ਬਦਲਣ 'ਤੇ ਵੀ ਖੱਟੜਾ ਜਾਂਚ ਕਮੇਟੀ ਵਲੋਂ ਤਿਆਰ ਕੀਤੀ ਰਿਪੋਰਟ ਦਾ ਬਹੁਤਾ ਨੋਟਿਸ ਨਹੀਂ ਲਿਆ। ਇਹੋ ਕਾਰਨ ਹੈ ਕਿ ਸੀ. ਬੀ. ਆਈ. ਨੇ 90 ਦਿਨ ਤਕ ਚਲਾਨ ਪੇਸ਼ ਨਹੀਂ ਕੀਤਾ ਤੇ ਬਹੁਤੇ ਦੋਸ਼ੀ ਜ਼ਮਾਨਤ ਲੈਣ ਵਿਚ ਕਾਮਯਾਬ ਹੋ ਗਏ। ਹੁਣ 26 ਵਿਚੋਂ ਬਿੱਟੂ ਸਣੇ 4 ਦੋਸ਼ੀ ਹੀ ਨਾਭਾ ਦੀ ਨਵੀਂ ਜਿਲਾ ਜੇਲ੍ਹ ਵਿਚ ਸਨ। ਬਿੱਟੂ ਦੀ ਵੀ ਜ਼ਮਾਨਤ ਮਨਜ਼ੂਰ ਹੋ ਗਈ ਸੀ। ਉਹ ਤਾਂ ਆਪਣੇ ਕੋਟਕਪੂਰਾ ਵਾਲੇ ਘਰ ਵਿਚ ਇੱਕ ਪੋਥੀ ਦੀ ਬੇਅਦਬੀ ਤੇ 2011 ਦੇ ਮੋਗਾ ਵਿਖੇ ਸਾੜਫੂਕ ਦੇ ਕੇਸਾਂ ਕਾਰਨ ਹੀ ਜੇਲ੍ਹ ਵਿਚ ਸੀ।

ਸ਼੍ਰੋਮਣੀ ਅਕਾਲੀ ਦਲ-ਭਾਜਪਾ ਅਤੇ ਕਾਂਗਰਸ ਸਰਕਾਰ ਵਲੋਂ ਆਪਣੀਆਂ ਹੀ ਬਣਾਈਆਂ ਜਾਂਚ ਕਮੇਟੀਆਂ-ਜਸਟਿਸ ਜੋਰਾ ਸਿੰਘ ਕਮਿਸ਼ਨ, ਜਸਟਿਸ ਰਣਜੀਤ ਸਿੰਘ ਕਮਿਸ਼ਨ ਤੇ ਖੱਟੜਾ ਜਾਂਚ ਕਮੇਟੀ ਵਾਲੀਆਂ ਰਿਪੋਰਟਾਂ 'ਤੇ ਹੀ ਪੈਰਵਾਈ ਨਾ ਕਰਨਾ ਲੋਕਾਂ ਵਿਚ ਨਿਰਾਸ਼ਾ ਤਾਂ ਪੈਦਾ ਕਰਦਾ ਹੀ ਹੈ, ਸਗੋਂ ਇਨਸਾਫ ਵਿਚ ਦੇਰੀ ਬੇਇਨਸਾਫੀ ਨੂੰ ਵੀ ਜਨਮ ਦਿੰਦੀ ਹੈ। ਲੋਕ ਆਪਣੇ ਢੰਗ ਨਾਲ ਇਨਸਾਫ ਲੈਣ ਦੇ ਰਾਹ ਤੁਰਦੇ ਹਨ। ਭਾਵੇਂ ਹਿੰਸਾ ਕਿਸੇ ਮਸਲੇ ਦਾ ਹੱਲ ਨਹੀਂ, ਨਾ ਹੀ ਸਾਡਾ ਮਤਲਬ ਹਿੰਸਾ ਦੀ ਵਕਾਲਤ ਕਰਨਾ ਹੈ, ਪਰ ਲਗਾਤਾਰ ਆਪਣੇ ਲੋਕਾਂ ਦੇ ਜਜ਼ਬਾਤ ਨੂੰ ਅਣਗੌਲਿਆਂ ਕਰਨਾ ਵੀ ਸਥਾਪਤੀ ਦੇ ਵਿਰੁਧ ਜਾਂਦਾ ਹੈ।

ਬਿੱਟੂ ਦੇ ਕਤਲ ਵੇਲੇ ਵਾਪਰੀਆਂ ਘਟਨਾਵਾਂ ਵੀ ਇਸ ਕਤਲ ਕਾਂਡ ਨੂੰ ਕੈਦੀਆਂ ਦੀ ਕੁੱਟਮਾਰ ਤੋਂ ਅੱਗੇ ਕਈ ਗੰਭੀਰ ਸ਼ੰਕੇ ਖੜ੍ਹਾ ਕਰਦੀਆਂ ਹਨ। ਬਰਗਾੜੀ ਬੇਅਦਬੀ ਕਾਂਡ ਬਾਰੇ ਬਣੀ 'ਸਿੱਟ' ਦੇ ਕੁੰਵਰ ਵਿਜੈ ਪ੍ਰਤਾਪ ਸਿੰਘ ਵਲੋਂ 24 ਜੂਨ ਤੋਂ ਬਿੱਟੂ ਦੀ ਮੁੜ ਪੁੱਛਗਿੱਛ ਕੀਤੀ ਜਾਣੀ ਸੀ, ਇਸ ਤੋਂ ਪਹਿਲਾਂ ਹੀ ਉਸ ਦਾ ਕਤਲ ਹੋ ਗਿਆ। ਉਨ੍ਹਾਂ ਮੀਡੀਆ ਕੋਲ ਮੰਨਿਆ ਕਿ ਬਿੱਟੂ ਬੇਅਦਬੀ ਕਾਂਡ ਦੀ ਅਹਿਮ ਕੜੀ ਸੀ, ਉਸ ਦੇ ਕਤਲ ਨਾਲ ਜਾਂਚ ਪ੍ਰਕ੍ਰਿਆ ਪ੍ਰਭਾਵਿਤ ਹੋਵੇਗੀ।

ਦੋਵੇਂ ਕਥਿਤ ਕਾਤਲਾਂ ਤੇ ਬਿੱਟੂ ਨੂੰ ਲਗਭਗ ਇਕੱਠਿਆਂ ਹੀ ਨਾਭਾ ਜੇਲ੍ਹ ਪਿਛਲੇ ਸਾਲ ਸ਼ਿਫਟ ਕੀਤਾ ਗਿਆ ਸੀ। ਫਿਰ ਕਤਲ ਤੋਂ 24 ਘੰਟੇ ਦੇ ਅੰਦਰ ਹੀ ਸੌਦਾ ਸਾਧ ਦੇ ਪੈਰੋਲ ਰਿਹਾਈ ਦੇ ਚਰਚੇ ਹੋਣ ਲੱਗੇ। ਜਲਦਬਾਜ਼ੀ ਵਿਚ ਹਰਿਆਣਾ ਸਰਕਾਰ, ਸੋਨਾਰੀਆ ਜੇਲ੍ਹ ਸੁਪਰਡੈਂਟ ਦਾ ਸਾਧ ਨੂੰ 'ਗੁੱਡ ਕੰਡਕਟ' ਦਾ ਸਰਟੀਫਿਕੇਟ ਦੇਣਾ, ਜੇਲ੍ਹ ਮੰਤਰੀ, ਗ੍ਰਹਿ ਸਕੱਤਰ ਹਰਿਆਣਾ ਦਾ ਸਾਧ ਅਤੇ ਖੇਤੀਬਾੜੀ ਕਰਨ ਲਈ ਪੈਰੋਲ ਦੇਣ ਜਿਹੀ ਗੈਰ ਮਿਆਰੀ ਬਿਆਨਬਾਜੀ ਨਾਲ ਉਸ ਦੀ ਪੈਰੋਲ ਨੂੰ ਸਹੀ ਸਾਬਤ ਕਰਨ ਦੇ ਯਤਨਾਂ ਦਾ ਐਲਾਨ ਵੀ ਇਸ ਕਤਲ ਦੀ ਗੁੱਥੀ ਨੂੰ ਗੁੰਝਲਦਾਰ ਬਣਾਉਂਦੇ ਹਨ।

ਵਕੀਲਾਂ ਦੇ ਇੱਕ ਗਰੁਪ ਤੇ ਮਨੁੱਖੀ ਹੱਕਾਂ ਦੇ ਆਗੂ ਨਾਮਵਰ ਵਕੀਲ ਨਵਕਿਰਨ ਸਿੰਘ ਚੰਡੀਗੜ੍ਹ ਨੇ ਕਾਨੂੰਨੀ ਹਵਾਲਿਆਂ ਨਾਲ ਦੱਸਿਆ ਕਿ ਸੌਦਾ ਸਾਧ ਨੂੰ ਪੈਰੋਲ ਦੇਣਾ ਕਿਸੇ ਵੀ ਤਰ੍ਹਾਂ ਕਾਨੂੰਨ ਤੇ ਸੂਬੇ ਦੇ ਹੱਕ ਵਿਚ ਨਹੀਂ। ਭਾਵੇਂ ਇਹ ਇੱਕ ਵੱਖਰਾ ਵਿਸ਼ਾ ਹੈ, ਪਰ ਕਤਲ ਵਾਲੇ ਦਿਨ ਹੀ ਇਹ ਸਾਰਾ ਕੁਝ ਕਿਉਂ ਹੋ ਰਿਹਾ ਹੈ? ਫਿਰ ਮੋਗਾ ਏਰੀਏ ਦੇ ਗੈਂਗਸਟਰ ਸੁਖਦੀਪ ਬੁੱਢਾ ਦੇ ਬੰਬੀਹਾ ਗਰੁਪ ਵਲੋਂ ਕਤਲ ਦੀ ਜਿੰਮੇਵਾਰੀ ਲੈਣੀ ਕਈ ਤਰ੍ਹਾਂ ਦੇ ਸੁਆਲ ਖੜ੍ਹੇ ਕਰਦੀ ਹੈ।

ਸੁਆਲ ਜੇਲ੍ਹ ਪ੍ਰਸ਼ਾਸਨ 'ਤੇ ਵੀ ਖੜ੍ਹੇ ਹੁੰਦੇ ਹਨ। ਇੱਕ ਪਾਸੇ ਤਾਂ ਬਿੱਟੂ ਨੂੰ ਬੈਰਕ ਤੇ ਸਪੈਸ਼ਲ ਸਿਕਿਉਰਿਟੀ ਦਿੱਤੀ ਹੋਈ ਸੀ, ਫਿਰ ਘਰਦਿਆਂ ਵਲੋਂ ਲਿਆਂਦਾ ਟੀ. ਵੀ. ਲਿਜਾਣ ਲਈ ਉਸ ਨੂੰ ਹੀ ਕਿਉਂ ਬੁਲਾਇਆ ਗਿਆ? ਉਦੋਂ ਸਿਕਿਉਰਿਟੀ ਕਿਥੇ ਸੀ? ਘਟਨਾ ਦਿਨ ਦਿਹਾੜੇ ਵਾਪਰੀ, ਜਦੋਂ ਕਿ 24 ਘੰਟੇ ਜੇਲ੍ਹ ਦੀ ਗਾਰਦ ਬੈਰਕਾਂ 'ਤੇ ਹੁੰਦੀ ਹੈ ਤੇ ਟਾਵਰਾਂ ਤੋਂ ਵੀ ਕੈਦੀਆਂ 'ਤੇ ਨਿਗ੍ਹਾ ਰੱਖੀ ਜਾਂਦੀ ਹੈ। ਜੇਲ੍ਹ ਦਫਤਰ ਤੇ ਬੈਰਕਾਂ ਦਾ ਫਾਸਲਾ ਵੀ 50 ਕੁ ਗਜ ਹੀ ਹੈ ਤਾਂ ਬਿੱਟੂ ਦੀ ਕੁੱਟਮਾਰ ਦੀ ਅਵਾਜ਼ ਜੇਲ੍ਹ ਅਧਿਕਾਰੀਆਂ ਨੂੰ ਕਿਉਂ ਨਾ ਸੁਣੀ?

ਦੋਹਾਂ ਕਥਿਤ ਦੋਸ਼ੀਆਂ ਦੇ ਪਿਛੋਕੜ ਦੀ ਛਾਣਬੀਣ ਕਰਨ 'ਤੇ ਵੀ ਉਨ੍ਹਾਂ ਦੇ ਪੇਸ਼ਾਵਰ ਹੋਣ ਬਾਰੇ ਜਾਂ ਕਿਸੇ ਖਾੜਕੂ ਜਾਂ ਗਰਮ ਦਲ ਨਾਲ ਸਬੰਧਤ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ। ਉਹ ਤਾਂ ਮਾਮੂਲੀ ਕੁੱਟਮਾਰ ਦੇ ਝਗੜੇ ਵਿਚ ਹੀ ਕਤਲ ਵਰਗੇ ਮਾਮਲਿਆਂ ਵਿਚ ਫਸ ਗਏ ਸਨ। ਦੋਵੇਂ ਹੀ ਗਰੀਬ ਘਰਾਂ ਤੋਂ ਸਨ ਤੇ ਮਜਦੂਰੀ ਕਰਕੇ ਪਰਿਵਾਰ ਪਾਲਦੇ ਸਨ।

ਦੂਜੇ ਪਾਸੇ ਮਨਿੰਦਰ ਸਿੰਘ ਭਗੜਾਣਾ ਦਾ ਪਰਿਵਾਰ ਪਹਿਲਾਂ ਤਾਂ ਸਿੱਖ ਜਥੇਬੰਦੀਆਂ ਨੂੰ ਮਿਲਣ ਤੋਂ ਵੀ ਇਨਕਾਰ ਕਰਦਾ ਰਿਹਾ ਹੈ, ਪਰ ਪਟਿਆਲਾ ਅਦਾਲਤ ਵਿਚ ਪੇਸ਼ ਕਰਨ ਸਮੇਂ ਜਦੋਂ ਦੋਸ਼ੀਆਂ ਨੂੰ ਪਰਿਵਾਰ ਨਾਲ ਨਾ ਮਿਲਣ ਦਿੱਤਾ ਗਿਆ ਤਾਂ ਯੂਨਾਈਟਿਡ ਅਕਾਲੀ ਦਲ ਦੇ ਕੁਝ ਕਾਰਕੁਨ ਵੀ ਇਸ ਮੌਕੇ ਪਰਿਵਾਰ ਨਾਲ ਪੁਲਿਸ ਦੀ ਕਾਰਵਾਈ ਦੀ ਨਿਖੇਧੀ ਕਰਦੇ ਹਨ। ਸੁਰੱਖਿਅਤ ਜੇਲ੍ਹ ਧੂਹੀ ਰੋਡ ਨਾਭਾ ਵਿਚੋਂ ਵੀ 3 ਹੋਰ ਕੈਦੀਆਂ-ਲਖਵੀਰ ਸਿੰਘ ਸਲਾਣਾ, ਹਰਪ੍ਰੀਤ ਸਿੰਘ ਨਾਗਰਾ ਅਤੇ ਹਵਾਲਾਤੀ ਜਸਪ੍ਰੀਤ ਸਿੰਘ ਉਰਫ ਨਿਹਾਲ ਸਿੰਘ ਨੂੰ ਇਸ ਕਤਲ ਕਾਂਡ ਦੀ ਸਾਜਿਸ਼ ਵਿਚ ਸ਼ਾਮਲ ਹੋਣ ਦੇ ਦੋਸ਼ਾਂ ਅਧੀਨ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਦੇ ਵਾਰਸਾਂ ਨੇ ਉਨ੍ਹਾਂ ਨੂੰ ਝੂਠੇ ਕੇਸ ਵਿਚ ਫਸਾਉਣ ਦੇ ਦੋਸ਼ ਲਾਏ ਹਨ। ਸਿੱਖ ਜਥੇਬੰਦੀਆਂ ਵੀ ਬਹੁਤ ਛੇਤੀ ਅਜਿਹੇ ਕੇਸਾਂ ਨੂੰ ਆਪਣੇ ਗਲ ਪਾਉਣ ਲਈ ਕਾਹਲੀਆਂ ਪੈ ਜਾਂਦੀਆਂ ਹਨ, ਜਦੋਂ ਕਿ ਕਿਸੇ ਸਿੱਖ ਜਥੇਬੰਦੀ ਨੇ ਅਜੇ ਤਕ ਇਸ ਦੀ ਜਿੰਮੇਵਾਰੀ ਨਹੀਂ ਲਈ, ਸਿਵਾਏ ਬੰਬੀਹਾ ਗਰੁਪ ਤੋਂ!

ਸੋਚਣਾ ਬਣਦਾ ਹੈ ਕਿ ਬਿੱਟੂ ਕਤਲ ਕਾਂਡ ਨਾਲ ਬੇਅਦਬੀ ਕਾਂਡ ਦੀ ਜਾਂਚ ਪਿਛੇ ਨਹੀਂ ਪੈ ਗਈ? ਹਾਲੇ ਤਾਂ ਸੌਦਾ ਸਾਧ ਵਲੋਂ (2007) 'ਚ ਰਚਾਏ ਗੁਰੂ ਗੋਬਿੰਦ ਸਿੰਘ ਜੀ ਦੇ ਸਵਾਂਗ ਦੇ ਕੇਸ ਦੀ ਜਾਂਚ ਵੀ ਅੱਗੇ ਨਹੀਂ ਤੁਰੀ। ਸੌਦਾ ਸਾਧ ਤੇ ਉਸ ਦੇ ਆਕਿਆਂ ਵੱਲ ਜਾਂਚ ਦਾ ਜਾਣਾ ਦੂਰ ਦੀ ਕੌਡੀ ਨਹੀਂ ਹੋ ਗਿਆ? ਇਹ ਸਮਾਂ ਜਜ਼ਬਾਤ ਵਿਚ ਵਹਿਣ ਦਾ ਨਹੀਂ, ਸਿਰ ਜੋੜ ਕੇ ਸੋਚਣ ਦਾ ਹੈ ਕਿ ਪੰਜਾਬ ਵਿਚ ਇਹ ਚੱਲ ਕੀ ਰਿਹਾ ਹੈ?

ਪੰਜਾਬ 'ਚ ਵਾਪਰਦੀਆਂ ਨਿੱਤ ਅਣਸੁਖਾਵੀਆਂ ਘਟਨਾਵਾਂ ਸੰਵੇਦਨਸ਼ੀਲ ਹਿਰਦਿਆਂ ਨੂੰ ਵਲੂੰਧਰਦੀਆਂ ਹਨ। ਅਸੀਂ ਖੁਸ਼ਫਹਿਮੀ ਵਿਚ ਜਿਉਂਦੇ ਹਾਂ। ਜਦੋਂ ਤਕ ਕੋਈ ਘਟਨਾ ਮੀਡੀਆ ਦੇ ਸਿਰ ਚੜ੍ਹ ਕੇ ਨਹੀਂ ਬੋਲਦੀ, ਅਸੀਂ ਜਾਗਦੇ ਨਹੀਂ। ਕਈ ਵਾਰੀ ਤਾਂ ਇਥੋਂ ਤਕ ਸੋਚ ਜਾਂਦੇ ਹਾਂ ਕਿ ਹੁਣ ਪੰਜਾਬ ਸੰਭਲ ਜਾਵੇਗਾ, ਪੰਜਾਬ ਜਰੂਰ ਮੁੜ ਆਪਣੇ ਉਸੇ ਰੋਹ ਰੂਪ ਵਿਚ ਆ ਜਾਵੇਗਾ; ਨਹੀਂ ਡਿਗੇਗਾ, ਇਸ ਦੇ ਧੀਆਂ ਪੁੱਤਰ ਇਸ ਨੂੰ ਸੰਭਾਲਣ ਲਈ ਅੱਗੇ ਆਉਣਗੇ ਤੇ ਉਹੋ ਆਪਣਾ ਹੱਸਦਾ-ਗਾਉਂਦਾ ਪੰਜਾਬ ਮੁੜ ਸੁਰਜੀਤ ਕਰ ਲੈਣਗੇ, ਪਰ ਜਦੋਂ ਇਸ ਸੁਪਨਮਈ ਸੰਸਾਰ ਦਾ ਤਲਿਸਮ ਟੁੱਟਦਾ ਹੈ ਤਾਂ ਪੰਜਾਬ ਹੋਰ ਵੀ ਨਿਵਾਣ ਵੱਲ ਚਲਾ ਗਿਆ ਜਾਪਦਾ ਹੈ।

ਸੋ, ਉਕਤ ਘਟਨਾਵਾਂ ਦਾ ਭਾਵਨਾਵਾਂ ਦੇ ਵਹਿਣ ਦੀ ਥਾਂ ਬੁੱਧੀ ਵਿਵੇਕ ਦੀ ਵਰਤੋਂ ਕਰਕੇ ਡੂੰਘਾਈ ਨਾਲ ਵਿਸ਼ਲੇਸ਼ਣ ਕਰਕੇ ਕਿਸੇ ਸਿੱਟੇ 'ਤੇ ਪਹੁੰਚੀਏ। ਨਹੀਂ ਤਾਂ ਪੰਜਾਬ-ਵਿਰੋਧੀ ਤਾਕਤਾਂ ਸਾਨੂੰ ਭਾਸ਼ਾ, ਧਰਮ, ਜਾਤੀਵਾਦ, ਉਚ-ਨੀਚ ਜਿਹੇ ਮਸਲਿਆਂ ਵਿਚ ਉਲਝਾ ਕੇ ਗੁੰਮਰਾਹ ਕਰਦੀਆਂ ਰਹਿਣਗੀਆਂ। ਫਿਰ ਪੰਜਾਬ ਦਾ ਤਾਂ ਅੱਲਾ ਬੇਲੀ!

# ਨਸ਼ਿਆਂ ਵਿਚ ਰੁੜ੍ਹਿਆ ਪੰਜਾਬ, ਸਰਕਾਰੀ ਦਾਅਵਿਆਂ 'ਤੇ ਉਠੇ ਸਵਾਲ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਨਸ਼ੇ ਦੀ ਮੁੱਖ ਸਪਲਾਈ ਤੋੜਨ ਦੇ ਦਾਅਵੇ ਜ਼ਮੀਨ ਪੱਧਰ 'ਤੇ ਹਵਾ ਹੁੰਦੇ ਦਿਖਾਈ ਦੇ ਰਹੇ ਹਨ। ਪਿੰਡਾਂ ਤੇ ਸ਼ਹਿਰਾਂ ਵਿਚ ਖੁੱਲ੍ਹੇਆਮ ਨਸ਼ਾ ਵਿਕਣ ਦੇ ਹਾਲਾਤ ਉਹੀ ਹਨ, ਜੋ ਅਕਾਲੀ-ਭਾਜਪਾ ਸਰਕਾਰ ਸਮੇਂ ਸਨ, ਉਹੀ ਹਾਲਾਤ ਹੁਣ ਹਨ। ਪਰ ਕੈਪਟਨ ਸਰਕਾਰ ਦੀ ਸਖਤੀ ਦਾ ਨਸ਼ਾ ਤਸਕਰ ਜ਼ਰੂਰ ਲਾਹਾ ਲੈ ਰਹੇ ਹਨ। ਜੋ ਚਿੱਟਾ ਪਹਿਲਾਂ ਇਕ ਗ੍ਰਾਮ 1500 ਰੁਪਏ ਦਾ ਮਿਲਦਾ ਸੀ, ਅੱਜ ਉਸ ਦਾ ਭਾਅ 3000 ਹੋ ਗਿਆ ਹੈ।

ਪੁਲਿਸ ਛੋਟੇ ਨਸ਼ਾ ਤਸਕਰ ਤੇ ਕੋਰੀਅਰ (ਨਸ਼ਾ ਤਸਕਰਾਂ ਵੱਲੋਂ ਸਪਲਾਈ ਲਈ ਰੱਖੇ ਨੌਜਵਾਨ) ਨੂੰ ਫੜ ਕੇ ਹੀ ਸ਼ਾਬਾਸ਼ੀ ਲੁੱਟ ਰਹੀ ਹੈ। ਵੱਡੇ ਤਸਕਰ ਤਾਂ ਅੱਜ ਤੱਕ ਲੋਕਾਂ ਸਾਹਮਣੇ ਆਏ ਹੀ ਨਹੀਂ। ਕਾਰਵਾਈ ਦੇ ਨਾਂ 'ਤੇ ਦੋ-ਚਾਰ ਗ੍ਰਾਮ ਵਾਲੇ ਨੂੰ ਫੜ ਕੇ ਅੰਦਰ ਕਰ ਦਿੱਤਾ ਜਾਂਦਾ ਹੈ ਪਰ ਅਸਲ ਨਸ਼ੇ ਦੇ ਵਪਾਰੀ ਦਿਨ ਰਾਤ ਆਪਣੇ ਕਾਰੋਬਾਰ ਕਰ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਨਸ਼ਿਆਂ ਨੂੰ ਕੋਈ ਠੱਲ੍ਹ ਨਹੀਂ ਪਈ ਦਿਖਾਈ ਦਿੰਦੀ ਬਲਕਿ ਸਰਕਾਰੀ ਸੈਮੀਨਾਰ ਤੇ ਪ੍ਰਚਾਰ ਅਖਬਾਰਾਂ 'ਚ ਫੋਟੋਆਂ ਲਗਵਾਉਣ ਤੇ ਕਾਗਜ਼ਾਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਜਾਪਦੇ ਹਨ। ਸਰਕਾਰ ਵੱਲੋਂ ਨਸ਼ਿਆਂ ਦੀ ਰੋਕਥਾਮ ਲਈ ਕਈ ਕਦਮ ਚੁੱਕੇ ਜਾਣ ਦੇ ਦਾਅਵਿਆਂ ਦੇ ਬਾਵਜੂਦ ਵੀ ਇਸ ਮੁੱਦੇ ਨੂੰ ਲੈ ਕੇ ਸਥਿਤੀ ਵਿਚ ਸੁਧਾਰ ਹੋਣ ਦੇ ਐਨ ਉਲਟ ਇਹ ਮਾਮਲਾ ਜ਼ਿਲ੍ਹੇ ਅੰਦਰ ਗੰਭੀਰ ਬਣਦਾ ਜਾ ਰਿਹਾ ਹੈ ਜਿਸ ਵਿਚ ਸੁਧਾਰ ਹੋਣ ਦੀ ਕੋਈ ਉਮੀਦ ਵੀ ਦਿਖਾਈ ਨਹੀਂ ਦੇ ਰਹੀ।

ਪੰਜਾਬ ਵਿਚ ਨਸ਼ੇ 'ਚ ਗ੍ਰਸਤ ਨੌਜਵਾਨਾਂ ਦੀ ਗਿਣਤੀ ਸਬੰਧੀ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏਮਜ਼) ਨਵੀਂ ਦਿੱਲੀ ਵੱਲੋਂ ਕੀਤੇ ਸਰਵੇਖਣ ਮੁਤਾਬਕ ਜਿਨ੍ਹਾਂ ਨੌਜਵਾਨਾਂ ਨੂੰ ਅਫੀਮ, ਭੁੱਕੀ, ਹੈਰੋਇਨ, ਸਮੈਕ ਅਤੇ ਹੋਰਾਂ ਨਸ਼ਿਆਂ ਦੀ ਲਤ ਲੱਗੀ ਹੋਈ ਹੈ, ਉਨ੍ਹਾਂ ਦੀ ਗਿਣਤੀ 10 ਲੱਖ ਦਾ ਅੰਕੜਾ ਪਾਰ ਕਰ ਗਈ ਹੈ। ਪੰਜਾਬ ਸਰਕਾਰ ਵਿਚਲੇ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨਾਲ ਸਬੰਧਤ ਸੀਨੀਅਰ ਅਧਿਕਾਰੀਆਂ ਨੇ ਏਮਜ਼ ਦੇ ਅੰਕੜਿਆਂ ਦੇ ਹਵਾਲੇ ਨਾਲ ਕਿਹਾ ਕਿ ਵੱਡੀ ਗਿਣਤੀ ਨਸ਼ੇੜੀਆਂ ਦੀ ਪਛਾਣ ਕਰਨੀ ਅਤੇ ਇਸ ਦਲਦਲ 'ਚੋਂ ਕੱਢਣਾ ਵੱਡੀ ਚੁਣੌਤੀ ਹੈ। ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕਿਵੇਂ ਕੱਢਿਆ ਜਾਵੇ ਤੇ ਸਰਹੱਦੋਂ ਪਾਰ ਜਾਂ ਅੰਦਰੂਨੀ ਤੌਰ 'ਤੇ ਤਿਆਰ ਹੁੰਦੇ ਨਸ਼ਿਆਂ ਦੀ ਵਿੱਕਰੀ ਨੂੰ ਠੱਲ੍ਹ ਕਿਵੇਂ ਪਾਈ ਜਾਵੇ, ਇਸ ਸਬੰਧੀ ਸਰਕਾਰ ਦੀ ਦਿਸ਼ਾ ਦ੍ਰਿਸ਼ਟੀ ਅਜੇ ਤਾਈਂ ਜਨਤਕ ਤੌਰ 'ਤੇ ਪ੍ਰਭਾਵੀ ਨਜ਼ਰ ਨਹੀਂ ਆ ਰਹੀ। ਸੀਨੀਅਰ ਅਧਿਕਾਰੀ ਖੁਦ ਮੰਨਦੇ ਹਨ ਕਿ ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਨਸ਼ਿਆਂ ਦੇ ਪ੍ਰਕੋਪ ਦਾ ਮੁੱਦਾ ਭਾਰੀ ਹੋਇਆ ਤਾਂ ਸਮੇਂ ਦੇ ਹੁਕਮਰਾਨਾਂ ਨੇ 'ਮਿੱਟੀ ਪਾਉਣ' ਦੀ ਨੀਤੀ ਉਤੇ ਚੱਲਦਿਆਂ ਇਸ ਸਮੱਸਿਆ ਨੂੰ ਨਜ਼ਰਅੰਦਾਜ਼ ਕਰਨ ਦਾ ਯਤਨ ਕੀਤਾ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਵੀ ਸੱਤਾ 'ਚ ਆਉਣ ਤੋਂ ਪਹਿਲਾਂ ਨਸ਼ਿਆਂ ਦੀ ਸਮਗਲਿੰਗ ਖਤਮ ਕਰਨ ਲਈ ਪੰਜਾਬੀਆਂ ਨਾਲ ਵਾਅਦਾ ਕੀਤਾ ਸੀ ਕਿ ਪਰ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਇਹ ਸਮੱਸਿਆ ਹੋਰ ਗੰਭੀਰ ਰੂਪ ਧਾਰਨ ਕਰ ਗਈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਹਾਲ ਹੀ ਵਿਚ ਉੱਚ ਸਿਵਲ ਤੇ ਪੁਲਿਸ ਅਧਿਕਾਰੀਆਂ ਨਾਲ ਕੀਤੀਆਂ ਮੀਟਿੰਗਾਂ ਦੌਰਾਨ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਦੀ ਤਸਕਰਾਂ ਨਾਲ ਮਿਲੀਭੁਗਤ ਦਾ ਇਕਬਾਲ ਕਰਦਿਆਂ ਅਜਿਹੇ ਅਧਿਕਾਰੀਆਂ ਨੂੰ ਬਰਖਾਸਤ ਕਰਨ, ਜਬਰੀ ਸੇਵਾ ਮੁਕਤ ਜਾਂ ਪਰਚੇ ਦਰਜ ਕਰਨ ਦੀ ਧਮਕੀ ਦਿੱਤੀ ਸੀ। ਪਟਿਆਲਾ ਸਣੇ ਕੁਝ ਜ਼ਿਲ੍ਹਿਆਂ ਵਿਚ ਪੁਲਿਸ ਮੁਲਾਜ਼ਮਾਂ ਖਿਲਾਫ ਬਰਖਾਸਤਗੀ ਜਿਹੀ ਕਾਰਵਾਈ ਕੀਤੀ ਵੀ ਗਈ। ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਸਭ ਤੋਂ ਪਹਿਲਾਂ ਪੁਲੀਸ, ਸਿਆਸਤਦਾਨਾਂ ਤੇ ਤਸਕਰਾਂ ਦਰਮਿਆਨ ਬਣੇ ਗੱਠਜੋੜ ਨੂੰ ਤੋੜਨ ਲਈ ਮੁੱਖ ਮੰਤਰੀ ਸਾਹਮਣੇ ਕੁਝ ਠੋਸ ਸੁਝਾਅ ਵੀ ਰੱਖੇ ਸਨ, ਜਿਸ ਸਬੰਧੀ ਸਰਕਾਰ ਨੇ ਕੋਈ ਇੱਛਾ ਸ਼ਕਤੀ ਨਹੀਂ ਸੀ ਦਿਖਾਈ।

ਪਿਛਲੇ ਸਾਢੇ ਕੁ ਪੰਜ ਸਾਲਾਂ ਦੇ ਸਰਕਾਰੀ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ 609 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਸਾਲ 2014 ਦੌਰਾਨ 186 ਮੌਤਾਂ ਹੋਈਆਂ, 2015 ਦੌਰਾਨ 144, 2016 ਦੌਰਾਨ 138, 2017 ਦੌਰਾਨ 11 ਅਤੇ 2018 ਦੌਰਾਨ 114 ਅਤੇ 2019 ਵਿਚ ਹੁਣ ਤੱਕ 16 ਮੌਤਾਂ ਹੋ ਚੁੱਕੀਆਂ ਹਨ, ਇਹ ਅੰਕੜੇ ਪੁਲਿਸ ਦੇ ਹਨ। ਪੰਜਾਬ ਸਰਕਾਰ ਵੱਲੋਂ ਗਠਿਤ ਐਸ.ਟੀ.ਐਫ. ਨਾਲ ਸਬੰਧਤ ਅਧਿਕਾਰੀਆਂ ਨੇ ਕਾਂਗਰਸ ਸਰਕਾਰ ਦੇ ਸਮੇਂ ਤਸਕਰਾਂ ਖਿਲਾਫ ਕੀਤੀ ਕਾਰਵਾਈ ਦੇ ਤੱਥ ਪੇਸ਼ ਕਰਦਿਆਂ ਦੱਸਿਆ ਕਿ ਮਾਰਚ 2017 ਤੋਂ ਲੈ ਕੇ 4 ਜੁਲਾਈ 2019 ਤੱਕ ਨਸ਼ਿਆਂ ਦੀ ਤਸਕਰੀ ਨਾਲ ਸਬੰਧਤ 27,706 ਮਾਮਲੇ ਦਰਜ ਕੀਤੇ ਗਏ।

## ਸਰਹੱਦੀ ਇਲਾਕਿਆਂ ਵਿਚ ਵੱਧ ਮਾਰ

**ਫਿਰੋਜ਼ਪੁਰ:** ਪਾਕਿਸਤਾਨ ਨਾਲ ਲੱਗਦੀ ਸਰਹੱਦ ਉਤੇ ਵੱਸੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਨਸ਼ਿਆਂ ਦੇ ਦੈਂਤ ਨੇ ਹੁਣ ਤੱਕ ਸੈਂਕੜੇ ਜਾਨਾਂ ਨਿਗਲ ਲਈਆਂ ਹਨ। ਸੈਂਕੜੇ ਨੌਜਵਾਨ ਅਜਿਹੇ ਹਨ ਜੋ ਅਜੇ ਵੀ ਜ਼ਿੰਦਗੀ ਦੀ ਜੰਗ ਲੜ ਰਹੇ ਹਨ। ਇਨ੍ਹਾਂ ਨੌਜਵਾਨਾਂ ਨੂੰ ਬਚਾਉਣ ਲਈ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲੇ ਨਾਕਾਫੀ ਸਿੱਧ ਹੋ ਰਹੇ ਹਨ। ਚਿੱਟੇ ਦਾ ਨਸ਼ਾ ਨੌਜਵਾਨਾਂ ਦੀਆਂ ਰਗਾਂ ਵਿਚ ਇਸ ਕਦਰ ਸਮਾ ਚੁੱਕਾ ਹੈ ਕਿ ਹੁਣ ਇਸ ਤੋਂ ਖਹਿੜਾ ਛੁਡਾਉਣਾ ਨੌਜਵਾਨਾਂ ਦੇ ਵੱਸ ਦੀ ਗੱਲ ਨਹੀਂ ਜਾਪਦੀ।

ਫਿਰੋਜ਼ਪੁਰ ਦੇ ਐਸ.ਐਸ.ਪੀ. ਸੰਦੀਪ ਗੋਇਲ ਨੇ ਪਿਛਲੇ ਦਿਨੀਂ ਨਸ਼ਿਆਂ ਸਬੰਧੀ ਰੱਖੇ ਗਏ ਇਕ ਸੈਮੀਨਾਰ ਵਿਚ ਇਸ ਗੱਲ ਦਾ ਖੁਲਾਸਾ ਕੀਤਾ ਸੀ ਕਿ ਪੁਲਿਸ ਮਹਿਕਮੇ ਵਿਚ ਸ਼ਾਮਲ ਕੁਝ ਕਾਲੀਆਂ ਭੇਡਾਂ ਨਸ਼ੇ ਦੀ ਰੋਕਥਾਮ 'ਚ ਰੋੜਾ ਬਣ ਰਹੀਆਂ ਹਨ। ਉਨ੍ਹਾਂ ਇਹ ਵੀ ਆਖਿਆ ਕਿ ਇਨ੍ਹਾਂ ਕਾਲੀਆਂ ਭੇਡਾਂ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਕਈ ਵਾਰ ਕਿਸੇ ਨਸ਼ੇੜੀ ਨੂੰ ਫੜ ਲਈਏ ਤਾਂ ਉਸ ਨੂੰ ਛੱਡਣ ਲਈ ਸਿਆਸੀ ਲੀਡਰਾਂ ਦੇ ਫੋਨ ਆਉਣ ਲੱਗ ਪੈਂਦੇ ਹਨ। ਥਾਣੇ ਵਿਚ ਨਸ਼ੇੜੀ ਦੀ ਮੌਤ ਹੋਣ ਦਾ ਖਦਸ਼ਾ ਪੁਲਿਸ ਕਰਮਚਾਰੀਆਂ ਨੂੰ ਹਰ ਵੇਲੇ ਡਰਾਉਂਦਾ ਹੈ, ਜਿਸ ਕਰਕੇ ਪੁਲਿਸ ਮੁਲਾਜ਼ਮ ਨਸ਼ੇੜੀਆਂ ਖਿਲਾਫ ਕਾਰਵਾਈ ਕਰਨ ਤੋਂ ਪਾਸਾ ਵੱਟਦੇ ਰਹਿੰਦੇ ਹਨ।

## ਅਕਾਲ ਤਖਤ ਦੇ ਜਥੇਦਾਰ ਨੇ ਚਿੰਤਾ ਪ੍ਰਗਟਾਈ

**ਅੰਮ੍ਰਿਤਸਰ:** ਪੰਜਾਬ ਵਿਚ ਨਸ਼ਿਆਂ ਦਾ ਕਾਰੋਬਾਰ 'ਤੇ ਚਿੰਤਾ ਪ੍ਰਗਟ ਕਰਦਿਆਂ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਅਤੇ ਪੰਜਾਬ ਦੋਵਾਂ ਸਰਕਾਰਾਂ ਨੂੰ ਆਖਿਆ ਕਿ ਪੰਜਾਬ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢਣ ਲਈ ਕੋਈ ਠੋਸ ਉਪਰਾਲਾ ਕੀਤਾ ਜਾਵੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਵਿਚ ਨਸ਼ਿਆਂ ਦਾ ਦਰਿਆ ਨਿਰੰਤਰ ਵਗ ਰਿਹਾ ਹੈ। ਇਸ ਦੀ ਪ੍ਰਤੱਖ ਮਿਸਾਲ ਹਾਲ ਹੀ ਵਿਚ ਅਟਾਰੀ ਸਰਹੱਦ 'ਤੇ 532 ਕਿਲੋ ਹੈਰੋਇਨ ਦੀ ਖੇਪ ਫੜੇ ਜਾਣਾ ਹੈ। ਉਨ੍ਹਾਂ ਆਖਿਆ ਕਿ ਇਸ ਖੇਪ ਦੀ ਆਮਦ ਦਰਸਾਉਂਦੀ ਹੈ ਕਿ ਸਰਕਾਰਾਂ ਨਸ਼ਿਆਂ ਖਿਲਾਫ ਠੋਸ ਮੁਹਿੰਮ ਚਲਾ ਕੇ ਹੀ ਇਸ ਨੂੰ ਖਤਮ ਕਰਨ ਵਿਚ ਸਫਲ ਨਹੀਂ ਹੋ ਸਕੀਆਂ। ਇਹੀ ਕਾਰਨ ਹੈ ਕਿ ਸਮਾਜ ਦਾ ਹਰ ਵਰਗ ਅੱਜ ਨਸ਼ਿਆਂ ਦੀ ਗ੍ਰਿਫਤ ਵਿਚ ਹੈ।

# ਗੁਰਦਾਸਪੁਰੀਆਂ ਨੂੰ ਸਨੀ ਦਿਓਲ ਦੀਆਂ ਉਡੀਕਾਂ...

**ਚੰਡੀਗੜ੍ਹ:** ਗੁਰਦਾਸਪੁਰ ਤੋਂ ਚੁਣੇ ਸੰਸਦ ਮੈਂਬਰ ਸਨੀ ਦਿਓਲ ਨੂੰ ਇਸ ਸਮੇਂ ਭਾਰੀ ਅਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਸਦੀ ਹਲਕੇ ਵਿਚ ਆਮ ਵਿਚਰਨ ਦੀ ਥਾਂ ਆਪਣਾ ਨੁਮਾਇੰਦਾ ਚੁਣਨ ਪਿੱਛੋਂ ਜਿਥੇ ਸਿਆਸੀ ਵਿਰੋਧੀਆਂ ਵੱਲੋਂ ਘੇਰਾ ਪਾਇਆ ਜਾ ਰਿਹਾ ਹੈ, ਉਥੇ ਹਲਕੇ ਦੇ



ਲੋਕ ਕਾਫੀ ਨਿਰਾਸ਼ ਹਨ। ਗੁਰਦਾਸਪੁਰ ਅਤੇ ਪਠਾਨਕੋਟ ਤੋਂ ਸਨੀ ਦਿਓਲ ਨੂੰ ਲੋਕਾਂ ਨੇ 82 ਹਜ਼ਾਰ ਤੋਂ ਵੀ ਵਧੇਰੇ ਵੋਟਾਂ ਨਾਲ ਜਿਤਾਇਆ ਸੀ।

ਅਸਲ ਵਿਚ ਭਾਜਪਾ ਨੂੰ ਏਡੇ ਵੱਡੇ ਇਲਾਕੇ ਵਿਚੋਂ ਆਪਣਾ ਕੋਈ ਉਮੀਦਵਾਰ ਨਹੀਂ ਸੀ ਲੱਭਿਆ। ਉਹ ਭਾਜਪਾ ਦਾ ਆਗੂ ਜਾਂ ਵਰਕਰ ਵੀ ਨਹੀਂ ਸੀ। ਲੋਕ ਸਭਾ ਚੋਣਾਂ 19 ਮਈ ਨੂੰ ਹੋਈਆਂ ਸਨ। ਉਸ ਦੇ ਭਾਜਪਾ ਵਿਚ 25 ਦਿਨ ਪਹਿਲਾਂ 23 ਅਪਰੈਲ ਨੂੰ ਸ਼ਾਮਲ ਕਰਨ ਦਾ ਐਲਾਨ ਦਿੱਲੀ ਵਿਚ ਕਰ ਦਿੱਤਾ ਗਿਆ ਅਤੇ 23 ਅਪਰੈਲ ਨੂੰ ਹੀ ਉਸ ਨੂੰ ਗੁਰਦਾਸਪੁਰ ਹਲਕੇ ਦਾ ਉਮੀਦਵਾਰ ਐਲਾਨ ਦਿੱਤਾ ਗਿਆ। ਉਸ ਤੋਂ 7 ਦਿਨ ਬਾਅਦ ਉਹ ਗੁਰਦਾਸਪੁਰ ਆਪਣਾ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਆਇਆ ਅਤੇ ਉਦੋਂ ਹੀ ਮੁੜ ਜਹਾਜ਼ ਰਾਹੀਂ ਮੁੰਬਈ ਪਰਤ ਗਿਆ। ਫਿਰ ਉਹ ਇਕ ਮਈ ਨੂੰ ਗੁਰਦਾਸਪੁਰ ਆਇਆ ਅਤੇ ਡੇਢ ਕੁ ਹਫਤਾ ਇਥੇ ਲਗਾ ਕੇ 15 ਮਈ ਨੂੰ ਅੰਮ੍ਰਿਤਸਰ ਅਤੇ ਬਠਿੰਡੇ ਚੋਣ ਪ੍ਰਚਾਰ ਲਈ ਚਲਾ ਗਿਆ। 19 ਮਈ ਨੂੰ ਵੋਟਾਂ ਪਈਆਂ, 20 ਮਈ ਨੂੰ ਆਪਣੀ ਥਕਾਵਟ ਲਾਹੁਣ ਲਈ ਉਹ ਮਨਾਲੀ ਚਲਾ ਗਿਆ। 23 ਮਈ ਨੂੰ ਜਹਾਜ਼ ਰਾਹੀਂ ਗੁਰਦਾਸਪੁਰ ਪਹੁੰਚਿਆ ਅਤੇ ਆਪਣਾ ਜੇਤੂ ਰੋਡ ਸ਼ੋਅ ਕਰਨ ਤੋਂ ਬਾਅਦ ਅਗਲੇ ਦਿਨ ਹੀ ਜਹਾਜ਼ ਰਾਹੀਂ ਵਾਪਸ ਪਰਤ ਗਿਆ।

ਉਸ ਤੋਂ ਬਾਅਦ ਸੰਨੀ ਸਾਹਿਬ ਦਾ ਗੁਰਦਾਸਪੁਰ ਦੇ ਹਲਕੇ ਦਾ ਚੱਕਰ ਨਹੀਂ ਲੱਗਾ। ਫਿਰ ਉਹ 15 ਜੂਨ ਨੂੰ ਡੇਰਾ ਬਾਬਾ ਨਾਨਕ ਆਇਆ। 16 ਅਤੇ 17 ਜੂਨ ਨੂੰ ਕੁਝ ਥਾਵਾਂ 'ਤੇ ਭਾਜਪਾ ਦੇ ਕੁਝ ਅਹੁਦੇਦਾਰਾਂ ਨਾਲ ਮੀਟਿੰਗਾਂ ਕੀਤੀਆਂ ਅਤੇ 18 ਜੂਨ ਨੂੰ ਦਿੱਲੀ ਵਿਚ ਜਾ ਕੇ ਸਹੁੰ ਚੁੱਕੀ। ਹੁਣ ਜੁਲਾਈ ਦਾ ਮਹੀਨਾ ਸ਼ੁਰੂ ਹੋ ਚੁੱਕਾ ਹੈ। ਸੰਨੀ ਦੇ ਲੋਕਾਂ ਲਈ ਦਰਸ਼ਨ ਨਦਾਰਦ ਹਨ। ਇਥੇ ਇਲਾਕੇ ਵਿਚ ਆਉਣ ਦੀ ਥਾਂ 'ਤੇ ਉਸ ਨੇ ਇਕ ਹੋਰ ਨਵਾਂ ਮਾਅਰਕਾ ਮਾਰਿਆ ਹੈ। ਆਪਣੇ ਇਕ ਫਿਲਮੀ ਸਾਥੀ ਗੁਰਪ੍ਰੀਤ ਸਿੰਘ ਪਲਹੇਰੀ, ਜਿਹੜਾ ਖਰੜ ਦੇ ਇਲਾਕੇ ਵਿਚ ਰਹਿੰਦਾ ਹੈ ਅਤੇ ਜਿਸ ਦਾ ਵੋਟਾਂ ਦੇ ਦਿਨਾਂ ਤੋਂ ਇਲਾਵਾ ਕਦੀ ਗੁਰਦਾਸਪੁਰ ਨਾਲ ਕੋਈ ਬਾਵਾਸਤਾ ਨਹੀਂ ਰਿਹਾ, ਉਸ ਨੂੰ ਸੰਨੀ ਨੇ ਲਿਖਤੀ ਰੂਪ ਵਿਚ ਆਪਣਾ ਪ੍ਰਤੀਨਿਧ ਥਾਪਣ ਦਾ ਐਲਾਨ ਕਰ ਦਿੱਤਾ ਹੈ ਤੇ ਇਹ ਵੀ ਲਿਖਿਆ ਹੈ ਕਿ ਪਲਹੇਰੀ ਉਸ ਦੀ ਥਾਂ ਉਤੇ ਮੀਟਿੰਗਾਂ ਵਿਚ ਸ਼ਾਮਲ ਹੋਏਗਾ ਅਤੇ ਮਹੱਤਵਪੂਰਨ ਮਸਲਿਆਂ ਨਾਲ ਨਜਿੱਠੇਗਾ। ਜੇਕਰ ਅਜਿਹਾ ਕਰਨ 'ਤੇ ਉਸ ਦੀ ਚਾਰੇ ਪਾਸਿਉਂ ਆਲੋਚਨਾ ਸ਼ੁਰੂ ਹੋ ਗਈ ਹੈ ਤਾਂ ਸੰਨੀ ਕਹਿੰਦਾ ਹੈ ਕਿ ਉਸ ਨੂੰ ਅਜਿਹੀ ਆਲੋਚਨਾ ਤੋਂ ਬਹੁਤ ਦੁੱਖ ਹੋਇਆ ਹੈ।

ਗੁਰਦਾਸਪੁਰ ਦੇ ਵੋਟਰ ਉਂਜ ਵੀ ਫਿਲਮੀ ਅਦਾਕਾਰਾਂ ਦੇ ਦੀਵਾਨੇ ਜਾਪਦੇ ਹਨ। ਭਾਜਪਾ ਵੱਲੋਂ ਇਥੋਂ ਪਹਿਲਾਂ ਵੀ ਚਾਰ ਵਾਰ ਫਿਲਮੀ ਅਦਾਕਾਰ ਵਿਨੋਦ ਖੰਨਾ ਨੂੰ ਮੈਂਬਰ ਪਾਰਲੀਮੈਂਟ ਬਣਾਇਆ ਗਿਆ ਸੀ। ਵਿਨੋਦ ਖੰਨਾ ਨੇ ਇਸ ਅਰਸੇ ਵਿਚ ਕੁਝ ਪੁਲ ਜ਼ਰੂਰ ਬਿਤਾਏ। ਇਨ੍ਹਾਂ ਕਰਕੇ ਹੀ ਇਸ ਹਲਕੇ ਵਾਲੇ ਉਸ ਦੇ ਦੀਵਾਨੇ ਬਣੇ ਰਹੇ। ਪਰ ਸੰਨੀ ਦਿਓਲ ਤੋਂ ਲੋਕਾਂ ਨੂੰ ਇੰਨੀ ਉਮੀਦ ਵੀ ਨਹੀਂ ਹੈ। ਦੱਸ ਦਈਏ ਕਿ ਇਸ ਤੋਂ ਪਹਿਲਾਂ ਸੰਨੀ ਦੇ ਪਿਤਾ ਧਰਮਿੰਦਰ ਨੂੰ ਵੀ ਭਾਜਪਾ ਨੇ ਡੋਰੇ ਪਾ ਕੇ ਰਾਜਸਥਾਨ ਤੋਂ ਚੋਣ ਲੜਾਈ ਸੀ। ਚਾਹੇ ਧਰਮਿੰਦਰ ਚੋਣ ਤਾਂ ਜਿੱਤ ਗਿਆ ਸੀ ਪਰ ਉਸ ਨੇ ਆਪਣੇ ਚੋਣ ਹਲਕੇ ਦੇ ਲੋਕਾਂ ਦੇ ਪੱਲੇ ਨਿਰਾਸ਼ਾ ਹੀ ਪਾਈ। ਅਜਿਹੀ ਨੀਤੀ 'ਤੇ ਚਲਦੀ ਭਾਜਪਾ ਨੇ ਉਸ ਦੀ ਪਤਨੀ ਹੇਮਾ ਮਾਲਿਨੀ ਨੂੰ ਵੀ ਉੱਤਰ ਪ੍ਰਦੇਸ਼ ਵਿਚ ਮਥੁਰਾ ਹਲਕੇ ਤੋਂ ਚੋਣ ਲੜਾ ਕੇ ਜਿਤਾਇਆ ਅਤੇ ਹੁਣ ਦੂਸਰੀ ਵਾਰ ਵੀ ਉਸ ਨੇ ਉਥੋਂ ਹੀ ਜਿੱਤ ਪ੍ਰਾਪਤ ਕੀਤੀ ਹੈ। ਹੇਮਾ ਨੂੰ ਵੀ ਕਦੀ-ਕਦਾਈਂ ਆਪਣੇ ਚੋਣ ਹਲਕੇ ਦੀ ਯਾਦ ਆਉਂਦੀ ਹੈ ਅਤੇ ਕਦੀ-ਕਦਾਈਂ ਉਹ ਉਥੇ ਕਿਤੇ ਨਾ ਕਿਤੇ ਲੋਕਾਂ ਨੂੰ ਦਰਸ਼ਨ ਵੀ ਦੇ ਦਿੰਦੀ ਹੈ।

## ਵੱਧ ਖਰਚੇ ਦੇ ਮਾਮਲੇ 'ਚ ਸਨੀ ਦੀਆਂ ਮੁਸ਼ਕਿਲਾਂ ਵਧੀਆਂ

**ਪਠਾਨਕੋਟ:** ਗੁਰਦਾਸਪੁਰ ਹਲਕੇ ਤੋਂ ਭਾਜਪਾ ਦੇ ਜਿੱਤੇ ਉਮੀਦਵਾਰ ਅਜੇ ਸਿੰਘ ਧਰਮਿੰਦਰ ਦਿਓਲ (ਸਨੀ ਦਿਓਲ) ਵੱਲੋਂ ਚੋਣ ਪ੍ਰਚਾਰ ਸਮੇਂ ਕੀਤੇ ਗਏ ਖਰਚੇ ਦੀ ਰਿਪੋਰਟ ਫਾਈਨਲ ਕਰਕੇ ਚੋਣ ਕਮਿਸ਼ਨ ਪੰਜਾਬ ਨੂੰ ਭੇਜ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਸਨੀ ਦਿਓਲ ਵੱਲੋਂ ਕੀਤਾ ਗਿਆ ਖਰਚਾ 78 ਲੱਖ 51 ਹਜ਼ਾਰ 592 ਰੁਪਏ 45 ਪੈਸੇ ਹੈ ਜਦਕਿ ਕਾਂਗਰਸ ਪਾਰਟੀ ਦੇ ਸੁਨੀਲ ਜਾਖੜ ਵੱਲੋਂ 61 ਲੱਖ 36 ਹਜ਼ਾਰ 58 ਰੁਪਏ ਖਰਚੇ ਗਏ। ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਲਈ ਦੇਸ਼ ਅੰਦਰ ਹਰੇਕ ਉਮੀਦਵਾਰ ਨੂੰ 70 ਲੱਖ ਰੁਪਏ ਤੱਕ ਦੀ ਹੱਦ ਨਿਰਧਾਰਤ ਕੀਤੀ ਗਈ ਸੀ ਪਰ ਭਾਜਪਾ ਉਮੀਦਵਾਰ ਸਨੀ ਦਿਓਲ ਵੱਲੋਂ ਨਿਰਧਾਰਤ ਹੱਦ ਤੋਂ ਵੱਧ ਖਰਚਾ ਕਰ ਦੇਣ ਨਾਲ ਸਨੀ ਦਿਓਲ 'ਤੇ ਚੋਣ ਕਮਿਸ਼ਨ ਦੀ ਤਲਵਾਰ ਲਟਕ ਗਈ ਹੈ।

## ਸਫਾਰਤਖਾਨੇ ਭਾਰਤੀਆਂ ਦੀ ਮਦਦ ਨਹੀਂ ਕਰ ਰਹੇ: ਭਗਵੰਤ ਮਾਨ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਮੈਂਬਰ ਭਗਵੰਤ ਮਾਨ ਨੇ ਲੋਕ ਸਭਾ 'ਚ ਕਿਹਾ ਕਿ ਕਈ ਮੁਲਕਾਂ 'ਚ ਭਾਰਤੀ ਸਫਾਰਤਖਾਨੇ ਉਥੇ ਰਹਿ ਭਾਰਤੀਆਂ ਦੀ ਸਹਾਇਤਾ ਕਰਨ ਦੀ ਬਜਾਏ ਉਨ੍ਹਾਂ ਨੂੰ



ਮੁਸ਼ਕਲਾਂ 'ਚ ਪਾ ਰਹੇ ਹਨ।

ਸਿਫਰ ਕਾਲ ਦੌਰਾਨ ਇਹ ਮੁੱਦਾ ਉਠਾਉਂਦਿਆਂ ਉਨ੍ਹਾਂ ਕਿਹਾ ਕਿ ਸਾਊਦੀ ਅਰਬ 'ਚ ਕਈ ਮਾਲਕਾਂ ਨੇ ਭਾਰਤੀਆਂ ਨੂੰ ਗੁਲਾਮ ਬਣਾਇਆ ਹੋਇਆ ਹੈ ਅਤੇ ਜਦੋਂ ਉਹ ਪਹੁੰਚ ਕਰਦੇ ਹਨ ਤਾਂ ਭਾਰਤੀ ਸਫਾਰਤਖਾਨਾ 'ਇਤਰਾਜ਼ ਨਹੀਂ' ਦਾ' ਸਰਟੀਫਿਕੇਟ ਲਿਆਉਣ ਲਈ ਆਖਦਾ ਹੈ।

ਸਪੀਕਰ ਓਮ ਬਿਰਲਾ ਨੇ ਵਿਸ਼ੇ ਤੋਂ ਹਟ ਕੇ ਮੁੱਦਾ ਉਠਾਉਣ 'ਤੇ ਭਗਵੰਤ ਮਾਨ ਦੀ ਖਿਚਾਈ ਕੀਤੀ ਪਰ ਫਿਰ ਵੀ ਮੁੱਦੇ 'ਤੇ ਬੋਲਣ ਦੀ ਇਜਾਜ਼ਤ ਦੇ ਦਿੱਤੀ। ਕਾਂਗਰਸ ਮੈਂਬਰ ਸੰਤੋਖ ਸਿੰਘ ਚੌਧਰੀ ਨੇ ਨਸ਼ਿਆਂ ਦਾ ਮੁੱਦਾ ਉਠਾਉਂਦਿਆਂ ਮੰਗ ਕੀਤੀ ਕਿ ਕੌਮੀ ਨਸ਼ਾ ਨੀਤੀ ਬਣਾਈ ਜਾਵੇ।

# ਜੇਲ੍ਹ ਵਿਚ ਰਾਮ ਰਹੀਮ ਦੀ ਬੇਚੈਨੀ ਵਧੀ, ਬਾਹਰ ਆਉਣ ਦੀਆਂ ਆਸਾਂ ਟੁੱਟੀਆਂ

**ਚੰਡੀਗੜ੍ਹ:** ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਸਾਧਵੀਆਂ ਨਾਲ ਜਬਰ ਜਨਾਹ ਅਤੇ ਪੱਤਰਕਾਰ ਰਾਮਚੰਦਰ ਛਤਰਪਤੀ ਹੱਤਿਆ ਕਾਂਡ 'ਚ ਸਜ਼ਾ ਭੁਗਤ ਰਿਹਾ ਗੁਰਮੀਤ ਰਾਮ ਰਹੀਮ ਪੈਰੋਲ ਦੀ ਅਰਜ਼ੀ ਦੇਣ ਤੋਂ ਬਾਅਦ ਲਗਾਤਾਰ 13 ਦਿਨਾਂ ਤੱਕ ਨਾ ਸਿਰਫ ਬੇਚੈਨ ਰਿਹਾ ਸਗੋਂ ਨਿਰੰਤਰ ਤਣਾਅ 'ਚ ਵੀ ਰਿਹਾ। ਆਪਣੇ ਪਰਿਵਾਰ ਅਤੇ ਵਕੀਲਾਂ ਨਾਲ ਵਿਚਾਰ ਚਰਚਾ ਤੋਂ ਬਾਅਦ ਰਾਮ ਰਹੀਮ ਨੇ 18 ਜੂਨ ਨੂੰ ਪੈਰੋਲ ਦੀ ਅਰਜ਼ੀ ਦਿੱਤੀ ਸੀ ਅਤੇ ਪਰਿਵਾਰ ਅਤੇ ਵਕੀਲ ਨਾਲ ਇਸ ਬਾਰੇ ਚਰਚਾ ਕਰਨ ਤੋਂ ਬਾਅਦ ਪੈਰੋਲ ਨੂੰ ਲੈ ਕੇ ਉੱਠ ਰਹੇ ਵਿਰੋਧ ਅਤੇ ਵਿਵਾਦ ਦੇ ਚਲਦੇ ਆਪਣੀ ਪੈਰੋਲ ਦੀ ਅਰਜ਼ੀ ਵਾਪਸ ਲੈ ਲਈ।

ਰਾਮ ਰਹੀਮ ਨੇ ਪਹਿਲੀ ਜੁਲਾਈ ਨੂੰ ਜਦੋਂ ਆਪਣੀ ਪੈਰੋਲ ਦੀ ਅਰਜ਼ੀ ਵਾਪਸ ਲਈ ਤਾਂ ਵਾਪਸ ਲੈਣ ਦੇ ਚਲਦੇ ਸੁਨਾਰੀਆ ਜੇਲ੍ਹ 'ਚ ਰਾਮ ਰਹੀਮ ਨਾਲ ਉਸ ਦੇ ਬੇਟੇ ਜਸਮੀਤ ਸਿੰਘ ਇੰਸਾਂ, ਛੋਟੀ ਬੇਟੀ ਅਮਰਪ੍ਰੀਤ ਕੌਰ, ਵੱਡਾ ਜਵਾਈ ਅਤੇ ਡੇਰੇ ਦੀ ਡਿਪਟੀ ਚੇਅਰਪਰਸਨ ਸ਼ੋਭਾ ਇੰਸਾਂ ਤੋਂ ਇਲਾਵਾ ਰਾਮ ਰਹੀਮ ਦੇ ਵਕੀਲ ਨੇ ਵੀ ਮੁਲਾਕਾਤ ਕੀਤੀ ਸੀ। ਰਾਮ ਰਹੀਮ ਦੀ ਆਪਣੇ ਪਰਿਵਾਰਕ ਮੈਂਬਰਾਂ ਅਤੇ ਸ਼ੋਭਾ ਇੰਸਾਂ ਦੇ ਨਾਲ ਜੇਲ੍ਹ ਦੇ ਮੁਲਾਕਾਤੀ ਸ਼ੀਸ਼ਿਆਂ ਦੀ ਜਾਲੀ ਲੱਗੇ ਕੈਬਿਨ 'ਚ ਇੰਟਰਕਾਮ 'ਤੇ ਲਗਭਗ 20 ਮਿੰਟਾਂ ਤੱਕ ਗੱਲਬਾਤ ਹੋਈ ਸੀ। ਇਸ ਤੋਂ ਇਲਾਵਾ ਉਸ ਦੇ ਵਕੀਲ ਵੀ ਉਸੇ ਦਿਨ ਰਾਮ ਰਹੀਮ ਨੂੰ ਮਿਲਣ ਆਏ ਅਤੇ ਪੈਰੋਲ ਦੀ ਅਰਜ਼ੀ ਨੂੰ ਲੈ ਕੇ ਚਲ ਰਹੇ ਵਿਰੋਧ ਅਤੇ ਵਿਵਾਦਾਂ ਬਾਰੇ ਵਿਆਪਕ ਚਰਚਾ ਕੀਤੀ। ਪਰਿਵਾਰ ਅਤੇ ਵਕੀਲ ਦੇ ਜਾਣ ਤੋਂ ਬਾਅਦ ਰਾਮ ਰਹੀਮ ਨੇ ਆਪਣੀ ਪੈਰੋਲ ਦੀ ਅਰਜ਼ੀ ਵਾਪਸ ਲੈਣ ਬਾਰੇ ਜੇਲ੍ਹ ਪ੍ਰਸ਼ਾਸਨ ਨੂੰ ਅਰਜ਼ੀ ਦੇ ਦਿੱਤੀ।

ਇਸ ਤੋਂ ਪਹਿਲਾਂ 17 ਜੂਨ ਨੂੰ ਰਾਮ ਰਹੀਮ




ਨਾਲ ਪਰਿਵਾਰ ਨੇ ਮੁਲਾਕਾਤ ਕੀਤੀ ਸੀ ਅਤੇ ਉਸ ਮੁਲਾਕਾਤ ਤੋਂ ਬਾਅਦ ਹੀ ਅਗਲੇ ਦਿਨ ਰਾਮ ਰਹੀਮ ਨੇ ਖੇਤੀ ਕਰਨ ਦੇ ਨਾਂ ਉਤੇ 6 ਹਫਤਿਆਂ ਦੀ ਪੈਰੋਲ ਦਿੱਤੇ ਜਾਣ ਦੀ ਮੰਗ ਕਰਦੇ ਹੋਏ ਜੇਲ੍ਹ ਪ੍ਰਸ਼ਾਸਨ ਨੂੰ ਅਰਜ਼ੀ ਦਿੱਤੀ ਸੀ। ਸੂਤਰਾਂ ਅਨੁਸਾਰ 18 ਜੂਨ ਨੂੰ ਪੈਰੋਲ ਦੀ ਅਰਜ਼ੀ ਦੇਣ ਤੋਂ ਬਾਅਦ ਰਾਮ ਰਹੀਮ ਜੇਲ੍ਹ 'ਚ ਲਗਾਤਾਰ ਬੇਚੈਨ ਰਿਹਾ ਅਤੇ ਉਸ ਦੇ ਚਿਹਰੇ 'ਤੇ ਲਗਾਤਾਰ ਤਣਾਅ ਵੀ ਬਣਿਆ ਰਿਹਾ। ਅਗਸਤ 2017 'ਚ ਜਦੋਂ ਰਾਮ ਰਹੀਮ ਨੂੰ ਸੁਨਾਰੀਆ ਜੇਲ੍ਹ ਲਿਆਂਦਾ ਗਿਆ ਸੀ ਤਾਂ ਉਸ ਸਮੇਂ ਸ਼ੁਰੂ-ਸ਼ੁਰੂ 'ਚ ਉਹ ਕੁਝ ਮਹੀਨਿਆਂ ਤੱਕ ਤਣਾਅ ਅਤੇ ਬੇਚੈਨੀ 'ਚ ਦੇਖਿਆ ਗਿਆ ਅਤੇ ਉਸ ਦਾ ਅਕਸਰ ਹੀ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦਾ ਲੈਵਲ ਵੀ ਵੱਧ ਜਾਂਦਾ ਸੀ।

ਹੌਲੀ-ਹੌਲੀ ਜੇਲ੍ਹ 'ਚ ਉਸ ਦਾ ਭਾਰ ਘਟਣ ਅਤੇ ਜੇਲ੍ਹ ਦਾ ਖਾਣਾ ਖਾਣ ਦੇ ਨਾਲ-ਨਾਲ ਉਹ ਜੇਲ੍ਹ 'ਚ ਸਬਜ਼ੀਆਂ ਦੀ ਬਿਜਾਈ ਕਰਨ ਦਾ ਕੰਮ ਕਰਦੇ-ਕਰਦੇ ਉਸ ਦਾ ਭਾਰ ਵੀ 90-91 ਕਿਲੋ ਦੇ ਆਸ-ਪਾਸ ਸਥਿਰ ਹੋ ਗਿਆ ਸੀ ਅਤੇ ਬੀ.ਪੀ. ਅਤੇ ਸ਼ੂਗਰ ਲੈਵਲ ਵੀ ਠੀਕ ਰਹਿਣ ਲੱਗ ਪਿਆ ਸੀ ਪਰ ਪੈਰੋਲ ਦੀ ਅਰਜ਼ੀ ਦੇਣ ਤੋਂ ਬਾਅਦ ਉਹ ਮੁੜ ਬੇਚੈਨ ਅਤੇ ਤਣਾਅ 'ਚ ਦਿਖਾਈ ਦੇਣ ਲੱਗ ਪਿਆ। ਉਸ ਨੂੰ ਨਿਰੰਤਰ ਇਹ ਚਿੰਤਾ ਸਤਾਉਣ ਲੱਗ ਪਈ ਸੀ ਕਿ ਉਸ ਦੀ ਪੈਰੋਲ ਦੀ ਅਰਜ਼ੀ ਦਾ ਕੀ ਬਣੇਗਾ? ਪਰਿਵਾਰ, ਵਕੀਲ ਅਤੇ ਡੇਰੇ ਦੀ ਡਿਪਟੀ ਚੇਅਰਪਰਸਨ ਸ਼ੋਭਾ ਨਾਲ ਮੁਲਾਕਾਤ ਤੋਂ ਬਾਅਦ ਉਸ ਨੇ ਆਪਣੀ ਪੈਰੋਲ ਦੀ ਅਰਜ਼ੀ ਵਾਪਸ ਲੈਣ ਲਈ ਅਰਜ਼ੀ ਦੇ ਦਿੱਤੀ ਅਤੇ ਅਰਜ਼ੀ ਵਾਪਸ ਲੈਣ ਤੋਂ ਬਾਅਦ ਇਕ ਵਾਰ ਫਿਰ ਤੋਂ ਜੇਲ੍ਹ 'ਚ ਆਮ ਕੈਦੀ ਦੀ ਤਰ੍ਹਾਂ ਰਹਿਣ ਲੱਗ ਪਿਆ ਹੈ।

# ਮੁੜ ਪੈਰਾਂ ਸਿਰ ਹੋਣ ਲਈ ਪੁਰਾਣੀਆਂ ਰਵਾਇਤਾਂ ਵੱਲ ਮੁੜਿਆ ਅਕਾਲੀ ਦਲ

**ਸ੍ਰੀ ਆਨੰਦਪੁਰ ਸਾਹਿਬ:** ਲਗਾਤਾਰ ਇਕ ਸਦੀ ਤੋਂ ਪੰਜਾਬ ਦੀਆਂ ਸਿਆਸੀ ਸਫਾਂ 'ਚ ਮੂਹਰਲੀ ਕਤਾਰ ਵਿਚ ਰਹੇ ਸ਼੍ਰੋਮਣੀ ਅਕਾਲੀ ਦਲ ਨੇ ਹੁਣ ਤੱਕ ਦੀ ਸਭ ਤੋਂ ਬੁਰੀ ਹਾਰ ਤੋਂ ਸਬਕ ਲੈਣਾ ਸ਼ੁਰੂ ਕਰ ਦਿੱਤਾ। ਅਕਾਲੀ ਦਲ ਨੇ ਪਾਰਟੀ ਨੂੰ ਜ਼ਮੀਨੀ ਪੱਧਰ ਤੱਕ ਮਜ਼ਬੂਤ ਕਰਨ ਲਈ ਬਾਬਾ ਆਦਮ ਦੇ ਜ਼ਮਾਨੇ ਦੀਆਂ ਰੀਤਾਂ ਵਿਚ ਕ੍ਰਾਂਤੀਕਾਰੀ ਬਦਲਾਅ ਲਿਆਉਣੇ ਸ਼ੁਰੂ ਕਰ ਦਿੱਤੇ ਹਨ, ਜਿਸ ਦੇ ਤਹਿਤ ਹੁਣ 100 ਸਾਲਾਂ ਤੋਂ ਚੱਲੇ ਆ ਰਹੇ ਸਰਕਲਾਂ ਨੂੰ ਛੋਟੇ ਕਰਕੇ 25 ਹਜ਼ਾਰ ਵੋਟਾਂ ਪਿੱਛੇ ਇਕ ਸਰਕਲ ਦਾ ਗਠਨ ਕਰਨ ਦੇ ਹੁਕਮ ਪਾਰਟੀ ਪ੍ਰਧਾਨ ਵੱਲੋਂ ਜਾਰੀ ਕਰ ਦਿੱਤੇ ਗਏ ਹਨ। ਇਸ ਦੀ ਪੁਸ਼ਟੀ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਨੇ ਕੀਤੀ ਹੈ।



ਇਥੇ ਹੀ ਬੱਸ ਨਹੀਂ ਪਾਰਟੀ ਵੱਲੋਂ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਥੋਕ ਵਿਚ ਵੰਡੀਆਂ ਜਾਣ ਵਾਲੀਆਂ ਅਹੁਦੇਦਾਰੀਆਂ ਦੀ ਪ੍ਰਥਾ ਵੀ ਬੰਦ ਕੀਤੀ ਜਾਵੇ ਅਤੇ ਵਫਾਦਾਰ ਤੇ ਮਿਹਨਤੀ ਵਰਕਰ ਨੂੰ ਹੀ ਅਹੁਦਾ ਦਿੱਤਾ ਜਾਵੇ। ਪਾਰਟੀ ਦੇ ਇਸ ਫੈਸਲੇ ਨਾਲ ਫੋਟੋ ਖਿਚਵਾਉਣ ਲਈ ਮੂਹਰਲੀ ਕਤਾਰ ਵਿਚ ਖੜ੍ਹੇ ਹੋਣ ਵਾਲੇ ਦਰਸ਼ਨੀ ਭਲਵਾਨਾਂ ਨੂੰ ਪਿੱਸੂ ਪੈਣੇ ਸ਼ੁਰੂ ਹੋ ਗਏ ਹਨ।

ਜਾਣਕਾਰੀ ਅਨੁਸਾਰ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਖੁਦ ਸੰਜੀਦਗੀ ਨਾਲ ਹਰ ਪਹਿਲੂ 'ਤੇ ਸਖਤ ਫੈਸਲੇ ਲੈ ਰਹੇ ਹਨ, ਹਾਲਾਂਕਿ ਇਸ ਦੀ ਪੁਸ਼ਟੀ ਨਹੀਂ ਕੀਤੀ ਗਈ ਪਰ ਇਸੇ ਸੋਚ ਦੇ ਤਹਿਤ ਇਹ ਵੀ ਵਿਚਾਰ ਹੋ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਲੈ ਕੇ ਸ਼੍ਰੋਮਣੀ ਕਮੇਟੀ ਦੀ ਚੋਣ ਲੜਨ ਵਾਲਾ ਕੋਈ ਵੀ ਆਗੂ ਜਾਂ ਉਸ ਦਾ ਪਰਿਵਾਰਿਕ ਮੈਂਬਰ ਸਿਆਸੀ ਚੋਣ ਨਹੀਂ ਲੜੇਗਾ ਤੇ ਨਾ ਹੀ ਪਾਰਟੀ ਟਿਕਟ ਲਈ ਉਸ ਨੂੰ ਵਿਚਾਰਿਆ ਜਾਵੇਗਾ।

# ਕੇਂਦਰੀ ਮੰਤਰੀਆਂ ਖਿਲਾਫ ਭ੍ਰਿਸ਼ਟਾਚਾਰ ਕੇਸਾਂ ਦੇ ਖੁਲਾਸੇ ਦਾ ਰਾਹ ਖੁੱਲ੍ਹਿਆ

**ਨਵੀਂ ਦਿੱਲੀ:** ਕੇਂਦਰੀ ਸੂਚਨਾ ਕਮਿਸ਼ਨ (ਸੀ.ਆਈ.ਸੀ.) ਨੇ ਕੇਂਦਰੀ ਮੰਤਰੀਆਂ ਖਿਲਾਫ ਭ੍ਰਿਸ਼ਟਾਚਾਰ ਦੇ ਕੇਸਾਂ ਦਾ ਖੁਲਾਸਾ ਕਰਨ ਦਾ ਰਾਹ ਖੋਲ੍ਹ ਦਿੱਤਾ ਹੈ। ਸੀ.ਆਈ.ਸੀ. ਨੇ ਨੌਕਰਸ਼ਾਹ ਸੰਜੀਵ ਚਤੁਰਵੇਦੀ ਵੱਲੋਂ ਦਾਖਲ ਕੀਤੀ ਇਕ ਆਰ. ਟੀ. ਆਈ. ਅਰਜ਼ੀ ਦੇ ਜਵਾਬ 'ਚ ਪ੍ਰਧਾਨ ਮੰਤਰੀ ਦਫਤਰ ਵੱਲੋਂ ਜਤਾਏ ਇਤਰਾਜ਼ਾਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਹ 'ਸਹੀ ਨਹੀਂ' ਹਨ।

ਭਾਰਤੀ ਜੰਗਲਾਤ ਸੇਵਾ ਦੇ 2002 ਬੈਚ ਦੇ ਅਧਿਕਾਰੀ ਚਤੁਰਵੇਦੀ ਨੇ 2017 ਵਿਚ ਪ੍ਰਧਾਨ ਮੰਤਰੀ ਦਫਤਰ (ਪੀ.ਐਮ.ਓ.) 'ਚ ਅਰਜ਼ੀ ਦਾਖਲ ਕਰ ਕੇ ਕੇਂਦਰੀ ਮੰਤਰੀਆਂ ਖਿਲਾਫ ਜੂਨ 2014 ਤੋਂ 2017 ਤੱਕ ਆਈਆਂ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਦੀ ਜਾਣਕਾਰੀ ਮੰਗੀ ਸੀ। ਪੀ.ਐਮ.ਓ. ਨੇ ਅਕਤੂਬਰ 2017 ਵਿਚ ਇਸ ਆਰ.ਟੀ.ਆਈ. ਦੇ ਜਵਾਬ ਵਿਚ ਕਿਹਾ ਸੀ ਕਿ ਇਹ ਜਾਣਕਾਰੀ 'ਕਿਸੇ ਵਿਸ਼ੇਸ਼ ਵੱਲ ਸੇਧਤ ਨਹੀਂ ਹੈ ਤੇ ਅਸਪੱਸ਼ਟ' ਹੈ। ਇਸ ਤੋਂ ਬਾਅਦ ਚਤੁਰਵੇਦੀ ਨੇ ਸੀ.ਆਈ.ਸੀ. ਕੋਲ ਪਹੁੰਚ ਕੀਤੀ ਸੀ। ਸੀ.ਆਈ.ਸੀ. ਨੇ ਆਪਣੇ ਪਿਛਲੇ ਵਰ੍ਹੇ ਦੇ ਅਕਤੂਬਰ ਮਹੀਨੇ ਦੇ ਹੁਕਮ ਵਿਚ ਕਿਹਾ ਸੀ ਕਿ ਪੀ.ਐਮ.ਓ. ਨੇ ਸਹੀ ਤੇ ਢੁਕਵੀਂ ਜਾਣਕਾਰੀ ਨਹੀਂ ਦਿੱਤੀ। ਕਮਿਸ਼ਨ ਨੇ ਪੀ.ਐਮ.ਓ. ਦੇ ਕੇਂਦਰੀ ਸੂਚਨਾ ਅਧਿਕਾਰੀ ਨੂੰ ਹੁਣ 15 ਦਿਨ ਦੇ ਅੰਦਰ-ਅੰਦਰ ਜਾਣਕਾਰੀ ਦੇਣ ਲਈ ਕਿਹਾ ਹੈ। ਪੀ.ਐਮ.ਓ. ਨੇ ਇਸ ਤੋਂ ਪਹਿਲਾਂ ਆਰ.ਟੀ.ਆਈ. ਐਕਟ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਕੇਂਦਰੀ ਮੰਤਰੀ ਸਰਕਾਰ ਦੇ ਸਿਖਰਲੇ ਅਹੁਦਿਆਂ 'ਤੇ ਹਨ ਤੇ ਉਨ੍ਹਾਂ ਖਿਲਾਫ ਕਈ ਵਿਭਾਗਾਂ ਵਿਚ ਮਾਮਲੇ ਖਿੱਲਰੇ ਪਏ ਹਨ।

## ਇੰਗਲੈਂਡ ਵਿਚ ਪੰਜਾਬੀ ਦਾ ਕਤਲ

**ਬੰਗਾ:** ਕਮਾਈ ਲਈ 22 ਸਾਲ ਪਹਿਲਾਂ ਇੰਗਲੈਂਡ ਗਏ ਸੁਖਵਿੰਦਰ ਸਿੰਘ ਗਿੱਲ (46 ਸਾਲ) ਵਾਸੀ ਪਿੰਡ ਕਜਲਾ (ਨੇੜੇ ਬੰਗਾ) ਦਾ ਯੂ.ਕੇ. ਦੇ ਸ਼ਹਿਰ ਲੈਸਟਰ ਵਿਚ ਕਤਲ ਹੋ ਗਿਆ। ਜਾਣਕਾਰੀ ਅਨੁਸਾਰ ਸੁਖਵਿੰਦਰ ਸਿੰਘ ਕੰਮ ਲਈ ਫੈਕਟਰੀ ਪੁੱਜਿਆ ਤਾਂ ਕਿਸੇ ਗੱਲੋਂ ਉਸ ਦਾ ਸਾਥੀ ਨਾਲ ਤਕਰਾਰ ਹੋ ਗਿਆ। ਗੁੱਸੇ 'ਚ ਆਏ ਉਸ ਦੇ ਸਾਥੀ ਨੇ ਛੁਰਾ ਮਾਰ ਕੇ ਸੁਖਵਿੰਦਰ ਸਿੰਘ ਦਾ ਕਤਲ ਕਰ ਦਿੱਤਾ। ਮ੍ਰਿਤਕ ਦੀ ਮਾਤਾ ਕਸ਼ਮੀਰ ਕੌਰ ਅਤੇ ਭਰਾ ਅਮਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਘਟਨਾ ਦੀ ਜਾਣਕਾਰੀ ਵਿਦੇਸ਼ ਤੋਂ ਫੋਨ ਰਾਹੀਂ ਮਿਲੀ ਹੈ। ਉਥੋਂ ਦੀ ਪੁਲਿਸ ਵਲੋਂ ਕਾਤਲ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਦੱਸਣਯੋਗ ਹੈ ਕਿ ਸੁਖਵਿੰਦਰ ਸਿੰਘ 22 ਸਾਲਾਂ ਵਿਚ ਇਕ ਵੀ ਵਾਰ ਵਤਨ ਨਹੀਂ ਪਰਤਿਆ ਸੀ।

## ਬੀ. ਐਲ. ਏ. ਨੂੰ ਆਲਮੀ ਦਹਿਸ਼ਤੀ ਜਥੇਬੰਦੀ ਐਲਾਨਿਆ

**ਵਾਸ਼ਿੰਗਟਨ:** ਕੁਦਰਤੀ ਵਸੀਲਿਆਂ ਦੀ ਭਰਮਾਰ ਵਾਲੇ ਬਲੋਚਿਸਤਾਨ ਸੂਬੇ 'ਤੇ ਪਾਕਿਸਤਾਨੀ ਸ਼ਾਸਨ ਦਾ ਵਿਰੋਧ ਕਰ ਰਹੀ ਵੱਖਵਾਦੀ ਜਥੇਬੰਦੀ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀ.ਐਲ.ਏ.) ਨੂੰ ਅਮਰੀਕਾ ਨੇ ਆਲਮੀ ਦਹਿਸ਼ਤੀ ਜਥੇਬੰਦੀ ਐਲਾਨ ਦਿੱਤਾ ਹੈ।

# ਸਾਨੂੰ ਸਾਉਣ ਸੈਨਤਾਂ ਮਾਰੇ

ਪੁਰਾਤਨ ਸਮੇਂ ਤੋਂ ਹੀ ਪੰਜਾਬ ਦੇ ਲੋਕ ਜੀਵਨ ਵਿਚ ਸਾਉਣ ਦੇ ਮਹੀਨੇ ਦੀ ਵਿਸ਼ੇਸ਼ ਮਹੱਤਤਾ ਰਹੀ ਹੈ। ਪੰਜਾਬ ਖੇਤੀ ਪ੍ਰਧਾਨ ਖਿੱਤਾ ਹੋਣ ਕਾਰਨ ਇਥੋਂ ਦਾ ਕਿਸਾਨ ਚੰਗੇਰੀ ਫਸਲ ਦੀ ਪੈਦਾਵਾਰ ਲਈ ਮੌਸਮ 'ਤੇ ਹੀ ਨਿਰਭਰ ਰਿਹਾ ਹੈ। ਪਾਣੀ ਦੇ ਕੁਦਰਤੀ ਸਾਧਨ ਹੀ ਉਸ ਦੇ ਮੁੱਖ ਸਿੰਜਾਈ ਸਾਧਨ ਰਹੇ ਹਨ, ਜਿਸ ਕਰਕੇ ਕਿਸਾਨਾਂ ਨੂੰ ਜਿਥੇ ਮੀਂਹ 'ਤੇ ਟੇਕ ਰੱਖਣੀ ਪੈਂਦੀ ਸੀ, ਉਥੇ ਉਨ੍ਹਾਂ ਨੂੰ ਮੌਸਮ ਦੀ ਕਰੋਪੀ ਦਾ ਵੀ ਟਾਕਰਾ ਕਰਨਾ ਪੈਂਦਾ ਸੀ। ਸਾਉਣ ਦਾ ਮਹੀਨਾ ਕਿਸਾਨਾਂ ਲਈ ਖੁਸ਼ਹਾਲੀ ਦਾ ਢੋਆ ਲੈ ਕੇ ਆਉਂਦਾ ਸੀ।

ਰੱਜਵੀਂ ਬਾਰਸ਼ ਸਾਉਣੀ ਦੀ ਭਰਪੂਰ ਫਸਲ ਲਈ ਉਨ੍ਹਾਂ ਦੇ ਮਨਾਂ ਅੰਦਰ ਉਤਸ਼ਾਹ ਅਤੇ ਉਮਾਹ ਭਰ ਦਿੰਦੀ ਸੀ। ਪਿੰਡਾਂ ਵਿਚ ਆਮ ਕਰਕੇ ਘਰ ਕੱਚੇ ਹੁੰਦੇ ਸਨ, ਜਿਸ ਕਰਕੇ ਲੋਕ ਸਾਉਣ ਮਹੀਨੇ ਦੀ ਆਮਦ ਤੋਂ ਪਹਿਲਾਂ ਆਪਣੇ ਘਰਾਂ ਦੀਆਂ ਕੰਧਾਂ ਅਤੇ ਛੱਤਾਂ ਨੂੰ ਤੂੜੀ ਰਲੀ ਚੀਕਣੀ ਮਿੱਟੀ ਨਾਲ ਲਿਪ ਕੇ 'ਸਾਉਣ ਦੀ ਝੜੀ' ਦਾ ਟਾਕਰਾ ਕਰਨ ਲਈ ਤਿਆਰੀ ਕਰ ਲੈਂਦੇ



**ਸੁਖਦੇਵ ਮਾਦਪੁਰੀ**
ਫੋਨ: 91-94630-34472

ਸਨ। ਲੋਕ ਅਖਾਣ ਹੈ,

ਸਾਵਣ ਦੀ ਝੜੀ
ਕੋਠਾ ਛੱਡੇ ਨਾ ਕੜੀ।

ਜੇ ਕਿਧਰੇ ਸਾਉਣ ਚੜ੍ਹਨ 'ਤੇ ਬਾਰਸ਼ ਨਾ ਹੋਣੀ ਤਾਂ ਕੁੜੀਆਂ ਨੇ ਗੁੱਡੀਆਂ ਫੂਕ-ਫੂਕ ਕੇ ਬਾਰਸ਼ ਲਈ ਅਰਦਾਸਾਂ ਕਰਨੀਆਂ ਅਤੇ ਬੱਚਿਆਂ ਨੇ ਗਲੀਆਂ 'ਚ ਨੱਚ ਨੱਚ ਗਾਉਣਾ,

ਰੱਬਾ ਰੱਬਾ ਮੀਂਹ ਵਸਾ
ਸਾਡੀ ਕੋਠੀ ਦਾਣੇ ਪਾ।
ਕਾਲੇ ਰੋੜ ਪੀਲੇ ਰੋੜ
ਹਾੜ੍ਹੇ ਰੱਬਾ ਵੱਟਾਂ ਤੋੜ।
ਕਾਲੀਆਂ ਇੱਟਾਂ ਕਾਲੇ ਰੋੜ
ਮੀਂਹ ਵਸਾ ਦੇ ਜ਼ੋਰੋ ਜ਼ੋਰ।

ਜੇਠ ਹਾੜ੍ਹ ਦੀ ਅਤਿ ਦੀ ਗਰਮੀ ਅਤੇ ਲੂਹੰਦੀਆਂ ਲੋਆਂ ਪਿਛੋਂ ਸਾਉਣ ਮਹੀਨੇ ਦੀਆਂ ਠੰਢੀਆਂ ਠਾਰ ਅਤੇ ਮਹਿਕਦੀਆਂ ਹਵਾਵਾਂ ਵਾਤਾਵਰਣ ਨੂੰ ਰੁਮਾਂਚਕ ਬਣਾ ਦਿੰਦੀਆਂ ਹਨ। ਨਿੱਕੀ-ਨਿੱਕੀ ਕਣੀ ਦਾ ਮੀਂਹ, ਸਾਉਣ ਦੇ ਛੱਰਾਟੇ ਅਤੇ ਸਾਉਣ ਦੀਆਂ ਝੜੀਆਂ ਪੰਜਾਬ ਦੇ ਸਭਿਆਚਾਰਕ ਜੀਵਨ ਵਿਚ ਅਨੂਠਾ ਰੰਗ ਭਰਦੇ ਹਨ। ਸਾਰਾ ਮਾਹੌਲ ਨਸ਼ਿਆ ਜਾਂਦਾ ਹੈ। ਧਰਤੀ ਮੌਲਦੀ ਹੈ, ਬਨਸਪਤੀ 'ਤੇ ਨਵਾਂ ਨਿਖਾਰ ਆਉਂਦਾ ਹੈ। ਬੱਦਲਾਂ ਨੂੰ ਵੇਖ ਕਿਧਰੇ ਮੋਰ ਪੈਲਾਂ ਪਾਉਂਦੇ ਹਨ, ਕਿਧਰੇ ਕੋਇਲਾਂ ਕੂਕਦੀਆਂ ਹਨ,

ਰਲ ਆਓ ਸਈਓ ਨੀ
ਸੱਭੇ ਤੀਆਂ ਖੇਡਣ ਜਾਈਏ
ਹੁਣ ਆ ਗਿਆ ਸਾਵਣ ਨੀ
ਪੀਂਘਾਂ ਪਿੱਪਲੀਂ ਜਾ ਕੇ ਪਾਈਏ
ਪਈ ਕੂ ਕੂ ਕਰਦੀ ਨੀ ਸਈਓ
ਕੋਇਲ ਹੰਝੂ ਡੋਲ੍ਹੇ
ਪਪੀਹਾ ਵੇਖੋ ਨੀ ਭੈੜਾ
ਪੀਆ ਪੀਆ ਬੋਲੇ
ਲੈ ਪੈਲਾਂ ਪਾਂਦੇ ਨੀ
ਬਾਗੀਂ ਮੋਰਾਂ ਸ਼ੋਰ ਮਚਾਇਆ
ਨੀ ਖਿੜ ਖਿੜ ਫੁੱਲਾਂ ਨੇ
ਸਾਨੂੰ ਮਾਹੀਆ ਯਾਦ ਕਰਾਇਆ
ਮੈਂ ਅਥਰੂ ਡੋਲ੍ਹਾਂ ਨੀ
ਕੋਈ ਸਾਰ ਨਾ ਲੈਂਦਾ ਮੇਰੀ।
ਨਿੱਕੀ ਨਿੱਕੀ ਕਣੀ ਦਾ ਮੀਂਹ ਮੁਟਿਆਰਾਂ 'ਚ ਸੁੱਤੇ ਦਰਦ ਜਗਾ ਦਿੰਦਾ ਹੈ ਤੇ ਉਹ ਗਿੱਧਾ ਪਾਉਣ ਲਈ ਉਤਸੁਕ ਹੋ ਉਠਦੀਆਂ ਹਨ,

ਛਮ ਛਮ ਛਮ ਛਮ ਪੈਣ ਫੁਹਾਰਾਂ
ਬਿਜਲੀ ਦੇ ਰੰਗ ਨਿਆਰੇ
ਆਓ ਕੁੜੀਓ ਗਿੱਧਾ ਪਾਈਏ
ਸਾਨੂੰ ਸਾਉਣ ਸੈਨਤਾਂ ਮਾਰੇ।

ਸਾਉਣ ਦਾ ਸੱਦਾ ਭਲਾ ਕੁੜੀਆ ਕਿਉਂ ਨਾ ਪ੍ਰਵਾਨ ਕਰਨ,

ਸਾਉਣ ਮਹੀਨਾ ਦਿਨ ਗਿੱਧੇ ਦੇ
ਕੁੜੀਆਂ ਰਲ ਕੇ ਆਈਆਂ
ਨੱਚਣ ਕੁੱਦਣ ਝੂਟਣ ਪੀਂਘਾਂ
ਵੱਡਿਆਂ ਘਰਾਂ ਦੀਆਂ ਜਾਈਆਂ
ਆਹ ਲੈ ਮਿੱਤਰਾ ਕਰ ਲੈ ਖੈਰੀਆਂ
ਬਾਂਕਾਂ ਮੇਚ ਨਾ ਆਈਆਂ
ਗਿੱਧਾ ਪਾ ਰਹੀਆਂ
ਨਣਦਾਂ ਤੇ ਭਰਜਾਈਆਂ।

ਕੁੜੀਆਂ ਦੇ ਪਿੱਪਲੀ ਪੀਂਘਾਂ ਪਾਉਣ ਕਰਕੇ ਪਿੱਪਲ ਆਪਣੇ ਆਪ ਨੂੰ 'ਭਾਗਾਂ ਵਾਲਾ' ਸਮਝਦਾ ਹੈ,

ਥੜਿਆਂ ਬਾਝ ਨਾ ਸੋਂਹਦੇ ਪਿੱਪਲ
ਫੁੱਲਾਂ ਬਾਝ ਫਲਾਹੀਆਂ
ਹੰਸਾਂ ਨਾਲ ਹਮੇਲਾਂ ਸੋਹੰਦੀਆਂ
ਬੰਦਾਂ ਨਾਲ ਗਜਰਾਈਆਂ
ਕੁੜੀਆਂ ਨੇ ਪੀਂਘਾਂ ਪਾਈਆਂ
ਸਾਉਣ ਵਿਚ ਕੁੜੀਆਂ ਨੇ
ਪੀਂਘਾਂ ਅਸਮਾਨ ਚੜ੍ਹਾਈਆਂ।

ਜਦੋਂ ਸਾਉਣ ਦੀਆਂ ਕਾਲੀਆਂ ਘਟਾਵਾਂ ਚੜ੍ਹ ਕੇ ਆਉਂਦੀਆਂ ਹਨ ਤਾਂ ਬਿਰਹੋਂ ਕੁੱਠੀ ਮੁਟਿਆਰ ਤੜਪ ਉਠਦੀ ਹੈ,

ਭਿੱਜ ਗਈ ਰੂਹ ਮਿੱਤਰਾ
ਸ਼ਾਮ ਘਟਾਂ ਚੜ੍ਹਾ ਆਈਆਂ।

ਉਹ ਤਾਂ ਕੋਇਲ ਨੂੰ ਵੀ ਆਪਣੇ ਹੱਥਾਂ 'ਤੇ ਚੋਗ ਚੁਗਾਉਣਾ ਲੋਚਦੀ ਹੈ,

ਪ੍ਰੀਤ ਦੀ ਮੈਨੂੰ ਕਦਰ ਬਥੇਰੀ
ਲਾ ਕੇ ਤੋੜ ਨਿਭਾਵਾਂ
ਨੀ ਕੋਇਲੇ ਸਾਉਣ ਦੀਏ,
ਤੈਨੂੰ ਹੱਥ 'ਤੇ ਚੋਗ ਚੁਗਾਵਾਂ।

ਇਸ ਰੁਮਾਂਚਕ ਵਾਤਾਵਰਣ ਵਿਚ ਪੰਜਾਬਣਾਂ ਦਾ ਹਰਮਨ ਪਿਆਰਾ 'ਤੀਆਂ ਦਾ ਤਿਉਹਾਰ' ਆਉਂਦਾ ਹੈ। ਪੰਜਾਬ ਦੀਆਂ ਮੁਟਿਆਰਾਂ ਇਸ ਨੂੰ ਬੜੇ ਚਾਵਾਂ ਨਾਲ ਉਡੀਕਦੀਆਂ ਹਨ। ਵਿਆਹੀਆਂ ਕੁੜੀਆਂ ਆਪਣੇ ਪੇਕੇ ਘਰ ਆ ਕੇ ਇਹ ਤਿਉਹਾਰ ਮਨਾਉਂਦੀਆਂ ਹਨ,

ਮਹਿੰਦੀ ਤਾਂ ਪਾ ਦੇ ਮਾਏ ਸੁਕਣੀ
ਮਾਏ ਮੇਰੀਏ
ਮਹਿੰਦੀ ਦਾ ਰੰਗ ਨੀ ਉਦਾਸ
ਸਾਵਣ ਆਇਆ
ਨੂੰਹਾਂ ਨੂੰ ਭੇਜੀਂ ਮਾਏ ਪੇਕੜੇ
ਮਾਏ ਮੇਰੀਏ ਨੀ
ਧੀਆਂ ਨੂੰ ਲਈ ਨੀ ਮੰਗਾ
ਸਾਵਣ ਆਇਆ।



ਜੋ ਵਿਆਹੀਆਂ ਕੁੜੀਆਂ ਕਿਸੇ ਕਾਰਨ ਸਾਉਣ ਮਹੀਨੇ ਪੇਕੀਂ ਨਹੀਂ ਆ ਸਕਦੀਆਂ, ਉਨ੍ਹਾਂ ਲਈ ਉਨ੍ਹਾਂ ਦੇ ਮਾਪੇ ਤੀਆਂ ਦਾ ਸੰਧਾਰਾ ਭੇਜਦੇ ਹਨ। ਤੀਆਂ ਦੇ ਸੰਧਾਰੇ ਵਿਚ ਤਿਓਰ ਅਤੇ ਮਠਿਆਈ ਹੁੰਦੀ ਹੈ। ਤੀਆਂ ਦੇ ਸੰਧਾਰੇ ਦਾ ਕੁੜੀਆਂ ਨੂੰ ਕਿੰਨਾ ਚਾਅ ਹੁੰਦਾ ਹੈ, ਇਸ ਦੀ ਝਲਕ ਇਕ ਲੋਕ ਗੀਤ ਇਸ ਤਰ੍ਹਾਂ ਦਿੰਦਾ ਹੈ,

ਭੇਜੀ ਨੀ ਅੰਮਾ ਰਾਣੀ ਸੂਹੜੇ
ਸੂਹਿਆਂ ਦੇ ਦਿਨ ਚਾਰ
ਸਾਵਣ ਆਇਆ।
ਕਿੱਕੂੰ ਨੀ ਭੇਜਾਂ ਸੂਹੜੇ
ਪਿਓ ਤੇਰਾ ਪਰਦੇਸ



ਸਾਵਣ ਆਇਆ।
ਲਿਖ ਲਿਖ ਭੇਜਾਂ ਚੀਰੀਆਂ
ਤੂੰ ਪਰਦੇਸਾਂ ਤੋਂ ਆ
ਸਾਵਣ ਆਇਆ।
ਕਿੱਕੂੰ ਨੀ ਆਵਾਂ ਜਾਈਏ ਮੇਰੀਏ
ਨਦੀਆਂ ਨੇ ਲਿਆ ਨੀ ਉਛਾਲ
ਸਾਵਣ ਆਇਆ।
ਪਾਵੋ ਵੇ ਮਲਾਹੋ ਬੇੜੀਆਂ
ਮੇਰਾ ਬਾਬਲ ਪਾਰ ਲੰਘਾਓ
ਸਾਵਣ ਆਇਆ।
ਹੱਥਾਂ ਦੀ ਵੇ ਦੇਵਾਂ ਮੁੰਦਰੀ
ਗਲ ਦਾ ਨੌਂ ਲੱਖਾ ਹਾਰ
ਸਾਵਣ ਆਇਆ।

ਪੁਰਾਣੇ ਸਮਿਆਂ ਵਿਚ ਆਉਣ-ਜਾਣ ਦੇ ਸਾਧਨ ਸੀਮਤ ਸਨ। ਨਾ ਸੜਕਾਂ ਸਨ, ਨਾ ਨਦੀਆਂ-ਨਾਲਿਆਂ 'ਤੇ ਪੁਲ। ਪੰਜ-ਦਸ ਕੋਹ ਦੀ ਵਾਟ 'ਤੇ ਵਿਆਹੀ ਮੁਟਿਆਰ ਆਪਣੇ ਆਪ ਨੂੰ ਪਰਦੇਸਣ ਸਮਝਦੀ ਸੀ। ਵਰ੍ਹੇ ਛਿਮਾਹੀ ਮਗਰੋਂ ਹੀ ਕੋਈ ਮਿਲਣ ਆਉਂਦਾ। ਸਾਵਣ ਦੇ ਅਨੇਕਾਂ ਗੀਤ ਮਿਲਦੇ ਹਨ, ਜਿਨ੍ਹਾਂ ਰਾਹੀਂ ਪਰਦੇਸਾਂ ਵਿਚ ਬੈਠੀ ਮੁਟਿਆਰ ਜਿੱਥੇ ਆਪਣੇ ਦੂਰ ਵਸੇਂਦੇ ਮਾਪਿਆਂ ਦੇ ਦਰਦ ਦਾ ਸੱਲ ਸਹਿੰਦੀ ਹੈ, ਉਥੇ ਪਰਦੇਸੀਂ ਖੱਟੀ ਕਰਨ ਗਏ ਆਪਣੇ ਮਾਹੀ ਦੇ ਵਿਯੋਗ ਨੂੰ ਬੜੇ ਦਰਦੀਲੇ ਬੋਲਾਂ ਵਿਚ ਬਿਆਨ ਕਰਦੀ ਹੈ।

ਸਾਉਣ ਦੇ ਦਿਨੀਂ ਸਹੁਰੇ ਗਈ ਭੈਣ ਨੂੰ ਵੀਰ ਲੈਣ ਆਉਂਦਾ ਹੈ। ਸੱਸ, ਨਨਾਣ ਮੱਥੇ ਵੱਟ ਪਾ ਲੈਂਦੀਆਂ ਹਨ। ਭੈਣ ਵੀਰ ਪਾਸੋਂ ਆਪਣੇ ਪੇਕੇ ਪਰਿਵਾਰ ਦੀ ਸੁੱਖ ਸਾਂਦ ਪੁੱਛਦੀ ਹੈ,

ਸਾਵਣ ਆਇਆ ਨੀ ਸਖੀਏ
ਸਾਵਣ ਆਇਆ
ਇਕ ਤਾਂ ਆਇਆ ਮੇਰੀ ਅੰਮਾ ਦਾ ਜਾਇਆ
ਚੜ੍ਹਦੇ ਸਾਵਣ ਮੇਰਾ ਵੀਰ ਨੀ ਆਇਆ
ਆ ਜਾ ਵੇ ਵੀਰਾ
ਆ ਜਾ ਵੀਰਾ ਚੜ੍ਹ ਉਚੀ ਅਟਾਰੀ
ਮੇਰੇ ਕਾਨ੍ਹ ਉਸਾਰੀ
ਦੇ ਜਾ ਵੀਰਾ ਮੇਰੀ ਮਾਂ ਦੇ ਸੁਨੇਹੜੇ ਰਾਮ।

ਮਾਂ ਤਾਂ ਤੇਰੀ ਭੈਣੇ
ਪਲੰਘੋਂ ਪੀਹੜੇ ਬਠਾਈ
ਸਾਥ ਅਟੇਰਨ ਸੂਹੀ ਰੰਗਲੀ ਰਾਮ।

ਆ ਵੇ ਵੀਰਾ ਚੜ੍ਹੀਏ ਉਚੀ ਅਟਾਰੀ
ਮੇਰੇ ਕਾਨ੍ਹ ਉਸਾਰੀ
ਦੇ ਜਾ ਮੇਰੀ ਭਾਬੋ ਦੇ ਸੁਨੇਹੜੇ ਰਾਮ।

ਭਾਬੋ ਤਾਂ ਤੇਰੀ ਬੀਬੀ ਗੀਗੜਾ ਜਾਇਆ
ਨੀ ਤੇਰਾ ਭਤੀਜੜਾ ਜਾਇਆ
ਉਠਦੀ ਬਹਿੰਦੀ ਦਿੰਦੀ ਲੋਰੀਆਂ ਰਾਮ।

ਆ ਵੇ ਵੀਰਾ ਚੜ੍ਹ ਉਚੀ ਅਟਾਰੀ
ਮੇਰੇ ਕਾਨ੍ਹ ਉਸਾਰੀ
ਮੇਰੀਆਂ ਸਈਆਂ ਦੇ ਦੇ ਵੇ ਸੁਨੇਹੜੇ ਰਾਮ।

ਸਈਆਂ ਤੇਰੀਆਂ ਭੈਣੇ ਛੋਪ ਨੀ ਪਾਏ
ਵਿਹੜੀਂ ਚਰਖੇ ਨੀ ਡਾਹੇ
ਤੂੰ ਹੀ ਪਰਦੇਸਣ ਬੈਠੀ ਦੂਰ ਨੀ ਰਾਮ।

ਚਲ ਵੇ ਵੀਰਾ ਚੱਲੀਏ ਮਾਂ ਦੇ ਕੋਲੇ
ਸਾਡੀਆਂ ਸਖੀਆਂ ਕੋਲੇ
ਚੁੱਕ ਭਤੀਜੜਾ ਲੋਰੀ ਦੇਵਾਂਗੀ ਰਾਮ।

ਬ੍ਰਿਹਾ ਕੁੱਠੇ ਗੀਤਾਂ ਉਪਰੰਤ ਕੁੜੀਆਂ ਹਾਸੇ-ਮਖੌਲ ਭਰੇ ਗੀਤ ਵੀ ਗਾਉਂਦੀਆਂ ਹਨ, ਪਿੰਡੋਂ ਬਾਹਰ ਬਰੋਟਿਆਂ-ਟਾਹਲੀਆਂ ਦੇ ਦਰੱਖਤਾਂ 'ਤੇ ਪੀਂਘਾਂ ਝੂਟਦੀਆਂ ਮੁਟਿਆਰਾਂ ਇੱਕ ਸਮਾਂ ਬੰਨ੍ਹ ਦਿੰਦੀਆਂ ਹਨ,

ਆਇਆ ਸਾਵਣ ਦਿਲ ਪਰਚਾਵਣ
ਝੜੀ ਲੱਗ ਗਈ ਭਾਰੀ
ਝੂਟੇ ਲੈਂਦੀ ਮਹੀਆਂ ਭਿੱਜ ਗਈ
ਨਾਲੇ ਰਾਮ ਪਿਆਰੀ
ਕੁੜਤੀ ਹਰੋ ਦੀ ਭਿੱਜੀ ਵਰੀ ਦੀ
ਕਿਸ਼ਨੋ ਦੀ ਫੁਲਕਾਰੀ
ਪੀਂਘ ਝੂਟਦੀ ਸੱਸੀ ਡਿੱਗ ਪਈ
ਨਾਲੇ ਨੂਰੀ ਨਾਭੇ ਵਾਲੀ
ਭਿੱਜ ਗਈ ਲਾਜੋ ਵੇ
ਬਹੁਤੇ ਹਿਰਖਾਂ ਵਾਲੀ।

ਕਿਧਰੇ ਤੀਆਂ ਦਾ ਗਿੱਧਾ ਆਪਣੇ ਜਲਵੇ ਵਿਖਾਉਂਦਾ ਹੈ। ਗਿੱਧਾ ਇਕ ਅਜਿਹਾ ਪਿੜ ਹੈ, ਜਿਥੇ ਮੁਟਿਆਰਾਂ ਆਪਣੇ ਦਿਲਾਂ ਦੇ ਗੁਭ ਗੁਭਾਟ ਕੱਢਦੀਆਂ ਹਨ ਤੇ ਬਿਦ ਬਿਦ ਕੇ ਬੋਲੀਆਂ ਪਾ ਕੇ ਮਨ ਦਾ ਭਾਰ ਹੌਲਾ ਕਰਦੀਆਂ ਹਨ ਅਤੇ ਸਾਉਣ ਮਹੀਨੇ ਦੇ ਸਦਕੜੇ ਜਾਂਦੀਆਂ ਹਨ,

ਸਾਉਣ ਵੀਰ ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।

ਤੀਆਂ ਦੇ ਰਾਂਗਲੇ ਤਿਉਹਾਰ ਤੋਂ ਇਲਾਵਾ ਸਾਉਣ ਦੇ ਹੋਰ ਵੀ ਅਨੇਕਾਂ ਰੰਗ ਸਨ। ਕਈ ਕਈ ਦਿਨ ਝੜੀਆਂ ਲੱਗਣੀਆਂ, ਚਾਰੇ ਬੰਨੇ ਜਲਥਲ ਹੋ ਜਾਣਾ। ਕਿਧਰੇ ਖੀਰਾਂ ਰਿੱਝਣੀਆਂ, ਕਿਧਰੇ ਮਾਹਲ-ਪੂੜੇ ਪੱਕਣੇ। ਹੁਣ ਉਹ ਗੱਲਾਂ ਨਹੀਂ ਰਹੀਆਂ। ਵਿਕਾਸ ਦੇ ਨਾਂ 'ਤੇ ਲੱਖਾਂ ਦਰੱਖਤਾਂ ਦੇ ਕਤਲੇਆਮ ਨੇ ਕੁਦਰਤੀ ਵਾਤਾਵਰਣ ਦਾ ਸੰਤੁਲਨ ਹੀ ਵਿਗਾੜ ਦਿੱਤਾ ਹੈ। ਪਹਿਲਾਂ ਵਾਂਗ ਮੀਂਹ ਨਹੀਂ ਪੈਂਦੇ, ਕਈ ਵਾਰ ਤਾਂ ਸਾਉਣ ਸੁੱਕਾ ਹੀ ਲੰਘ ਜਾਂਦਾ ਹੈ। ਪਿੰਡਾਂ ਦਾ ਸ਼ਹਿਰੀਕਰਨ ਹੋ ਰਿਹਾ ਹੈ। ਪਹਿਲੇ ਸ਼ੌਕ ਰਹੇ ਨਹੀਂ। ਤੀਆਂ ਦਾ ਤਿਉਹਾਰ ਵੀ ਹੁਣ ਪਹਿਲਾਂ ਵਾਲੇ ਸ਼ੌਕ ਅਤੇ ਉਤਸ਼ਾਹ ਨਾਲ ਨਹੀਂ ਮਨਾਇਆ ਜਾਂਦਾ। ਸਾਉਣ ਮਹੀਨੇ ਪੱਕਦੇ ਸੁਆਦੀ ਮਾਹਲ-ਪੂੜੇ ਅਤੇ ਰਿਝਦੀਆਂ ਖੀਰਾਂ ਬੀਤੇ ਸਮੇਂ ਦੀਆਂ ਗੱਲਾਂ ਬਣ ਕੇ ਰਹਿ ਗਈਆਂ ਹਨ।

## ਸਾਵਣ

ਬਿਨ ਸਾਂਵਲ ਨਾ ਸਾਵਣ ਭਾਏ।
ਕਿਸ ਨੂੰ ਦਰਦ ਸੁਣਾਵਾਂ ਮਾਏ।

ਕੋਇਲਾਂ ਮੋਰ ਪਪੀਹੇ ਬੋਲਣ
ਦਾਮਨ ਚਮਕੇ ਚਮਕ ਡਰਾਏ।

ਰਿਮਝਿਮ ਰਿਮਝਿਮ ਵਰਖਾ ਵਰਸੇ
ਬ੍ਰਿਹਨ ਨੂੰ ਬ੍ਰਿਹਾ ਤੜਪਾਏ।

ਸਭ ਸਹੀਆਂ ਸ਼ਹੁ ਰਾਵਣ ਗਈਆਂ
ਮੈਂ ਤੱਤੜੀ ਨਾ ਰੈਣ ਵਿਹਾਏ।

ਪੱਤੀਆਂ ਲਿਖ ਲਿਖ ਹਾਰ ਗਈ ਮੈਂ
ਨਾ ਪੱਤੀਆਂ, ਨਾ ਸਾਂਵਲ ਆਏ।
ਨਾ ਕੋਈ ਦੇਸ ਨਾ ਕੋਈ ਟਿਕਾਣਾ
ਨਾ ਕੋਈ ਆਏ, ਨਾ ਕੋਈ ਜਾਏ।

ਬਾਬੁਲ ਝਿੜਕੇ ਅੰਮੜੀ ਘੂਰੇ
ਪੌਣ ਪੁਰੇ ਦੀ ਅਗਨ ਲਗਾਏ।

ਕਿੰਜ 'ਸੁਰਜੀਤ' ਬਿਤਾਈਏ ਸਾਵਣ
ਸਾਵਣ ਸਾਨੂੰ ਵੱਢ ਵੱਢ ਖਾਏ।

---

ਚਲੋ ਅਸੀਂ ਵੀ ਪੀਂਘਾਂ ਪਾਈਏ।
ਪੀਂਘਾਂ ਅੰਬਰ ਤੀਕ ਚੜ੍ਹਾਈਏ।

ਚੰਨ ਮਾਮੇ ਤੋਂ ਚੋਰੀ ਚੋਰੀ
ਅੰਬਰੋਂ ਤਾਰੇ ਤੋੜ ਲਿਆਈਏ।

ਦਿਲ ਕੀ ਪਿਆਸ ਦਾ ਬੂਟੀਆਂ ਵਾਲਾ
ਸੋਹਣਾ ਜਿਹਾ ਇਕ ਸੂਟ ਸਵਾਈਏ।

ਚੁੰਨੀ ਲੈ ਅਸਮਾਨੀ ਰੰਗ ਦੀ
ਤਾਰੇ ਉਸ ਦੇ ਵਿਚ ਜੜਾਈਏ।

ਬਾਹਵਾਂ ਦੇ ਵਿਚ ਕੱਚ ਦੀਆਂ ਵੰਗਾਂ
ਹੱਥਾਂ ਉਤੇ ਮਹਿੰਦੀ ਲਾਈਏ।
ਛਣਣ ਛਣਣ ਛਣ, ਛਣਣ ਛਣਣ ਛਣ
ਪੈਰਾਂ ਵਿਚ ਝਾਂਜਰ ਛਣਕਾਈਏ।

ਬੇਬੇ ਚਾਵਾਂ ਨਾਲ ਬਣਾਏ
ਖੀਰ ਤੇ ਪੂੜੇ ਮਿਲ ਕੇ ਖਾਈਏ।

ਨਣਦ ਭਾਬੀਆਂ 'ਕੱਠੀਆਂ ਹੋ ਕੇ
ਵਿਹੜੇ ਦੇ ਵਿਚ ਗਿੱਧਾ ਪਾਈਏ।

ਕਿਣਮਿਣ ਕਿਣਮਿਣ ਕਣੀਆਂ ਵਰਸਣ
ਕਣੀਆਂ ਦੇ ਵਿਚ ਭਿਜ ਭੁਜ ਜਾਈਏ।
ਜੇ 'ਸੁਰਜੀਤ' ਸਾਂਵਲ ਆ ਜਾਵੇ
ਸਾਵਣ ਖੁਸ਼ੀਆਂ ਨਾਲ ਮਨਾਈਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

## ਮਾਹੀਆ

ਬਾਹਰ ਵਰ੍ਹਦਾ ਹੈ ਪੋਹ ਮਾਹੀਆ,
ਦਰਦਾਂ ਨਾਲ ਯਾਰਾਨਾ ਗੂੜ੍ਹਾ ਹੋ ਗਿਆ
ਗਈਆਂ ਖੁਸ਼ੀਆਂ ਹਾਏ ਖੋ ਮਾਹੀਆ।

ਬਾਹਰ ਵਰ੍ਹਦੀ ਹੈ ਧੁੰਦ ਮਾਹੀਆ,
ਭੇਜ ਕੋਈ ਸੁਨੇਹਾ ਸੋਹਣਿਆ
ਪਿਆਰ ਵਿਚ ਗੁੰਦ ਮਾਹੀਆ।

ਪੱਤਿਆਂ 'ਤੇ ਕੋਹਰਾ ਏ,
ਦੱਸਣਾ ਏ ਹਾਲ ਦਿਲ ਦਾ
ਇਹ ਟੱਪੇ ਬਸ ਮੋਹਰਾ ਏ।

ਪਾਣੀ ਜੰਮ ਗਿਆ ਝੀਲਾਂ ਦਾ,
ਭੇਜ ਦੇਵੀਂ ਚਿੱਪ ਸੋਹਣਿਆ
ਸਮਾਂ ਲੰਘ ਗਿਆ ਰੀਲਾਂ ਦਾ।

ਪੱਤਝੜ ਦੀ ਆਹਟ ਹੈ,
ਇੱਕ ਦੁੱਖਦਾ ਹੈ ਦਿਲ ਸੋਹਣਿਆ
ਬਾਕੀ ਸਭ ਤੋਂ ਰਾਹਤ ਹੈ।

*-ਰਵਿੰਦਰ ਸਿੰਘ ਲਾਲਪੁਰੀ*
*ਫੋਨ: 91-94634-52261*

# ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ (ਮਿਡਵੈਸਟ)

SHER-E-PUNJAB SPORTS CLUB MIDWEST CHICAGO

## ਸ਼ਿਕਾਗੋ ਕਬੱਡੀ ਕੱਪ-2019

### ਅਤੇ ਵਾਲੀਬਾਲ ਮੁਕਾਬਲੇ

**10 ਅਗਸਤ 2019**

ਸਨਿਚਰਵਾਰ

@ Busse Wood Forest Preserve South, Elk Grove , IL

ਸਭ ਨੂੰ ਖੁੱਲ੍ਹਾ ਸੱਦਾ

ਯੂ. ਐਸ. ਏ. ਅਤੇ ਕੈਨੇਡਾ ਦੀਆਂ ਧਨੰਤਰ ਕਬੱਡੀ ਟੀਮਾਂ ਦੇ ਮੁਕਾਬਲੇ ਹੋਣਗੇ

ਪੰਜਾਬ ਦੇ ਨਾਮੀ ਕਲਾਕਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ

| ਮੁੱਖ | ਵਿਸ਼ੇਸ਼ | ਚੇਅਰਮੈਨ | ਪ੍ਰਧਾਨ |
|---|---|---|---|
| ਗੁਰਿੰਦਰਜੀਤ ਸਿੰਘ ਗਰੇਵਾਲ | ਰਾਜਿੰਦਰ ਸਿੰਘ ਬੈਂਸ | ਪਾਲ ਸਿੰਘ ਖਲੀਲ ਇੰਡੀਆਨਾ | ਅੰਮ੍ਰਿਤਪਾਲ ਸਿੰਘ ਗਿੱਲ |

| ਪਹਿਲਾ ਇਨਾਮ | ਦੂਜਾ ਇਨਾਮ | |
|---|---|---|
| ਸੰਤੋਖ ਸਿੰਘ ਡੀ. ਸੀ. (ਏ-1 ਮੋਟਰ ਸੇਲ) | ਨਰਿੰਦਰ ਸਿੰਘ ਮੁੰਦਰ | ਹਰਪਾਲ ਸਿੰਘ ਟਾਂਡਾ |

ਵਾਲੀਬਾਲ ਦੇ ਇਨਾਮ ਢੀਂਡਸਾ ਬ੍ਰਦਰਜ਼ ਵਲੋਂ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ

### ਗੈਸਟ ਆਫ ਆਨਰਜ਼

ਜਥੇਦਾਰ ਤਾਰਾ ਸਿੰਘ ਸੱਲ੍ਹਾਂ, ਹਰਵਿੰਦਰ ਵਾਲੀਆ, ਜੇ. ਪੀ. ਖਹਿਰਾ, ਸੁਖਦੇਵ ਸਿੰਘ ਸਮਰਾ, ਜਸਜੀਤ ਸਿੰਘ ਸਿੱਧੂ, ਪਰਮਜੀਤ ਮਹਿਰਾਜ, ਬਲਵਿੰਦਰ ਸਿੰਘ ਨਿੱਕ, ਹਰਦੀਪ ਸਿੰਘ ਭੱਟੀ, ਅਮਰਜੀਤ ਸਿੰਘ ਸੰਧਰ, ਪ੍ਰਿਥਪਾਲ ਘੋਤੜਾ, ਰਵੀ ਹੰਝਰਾ

### ਗੈਸਟ ਆਫ ਆਨਰਜ਼

ਲਵ ਮਿਨਹਾਸ, ਗੁਰਸੁਰਨ ਸਹੋਤਾ, ਹੈਰੀ ਘੁਮਾਣ, ਅਮਰਬੀਰ ਘੁਮਾਣ, ਦਵਿੰਦਰ ਗਰੇਵਾਲ

### ਸਾਬਕਾ ਚੇਅਰਮੈਨ

ਮੁਖਤਿਆਰ ਸਿੰਘ ਨੰਦੜਾ, ਗੁਰਬਚਨ ਸਿੰਘ ਪੱਪੂ, ਪਰਮਿੰਦਰ ਸਿੰਘ ਗਰੇਵਾਲ, ਰਵਿੰਦਰਪਾਲ ਸਿੰਘ ਨੰਦੜਾ, ਹਰਇੰਦਰਜੀਤ ਧਾਲੀਵਾਲ, ਬਲਦੇਵ ਸਿੰਘ ਸੱਲ੍ਹਾਂ, ਗੁਰਮੀਤ ਸਿੰਘ ਸੱਲ੍ਹਾਂ, ਸਰਬਜੀਤ ਸਿੰਘ ਸੱਲ੍ਹਾਂ, ਦੀਦਾਰ ਸਿੰਘ ਧਨੋਆ, ਅਮਰਜੀਤ ਸਿੰਘ ਢੀਂਡਸਾ

### ਬੋਰਡ ਮੈਂਬਰ

ਪਰਮਿੰਦਰ ਸਿੰਘ ਵਾਲੀਆ, ਅਮਰਦੇਵ ਸਿੰਘ ਬੰਦੇਸ਼ਾ, ਹਰਦੀਪ ਸਿੰਘ ਬੰਦੇਸ਼ਾ, ਗੁਰਦੇਵ ਸਿੰਘ ਗਿੱਲ, ਬਲਵਿੰਦਰ ਸਿੰਘ ਚੱਠਾ, ਦਰਸ਼ਨ ਸਿੰਘ ਪੰਮਾ, ਜਸਵਿੰਦਰ ਸਿੰਘ ਗਿੱਲ, ਨਾਜਰ ਸਿੰਘ ਗਿੱਲ, ਅਜੈਬ ਸਿੰਘ ਲੱਖਣ, ਸੰਤੋਖ ਸਿੰਘ ਡੀ ਸੀ, ਅਜਮੇਰ ਸਿੰਘ ਪੰਨੂ, ਗੁਰਮੀਤ ਧਾਲੀਵਾਲ ਖਜਾਨਚੀ, ਜੱਸੀ ਸਹੋਤਾ, ਲਖਵਿੰਦਰ ਸਿੰਘ, ਜਸਰੂਪ ਸਿੰਘ ਮੀਡੀਆ ਸਲਾਹਕਾਰ, ਪਰਵਿੰਦਰ ਸਿੰਘ ਔਜਲਾ, ਬੱਬੀ ਬਾਠ, ਭੁਪਿੰਦਰ ਸਿੰਘ, ਅੰਮ੍ਰਿਤਪਾਲ ਮਾਂਗਟ, ਸੁਖਜਿੰਦਰ ਫਗੂੜਾ, ਰਘਬੀਰ ਸਿੰਘ ਕੰਗ

**For Further Info.:** Ph: 920-460-1001, 847-561-7101, 630-523-3412, 815-546-0525, 847-544-1788, 708-612-7963, 847-338-3866, 847-477-1613, 630-947-3686, 847-271-7451



ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਸਾਊਥਬੈਂਡ ਦੀ ਕਮੇਟੀ



ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਆਨਾ



ਕਲਾ ਪਰਿਕਰਮਾ

# ਊਧਮ ਸਿਆਂ, 'ਚੱਲ ਅੰਮ੍ਰਿਤਸਰ ਲੰਡਨ ਚੱਲੀਏ'

***ਜੱਲ੍ਹਿਆਂਵਾਲੇ ਬਾਗ ਦੇ ਸਾਕੇ ਦੀ ਸ਼ਤਾਬਦੀ ਮੌਕੇ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ 'ਤੇ ਕਈ ਤਰ੍ਹਾਂ ਦੇ ਸਮਾਗਮ ਅਤੇ ਸਰਗਰਮੀਆਂ ਦੇਖਣ-ਸੁਣਨ ਨੂੰ ਮਿਲੀਆਂ। ਲੇਖਕ ਸ਼ਬਦੀਸ਼ ਅਤੇ ਉਸ ਦੀ ਰੰਗਕਰਮੀ ਪਤਨੀ ਅਨੀਤਾ ਨੇ ਸ਼ਤਾਬਦੀ ਮੌਕੇ 'ਚੱਲ ਅੰਮ੍ਰਿਤਸਰ ਲੰਡਨ ਚੱਲੀਏ' ਨਾਂ ਦਾ ਨਾਟਕ ਤਿਆਰ ਕਰਕੇ ਖੇਡਿਆ ਜਿਸ ਵਿਚ ਊਧਮ ਦੇ ਜੀਵਨ ਨਾਲ ਜੁੜੇ ਕਈ ਅਹਿਮ ਅਤੇ ਅਣਛੋਹੇ ਪਹਿਲੂਆਂ ਬਾਰੇ ਗੱਲਾਂ ਕੀਤੀਆਂ ਗਈਆਂ ਹਨ। -ਸੰਪਾਦਕ***

ਨਾਟਕ ਦਾ ਸਿਰਲੇਖ ਨਾਟਕ ਤੋਂ ਪਹਿਲਾਂ ਬੋਲਣਾ ਆਰੰਭ ਕਰਦਾ ਹੈ, ਦਰਸ਼ਕ-ਪਾਠਕ ਇਸ ਸਿਰਲੇਖ 'ਤੇ ਕਿਆਫੇ ਲਾਉਣ ਲੱਗਦਾ ਹੈ ਕਿ ਨਾਟਕ ਕਿਸ ਤਰ੍ਹਾਂ ਦੀ ਕਰਵਟ ਲਵੇਗਾ? ਨਾਟਕ ਦੇ ਸੱਦਾ ਪੱਤਰ ਉਤੇ ਛਪਿਆ ਹੋਇਆ ਹੈ ਕਿ ਇਹ ਨਾਟਕ ਜੱਲ੍ਹਿਆਂਵਾਲਾ ਬਾਗ਼ ਦੇ ਕਾਂਡ ਨੂੰ ਸਮਰਪਿਤ ਹੈ।

ਇਹ ਸਿਰਲੇਖ ਗੁਰਦੁਆਰੇ ਦੇ ਸਪੀਕਰ 'ਚੋਂ ਵੱਜੀ ਹਾਕ ਵਾਂਗੂ ਦਰਸ਼ਕ ਨੂੰ ਹਾਲ ਵੱਲ ਖਿੱਚ ਲੈਂਦਾ ਹੈ। ਖੂਬਸੂਰਤ ਅਤੇ ਅਰਥਾਂ ਨਾਲ ਲਬਰੇਜ਼ ਸਿਰਲੇਖ 'ਚੱਲ ਅੰਮ੍ਰਿਤਸਰ ਲੰਡਨ ਚੱਲੀਏ'; ਤੇ ਜਦੋਂ ਨਾਟਕ ਦੀਆਂ ਪਰਤਾਂ ਖੁੱਲ੍ਹਣੀਆਂ ਸ਼ੁਰੂ



**ਡਾ. ਸਾਹਿਬ ਸਿੰਘ**
ਫੋਨ: +91-98880-11096

ਹੁੰਦੀਆਂ ਹਨ ਤਾਂ ਅੰਮ੍ਰਿਤਸਰ ਤੇ ਲੰਡਨ ਦੇ ਸਫਰ ਦੌਰਾਨ ਆਉਂਦੇ ਨਿੱਕੇ-ਵੱਡੇ ਟਰਮੀਨਲ ਇਸ ਨਾਟਕ ਨੂੰ ਸਾਰਥਕਤਾ ਪ੍ਰਦਾਨ ਕਰਦੇ ਹਨ।

ਨਾਟਕ ਦੀ ਉਡਾਣ ਅਮਰੀਕਾ, ਲਾਹੌਰ, ਸੁਨਾਮ ਦੀਆਂ ਹਵਾਵਾਂ ਨੂੰ ਵੀ ਕੰਬਣ ਲਾ ਦਿੰਦੀ ਹੈ ਅਤੇ ਨਾਇਕ ਅੰਦਰਲੇ ਇਨਸਾਨ ਦੀਆਂ ਪਰਤਾਂ ਫਰੋਲਣ ਲਈ ਇਹ ਉਡਾਣ ਗੁਲਾਬੀ ਰੌਸ਼ਨੀ 'ਚ ਭਿੱਜੇ ਕੋਠਿਆਂ ਅੰਦਰਲੀ 'ਹਨੇਰ ਰੌਸ਼ਨੀ' ਨੂੰ ਵੀ ਨਹੀਂ ਬਖਸ਼ਦੀ। ਨਾਟਕ ਇਵੇਂ ਲਿਖਿਆ ਗਿਆ ਹੈ, ਜਿਵੇਂ ਕਲਮ ਨਾਲ ਨਹੀਂ, ਸੁਰਖ ਹਥੌੜੇ ਨਾਲ ਲਿਖਿਆ ਗਿਆ ਹੋਵੇ। ਉਸ ਕਾਂਡ ਤੋਂ ਕੁਝ ਹੀ ਅਰਸਾ ਬਾਅਦ ਦਰਬਾਰੀ ਜਥੇਦਾਰਾਂ ਵਲੋਂ ਜਨਰਲ ਡਾਇਰ ਨੂੰ ਦਿੱਤੇ ਸਿਰੋਪੇ ਦੀਆਂ ਲੀਰਾਂ ਵੀ ਉਧੇੜ ਦਾ ਹੈ ਤੇ 'ਰਾਸ਼ਟਰ ਪਿਤਾ' ਦੀ 'ਸਵੱਛ ਐਨਕ' ਅੰਦਰ ਪਈਆਂ ਤਰੇੜਾਂ ਤੋਂ ਵੀ ਧੂੜ ਲਾਹੁੰਦਾ ਹੈ। ਐਡਵੋਕੇਟ ਮੈਨਨ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਸੰਵਾਦ ਵੀ ਰਚਾਉਂਦਾ ਹੈ ਤੇ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਨਾਲ ਬਾਅਦ 'ਚ ਜੋੜ ਲਏ ਗਏ 'ਰਾਮ' ਬਾਰੇ ਵੀ ਤਬਸਰਾ ਕਰਦਾ ਹੈ।

ਇਹ ਨਾਟਕ ਸਵਾਲਾਂ ਦੇ ਜਵਾਬ ਦਿੰਦਾ ਹੈ ਪਰ ਉਸ ਤੋਂ ਵੀ ਜ਼ਿਆਦਾ ਸਵਾਲ ਖੜ੍ਹੇ ਕਰਦਾ ਹੈ। ਅੱਜ ਤਕ ਜਿਸ ਊਧਮ ਸਿੰਘ ਨੂੰ ਬਾਗ ਦੀ ਮਿੱਟੀ ਆਪਣੇ ਮੱਥੇ ਨਾਲ ਛੁਹਾ ਕੇ ਕਸਮ ਖਾਂਦਿਆਂ ਦੇਖਿਆ ਹੈ, ਉਸ ਬਾਰੇ ਇਹ ਨਾਟਕ ਇਕ ਟਿੱਪਣੀ ਕਰਦਾ ਹੈ ਕਿ 1919 ਵਿਚ ਊਧਮ ਸਿੰਘ ਉਥੇ ਮੌਜੂਦ ਹੀ ਨਹੀਂ ਸੀ ਤੇ ਉਦੋਂ ਉਹ ਊਧਮ ਵੀ ਨਹੀਂ ਸੀ। ਅਜਿਹੇ ਅਨੇਕਾਂ ਤੀਰ ਇਸ ਨਾਟਕ ਦੇ ਭੱਥੇ ਵਿਚੋਂ ਨਿਕਲੇ ਹਨ ਤੇ ਪਤਾ ਨਹੀਂ ਕਿਸ-ਕਿਸ ਦੀ ਛਾਤੀ 'ਚ ਵੱਜਣਗੇ ਤੇ ਕਿੰਨੇ ਤੀਰ ਵਾਪਸ ਨਾਟਕਕਾਰ ਦੀ ਹਿੱਕ 'ਤੇ ਵੱਜਣਗੇ।

ਨਾਟਕਕਾਰ ਸ਼ਬਦੀਸ਼ ਆਪਣੇ ਨਾਟਕ ਰਾਹੀਂ ਇਤਿਹਾਸਕਾਰਾਂ, ਖੋਜੀਆਂ, ਵਿਦਵਾਨਾਂ ਨੂੰ ਮੰਚ ਤੋਂ ਚੁਣੌਤੀ ਦਿੰਦਾ ਹੈ। ਇਸ ਚੁਣੌਤੀ ਨੂੰ ਕਿੰਨੇ ਸਵੀਕਾਰ ਕਰਨਗੇ, ਵਕਤ ਦੱਸੇਗਾ ਪਰ ਮੇਰੇ ਲਈ ਤਸੱਲੀ ਵਾਲੀ ਗੱਲ ਇਹ ਹੈ ਕਿ ਜਿਸ ਸ਼ਬਦੀਸ਼ ਦੀਆਂ ਪਹਿਲੀਆਂ ਨਾਟ-ਲੇਖਣੀਆਂ ਵਿਚ ਨਾਟ-ਭਾਸ਼ਾ ਦੀ ਅਣਹੋਂਦ ਚੁੱਭਦੀ ਸੀ, ਉਸ ਨੇ ਆਖਿਰ ਇਸ ਨਾਟਕ ਵਿਚ ਉਹ ਭਾਸ਼ਾ ਲੱਭਣ ਵੱਲ ਪਹਿਲਾ ਕਦਮ ਪੁੱਟਿਆ ਹੈ। ਇਸ ਲਈ ਮੈਂ 'ਚੱਲ ਅੰਮ੍ਰਿਤਸਰ ਲੰਡਨ ਚੱਲੀਏ' ਦਾ ਮਨੋਂ ਸਵਾਗਤ ਕਰਦਾ ਹਾਂ।



***ਨਾਟਕ 'ਚੱਲ ਅੰਮ੍ਰਿਤਸਰ ਲੰਡਨ ਚੱਲੀਏ' ਦੀ ਇਕ ਝਲਕ।***

ਨਾਟਕ ਅੰਦਰ ਸਾਅਦਤ ਹਸਨ ਮੰਟੋ ਦੀ ਜੱਲ੍ਹਿਆਂਵਾਲਾ ਬਾਗ ਕਾਂਡ ਤੋਂ ਬਾਅਦ ਲਿਖੀ ਕਹਾਣੀ ਵਿਚਲਾ ਕੰਜਰ ਇਸ ਨਾਟਕ ਦਾ ਸੂਤਰਧਾਰ ਬਣ ਗਿਆ ਜੋ ਸਮੇਂ, ਸਥਾਨ ਤੋਂ ਉਪਰ ਉਠ ਸਾਡੇ ਨਾਇਕ ਨਾਲ ਸੰਵਾਦ ਰਚਾ ਸਕਦਾ ਹੈ। ਇਹ ਸੰਵਾਦ ਨਾਟਕੀ ਜੁਗਤ ਬਣ ਸਭ ਮੁਸ਼ਕਿਲਾਂ ਦਾ ਇਲਾਜ ਬਣ ਜਾਂਦਾ ਹੈ, ਨਾਟਕਕਾਰ ਇਹ ਖੁੱਲ੍ਹ ਲੈ ਲੈਂਦਾ ਹੈ ਕਿ ਉਹ ਕਿਸੇ ਵੀ ਕਾਲ ਅੰਦਰ ਵਾਪਰੀ ਘਟਨਾ ਜਾਂ ਵਰਤਾਰੇ ਬਾਰੇ ਟਿੱਪਣੀ ਕਰਨ ਦੇ ਸਮਰੱਥ ਹੋ ਜਾਂਦਾ ਹੈ। ਹੌਲੀ-ਹੌਲੀ ਊਧਮ ਸਿੰਘ ਦੀ ਕਾਲ ਕੋਠੜੀ ਤੋਂ ਬਾਹਰ ਨਿਕਲ ਕੇ ਨਾਟਕ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਮਦਨ ਲਾਲ ਢੀਂਗਰਾ ਦੇ ਜਿਸਮ ਤੇ ਰੂਹ ਅੰਦਰ ਪ੍ਰਵੇਸ਼ ਕਰਦਾ ਹੈ। ਗੱਦਾਰੀ ਦਾ ਪਰਦਾਫਾਸ਼ ਕਰਦਾ ਹੈ। ਰਤਨ ਦੇਵੀ ਦੇ ਦਰਦ ਨੂੰ ਗਲਵੱਕੜੀ ਪਾਉਂਦਾ ਹੈ, ਡਾਇਰ ਤੇ ਉਡਵਾਇਰ ਦੀ ਬੇਰਹਿਮ ਕਾਰਵਾਈ ਨੂੰ ਦਰਸ਼ਕ ਦੇ ਰੂ-ਬ-ਰੂ ਕਰਦਾ ਹੈ, ਕਚਹਿਰੀ ਅੰਦਰ ਊਧਮ ਸਿੰਘ ਵਲੋਂ ਦਿੱਤੇ ਸਪਸ਼ਟ ਤੇ ਦਲੇਰ ਬਿਆਨਾਂ ਨੂੰ ਕਲਮਬੰਦ ਕਰਦਾ ਹੈ ਜੋ ਬ੍ਰਿਟਿਸ਼ ਹਕੂਮਤ ਨੇ ਨਸ਼ਰ ਨਹੀਂ ਹੋਣ ਦਿੱਤਾ ਸੀ।

ਊਧਮ ਸਿੰਘ ਦੇ ਦੋਸਤਾਂ ਦਾ ਹਾਸਾ, ਸ਼ਰਾਰਤਾਂ, ਦਰਦ, ਪਛਤਾਵਾ ਵੀ ਇਸ ਨਾਟਕ ਦਾ ਅੰਗ ਬਣਦਾ ਹੈ। ਓਡਵਾਇਰ ਨੂੰ ਮਾਰਨ ਤੋਂ ਪਹਿਲਾਂ ਜਦੋਂ ਊਧਮ ਸਿੰਘ ਆਪਣੇ ਬੇਲੀਆਂ ਅੱਗੇ ਦੁੱਧ-ਜਲੇਬੀਆਂ ਦੀ ਫਰਮਾਇਸ਼ ਰੱਖਦਾ ਹੈ ਤੇ ਮੁੜ ਨਾ ਮਿਲਣ ਦੇ ਇਸ਼ਾਰੇ ਸੁੱਟਦਾ ਹੈ ਤਾਂ ਇਤਿਹਾਸ ਤੋਂ ਜਾਣੂ ਦਰਸ਼ਕ ਦੀਆਂ ਅੱਖਾਂ ਨਮ ਹੋਣੋਂ ਨਹੀਂ ਰਹਿੰਦੀਆਂ। ਇਹ ਨਾਟਕ ਨਾਇਕ ਨੂੰ ਉਸ ਦੀ ਸਮੁੱਚਤਾ 'ਚ ਪੇਸ਼ ਕਰਨ ਕਰਕੇ ਨਿਵਕੇਲਾ ਜਾਣਿਆ ਜਾਵੇਗਾ ਪਰ ਤੱਥਾਂ ਦੀ ਤਫਤੀਸ਼ ਖੋਜੀ ਇਤਿਹਾਸਕਾਰ ਤੇ ਵਿਦਵਾਨ ਕਰਨਗੇ।

ਨਾਟਕ ਦੇ ਸਾਰੇ ਅਦਾਕਾਰਾਂ ਨੇ ਜੀਅ ਜਾਨ ਲਾ ਕੇ ਇਸ ਨੂੰ ਜੀਵਿਆ ਹੈ। ਪੰਜਾਬੀ ਰੰਗਮੰਚ ਦੇ ਸਿਰਕੱਢ ਨੌਜਵਾਨ ਮਨਦੀਪ ਮਨੀ ਨੇ ਊਧਮ ਸਿੰਘ ਦੀ ਭੂਮਿਕਾ ਨੂੰ ਜੋ ਆਪਣਾਪਣ ਬਖਸ਼ਿਆ, ਉਹ ਚਿਰਾਂ ਤਕ ਯਾਦ ਰਹੇਗਾ। ਉਸ ਦਾ ਨਾਇਕਾਂ ਵਾਂਗ ਖੜ੍ਹਨ ਦਾ ਅੰਦਾਜ਼, ਛਾਤੀ ਦਾ ਭਾਵਪੂਰਨ ਅਕੜਾਅ, ਅੱਖਾਂ ਨੂੰ ਇਕ-ਬਿੰਦੂ 'ਤੇ ਠਹਿਰਾਉਣਾ ਤੇ ਬਿਨਾ ਪਲਕ ਝਪਕਿਆਂ ਉਚਾਈ ਤਕ ਲੈ ਕੇ ਜਾਣਾ ਉਸ ਦੇ ਅੰਦਰ ਵਸੇ ਕਿਰਦਾਰ ਦੀ ਥਾਹ ਪਾਉਂਦਾ ਸੀ।

ਨਾਟਕ ਦੀ ਨਿਰਦੇਸ਼ਕ ਅਨੀਤਾ ਸ਼ਬਦੀਸ਼ ਨੇ ਵੱਡੀ ਗਿਣਤੀ ਵਿਚ ਮੌਜੂਦ ਕਲਾਕਾਰਾਂ ਨੂੰ ਇਕ ਲੜੀ 'ਚ ਪਰੋ ਕੇ ਨਾਟਕ ਦੀ ਗਤੀ ਬਰਕਰਾਰ ਰੱਖੀ। ਗੀਤ-ਸੰਗੀਤ ਨਾਟਕ ਦਾ ਅਹਿਮ ਹਿੱਸਾ ਸੀ ਪਰ ਇਹੀ ਸਭ ਤੋਂ ਕਮਜ਼ੋਰ ਹਿੱਸਾ ਸੀ। ਗੀਤਾਂ ਦੀ ਲੰਬਾਈ ਮਾਪਣ ਦੀ ਲੋੜ ਹੈ ਤੇ ਸੰਗੀਤ ਤਿਆਰ ਕਰਨ ਵਾਲੇ ਕਲਾਕਾਰ ਨੂੰ ਰੰਗਮੰਚ ਦੀ ਸੁਰ ਅਤੇ ਤਾਲ ਸਮਝਣ ਦੀ ਲੋੜ ਹੈ, ਨਾਟਕ ਦੀ ਸੁਰ ਅਤੇ ਤਾਲ ਵਿਚਾਰਸ਼ੀਲ ਸੀ ਪਰ ਗੀਤ-ਸੰਗੀਤ ਇਸ ਦੇ ਉਲਟ ਉਤੇਜਨਸ਼ੀਲ ਸੀ, ਸਿਰਫ ਸਿਕੰਦਰ ਸਲੀਮ ਜਦੋਂ ਆਪਣੀ ਲੈਅ ਅਤੇ ਤਾਲ 'ਚ ਬਿਨਾ ਸੰਗੀਤਕਾਰ ਦਾ ਰਿਦਮ ਫੜਿਆ, ਗਾਉਂਦਾ ਸੀ ਤਾਂ ਸਕੂਨ ਮਿਲਦਾ ਸੀ।

ਨਿਰਦੇਸ਼ਕ ਨੂੰ ਇਸ ਸੰਤੁਲਨ ਵੱਲ ਧਿਆਨ ਦੇਣਾ ਚਾਹੀਦਾ ਹੈ। ਨਾਟਕ ਆਸਾਨ ਨਹੀਂ ਸੀ, ਪਟਕਥਾ ਵਜ਼ਨਦਾਰ ਹੈ ਤੇ ਮੈਂ ਆਸ ਕਰਦਾ ਹਾਂ ਕਿ ਨਿਰਦੇਸ਼ਕ ਉਸ ਵਜ਼ਨ ਦੇ ਹਿਸਾਬ ਨਾਲ ਹੋਰ ਵਧੇਰੇ ਕਲਪਨਾਸ਼ੀਲ ਡਿਜ਼ਾਈਨਿੰਗ ਕਰਕੇ ਦ੍ਰਿਸ਼ਾਂ ਦੀ ਕੋਰੀਓਗ੍ਰਾਫੀ ਨੂੰ ਹੋਰ ਅਮੀਰ ਕਰ ਲਵੇਗੀ।



***ਨਾਟਕ ਦਾ ਲੇਖਕ ਸ਼ਬਦੀਸ਼ ਅਤੇ ਨਿਰਦੇਸ਼ਕ ਅਨੀਤਾ।***

# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਜੁਲਾਈ 2019 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-386



***ਪੱਖੀਆਂ ਤੇ ਫੁਲਕਾਰੀਆਂ ਦੇ ਬਸ ਗੀਤਾਂ ਵਿਚ ਝਲਕਾਰੇ।***
***ਕੈਮਰੇ ਥਾਣੀਂ ਦਿਸਦੇ ਨੇ ਹੁਣ ਕੱਚੇ ਕੋਠੇ ਅਤੇ ਢਾਰੇ।***
***ਏਦਾਂ ਹੀ ਤਾਂ ਜੁੜ ਬੈਠੀ ਏ, ਇਹ ਕੁੜੀਆਂ ਦੀ ਢਾਣੀ।***
***ਨਵੇਂ ਯੁੱਗ ਵਿਚ ਸ਼ੁਕਰ ਰੱਬ ਦਾ ਚਲਦੀ ਗੱਲ ਪੁਰਾਣੀ।***

## ਕੈਪਸ਼ਨ ਮੁਕਾਬਲਾ-384



ਕੱਟ ਹੁੰਦੇ ਜੰਗਲ ਤੱਕ ਕੇ
ਲੰਗੂਰਾਂ ਨੇ ਪੰਚਾਇਤ ਬੁਲਾਈ।
ਖਾਣਾ, ਦਾਣਾ ਮੁੱਕ ਚੱਲਿਆ
ਕਿੱਥੇ ਰਹਾਂਗੇ ਸੋਚੋ ਭਾਈ?
ਬੰਦਾ ਖੁਦਗਰਜ਼ ਹੋ ਗਿਆ
ਸਾਰਾ ਜੰਗਲ ਵੱਢ ਕੇ ਖਾਊ।
ਪੈਸੇ ਖਾਤਰ ਰਿਸ਼ਤੇ ਛੱਡਦਾ
ਕਿਥੋਂ ਸਕਾ ਸਾਡਾ ਬਣ ਜਾਊ?
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜੇ***

---

ਇਕੱਠਿਆਂ ਹੋ ਕੇ ਮਜਲਸ ਕੀਤੀ
ਮਤਾ ਕੋਈ ਪਕਾਇਆ ਜਾਵੇ।
ਸ਼ਰੀਕ ਆਪਣਾ ਸ਼ੈਤਾਨ ਬੜਾ ਹੈ
ਉਸ ਨੂੰ ਸਬਕ ਸਿਖਾਇਆ ਜਾਵੇ।
ਖੁਦਗਰਜ਼ੀ ਦਾ ਰੋਗ ਲੱਗਿਆ
ਉਸ ਦਾ 'ਲਾਜ਼ ਕਰਾਇਆ ਜਾਵੇ।
ਪਵਨ, ਪਾਣੀ ਤੇ ਧਰਤ ਦੇ ਤਾਈਂ
ਤਬਾਹੀ ਕੋਲੋਂ ਬਚਾਇਆ ਜਾਵੇ।
***-ਜਗਮੀਤ ਸਿੰਘ ਪੰਧੇਰ (ਕੈਨੇਡਾ)***

---

ਜੰਗਲ 'ਤੇ ਨਿੱਤ ਚਲਦਾ ਆਰਾ।
ਫਿਕਰਾਂ 'ਚ ਬਾਂਦਰ ਭਾਈਚਾਰਾ।
ਕੁਦਰਤ ਨੂੰ ਕਿਵੇਂ ਕਹੀਏ ਜਾ ਕੇ?
ਧਰਤ ਦਾ ਹਾਲ ਵੇਖ ਲੈ ਆ ਕੇ।
ਖਤਮ ਹੋ ਰਿਹੈ, ਤੇਰਾ ਤਾਣਾ ਬਾਣਾ।
ਬੰਦਾ ਬਣਦਾ ਨਹੀਂ ਸਿਆਣਾ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ***

---

ਬੰਦਾ ਕੱਲ੍ਹ ਭਾਈਵਾਲ ਸੀ ਸਾਡਾ
ਜੰਗਲ ਦੇ ਵਿਚ ਰਹਿੰਦਾ।
ਅੱਜ ਬਣਿਆ ਮਾਲਕ ਮਹਿਲਾਂ ਦਾ
ਗਰਮੀ ਸਰਦੀ ਨਹੀਂ ਸਹਿੰਦਾ।
ਸਾਡੇ ਭਰਾ ਵੀ ਫੜ੍ਹ ਲਏ ਉਸ ਨੇ
ਮਨ ਆਈਆਂ ਫਿਰੇ ਕਰਾਉਂਦਾ
ਮੁੱਠੀ-ਮੁੱਠੀ ਦਾਣਿਆਂ ਖਾਤਰ
ਘਰ-ਘਰ ਫਿਰੇ ਨਚਾਉਂਦਾ।
ਖਦਗਰਜ਼ ਬੰਦਾ ਨਹੀਂ ਮਿੱਤ ਕਿਸੇ ਦਾ
ਏਕਾ ਕਰ ਲਉ ਸਾਰੇ,
ਇਕੱਠੇ ਹੋ ਕੇ ਕਰੋ ਟਾਕਰਾ
ਜੇ ਸਾਨੂੰ ਕੋਈ ਲਲਕਾਰੇ।
***-ਮਾਸਟਰ ਪ੍ਰੀਤਮ ਸਿੰਘ ਲੰਮੇ***

---

ਬਣ-ਮਾਨਸ ਬਣਨ ਜੋਗੇ ਰਹਿ ਗਏ
ਬਿਨਾਂ ਛੱਤ, ਗੁੱਠੇ ਲੱਗ ਬਹਿ ਗਏ।
ਜਿਨ੍ਹਾਂ ਕਦਮ ਅੱਗੇ ਸੀ ਵਧਾਏ
ਬਣ ਮਾਨਵ, ਸ੍ਰਿਸ਼ਟੀ 'ਤੇ ਛਾਏ।
ਦਿਮਾਗ ਦੀ ਹੈ ਖੇਡ ਇਹ ਸਾਰੀ
ਬਾਜ਼ੀ ਜਿੱਤ ਨਾ ਹੋਏ, ਜੋ ਹਾਰੀ।
ਔਲਾਦ ਆਪਣੀ ਦੇ ਹੱਥ ਜੇ ਆਏ
ਨੱਚਣਾ ਪੈਂਦਾ, ਜਿਵੇਂ ਨਚਾਏ।
***-ਦਵਿੰਦਰ ਕੌਰ***

---

ਜਾਨਵਰ ਬੜੇ ਸੁਘੜ ਸਿਆਣੇ
ਇਸ਼ਾਰਿਆਂ ਨਾਲ ਮਤਾ ਪਕਾਉਂਦੇ।
ਬਾਂਦਰਾਂ ਦਾ ਉਸਤਾਦ
ਫੁਰਮਾਨ ਜਾਰੀ ਕਰਦਾ
ਇਨ੍ਹੀਂ ਸਾਨੂੰ ਬਾਂਦਰ ਹੀ ਸਮਝ ਛੱਡਿਆ!
ਸਾਡੀ ਸ਼ਕਲ ਮਿਲਦੀ ਉਨ੍ਹਾਂ ਨਾਲ
ਸਾਡੇ ਜੱਤ ਹੈ ਸਰੀਰ ਉਪਰ
ਇਨ੍ਹੀਂ ਕੱਪੜੇ ਪਾਏ ਹੋਏ
ਕੀ ਇਨ੍ਹਾਂ ਦੀ ਮਜਾਲ ਸਾਨੂੰ ਤੰਗ ਕਰਨ!
ਤੁਸੀਂ ਟਪੂਸੀਆਂ ਨਹੀਂ ਮਾਰ ਸਕਦੇ
ਆਹ ਨਹੀਂ ਕਰ ਸਕਦੇ,
ਅਹੁ ਨਹੀਂ ਕਰ ਸਕਦੇ।
ਪੈ ਜਾਓ ਟੁੱਟ ਕੇ ਮਾਰੋ ਨਹੁੰਦਰਾਂ
ਸਬਕ ਦੇ ਦਿਓ ਇਨ੍ਹਾਂ ਨੂੰ
ਝੂਟੋ, ਨੱਚੋ, ਟੱਪੋ, ਮੌਜਾਂ ਕਰੋ।
***-ਦਰਸ਼ਨਪਾਲ ਦੋਸਾਂਝ***

# ਖਾੜਕੂਵਾਦ ਦੇ ਦੌਰ 'ਚ ਲਾਵਾਰਿਸ ਲਾਸ਼ਾਂ ਸਾੜਨ ਦਾ ਮਾਮਲਾ ਮੁੜ ਭਖਿਆ

**ਅੰਮ੍ਰਿਤਸਰ:** ਪੰਜਾਬ ਵਿਚ ਖਾੜਕੂਵਾਦ ਦੇ ਦੌਰ ਦੌਰਾਨ (ਸੰਨ 1980-1994 ਤੱਕ) ਵੱਡੀ ਗਿਣਤੀ ਵਿਚ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਤੇ ਮਗਰੋਂ ਲਾਸ਼ਾਂ ਨੂੰ



ਲਾਵਾਰਿਸ ਕਰਾਰ ਦੇ ਕੇ ਵੱਖ-ਵੱਖ ਸ਼ਹਿਰਾਂ ਦੇ ਸ਼ਮਸ਼ਾਨਘਾਟਾਂ ਵਿਚ ਸਸਕਾਰ ਕਰ ਦਿੱਤੇ ਜਾਣ ਦੇ ਮਾਮਲੇ ਵਿਚ ਪਹਿਲੀ ਵਾਰ ਸੁਪਰੀਮ ਕੋਰਟ ਵਿਚ ਲੋਕਹਿਤ ਪਟੀਸ਼ਨ ਦਾਇਰ ਕੀਤੀ ਗਈ ਹੈ। ਇਸ ਦੀ ਸੁਣਵਾਈ ਇਸੇ ਮਹੀਨੇ ਹੋਣ ਦੀ ਉਮੀਦ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਪੰਜਾਬ ਡਾਕੂਮੈਂਟਰੀ ਐਂਡ ਐਡਵੋਕੇਸੀ ਪ੍ਰੋਜੈਕਟ (ਪੀ.ਡੀ.ਏ.ਪੀ.) ਦੇ ਐਡਵੋਕੇਟ ਸਤਨਾਮ ਸਿੰਘ ਨੇ ਦੱਸਿਆ ਕਿ ਸੁਪਰੀਮ ਕੋਰਟ ਵਿਚ ਇਹ ਜਨਹਿਤ ਪਟੀਸ਼ਨ ਪੀ.ਡੀ.ਏ.ਪੀ. ਅਤੇ ਪ੍ਰਭਾਵਿਤ ਪਰਿਵਾਰਾਂ ਵੱਲੋਂ ਸਾਂਝੇ ਤੌਰ 'ਤੇ ਦਾਇਰ ਕੀਤੀ ਗਈ ਹੈ। ਉਹ ਇਥੇ ਪੀ.ਡੀ.ਏ.ਪੀ. ਵੱਲੋਂ ਅਜਿਹੇ ਲਾਪਤਾ ਵਿਅਕਤੀਆਂ ਸਬੰਧੀ ਬਣਾਈ ਗਈ ਇਕ ਦਸਤਾਵੇਜ਼ੀ ਫਿਲਮ ਦੇ ਪ੍ਰਦਰਸ਼ਨ ਲਈ ਆਏ ਸਨ। ਇਹ ਦਸਤਾਵੇਜ਼ੀ ਫਿਲਮ ਇਥੇ ਆਰਟ ਗੈਲਰੀ ਵਿਚ ਦਿਖਾਈ ਗਈ। ਇਸ ਮੌਕੇ ਵੱਡੀ ਗਿਣਤੀ ਪ੍ਰਭਾਵਿਤ ਪਰਿਵਾਰ ਪੁੱਜੇ ਹੋਏ ਸਨ। ਵੱਖ-ਵੱਖ ਜਥੇਬੰਦੀਆਂ ਦੇ ਆਗੂ ਵੀ ਇਸ ਮੌਕੇ ਹਾਜ਼ਰ ਸਨ। ਯੂਕੇ ਨਾਲ ਸਬੰਧਤ ਐਡਵੋਕੇਟ ਸਤਨਾਮ ਸਿੰਘ ਪਿਛਲੇ ਲਗਭਗ ਸੱਤ ਸਾਲਾਂ ਤੋਂ ਇਸ ਪ੍ਰੋਜੈਕਟ 'ਤੇ ਕੰਮ ਕਰ ਰਹੇ ਹਨ। ਫਿਲਮ ਦੇ ਪ੍ਰਦਰਸ਼ਨ ਤੋਂ ਪਹਿਲਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਸਤਨਾਮ ਸਿੰਘ ਨੇ ਦੱਸਿਆ ਕਿ ਲਾਪਤਾ ਲੋਕਾਂ ਦੇ ਮਾਮਲਿਆਂ ਨੂੰ ਉਭਾਰਨ ਲਈ ਪਹਿਲਾਂ ਜਸਵੰਤ ਸਿੰਘ ਖਾਲੜਾ ਨੇ ਕੰਮ ਕੀਤਾ ਸੀ। ਉਨ੍ਹਾਂ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਦੇ ਸ਼ਮਸ਼ਾਨਘਾਟਾਂ ਵਿਚ ਸੈਂਕੜੇ ਲਾਵਾਰਿਸ ਲਾਸ਼ਾਂ ਸਾੜਨ ਦਾ ਮਾਮਲਾ ਜੱਗ ਜ਼ਾਹਿਰ ਕੀਤਾ ਸੀ ਅਤੇ ਸਰਕਾਰ ਕੋਲੋਂ ਜਵਾਬ ਮੰਗਿਆ ਸੀ।

ਉਨ੍ਹਾਂ ਕਿਹਾ ਕਿ ਜਸਵੰਤ ਸਿੰਘ ਖਾਲੜਾ ਦੀ ਮੌਤ ਮਗਰੋਂ ਉਸ ਮਾਮਲੇ ਨੂੰ ਪੀ.ਡੀ.ਏ.ਪੀ. ਵੱਲੋਂ ਉਭਾਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਟੀਸ਼ਨ ਰਾਹੀਂ ਇਨ੍ਹਾਂ ਮਾਮਲਿਆਂ ਵਿਚ 'ਟਰੁੱਥ ਕਮਿਸ਼ਨ' ਸਥਾਪਤ ਕਰਨ, ਪੀੜਤਾਂ ਨੂੰ ਨਿਆਂ ਦੇਣ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ ਹੈ। ਸਤਨਾਮ ਸਿੰਘ ਨੇ ਦੱਸਿਆ ਕਿ ਸੰਨ 1980 ਤੋਂ ਲੈ ਕੇ 1994 ਤੱਕ ਦੇ ਅਰਸੇ ਦੌਰਾਨ ਕਰੀਬ 8,527 ਵਿਅਕਤੀ ਲਾਪਤਾ ਹੋਏ ਜਾਂ ਮਾਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਕੇਸਾਂ ਦੀ ਪੀ.ਡੀ.ਏ.ਪੀ. ਨੇ ਪੜਤਾਲ ਕੀਤੀ ਹੈ। ਇਸ ਵਿਚ ਪੰਜਾਬ ਦੇ 14 ਜ਼ਿਲ੍ਹਿਆਂ ਦੇ 6,140 ਕੇਸ ਅਣਪਛਾਤੀਆਂ ਤੇ ਲਾਵਾਰਿਸ ਲਾਸ਼ਾਂ ਕਰਾਰ ਦੇਣ ਦੇ ਹਨ। ਪਟੀਸ਼ਨ ਵਿਚ ਲਗਭਗ 1,400 ਐਫ.ਆਈ.ਆਰਜ਼. ਸਬੂਤ ਵਜੋਂ ਪੇਸ਼ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਪੁਲਿਸ ਨੇ ਦਾਅਵਾ ਕੀਤਾ ਕਿ ਇਹ ਅਣਪਛਾਤੇ ਅਤਿਵਾਦੀ ਹਨ ਪਰ ਪੀ.ਡੀ.ਏ.ਪੀ. ਦੀ ਜਾਂਚ ਸਪੱਸ਼ਟ ਕਰਦੀ ਹੈ ਕਿ ਪੁਲਿਸ ਇਨ੍ਹਾਂ ਨੂੰ ਜਾਣਦੀ ਸੀ ਤੇ ਇਨ੍ਹਾਂ ਵਿਅਕਤੀਆਂ ਦਾ ਪੁਲਿਸ ਹਿਰਾਸਤ ਵਿਚ ਕਤਲ ਕਰ ਦਿੱਤਾ ਗਿਆ।

# ਕਸ਼ਮੀਰੀ ਵੱਖਵਾਦੀਆਂ ਦੇ ਬੱਚਿਆਂ ਦੀ ਵਿਦੇਸ਼ਾਂ ਵਿਚ ਮੌਜਾਂ, ਮੋਦੀ ਸਰਕਾਰ ਖੋਲ੍ਹੇਗੀ ਪੋਲ

**ਨਵੀਂ ਦਿੱਲੀ:** ਘਾਟੀ 'ਚ ਸਕੂਲੀ ਬੱਚਿਆਂ ਤੋਂ ਪੱਥਰਬਾਜ਼ੀ ਕਰਵਾਉਣ, ਅਤਿਵਾਦੀਆਂ ਦੇ ਮਾਰੇ ਜਾਣ 'ਤੇ ਸਕੂਲਾਂ ਨੂੰ ਸਾੜਨ ਅਤੇ ਹੜਤਾਲ ਕਰ ਕੇ ਸਕੂਲ ਬੰਦ ਕਰਵਾਉਣ ਵਾਲੇ ਵੱਖਵਾਦੀ ਖੁਦ ਆਪਣੇ ਬੱਚਿਆਂ ਨੂੰ ਵਿਦੇਸ਼ਾਂ 'ਚ ਪੜ੍ਹਾਉਂਦੇ ਹਨ। ਅਮਿਤ ਸ਼ਾਹ ਦੀ ਅਗਵਾਈ ਵਿਚ ਗ੍ਰਹਿ ਮੰਤਰਾਲੇ ਨੇ ਆਮ ਕਸ਼ਮੀਰੀਆਂ ਦੇ ਸਾਹਮਣੇ ਵੱਖਵਾਦੀਆਂ ਦੇ ਅਸਲੀ ਚਿਹਰੇ ਨੂੰ ਬੇਨਕਾਬ ਕਰਨ ਦੀ ਯੋਜਨਾ ਬਣਾਈ ਹੈ।

ਹੁਰੀਅਤ ਨੇਤਾਵਾਂ ਸਮੇਤ ਘਾਟੀ ਦੇ 112 ਵੱਖਵਾਦੀਆਂ ਅਤੇ ਉਨ੍ਹਾਂ ਨਾਲ ਹਮਦਰਦੀ ਰੱਖਣ ਵਾਲਿਆਂ ਦੇ ਘੱਟ ਤੋਂ ਘੱਟ 220 ਬੱਚੇ ਵਿਦੇਸ਼ਾਂ 'ਚ ਪੜ੍ਹਦੇ ਹਨ ਜਾਂ ਉਥੇ ਰਹਿ ਰਹੇ ਹਨ। ਕਸ਼ਮੀਰੀਆਂ ਨੂੰ ਕੁਰਬਾਨੀ ਦਾ ਸੱਦਾ ਦੇਣ ਵਾਲੇ ਵੱਖਵਾਦੀਆਂ ਦੀ ਇਸ ਸਚਾਈ ਤੋਂ ਘਾਟੀ ਦਾ ਉਚ ਵਰਗ ਤਾਂ ਚੰਗੀ ਤਰ੍ਹਾਂ ਨਾਲ ਜਾਣੂ ਹੈ। ਹੁਣ ਅਜਿਹਾ ਲੱਗ ਰਿਹਾ ਹੈ ਕਿ ਗ੍ਰਹਿ ਮੰਤਰਾਲਾ ਯੋਜਨਾ ਤਹਿਤ ਵੱਖਵਾਦੀਆਂ ਦੀ ਸਚਾਈ ਨੂੰ ਬੇਨਕਾਬ ਕਰਨ ਵਾਲੇ ਤੱਥਾਂ ਨੂੰ ਵੱਡੇ ਪੱਧਰ 'ਤੇ ਜਾਣੂ ਕਰਵਾਉਣ ਦੀ ਤਿਆਰੀ 'ਚ ਹੈ। ਵੱਖਵਾਦੀਆਂ ਖਿਲਾਫ ਇਸ 'ਪੋਲ-ਖੋਲ੍ਹ' ਮੁਹਿੰਮ ਦੀ ਯੋਜਨਾ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਿਛਲੇ ਹਫਤੇ ਤਿਆਰ ਕੀਤੀ। ਉਧਰ, ਜੰਮੂ-ਕਸ਼ਮੀਰ 'ਚ ਰਾਜਪਾਲ ਸ਼ਾਸਨ ਦੇ ਵਿਸਥਾਰ ਦੇ ਮੁੱਦੇ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਸਦ 'ਚ 130 ਹੁਰੀਅਤ ਨੇਤਾਵਾਂ ਦੀ ਵਿਸਥਾਰ ਵਿਚ ਜਾਣਕਾਰੀ ਦਿੱਤੀ, ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਉੱਚ ਸਿੱਖਿਆ ਲੈਣ ਲਈ ਵਿਦੇਸ਼ ਭੇਜਿਆ ਹੋਇਆ ਹੈ। ਦੂਜੇ ਪਾਸੇ ਵੱਖਵਾਦੀ ਸਕੂਲੀ ਬੱਚਿਆਂ ਨੂੰ ਪੱਥਰਬਾਜ਼ੀ ਲਈ ਉਕਸਾਉਂਦੇ ਹਨ ਅਤੇ ਸਕੂਲਾਂ ਨੂੰ ਜ਼ਬਰਦਸਤੀ ਬੰਦ ਕਰਵਾਉਂਦੇ ਹਨ।

ਗ੍ਰਹਿ ਮੰਤਰਾਲੇ ਦੇ ਸੂਤਰਾਂ ਨੇ ਦੱਸਿਆ ਕਿ ਤਹਿਰੀਕ-ਏ-ਹੁਰੀਅਤ ਦੇ ਚੇਅਰਮੈਨ ਅਸ਼ਰਫ ਸੇਹਰਾਈ ਦੇ 2 ਬੇਟੇ ਖਾਲਿਦ ਅਤੇ ਆਬਿਦ ਅਸ਼ਰਫ ਸਾਊਦੀ ਅਰਬ 'ਚ ਕੰਮ ਕਰਦੇ ਹਨ ਅਤੇ ਉਥੇ ਹੀ ਵਸੇ ਹੋਏ ਹਨ। ਜਮਾਤ-ਏ-ਇਸਲਾਮੀ ਦੇ ਸਦਰ ਗੁਲਾਮ ਮਹਿਮਦ ਬੱਟ ਦਾ ਬੇਟਾ ਸਾਊਦੀ ਅਰਬ 'ਚ ਡਾਕਟਰ ਹੈ। ਦੁਖਤਰਾਨ-ਏ-ਮਿਲਤ ਦੀ ਆਸੀਆ ਅੰਦਰਾਬੀ ਦੇ 2 ਬੇਟੇ ਵਿਦੇਸ਼ 'ਚ ਪੜ੍ਹਦੇ ਹਨ। ਉਨ੍ਹਾਂ ਦਾ ਬੇਟਾ ਮੁਹੰਮਦ ਬਿਨ ਕਾਸਿਮ ਮਲੇਸ਼ੀਆ ਅਤੇ ਅਹਿਮਦ ਬਿਨ ਕਾਸਿਮ ਆਸਟਰੇਲੀਆ 'ਚ ਪੜ੍ਹਦਾ ਹੈ। ਇਸੇ ਤਰ੍ਹਾਂ ਸਈਦ ਅਲੀ ਸ਼ਾਹ ਗਿਲਾਨੀ ਦੇ ਬੇਟੇ ਨੀਲਮ ਗਿਲਾਨੀ ਨੇ ਹਾਲ ਹੀ 'ਚ ਪਾਕਿਸਤਾਨ 'ਚ ਐਮ.ਬੀ.ਬੀ.ਐਸ. ਕੋਰਸ ਪੂਰਾ ਕੀਤਾ ਹੈ।

ਹੁਰੀਅਤ ਨੇਤਾ ਮੀਰਵਾਇਜ਼ ਉਮਰ ਫਾਰੂਕ ਦੀ ਭੈਣ ਰਾਬੀਆ ਫਾਰੂਕ ਇਕ ਡਾਕਟਰ ਹੈ ਅਤੇ ਅਮਰੀਕਾ 'ਚ ਰਹਿ ਰਹੀ ਹੈ। ਇਸੇ ਤਰ੍ਹਾਂ ਬਿਲਾਲ ਲੋਨ ਦੇ ਧੀ-ਜਵਾਈ ਲੰਡਨ 'ਚ ਰਹਿ ਰਹੇ ਹਨ ਅਤੇ ਉਸ ਦੀ ਛੋਟੀ ਬੇਟੀ ਆਸਟਰੇਲੀਆ 'ਚ ਪੜ੍ਹਾਈ ਕਰ ਰਹੀ ਹੈ। ਵੱਖਵਾਦੀ ਮੁਹੰਮਦ ਸ਼ਫੀ ਰੇਸ਼ੀ ਦਾ ਪੁੱਤਰ ਅਮਰੀਕਾ 'ਚ ਪੀ.ਐਚ.ਡੀ. ਕਰ ਰਿਹਾ ਹੈ। ਇਸੇ ਤਰ੍ਹਾਂ ਅਸ਼ਰਫ ਲਾਇਆ ਦੀ ਪੁੱਤਰੀ ਪਾਕਿਸਤਾਨ 'ਚ ਮੈਡੀਕਲ ਦੀ ਪੜ੍ਹਾਈ ਕਰ ਰਹੀ ਹੈ।

ਮੁਸਲਿਮ ਲੀਗ ਦੇ ਨੇਤਾਵਾਂ ਮੁਹੰਮਦ ਯੂਸੁਫ ਮੀਰ ਅਤੇ ਫਾਰੂਕ ਗਾਪਤੂਰੀ ਦੀਆਂ ਬੇਟੀਆਂ ਵੀ ਪਾਕਿਸਤਾਨ 'ਚ ਮੈਡੀਕਲ ਦੀ ਪੜ੍ਹਾਈ ਕਰ ਰਹੀਆਂ ਹਨ। ਇਸ ਤਰ੍ਹਾਂ ਡੈਮੋਕ੍ਰੇਟਿਕ ਮੂਵਮੈਂਟ ਲੀਡਰ ਖਵਾਜਾ ਫਰਦੌਸ ਵਾਨੀ ਦੀ ਬੇਟੀ ਵੀ ਪਾਕਿਸਤਾਨ 'ਚ ਮੈਡੀਕਲ ਕੋਰਸ ਕਰ ਰਹੀ ਹੈ। ਬਹੀਦਤ-ਏ-ਇਸਲਾਮੀ ਨੇਤਾ ਨਿਸਾਰ ਹੁਸੈਨ ਰਾਠੌਰ ਦੀ ਬੇਟੀ ਈਰਾਨ 'ਚ ਕੰਮ ਕਰਦੀ ਹੈ ਅਤੇ ਆਪਣੇ ਪਤੀ ਨਾਲ ਉਥੇ ਹੀ ਪੱਕੇ ਤੌਰ ਉਤੇ ਰਹਿ ਰਹੀ ਹੈ।

## ਝੂਠੇ ਪੁਲਿਸ ਮੁਕਾਬਲੇ ਦੇ ਦੋਸ਼ੀਆਂ ਦੀ ਰਿਹਾਈ ਦਾ ਮਾਮਲਾ ਰਾਜਪਾਲ ਕੋਲ ਪੁੱਜਾ

**ਚੰਡੀਗੜ੍ਹ:** ਝੂਠੇ ਪੁਲਿਸ ਮੁਕਾਬਲੇ ਦੇ ਦੋਸ਼ੀਆਂ ਦੀ ਰਿਹਾਈ ਦਾ ਮਾਮਲਾ ਰਾਜਪਾਲ ਕੋਲ ਪੁੱਜ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਜਿਥੇ ਇਸ ਮਾਮਲੇ ਵਿਚ ਰਾਜਪਾਲ ਕੋਲ ਪਹੁੰਚ ਕੀਤੀ ਹੈ, ਉਥੇ ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਅਤੇ ਸਾਬਕਾ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਦੀ ਅਗਵਾਈ ਵਿਚ ਵਿਰੋਧੀ ਆਗੂਆਂ ਦੇ ਵਫਦ ਨੇ ਪੰਜਾਬ ਦੇ ਰਾਜਪਾਲ ਵੀ.ਪੀ.ਸਿੰਘ ਬਦਨੌਰ ਨੂੰ ਮੈਮੋਰੰਡਮ ਦੇ ਕੇ ਮੰਗ ਕੀਤੀ ਕਿ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਹਾਰਨ ਮਾਜਰਾ ਦੇ ਹਰਜੀਤ ਸਿੰਘ ਦੇ ਫਰਜ਼ੀ ਮੁਕਾਬਲੇ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਚਾਰ ਪੁਲਿਸ ਕਰਮੀਆਂ ਦੀ ਸਜ਼ਾ ਮੁਆਫੀ ਦੇ ਹੁਕਮ ਵਾਪਸ ਲਏ ਜਾਣ।

ਰਾਜਪਾਲ ਨੂੰ ਮਿਲਣ ਤੋਂ ਬਾਅਦ ਸ. ਖਹਿਰਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਰਾਜਪਾਲ ਨੂੰ ਕੇਸ ਦੇ ਅਸਲ ਤੱਥਾਂ ਬਾਰੇ ਜਾਣੂ ਕਰਵਾ ਕੇ ਮਾਮਲੇ ਨੂੰ ਮੁੜ ਵਿਚਾਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਨੇ ਚੋਣ ਨਤੀਜਿਆਂ ਦੇ ਐਲਾਨ ਤੋਂ ਕੁਝ ਦਿਨ ਪਹਿਲਾਂ ਚਾਰ ਪੁਲਿਸ ਕਰਮੀਆਂ ਦੀ ਸਜ਼ਾ ਮੁਆਫ ਕਰਨ ਵਾਸਤੇ ਫਾਈਲ ਭੇਜੀ ਸੀ। ਉਸ ਸਮੇਂ ਸੁਖਬੀਰ ਬਾਦਲ ਗ੍ਰਹਿ ਮੰਤਰੀ ਸੀ ਅਤੇ ਸਜ਼ਾਯਾਫਤਾ ਪੁਲਿਸ ਕਰਮੀਆਂ ਦਾ ਕੇਸ ਮਨਜ਼ੂਰ ਹੋਣ ਵਿਚ ਉਨ੍ਹਾਂ ਅਹਿਮ ਭੂਮਿਕਾ ਨਿਭਾਈ ਸੀ।

ਉਨ੍ਹਾਂ ਪੁਲਿਸ ਕਰਮੀਆਂ ਦੀ ਰਿਹਾਈ ਖਿਲਾਫ ਬੀਤੇ ਦਿਨ ਸੁਖਬੀਰ ਬਾਦਲ ਵੱਲੋਂ ਰਾਜਪਾਲ ਨੂੰ ਦਿੱਤੇ ਮੈਮੋਰੰਡਮ ਨੂੰ ਡਰਾਮਾ ਦੱਸਿਆ। ਡਾ. ਗਾਂਧੀ ਨੇ ਦੱਸਿਆ ਕਿ ਬਾਦਲਾਂ ਅਤੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਫਰਜ਼ੀ ਮੁਕਾਬਲੇ ਸਬੰਧੀ ਗਲਤ ਤੱਥ ਪੇਸ਼ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਨਿਰਦੋਸ਼ ਵਿਅਕਤੀ ਨੂੰ ਮਾਰਨ ਦੇ ਦੋਸ਼ੀ ਸਜ਼ਾਯਾਫਤਾ ਪੁਲਿਸ ਕਰਮੀਆਂ ਦੀ ਤਾਂ ਸਜ਼ਾ ਮੁਆਫ ਕਰਵਾ ਦਿੱਤੀ ਹੈ ਪਰ ਦਹਾਕਿਆਂ ਤੋਂ ਜੇਲ੍ਹਾਂ ਵਿਚ ਬੰਦ ਸਿੱਖ ਸਿਆਸੀ ਕੈਦੀਆਂ ਵਾਸਤੇ ਕੋਈ ਰਹਿਮ ਨਹੀਂ ਦਿਖਾਇਆ।

**ਸਿੱਖ ਕਤਲੇਆਮ**

# ਮੁਲਜ਼ਮਾਂ ਦੀ ਰਿਹਾਈ ਖਿਲਾਫ ਰਿਵਿਊ ਪਟੀਸ਼ਨ ਦਾਖਲ

**ਨਵੀਂ ਦਿੱਲੀ:** ਸਾਲ 1984 'ਚ ਨਿਰਦੋਸ਼ ਸਿੱਖਾਂ ਨੂੰ ਕਤਲ ਕਰਨ ਵਾਲੇ ਦੋਸ਼ੀ ਜੇਲ੍ਹਾਂ 'ਚੋਂ ਬਾਹਰ ਨਾ ਆਉਣ, ਇਸ ਲਈ ਭਾਰਤ ਸਰਕਾਰ ਦੇ ਸੋਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਤਿਰਲੋਕਪੁਰੀ ਸਿੱਖ ਕਤਲੇਆਮ ਮਾਮਲੇ 'ਚ ਬਰੀ ਹੋ ਚੁੱਕੇ 9 ਜਣਿਆਂ ਵਿਰੁੱਧ ਰਿਵਿਊ ਪਟੀਸ਼ਨ ਦਾਇਰ ਕੀਤੀ ਹੈ। ਸੁਪਰੀਮ ਕੋਰਟ ਇਸ ਮਾਮਲੇ 'ਤੇ ਜਲਦੀ ਹੀ ਸੁਣਵਾਈ ਕਰੇਗਾ।



ਇਸੇ ਮਾਮਲੇ 'ਚ ਚਾਰ ਹੋਰ ਦੋਸ਼ੀਆਂ ਨੇ ਸੁਪਰੀਮ ਕੋਰਟ 'ਚ ਰਿਹਾਈ ਲਈ ਅਰਜ਼ੀ ਦਾਖਲ ਕੀਤੀ, ਜਿਸ ਉਪਰ ਸੁਪਰੀਮ ਕੋਰਟ ਨੇ ਸੁਣਵਾਈ 23 ਜੁਲਾਈ ਤੱਕ ਟਾਲ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਿਰਲੋਕਪੁਰੀ ਕੇਸ ਦੇ ਦੋਸ਼ੀਆਂ ਦੇ ਸੁਪਰੀਮ ਕੋਰਟ 'ਚੋਂ ਬਰੀ ਹੋਣ ਮਗਰੋਂ ਕੇਂਦਰ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਸੀ ਕਿ 1984 ਸਿੱਖ ਕਤਲੇਆਮ ਦੇ ਦੋਸ਼ੀ, ਜੋ ਬਰੀ ਹੋਏ ਹਨ, ਨੂੰ ਜੇਲ੍ਹ 'ਚ ਭੇਜਣ ਲਈ ਰਿਵਿਊ ਪਟੀਸ਼ਨ ਦਾਇਰ ਕੀਤੀ ਜਾਵੇ। ਇਸ 'ਤੇ ਸਰਕਾਰ ਨੇ ਭਰੋਸਾ ਦਿੱਤਾ ਸੀ ਕਿ ਜਲਦ ਹੀ ਰਿਵਿਊ ਪਟੀਸ਼ਨ ਦਾਇਰ ਕਰੇਗੀ।

ਕੇਂਦਰ ਸਰਕਾਰ ਵੱਲੋਂ ਸੋਲਿਸਿਟਰ ਜਨਰਲ ਨੇ ਸੁਪਰੀਮ ਕੋਰਟ 'ਚ ਰਿਵਿਊ ਪਟੀਸ਼ਨ ਫਾਈਲ ਕਰ ਦਿੱਤੀ ਹੈ। ਕੇਂਦਰ ਸਰਕਾਰ ਵੱਲੋਂ ਜਿਥੇ 1984 ਦੇ ਸਿੱਖ ਕਤਲੇਆਮ ਦੇ ਕੇਸਾਂ 'ਚ ਪੂਰੀ ਗੰਭੀਰਤਾ ਨਾਲ ਪੈਰਵੀ ਕੀਤੀ ਜਾ ਰਹੀ ਹੈ, ਉਥੇ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਲੀਗਲ ਸੈੱਲ ਦੀ ਟੀਮ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਮੁਲਜ਼ਮਾਂ ਨੂੰ ਸਜ਼ਾਵਾਂ ਦਿਵਾਉਣ, ਜੇਲ੍ਹਾਂ 'ਚੋਂ ਬਾਹਰ ਨਾ ਆਉਣ ਦੇਣ ਅਤੇ ਬਰੀ ਹੋਏ ਦੋਸ਼ੀਆਂ ਨੂੰ ਮੁੜ ਜੇਲ੍ਹਾਂ 'ਚ ਪਹੁੰਚਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ।

## ਸੁਪਰੀਮ ਕੋਰਟ ਨੇ ਪੁਲਿਸ ਨੂੰ ਪੱਖ ਰੱਖਣ ਲਈ ਸਮਾਂ ਦਿੱਤਾ

**ਨਵੀਂ ਦਿੱਲੀ:** 1984 ਸਿੱਖ ਕਤਲੇਆਮ ਦੇ ਦੋਸ਼ ਵਿਚ ਸੁਣਾਈ 5 ਸਾਲ ਦੀ ਸਜ਼ਾ ਵਿਰੁੱਧ 33 ਵਿਅਕਤੀਆਂ ਨੇ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕਰਕੇ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਇਸ ਸਬੰਧੀ ਸੁਪਰੀਮ ਕੋਰਟ ਨੇ ਦਿੱਲੀ ਸਰਕਾਰ ਅਤੇ ਪੁਲਿਸ ਨੂੰ 23 ਜੁਲਾਈ ਤੱਕ ਆਪਣਾ ਪੱਖ ਪੇਸ਼ ਕਰਨ ਲਈ ਕਿਹਾ ਹੈ। ਇਨ੍ਹਾਂ ਵਿਅਕਤੀਆਂ ਨੂੰ ਸਿੱਖਾਂ ਦੇ ਘਰ ਸਾੜਨ, ਮਾਰਨ ਅਤੇ ਦੰਗੇ ਕਰਨ ਦੇ ਦੋਸ਼ ਵਿਚ ਸਜ਼ਾ ਸੁਣਾਈ ਗਈ ਹੈ।

# ਖਾਲੜਾ ਕੇਸ ਵਿਚ ਸਾਬਕਾ ਡੀ. ਐਸ. ਪੀ. ਦੀ ਰਿਹਾਈ 'ਤੇ ਰੋਕ


**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਮਨੁੱਖੀ ਹੱਕਾਂ ਬਾਰੇ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਅਗਵਾ ਤੇ ਗੁੰਮਸ਼ੁਦਗੀ ਮਾਮਲੇ ਵਿਚ ਸਾਬਕਾ ਡੀ.ਐਸ.ਪੀ. ਜਸਪਾਲ ਸਿੰਘ ਨੂੰ ਛੇ ਮਹੀਨੇ ਪਹਿਲਾਂ ਪੈਰੋਲ ਉਤੇ ਰਿਹਾਅ ਕੀਤੇ ਜਾਣ ਸਬੰਧੀ ਆਪਣੇ ਹੀ ਇਕਹਿਰੇ ਬੈਂਚ ਦੇ ਹੁਕਮਾਂ ਉਤੇ ਰੋਕ ਲਾ ਦਿੱਤੀ ਹੈ। ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਤੇ ਜਸਟਿਸ ਅਰੁਣ ਪੱਲੀ ਦੇ ਬੈਂਚ ਨੇ ਇਹ ਹਦਾਇਤਾਂ ਪਰਮਜੀਤ ਕੌਰ ਖਾਲੜਾ ਵੱਲੋਂ ਦਾਖਲ ਪਟੀਸ਼ਨ ਉਤੇ ਦਿੱਤੀਆਂ ਹਨ। ਕੇਸ ਦੀ ਅਗਲੀ ਸੁਣਵਾਈ 17 ਸਤੰਬਰ ਨੂੰ ਹੋਵੇਗੀ।

ਸਾਬਕਾ ਡੀ.ਐਸ.ਪੀ. ਜਸਪਾਲ ਸਿੰਘ ਨੂੰ ਅਕਾਲੀ ਦਲ ਦੇ ਮਨੁੱਖੀ ਹੱਕਾਂ ਬਾਰੇ ਵਿੰਗ ਦੇ ਜਨਰਲ ਸਕੱਤਰ ਜਸਵੰਤ ਸਿੰਘ ਖਾਲੜਾ ਦੇ ਅਗਵਾ ਤੇ ਗੁੰਮਸ਼ੁਦਗੀ ਮਾਮਲੇ ਵਿਚ ਧਾਰਾ 120ਬੀ, 364, 302, 34 ਤੇ 201 ਤਹਿਤ ਦੋਸ਼ੀ ਠਹਿਰਾਇਆ ਗਿਆ ਸੀ। ਕੇਸ ਦੀ ਜਾਂਚ ਸੀ.ਬੀ.ਆਈ. ਨੇ ਕੀਤੀ ਸੀ। ਪਟਿਆਲਾ ਦੇ ਵਧੀਕ ਸੈਸ਼ਨ ਜੱਜ ਨੇ ਨਵੰਬਰ 2005 ਵਿਚ ਜਸਪਾਲ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਜਸਪਾਲ ਸਿੰਘ ਨੇ ਸਮੇਂ ਤੋਂ ਪਹਿਲਾਂ ਰਿਹਾਈ ਸਬੰਧੀ ਅਪੀਲ ਸਰਕਾਰ ਵੱਲੋਂ ਬਕਾਇਆ ਰੱਖੇ ਜਾਣ ਖਿਲਾਫ ਹਾਈ ਕੋਰਟ ਦੇ ਇਕਹਿਰੇ ਬੈਂਚ ਵੱਲ ਰੁਖ ਕੀਤਾ ਸੀ।

ਪੰਜਾਬ ਸਰਕਾਰ ਨੇ ਉਦੋਂ ਜਸਪਾਲ ਦੀ ਅਰਜ਼ੀ ਨੂੰ ਬਕਾਇਆ ਰੱਖਣ ਪਿੱਛੇ ਤਰਕ ਦਿੱਤਾ ਸੀ ਕਿ ਸੀ.ਬੀ.ਆਈ. ਵੱਲੋਂ ਜਾਂਚ-ਪੜਤਾਲ ਕੀਤੇ ਕੇਸਾਂ ਵਿਚ ਦੋਸ਼ੀ ਦੀ ਰਿਹਾਈ ਸਬੰਧੀ ਫੈਸਲੇ ਲਈ ਕੇਂਦਰ ਸਰਕਾਰ ਦੀ ਸਹਿਮਤੀ ਲਾਜ਼ਮੀ ਹੁੰਦੀ ਹੈ। ਸਰਕਾਰ ਨੇ ਲਾਜ਼ਮੀ ਪ੍ਰਵਾਨਗੀ ਦੀ ਅਣਹੋਂਦ ਵਿਚ 30 ਅਗਸਤ 2018 ਜਾਰੀ ਪੱਤਰ ਵਿਚ ਜਸਪਾਲ ਸਿੰਘ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕਰਨ ਤੋਂ ਨਾਂਹ ਕਰ ਦਿੱਤੀ ਸੀ। ਹਾਈ ਕੋਰਟ ਦੇ ਇਕਹਿਰੇ ਬੈਂਚ ਨੇ ਮਗਰੋਂ ਕਿਹਾ ਸੀ ਕਿ ਜੇਕਰ ਸਾਬਕਾ ਡੀ.ਐਸ.ਪੀ. ਦੀ ਰਿਹਾਈ ਸਬੰਧੀ ਚਾਰ ਹਫਤਿਆਂ ਵਿਚ ਕੋਈ ਫੈਸਲਾ ਨਹੀਂ ਲਿਆ ਜਾਂਦਾ ਤਾਂ ਉਸ ਨੂੰ ਪੈਰੋਲ ਉਤੇ ਆਰਜ਼ੀ ਰਿਹਾਈ ਦੇ ਦਿੱਤੀ ਜਾਵੇ।

## ਕਮਲਾ ਹੈਰਿਸ ਨੇ 1.20 ਕਰੋੜ ਡਾਲਰ ਇਕੱਠੇ ਕੀਤੇ

**ਵਾਸ਼ਿੰਗਟਨ:** ਵ੍ਹਾਈਟ ਹਾਊਸ ਦੇ ਦਾਅਵੇਦਾਰਾਂ ਦੀ ਕਤਾਰ 'ਚ ਸ਼ਾਮਲ ਕਮਲਾ ਹੈਰਿਸ ਨੇ ਪਿਛਲੇ ਤਿੰਨ ਮਹੀਨਿਆਂ ਦੌਰਾਨ 1.20 ਕਰੋੜ ਡਾਲਰ ਪ੍ਰਚਾਰ ਦੌਰਾਨ ਇਕੱਠੇ ਕੀਤੇ ਹਨ। ਡੈਮੋਕਰੈਟਿਕ ਪਾਰਟੀ ਵੱਲੋਂ ਚੋਣ ਲੜਨ ਦੀ ਇੱਛਕ ਕਮਲਾ ਇਸ ਸਮੇਂ ਫੰਡਾਂ ਦੇ ਮਾਮਲੇ 'ਚ ਆਪਣੇ ਵਿਰੋਧੀ ਬਰਨੀ ਸੈਂਡਰਜ਼ ਅਤੇ ਜੋਇ ਬਿਡੇਨ ਤੋਂ ਅਜੇ ਕਾਫੀ ਪਿੱਛੇ ਹੈ। ਬਿਡੇਨ ਨੇ 2.15 ਕਰੋੜ ਡਾਲਰ ਅਤੇ ਸੈਂਡਰਜ਼ ਨੇ 1.80 ਕਰੋੜ ਡਾਲਰ ਇਕੱਠੇ ਕੀਤੇ ਹਨ।



# ਸਿੱਖਿਆ ਨੀਤੀ ਰਾਹੀਂ ਪੁੱਠਾ ਗੇੜਾ?

ਦੋ ਕੁ ਮਹੀਨੇ ਪਹਿਲਾਂ ਹੋਈ ਮੀਟਿੰਗ ਵਿਚ ਕੁਝ ਸਿੱਖਿਆ ਸ਼ਾਸਤਰੀਆਂ ਨਾਲ ਚਰਚਾ ਕਰਦਿਆਂ ਸਕੂਲ ਸਿੱਖਿਆ ਵਿਚਲੀਆਂ ਮੁੱਖ ਚੁਣੌਤੀਆਂ ਦੀ ਗੱਲ ਹੋਈ। ਇਕ, ਅੱਠਵੀਂ ਤੱਕ ਦੇ ਬੱਚੇ ਭਾਸ਼ਾ ਤੇ ਗਣਿਤ ਵਿਚ ਹੱਦ ਦਰਜੇ ਦੇ ਕਮਜ਼ੋਰ ਹਨ। ਅੱਠਵੀਂ ਦੇ 51.9% ਬੱਚੇ ਭਾਗ ਨਹੀਂ ਕਰ ਸਕਦੇ, 16.2% ਨੂੰ ਦੂਜੀ ਦੀ ਪੰਜਾਬੀ ਦੀ ਪਾਠ ਪੁਸਤਕ ਵੀ ਪੜ੍ਹਨੀ ਨਹੀਂ ਆਉਂਦੀ। ਦੂਜੀ, ਮਨਸੂਈ ਬੌਧਿਕਤਾ ਦਾ ਹਮਲਾ, ਆਭਾਸੀ ਕਲਾਸ ਰੂਮ ਰਾਹੀਂ ਪੜ੍ਹਾਈ ਦੇ ਮੌਡਿਊਲਾਂ ਦੇ ਸਨਮੁੱਖ ਕਲਾਸ ਰੂਮ ਸਿੱਖਿਆ ਕਿਧਰ ਨੂੰ ਜਾਏਗੀ? ਇਕੱਠੇ ਬੈਠ ਕੇ, ਮਿਲ ਕੇ ਪੜ੍ਹਨ ਦੇ, ਸ਼ਖਸੀਅਤ ਵਿਕਾਸ ਵਿਚ ਮਿਲਦੇ ਲਾਭਾਂ ਨੂੰ ਕਿੰਨੀ

**ਡਾ. ਪਿਆਰਾ ਲਾਲ ਗਰਗ**

ਵੱਡੀ ਚੋਟ ਲੱਗੇਗੀ? ਗੱਲ ਕੀਤੀ ਸੀ ਕਿ ਹਕੀਕਤਾਂ ਤੋਂ ਮੂੰਹ ਮੋੜ ਕੇ ਜਾਂ ਰੌਲੇ ਰੱਪੇ ਨਾਲ ਇਨ੍ਹਾਂ ਵਿਕਰਾਲ ਸਮੱਸਿਆਵਾਂ ਦਾ ਸਾਹਮਣਾ ਨਹੀਂ ਕੀਤਾ ਜਾ ਸਕਦਾ। ਕੁਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਮੱਦੇਨਜ਼ਰ 1968 ਵਿਚ ਪਹਿਲੀ, 1986 ਵਿਚ ਦੂਜੀ ਅਤੇ ਹੁਣ 2019 ਵਿਚ ਤੀਜੀ ਕੌਮੀ ਸਿੱਖਿਆ ਨੀਤੀ ਦਾ ਖਰੜਾ ਆਇਆ ਹੈ।

ਨਵੀਂ ਨੀਤੀ ਵਿਚ ਸਿੱਖਣ ਦਾ ਪੱਧਰ ਸੁਧਾਰਨ, ਪੜ੍ਹਾਈ ਜਾਰੀ ਰੱਖਣ, ਘੱਟੋ-ਘੱਟ 50% ਨੂੰ ਉਚ ਸਿੱਖਿਆ ਵਿਚ ਪ੍ਰਵੇਸ਼ ਦੇਣ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਵਾਲੀ ਵਿਦਿਆ ਦੇਣ ਦੇ ਮੁੱਦੇ ਰੱਖੇ ਹਨ ਪਰ ਇਸ ਵਿਚੋਂ ਧਰਮ ਨਿਰਪੱਖਤਾ ਸ਼ਬਦ ਕੱਢ ਹੀ ਦਿੱਤਾ ਗਿਆ ਹੈ। ਤਿੰਨ ਭਾਸ਼ੀ ਫਾਰਮੂਲਾ ਮੁੱਢ ਤੋਂ ਹੀ ਲਾਗੂ ਕਰਨ, ਸੰਸਕ੍ਰਿਤ ਦੀ ਪੜ੍ਹਾਈ ਦੀ ਲੋੜ, ਇਸ ਵਿਚ ਵਿਗਿਆਨ, ਗਣਿਤ, ਮੈਡੀਸਨ, ਕਾਨੂੰਨ, ਅਰਥ ਸ਼ਾਸਤਰ, ਰਾਜਨੀਤੀ, ਸੰਗੀਤ, ਨਾਟਕ, ਭਾਸ਼ਾ, ਕਹਾਣੀਆਂ ਤੇ ਭਵਨ ਕਲਾ ਦੇ ਵਿਸ਼ਿਆਂ ਬਾਬਤ ਸਾਹਿਤ ਦਾ ਲਾਤੀਨੀ ਤੇ ਯੂਨਾਨੀ ਭਾਸ਼ਾ ਨਾਲੋਂ ਵੀ ਵਿਸ਼ਾਲ ਖਜ਼ਾਨਾ ਹੋਣ ਦੀ ਵਕਾਲਤ ਕੀਤੀ ਹੈ। ਸੰਸਕ੍ਰਿਤ ਪੜ੍ਹਾਉਣ ਲਈ ਸਹੂਲਤਾਂ ਵਿਆਪਕ ਪੱਧਰ 'ਤੇ ਦੇਣ ਅਤੇ ਸਕੂਲਾਂ ਵਿਚ ਉਪਰੋਕਤ ਵਿਸ਼ਿਆਂ ਦੀਆਂ ਸੰਸਕ੍ਰਿਤ ਦੀਆਂ ਪੁਸਤਕਾਂ ਵਿਸ਼ਾਲ ਰੂਪ ਵਿਚ ਮੁਹੱਈਆ ਕਰਵਾਉਣੀਆਂ ਹਨ।

ਸਿੱਖਿਆ ਦਾ ਮੌਜੂਦਾ ਖਰਚਾ ਸਰਕਾਰੀ ਬਜਟ ਦਾ 10%, 297100 ਕਰੋੜ ਡਾਲਰ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦਾ 2.7% ਹੈ, 10100 ਕਰੋੜ ਡਾਲਰ ਦੇ ਸਿੱਖਿਆ ਬਾਜ਼ਾਰ ਵਿਚ 907 ਯੂਨੀਵਰਸਿਟੀਆਂ 50 ਹਜ਼ਾਰ ਕਾਲਜ, 14 ਲੱਖ ਸਕੂਲ ਅਤੇ 30 ਕਰੋੜ ਵਿਦਿਆਰਥੀ ਹਨ। ਪ੍ਰਾਈਵੇਟ ਅਦਾਰਿਆਂ ਵਿਚ 30% ਵਿਦਿਆਰਥੀ ਹਨ ਪਰ ਪੰਜਾਬ ਦੇ ਤਾਂ ਕਰੀਬ 60% ਸਕੂਲੀ ਬੱਚੇ ਪ੍ਰਾਈਵੇਟ ਅਦਾਰਿਆਂ ਵਿਚ ਹਨ। ਉਚ ਅਤੇ ਕਿੱਤਾ ਮੁਖੀ ਸਿੱਖਿਆ ਵਿਚ ਤਾਂ ਕਰੀਬ 90% ਪ੍ਰਾਈਵੇਟ ਅਦਾਰਿਆਂ ਵਿਚ ਹਨ। ਹਰ ਸਾਲ ਬਜਟ ਵਿਚ 1% ਵਾਧਾ ਕਰਕੇ ਅਗਲੇ ਦਹਾਕੇ ਵਿਚ 20% ਤੱਕ ਲਿਜਾਣ ਦਾ ਟੀਚਾ ਹੈ। ਇਕ ਰਾਸ਼ਟਰ ਇਕ ਟੈਕਸ, ਇਕ ਰਾਸ਼ਟਰ ਇਕ ਚੋਣ, ਇਕ ਰਾਸ਼ਟਰ ਇਕ ਟਰਾਂਸਪੋਰਟ ਨੀਤੀ, ਇਕ ਰਾਸ਼ਟਰ ਇਕ ਰਾਸ਼ਨ ਕਾਰਡ ਦੀ ਤਰਜ਼ ਉਤੇ ਹੀ ਇਕ ਰਾਸ਼ਟਰ ਇਕ ਸਿੱਖਿਆ ਨੀਤੀ ਵਾਲਾ ਪਾਠ ਪੜ੍ਹ ਕੇ ਮੁਲਕ ਦੇ ਸੰਘੀ ਢਾਂਚੇ ਦਾ ਭੋਗ ਪਾਉਣ ਵਿਚ ਸਿੱਖਿਆ ਨੀਤੀ ਵਜ਼ਨਦਾਰ ਕਿੱਲ ਹੈ।

ਨਵੀਂ ਨੀਤੀ ਵਿਚ ਸਕੂਲ ਸਿੱਖਿਆ ਦੀਆਂ ਬਹੁਤ ਸਾਰੀਆਂ ਕਮਜ਼ੋਰੀਆਂ ਜਿਵੇਂ ਪ੍ਰਾਪਤੀ ਦਾ ਅਤਿ ਨੀਵਾਂ ਪੱਧਰ, ਅਧਿਆਪਕਾਂ ਦੀਆਂ ਤਾਇਨਾਤੀਆਂ ਦਾ ਅਸਾਵਾਂਪਨ, ਘੱਟ ਬੱਚਿਆਂ ਵਾਲੇ ਸਕੂਲ, ਇਕ ਅਧਿਆਪਕ ਵਾਲੇ ਸਕੂਲ, ਭਾਂਤ ਭਾਂਤ ਦੇ ਅਧਿਆਪਕ, ਸੇਵਾ ਦੌਰਾਨ ਸਿਖਲਾਈ ਦੀ ਕਮੀ, ਨਵੀਆਂ ਤਕਨੀਕਾਂ ਨਾਲ ਪੜ੍ਹਾਉਣ ਦੀ ਸਿਖਲਾਈ ਦੀ ਲੋੜ ਉਤੇ ਉਂਗਲ ਰੱਖਦਿਆਂ ਕਿਹਾ ਹੈ ਕਿ 28% ਪ੍ਰਾਇਮਰੀ ਸਕੂਲਾਂ ਅਤੇ 14.8% ਮਿਡਲ ਸਕੂਲਾਂ ਵਿਚ 30 ਤੋਂ ਘੱਟ ਬੱਚੇ ਹਨ, 119303 ਸਕੂਲ ਇਕ ਅਧਿਆਪਕ ਦੇ ਆਸਰੇ ਹਨ ਪਰ ਪ੍ਰਾਪਤੀ ਦੇ ਨੀਵੇਂ ਪੱਧਰ ਦੇ ਮੁੱਖ ਕਾਰਨ ਬੱਚੇ ਦਾ ਸਕੂਲ ਵਾਸਤੇ ਤਿਆਰ ਨਾ ਹੋਣਾ, ਭਾਸ਼ਾ ਤੇ ਗਣਿਤ ਦੀ ਪੜ੍ਹਾਈ ਵੱਲ ਜ਼ੋਰ ਨਾ ਹੋਣਾ, ਖੇਡ ਖੇਡ ਵਾਲੀ ਅਧਿਆਪਕ ਸਿਖਲਾਈ ਦੀ ਘਾਟ ਅਤੇ ਪੌਸ਼ਟਿਕ ਭੋਜਨ ਨਾ ਮਿਲਣਾ ਦੱਸੇ ਹਨ।

ਹੱਲ ਵਾਸਤੇ ਅਧਿਆਪਕ ਸਿਖਲਾਈ ਚਾਰ ਸਾਲਾ ਸਮੁੱਚਾ ਕੋਰਸ, ਸੇਵਾ ਦੌਰਾਨ ਆਧੁਨਿਕ ਤਕਨੀਕਾਂ ਦੀ ਸਿਖਲਾਈ, ਅਧਿਆਪਕਾਂ ਦਾ ਮੁਲੰਕਣ, ਡਿਗਰੀਆਂ ਦੀ ਡਿਜੀਟਲ ਸ਼ਨਾਖਤ, 20 ਤੋਂ ਘੱਟ ਬੱਚਿਆਂ ਵਾਲੇ ਸਕੂਲਾਂ ਨੂੰ ਕੰਪਲੈਕਸ ਸਕੂਲਾਂ ਵਿਚ ਸ਼ਾਮਲ ਕਰਨਾ, ਬੱਚਿਆਂ ਤੇ ਅਧਿਆਪਕਾਂ ਲਈ ਵਾਹਨ ਸੇਵਾ, ਲਗਾਤਾਰ ਮੁਲੰਕਣ ਮੁਆਇਨੇ ਲਈ ਕੰਪਲੈਕਸ ਸਕੂਲ ਬਣਾਉਣੇ, ਸਿੱਖਿਆ ਅਧਿਕਾਰ ਕਾਨੂੰਨ ਪ੍ਰੀ-ਪ੍ਰਾਇਮਰੀ ਤੋਂ 10+2 ਤੱਕ ਲਾਗੂ ਕਰਨ ਅਤੇ ਦੂਰ ਵਰਤੋਂ ਰੋਕਣ, ਬੁਨਿਆਦੀ ਢਾਂਚੇ ਅਤੇ ਅਧਿਆਪਨ ਅਮਲੇ ਦੇ ਮਿਆਰਾਂ ਵਿਚ ਢਿੱਲ ਦੇਣ ਦੀਆਂ ਤਜਵੀਜ਼ਾਂ ਹਨ।

ਸਕੂਲ ਸਿੱਖਿਆ ਬਾਬਤ ਤਜਵੀਜ਼ਾਂ ਦਾ ਸਮੁੱਚਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਇਹ ਤਜਵੀਜ਼ਾਂ ਅਸਲੀ ਸਮੱਸਿਆ ਤੋਂ ਧਿਆਨ ਲਾਂਭੇ ਕਰਕੇ ਬੁਨਿਆਦੀ ਢਾਂਚੇ ਦੀਆਂ, ਸਿੱਖਿਅਤ ਅਤੇ ਘੱਟੋ-ਘੱਟ ਨਿਰਧਾਰਤ ਅਧਿਆਪਕ ਤਾਇਨਾਤੀ ਦੀਆਂ, ਕਿਨਾਰੇ ਧੱਕੇ ਅਤੇ ਅਨੁਸੂਚਿਤ ਜਾਤੀਆਂ/ਕਬੀਲਿਆਂ ਵਾਸਤੇ ਕਾਨੂੰਨੀ ਉਪਬੰਧ ਦੀਆਂ ਸ਼ਰਤਾਂ ਖਤਮ ਕਰਕੇ ਪ੍ਰਾਈਵੇਟ ਸੰਸਥਾਵਾਂ ਨੂੰ ਹੁਲਾਰਾ ਦਿੰਦੀਆਂ ਹਨ। ਪ੍ਰਾਈਵੇਟ ਸਕੂਲਾਂ ਤੋਂ ਸਰਕਾਰੀ ਕੰਟਰੋਲ ਖਤਮ ਕਰਕੇ ਮਾਪਿਆਂ ਵੱਲੋਂ ਕੰਟਰੋਲ ਨਾ ਤਾਂ ਸੰਭਵ ਹੈ ਤੇ ਨਾ ਹੀ ਵਿਹਾਰਕ। ਸੁਪਰੀਮ ਕੋਰਟ ਦੀ ਉਲੰਘਣਾ ਕਰਕੇ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਵਾਸਤੇ ਘੱਟੋ-ਘੱਟ ਨਿਰਧਾਰਤ ਤਨਖਾਹਾਂ ਅਤੇ ਫੀਸਾਂ ਦੇ ਕੰਟਰੋਲ ਦੀਆਂ ਸ਼ਰਤਾਂ ਨੂੰ ਖਤਮ ਕਰਨਾ, ਗੁਣਵੱਤਾ ਨੂੰ ਢਾਹ ਲਾ ਕੇ ਅਧਿਆਪਕਾਂ ਅਤੇ ਬੱਚਿਆਂ ਦੀ ਲੁੱਟ ਦਾ ਰਾਹ ਹੋਰ ਮੋਕਲਾ ਕਰਨਾ ਹੈ। ਪ੍ਰਾਈਵੇਟ ਸੰਸਥਾਵਾਂ ਨੂੰ ਸਰਕਾਰੀ ਗ੍ਰਾਂਟਾਂ ਦੇਣ ਨਾਲ ਸਰਕਾਰੀ ਵਿੱਤ ਪ੍ਰਾਈਵੇਟਾਂ ਨੂੰ ਚਲਾ ਜਾਵੇਗਾ।

ਮਾਤ ਭਾਸ਼ਾ 'ਚ ਸਿੱਖਿਆ ਨੂੰ ਪੰਜਵੀਂ ਤੱਕ, ਹੱਦ ਅੱਠਵੀਂ ਤੱਕ ਸੀਮਤ ਕਰਕੇ ਅੰਗਰੇਜ਼ੀ ਮਧਿਅਮ ਨੂੰ ਹੱਲਾਸ਼ੇਰੀ ਦਿੱਤੀ ਹੈ। ਪ੍ਰੀ-ਪ੍ਰਾਇਮਰੀ ਬਾਬਤ ਆਪਾ-ਵਿਰੋਧੀ ਸਮਝ, ਕਥਨ ਅਤੇ ਅਮਲ ਸਪਸ਼ਟ ਹੀ ਹਨ। ਇਕ ਪਾਸੇ ਮੁੱਢਲੀ ਉਮਰ ਵਿਚ ਪੌਸ਼ਕ ਭੋਜਨ ਦੀ ਲੋੜ ਪੂਰੀ ਕਰਨ ਅਤੇ ਰਸਮੀ ਪੜ੍ਹਾਈ ਦੀ ਥਾਂ ਖੇਡ ਖੇਡ ਵਿਚ ਸਿੱਖਣ ਦੀ ਆਦਤ ਪਾਉਣ ਦੀ ਗੱਲ ਕੀਤੀ ਹੈ, ਦੂਜੇ ਪਾਸੇ ਇਨ੍ਹਾਂ ਨੂੰ ਪੜ੍ਹਾਉਣ ਦੀ ਲੋੜ ਦੱਸ ਕੇ ਸਿੱਖਿਆ ਵਿਭਾਗ ਤਹਿਤ ਕਰਨ ਦੀ ਤਜਵੀਜ਼ ਰਾਹੀਂ ਆਂਗਨਵਾੜੀਆਂ ਨੂੰ ਸਕੂਲਾਂ ਵਿਚ ਰਲਾਉਣ ਦਾ ਮੁੱਢ ਬੰਨ੍ਹ ਦਿੱਤਾ ਹੈ। ਕੰਟਰੋਲ ਹਟਾ ਕੇ ਗੁਰੂਕੁਲ, ਪਾਠਸ਼ਾਲਾ, ਮਦਰਸਾ ਆਦਿ ਨੂੰ ਮਨਮਰਜ਼ੀ ਨਾਲ ਗੈਰ ਵਿਗਿਆਨਕ, ਆਪਣੇ ਅਕੀਦਿਆਂ ਅਨੁਸਾਰ ਭਿੰਨ-ਭੇਦ ਵਾਲੀ ਅਣਸਿੱਖਿਅਤ ਅਮਲੇ ਰਾਹੀਂ ਨੀਵੇਂ ਪੱਧਰ ਦੀ ਵਿਦਿਆ ਸਰਕਾਰੀ ਸਹਾਇਤਾ ਨਾਲ ਦੇਣ ਦਾ ਰਾਹ ਖੋਲ੍ਹ ਦਿੱਤਾ।

ਉਚ ਸਿੱਖਿਆ, ਕਿੱਤਾ ਮੁਖੀ ਜਾਂ ਪ੍ਰੋਫੈਸ਼ਨਲ ਸਿੱਖਿਆ ਦੇ ਖੇਤਰ ਵਿਚ ਵੀ ਸ਼ਬਦਾਂ ਦੇ ਜਾਲ ਰਾਹੀਂ ਸਿੱਖਿਆ ਦੇ ਨਿੱਜੀਕਰਨ ਦੇ ਕਾਰਪੋਰੇਟ ਮਾਡਲ ਨੂੰ ਉਤਸ਼ਾਹਿਤ ਕੀਤਾ ਹੈ। ਕੁੱਝ ਯੂਨੀਵਰਸਿਟੀਆਂ ਨੂੰ ਖੋਜ ਯੂਨੀਵਰਸਿਟੀਆਂ ਵਜੋਂ ਵਿਕਸਿਤ ਕਰਨ ਦੀ ਗੱਲ ਕੀਤੀ ਹੈ ਪਰ ਕਾਲਜਾਂ ਦੀ ਐਫੀਲੀਏਸ਼ਨ ਖਤਮ ਕਰਕੇ ਕਾਲਜਾਂ, ਯੂਨੀਵਰਸਿਟੀਆਂ ਤੇ ਹੋਰ ਪ੍ਰਾਈਵੇਟ ਅਦਾਰਿਆਂ ਨੂੰ ਆਪਣੀ ਡਿਗਰੀ ਦੇਣ ਦਾ ਕਾਨੂੰਨ, ਰੁਜ਼ਗਾਰ ਬਾਜ਼ਾਰ ਵਿਚ ਡਿਗਰੀਆਂ ਦੀ ਬਰਾਬਰੀ ਖਤਮ ਕਰਕੇ ਵੱਡੇ ਕਾਰਪੋਰੇਟ ਅਦਾਰਿਆਂ ਦੀ ਚੌਧਰ ਅਤੇ ਲੁੱਟ ਦਾ ਸਾਮਾਨ ਤਿਆਰ ਕਰਨਾ ਹੈ। ਸੰਸਥਾ ਦੇ ਵੱਕਾਰ ਅਨੁਸਾਰ, ਡਿਗਰੀਆਂ ਦੀ ਦਰਜਾਬੰਦੀ ਕਰਨ ਦੀ ਪਿਰਤ ਨੇ ਮੈਰਿਟ ਦਾ ਮਾਪਦੰਡ ਪੈਸਾ ਬਣਾ ਦੇਣਾ ਹੈ। ਗੁਣਵੱਤਾ ਵਿਚ ਪ੍ਰਾਈਵੇਟ ਸੰਸਥਾਵਾਂ ਨਾਲੋਂ ਬਿਹਤਰ ਸਰਕਾਰੀ ਕਾਲਜ ਤੇ ਯੂਨੀਵਰਸਿਟੀਆਂ, ਪ੍ਰਾਈਵੇਟ ਸੰਸਥਾਵਾਂ ਥੱਲੇ ਲੱਗ ਜਾਣਗੀਆਂ ਤੇ ਪ੍ਰਾਈਵੇਟ ਸਕੂਲਾਂ ਵੱਲ ਦੌੜ ਵਾਂਗ ਪ੍ਰਾਈਵੇਟ ਕਾਲਜਾਂ ਤੇ ਯੂਨੀਵਰਸਿਟੀਆਂ ਵੱਲ ਦੌੜ ਲੱਗ ਜਾਵੇਗੀ।

ਸਰਕਾਰੀ ਅਦਾਰਿਆਂ ਦੀ ਡਿਗਰੀ ਦਾ ਬਰਾਬਰੀ ਵਾਲਾ ਮੁੱਲ ਘਟਣ ਨਾਲ ਇਨ੍ਹਾਂ ਅਦਾਰਿਆਂ ਵਿਚ ਮਜਬੂਰੀ ਵਸ ਪੜ੍ਹਨ ਵਾਲੇ ਅਨੁਸੂਚਿਤ ਜਾਤੀ, ਕਬਾਇਲੀ, ਪਛੜੀਆਂ ਸ਼੍ਰੇਣੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਬੱਚਿਆਂ ਨਾਲ ਵਿਤਕਰਾ ਹੋ ਜਾਵੇਗਾ ਅਤੇ ਪਾੜਾ ਹੋਰ ਵਧ ਜਾਵੇਗਾ। ਪ੍ਰਾਈਵੇਟ ਅਦਾਰੇ ਸਰਕਾਰੀ ਫੰਡ ਬਟੋਰ ਜਾਣਗੇ ਅਤੇ ਸਰਕਾਰੀ ਅਦਾਰੇ ਤਰਸ ਜਾਣਗੇ। ਪ੍ਰਾਈਵੇਟ ਅਦਾਰਿਆਂ ਉਪਰੋਂ ਕੰਟਰੋਲ ਦੇ ਮਾਪਦੰਡ ਜੋ ਪਹਿਲਾਂ ਹੀ ਬਹੁਤ ਢਿੱਲੇ-ਮੱਠੇ ਹਨ, ਖਤਮ ਕਰ ਦਿੱਤੇ ਜਾਣਗੇ।

ਮੈਡੀਕਲ ਕੌਂਸਲ, ਨਰਸਿੰਗ ਕੌਂਸਲ ਨੂੰ ਇਹ ਕਹਿਣਾ ਕਿ ਇਹ ਕੌਂਸਲਾਂ ਤਾਂ ਪੇਸ਼ੇ ਨੂੰ ਕੰਟਰੋਲ ਕਰਨ ਵਾਸਤੇ ਹਨ, ਇਨ੍ਹਾਂ ਦੀ ਸਥਾਪਤੀ ਦੇ ਉਦੇਸ਼ ਤੇ ਕਾਨੂੰਨ ਨੂੰ ਮੁੱਢੋਂ ਹੀ ਅੱਖੋਂ ਓਹਲੇ ਕਰਨਾ ਹੈ। ਇਨ੍ਹਾਂ ਪੇਸ਼ਿਆਂ ਦੀ ਪ੍ਰੈਕਟਿਸ ਵਾਸਤੇ ਕੇਵਲ ਪ੍ਰਵਾਨਤ ਡਿਗਰੀ ਅਤੇ ਕੁੱਝ ਕੁ ਨੈਤਿਕ ਜ਼ਾਬਤਿਆਂ ਤੋਂ ਸਿਵਾਏ ਕਿੱਤੇ ਨੂੰ ਕੰਟਰੋਲ ਕਰਨ ਦਾ ਤਾਂ ਇਨ੍ਹਾਂ ਕੌਂਸਲਾਂ ਕੋਲ ਅਧਿਕਾਰ ਹੀ ਨਹੀਂ ਸਗੋਂ ਇਹ ਕੌਂਸਲਾਂ ਤਾਂ ਪੁਖਤਾ ਟਰੇਨਿੰਗ ਦੀ ਜ਼ਾਮਨੀ ਵਾਸਤੇ ਪੜ੍ਹਾਈ ਦੇ ਮਾਪਦੰਡ ਤੈਅ ਕਰਦੀਆਂ ਹਨ। ਨਵੀਂ ਨੀਤੀ ਇਨ੍ਹਾਂ ਦੀ ਪੜ੍ਹਾਈ ਨੂੰ ਆਮ ਯੂਨੀਵਰਸਿਟੀਆਂ ਦਾ ਹਿੱਸਾ ਬਣਾ ਕੇ, ਮਨਮਰਜ਼ੀ ਦੇ ਮਾਪਦੰਡ ਅਤੇ ਫੀਸਾਂ ਤੈਅ ਕਰਨ ਦਾ ਅਧਿਕਾਰ ਦੇ ਕੇ, ਪੈਰਾ ਮੈਡੀਕਲ ਤੇ ਮੈਡੀਕਲ ਦੀ ਪੜ੍ਹਾਈ ਪਹਿਲੇ ਹਿੱਸੇ ਵਿਚ ਇਕੋ ਕਰਕੇ ਅਤੇ ਆਯੁਰਵੇਦ ਆਦਿ ਵਾਲਿਆਂ ਦੀ ਲੇਟਰਲ ਐਂਟਰੀ ਖੋਲ੍ਹ ਕੇ ਮੁਲਕ ਦੀਆਂ ਆਧੁਨਿਕ ਇਲਾਜ ਪ੍ਰਣਾਲੀ ਦੀਆਂ ਸਿਹਤ ਸੇਵਾਵਾਂ ਨੂੰ ਵੱਡੀ ਢਾਹ ਲਾਉਂਦੀ ਹੈ।

ਜ਼ਾਹਰ ਹੈ, ਇਹ ਨੀਤੀ ਸਿੱਖਿਆ ਦੇ ਵੱਖ-ਵੱਖ ਖੇਤਰਾਂ ਵਿਚ ਲੋੜੀਂਦੇ ਸੁਧਾਰ ਕਰਕੇ ਗੁਣਵੱਤਾ ਤੇ ਗਿਣਤੀ ਵਧਾਉਣ ਦੀ ਥਾਂ ਪੂਰੇ ਦੇ ਪੂਰੇ ਤਾਣੇ-ਬਾਣੇ ਨੂੰ ਉਲਝਾਉਣ ਵਾਲੀ ਤੇ ਪ੍ਰਾਈਵੇਟ ਹੱਥਾਂ ਵਿਚ ਸੌਂਪਣ ਵਾਲੀ, ਸਰਕਾਰੀ ਫੰਡ ਪ੍ਰਾਈਵੇਟ ਅਦਾਰਿਆਂ ਦੇ ਹਵਾਲੇ ਕਰਨ ਤੇ ਕਾਰਪੋਰੇਟ ਹਿਤਾਂ ਦੀ ਪੂਰਤੀ ਵਾਲੀ ਸੰਘੀ ਢਾਂਚੇ ਤੇ ਅਸਹਿ ਚੋਟ ਲਾਉਣ ਵਾਲੀ ਹੈ। ਇਸ ਦੇ ਲਾਗੂ ਹੋਣ ਨਾਲ ਮੁਲਕ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਹੋਵੇਗਾ। ਮੁਲਕ ਦੇ ਹਿਤਾਂ ਦੀ ਰਾਖੀ ਲਈ ਲੋੜ ਹੈ ਕਿ ਇਸ ਉਪਰ ਖੁੱਲ੍ਹ ਕੇ ਚਰਚਾ ਕੀਤੀ ਜਾਵੇ।

## ਪਾਕਿਸਤਾਨ ਤੋਂ ਭਾਰਤੀ ਸਿੱਖ ਜਥਾ ਵਤਨ ਪਰਤਿਆ

**ਅਟਾਰੀ:** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 180ਵੀਂ ਬਰਸੀ ਉਨ੍ਹਾਂ ਦੀ ਸਮਾਧ ਨੇੜੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਚ ਸ਼ਰਧਾ ਨਾਲ ਮਨਾਉਣ ਅਤੇ ਗੁਰਧਾਮਾਂ ਦੇ ਦਰਸ਼ਨ ਕਰਨ ਉਪਰੰਤ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਤੋਂ ਵਿਸ਼ੇਸ਼ ਰੇਲ ਗੱਡੀ ਰਾਹੀਂ ਵਤਨ ਪਰਤਿਆ।

ਰੇਲਵੇ ਸਟੇਸ਼ਨ ਅਟਾਰੀ 'ਤੇ ਗੱਲਬਾਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ 25 ਜੁਲਾਈ ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਤੋਂ ਗੁਰਦੁਆਰਾ ਗੁਰੂ ਕੀ ਬੇਰ ਸੁਲਤਾਨਪੁਰ ਲੋਧੀ (ਭਾਰਤ) ਤੱਕ ਸਜਾਏ ਜਾਣ ਵਾਲੇ ਕੌਮਾਂਤਰੀ ਨਗਰ ਕੀਰਤਨ ਸਬੰਧੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ ਅਤੇ ਪਾਕਿਸਤਾਨ ਔਕਾਫ ਬੋਰਡ ਦੇ ਉੱਚ ਅਧਿਕਾਰੀਆਂ ਨੂੰ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਤੋਂ ਨਗਰ ਕੀਰਤਨ ਲੈ ਕੇ ਆਉਣ ਸਮੇਂ ਹਰ ਤਰ੍ਹਾਂ ਨਾਲ ਸਹਿਯੋਗ ਦਿੱਤਾ ਜਾਵੇਗਾ। ਇਸ ਨਗਰ ਕੀਰਤਨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਹੋਰ ਆਗੂ ਸ਼ਾਮਲ ਹੋਣਗੇ।

ਡਾ. ਰੂਪ ਸਿੰਘ ਨੇ ਕਿਹਾ ਪਾਕਿਸਤਾਨ ਵਿਚ ਪ੍ਰਕਾਸ਼ ਪੁਰਬ ਮੌਕੇ ਭਾਰਤ ਤੋਂ 10 ਹਜ਼ਾਰ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨਾਂ ਲਈ ਪਾਕਿ ਸਰਕਾਰ ਵੱਲੋਂ ਵੀਜ਼ੇ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਲਾਂਘਾ 9 ਨਵੰਬਰ ਤੇ ਭਾਰਤ ਸਰਕਾਰ ਵੱਲੋਂ 11 ਨਵੰਬਰ ਨੂੰ ਮੁਕੰਮਲ ਕਰਨ ਦਾ ਦਿਨ ਮੁਕੱਰਰ ਕੀਤਾ ਗਿਆ ਹੈ।

ਜਥੇ ਦੇ ਆਗੂ ਗੁਰਮੀਤ ਸਿੰਘ ਬੂਹ ਨੇ ਕਿਹਾ ਕਿ ਲਾਹੌਰ ਵਿਚ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਉਨ੍ਹਾਂ ਦੀ ਸਮਾਧ ਨੇੜੇ ਮਨਾਈ ਗਈ। ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਦੌਰਾਨ ਭਾਰਤੀ ਸਿੱਖ ਸ਼ਰਧਾਲੂਆਂ ਨੇ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਰਾਵਲਪਿੰਡੀ, ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ, ਗੁਰਦੁਆਰਾ ਸੱਚਾ ਸੌਦਾ (ਫਾਰੂਕਾਬਾਦ), ਗੁਰਦੁਆਰਾ ਰੋੜੀ ਸਾਹਿਬ (ਐਮਨਾਬਾਦ), ਗੁਰਦੁਆਰਾ ਡੇਹਰਾ ਸਾਹਿਬ ਲਾਹੌਰ, ਗੁਰਦੁਆਰਾ ਚੂਨਾ ਮੰਡੀ, ਗੁਰਦੁਆਰਾ ਭਾਈ ਤਾਰੂ ਸਿੰਘ (ਸ਼ਹੀਦੀ ਸਥਾਨ), ਗੁਰਦੁਆਰਾ ਸਿੰਘ-ਸਿੰਘਣੀਆਂ, ਲਾਹੌਰ ਦੇ ਦਰਸ਼ਨ ਦੀਦਾਰ ਕੀਤੇ।

ਪਟਿਆਲਾ ਵਾਸੀ ਦਰਸ਼ਨ ਸਿੰਘ ਨੇ ਦੱਸਿਆ ਕਿ ਕਰਤਾਰਪੁਰ ਸਾਹਿਬ ਨੂੰ ਜਾਣ ਵਾਲੀ ਸੜਕ ਖਰਾਬ ਹੋਣ ਕਾਰਨ ਸਿੱਖ ਸ਼ਰਧਾਲੂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਨਹੀਂ ਕਰ ਸਕੇ।

## ਸੁਪਰੀਮ ਕੋਰਟ ਦੇ ਫੈਸਲੇ ਹੁਣ ਸੱਤ ਖੇਤਰੀ ਭਾਸ਼ਾਵਾਂ 'ਚ ਵੀ ਆਉਣਗੇ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਫੈਸਲੇ ਹੁਣ ਜਲਦੀ ਹੀ ਸੱਤ ਖੇਤਰੀ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਲੋਕਾਂ ਨੂੰ ਮਿਲਣ ਲੱਗਣਗੇ। ਸੁਪਰੀਮ ਕੋਰਟ ਦੇ ਫੈਸਲੇ ਇਸ ਦੀ ਵੈਬਸਾਈਟ ਉਤੇ ਹਿੰਦੀ ਤੇਲਗੂ, ਆਸਾਮੀ, ਮਰਾਠੀ, ਕੰਨੜ, ਉੜੀਆ ਅਤੇ ਤਾਮਿਲ ਭਾਸ਼ਾਵਾਂ ਵਿਚ ਇਸ ਮਹੀਨੇ ਦੇ ਅਖੀਰ ਤੱਕ ਆ ਜਾਣਗੇ।

ਪਿਛਲੇ ਸਾਲ ਚੀਫ ਜਸਟਿਸ ਰੰਜਨ ਗੋਗੋਈ ਨੇ ਕਿਹਾ ਸੀ ਕਿ ਉਹ ਚਾਹੁੰਦੇ ਹਨ ਕਿ ਲੋਕਾਂ ਨੂੰ ਸੁਪਰੀਮ ਕੋਰਟ ਦੇ ਫੈਸਲੇ ਆਪਣੀ ਮਾਤ ਭਾਸ਼ਾ ਵਿਚ ਪੜ੍ਹਨ ਦਾ ਵੀ ਮੌਕਾ ਮਿਲੇ। ਜੁਲਾਈ ਦੇ ਅਖੀਰ ਤੱਕ ਲੋਕਾਂ ਨੂੰ ਸੁਪਰੀਮ ਕੋਰਟ ਦੇ ਫੈਸਲੇ ਇਸ ਦੀ ਵੈਬਸਾਈਟ ਉਤੇ ਅਨੁਵਾਦ ਹੋ ਕੇ ਮਿਲਣ ਲੱਗ ਜਾਣਗੇ। ਇਸ ਦੌਰਾਨ ਡੀ.ਐਮ.ਕੇ. ਆਗੂ ਐਮ ਕੇ ਸਟਾਲਿਨ ਨੇ ਸਵਾਗਤ ਕਰਦਿਆਂ ਕਿਹਾ ਕਿ ਤਾਮਿਲਨਾਡੂ ਦਾ ਨਾਮ ਨਾ ਹੋਣ ਉਤੇ ਠੇਸ ਲੱਗੀ ਹੈ।

## ਹਰਿਆਣਵੀ ਕਲਾਕਾਰ ਸਪਨਾ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ:** ਭਾਜਪਾ ਨੇ ਕੌਮੀ ਰਾਜਧਾਨੀ ਦਿੱਲੀ ਵਿਚ ਉਘੀ ਹਰਿਆਣਵੀ ਗਾਇਕਾ ਸਪਨਾ ਚੌਧਰੀ ਨੂੰ ਪਾਰਟੀ ਵਿਚ ਸ਼ਾਮਲ ਕਰਦਿਆਂ ਮੈਂਬਰਸ਼ਿਪ ਮੁਹਿੰਮ ਦਾ ਆਗਾਜ਼ ਕੀਤਾ। ਸਪਨਾ ਪਾਰਟੀ ਦੇ ਸੀਨੀਅਰ ਮੈਂਬਰਾਂ ਦਿੱਲੀ ਯੂਨਿਟ ਦੇ ਪ੍ਰਧਾਨ ਮਨੋਜ ਤਿਵਾੜੀ ਅਤੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੀ ਮੌਜੂਦਗੀ ਵਿਚ ਪਾਰਟੀ ਵਿਚ ਸ਼ਾਮਲ ਹੋਈ।

ਚੌਧਰੀ ਨੇ ਮਈ ਵਿਚ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਲਈ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ ਸੀ ਪਰ ਉਹ ਪਾਰਟੀ ਵਿਚ ਸ਼ਾਮਲ ਨਹੀਂ ਹੋਈ ਸੀ, ਜਦੋਂ ਕਿ ਚਰਚਾ ਸੀ ਕਿ ਉਹ ਚੋਣ ਲੜ ਸਕਦੀ ਹੈ।



ਇਸ ਤੋਂ ਪਹਿਲਾਂ ਮਾਰਚ ਵਿਚ ਕਾਂਗਰਸੀ ਆਗੂਆਂ ਪ੍ਰਿਅੰਕਾ ਗਾਂਧੀ ਵਾਡਰਾ ਅਤੇ ਰਾਜ ਬੱਬਰ ਨੇ ਟਵਿੱਟਰ 'ਤੇ ਐਲਾਨ ਕੀਤਾ ਸੀ ਕਿ ਉਹ ਕਾਂਗਰਸ ਵਿਚ ਸ਼ਾਮਲ ਹੋ ਗਈ ਹੈ, ਜਦੋਂ ਕਿ ਉਸ ਨੇ ਇਸ ਤੋਂ ਇਨਕਾਰ ਕੀਤਾ ਸੀ। ਚੌਧਰੀ ਤੋਂ ਇਲਾਵਾ, ਸੱਤ ਹੋਰ ਵਿਅਕਤੀ ਜਵਾਹਰ ਲਾਲ ਸਟੇਡੀਅਮ ਵਿਚ ਕਰਵਾਏ ਸਮਾਗਮ ਦੌਰਾਨ ਭਾਜਪਾ ਵਿਚ ਸ਼ਾਮਲ ਹੋਏ। ਭਾਜਪਾ ਦੀ ਮੈਂਬਰਸ਼ਿਪ ਮੁਹਿੰਮ ਦਿੱਲੀ ਵਿਚ 11 ਅਗਸਤ ਨੂੰ ਖਤਮ ਹੋਵੇਗੀ। ਪਾਰਟੀ ਦੀ ਮੈਂਬਰਸ਼ਿਪ ਲਈ ਆਨਲਾਈਨ ਰਜਿਸਟਰੇਸ਼ਨ ਵੀ ਕਰਵਾਈ ਜਾ ਸਕਦੀ ਹੈ।

## ਸੁਪਰੀਮ ਕੋਰਟ ਵੱਲੋਂ 7 ਦੋਸ਼ੀਆਂ ਦੀ ਫਾਂਸੀ ਦੀ ਸਜ਼ਾ 'ਤੇ ਰੋਕ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਰੋਹਤਕ ਵਿਚ 2015 ਨੂੰ ਇਕ ਨਿਪਾਲੀ ਔਰਤ ਨਾਲ ਹੋਏ ਜਬਰ ਜਨਾਹ ਤੇ ਹੱਤਿਆ ਦੇ ਮਾਮਲੇ 'ਚ 7 ਦੋਸ਼ੀਆਂ ਦੀ ਫਾਂਸੀ ਦੀ ਸਜ਼ਾ ਉਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਦੋਸ਼ੀਆਂ ਵੱਲੋਂ ਦਾਇਰ ਕੀਤੀ ਉਸ ਪਟੀਸ਼ਨ ਨੂੰ ਮਨਜ਼ੂਰ ਕਰ ਲਿਆ ਜਿਸ 'ਚ ਪੰਜਾਬ-ਹਰਿਆਣਾ ਹਾਈ ਕੋਰਟ ਵੱਲੋਂ ਦਿੱਤੀ ਸਜ਼ਾ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਗਈ ਸੀ।

ਹਰਿਆਣਾ ਦੀ ਜ਼ਿਲ੍ਹਾ ਰੋਹਤਕ ਸੈਸ਼ਨ ਅਦਾਲਤ ਨੇ ਮਾਨਸਿਕ ਤੌਰ 'ਤੇ ਬਿਮਾਰ ਨਿਪਾਲੀ ਔਰਤ ਨਾਲ 1 ਫਰਵਰੀ, 2015 'ਚ ਜਬਰ ਜਨਾਹ ਤੇ ਉਸ ਦੀ ਹੱਤਿਆ ਕਰਨ ਦੇ ਦੋਸ਼ 'ਚ 7 ਲੋਕਾਂ ਨੂੰ ਦੋਸ਼ੀ ਠਹਿਰਾਉਂਦੇ ਹੋਏ ਮੌਤ ਦੀ ਸਜ਼ਾ ਸੁਣਾਈ ਸੀ। ਇਸ ਤੋਂ ਬਾਅਦ ਇਸੇ ਸਾਲ 20 ਮਾਰਚ ਨੂੰ ਪੰਜਾਬ-ਹਰਿਆਣਾ ਹਾਈ ਕੋਰਟ ਨੇ ਦੋਸ਼ੀਆਂ ਦੀ ਅਪੀਲ ਖਾਰਜ ਕਰ ਦਿੱਤੀ ਸੀ ਤੇ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਬਰਕਰਾਰ ਰੱਖਦੇ ਹੋਏ ਜੁਰਮਾਨੇ ਦੀ ਰਕਮ ਨੂੰ 1.75 ਲੱਖ ਤੋਂ ਵਧਾ ਕੇ 50 ਲੱਖ ਰੁਪਏ ਕਰ ਦਿੱਤਾ ਸੀ।

ਇਹ ਘਟਨਾ ਰੋਹਤਕ ਜ਼ਿਲ੍ਹੇ ਦੇ ਗੱਡੀਖੇੜਾ ਪਿੰਡ 'ਚ ਵਾਪਰੀ ਸੀ। ਦੋਸ਼ੀਆਂ ਨੇ ਪੀੜਤਾ ਨਾਲ ਸਮੂਹਿਕ ਜਬਰ ਜਨਾਹ ਬਾਅਦ ਪੱਥਰ ਮਾਰ-ਮਾਰ ਕੇ ਕਤਲ ਕਰ ਦਿੱਤਾ ਸੀ। ਪੁਲਿਸ ਨੇ 7 ਲੋਕਾਂ ਨੂੰ ਫੜਿਆ ਸੀ ਜਦੋਂ ਕਿ 8ਵੇਂ ਅਪਰਾਧੀ ਜੋ ਫਰਾਰ ਸੀ, ਨੇ ਦਿੱਲੀ 'ਚ ਖੁਦਕੁਸ਼ੀ ਕਰ ਲਈ ਸੀ।

## ਭਾਰਤੀ ਮਹਿਲਾ ਫਿਲਮਸਾਜ਼ ਨੇ ਬਰਮਿੰਘਮ ਭਾਰਤੀ ਫਿਲਮ ਮੇਲੇ 'ਚ ਜਿੱਤਿਆ ਐਵਾਰਡ

**ਲੰਡਨ:** ਭਾਰਤੀ ਫਿਲਮਸਾਜ਼ ਰੋਹਿਣਾ ਗੇਰਾ ਨੇ ਯੂਕੇ ਵਿਚ ਹੋਏ ਬਰਮਿੰਘਮ ਭਾਰਤੀ ਫਿਲਮ ਮੇਲੇ ਵਿਚ ਆਪਣੀ ਪਲੇਠੀ ਫੀਚਰ ਫਿਲਮ 'ਸਰ' ਲਈ ਆਡੀਐਂਸ ਐਵਾਰਡ ਜਿੱਤਿਆ ਹੈ। ਦਰਸ਼ਕਾਂ ਤੇ ਆਲੋਚਕਾਂ ਨੇ ਇਸ ਫਿਲਮ ਦੀ ਕਾਫੀ ਸ਼ਲਾਘਾ ਕੀਤੀ ਸੀ। ਫਿਲਮ ਵਿਚ ਟੀਲੋਤਾਮਾ ਸ਼ੋਮ ਤੇ ਵਿਵੇਕ ਗੋਂਬਰ ਨੇ ਮੁੱਖ ਭੂਮਿਕਾ ਨਿਭਾਈ ਸੀ। ਗੇਰਾ ਨੇ ਕਿਹਾ, 'ਮੇਰੇ ਲਈ ਇਹ ਮਾਇਨੇ ਰੱਖਦਾ ਹੈ ਕਿ ਫਿਲਮ ਯੂਕੇ ਦੇ ਦਰਸ਼ਕਾਂ ਦੇ ਕਾਫੀ ਕਰੀਬ ਰਹੀ। ਮੈਂ ਦਰਸ਼ਕਾਂ ਦੀ ਪਸੰਦ ਬਣ ਕੇ ਮਾਣ ਮਹਿਸੂਸ ਕਰ ਰਹੀ ਹਾਂ।' ਪੰਜਵੇਂ ਬਰਮਿੰਘਮ ਭਾਰਤੀ ਫਿਲਮ ਮੇਲੇ ਦਾ ਆਗਾਜ਼ ਫਿਲਮਸਾਜ਼ ਅਨੁਭਵ ਸਿਨਹਾ ਦੀ ਸਮਾਜਿਕ ਥ੍ਰਿਲਰ 'ਆਰਟੀਕਲ 15' ਨਾਲ ਹੋਇਆ ਸੀ ਜਦੋਂਕਿ ਅੰਤ ਰਿਤੇਸ਼ ਬੱਤਰਾ ਦੀ ਫਿਲਮ 'ਫੋਟੋਗ੍ਰਾਫ' ਨਾਲ ਹੋਇਆ। ਬਰਮਿੰਘਮ ਸਿਟੀ ਯੂਨੀਵਰਸਿਟੀ ਵਿਚ ਸਿਨੇਮਾ ਦੇ ਹੈੱਡ ਧਰਮੇਸ਼ ਰਾਜਪੂਤ ਨੇ ਕਿਹਾ, 'ਮੈਨੂੰ ਮਾਣ ਹੈ ਕਿ ਫਿਲਮ ਮੇਲੇ ਨੇ ਦੱਖਣੀ ਏਸ਼ਿਆਈ ਫਿਲਮਾਂ, ਜਿਨ੍ਹਾਂ ਨੂੰ ਆਮ ਕਰਕੇ ਯੂਕੇ 'ਚ ਨਹੀਂ ਵੇਖਿਆ ਜਾਂਦਾ, ਨੂੰ ਇਕ ਮੰਚ ਮੁਹੱਈਆ ਕਰਵਾਇਆ ਹੈ।'

# ਜਦੋਂ ਮੈਂ ਜ਼ਿਲੇ 'ਚ ਸਰਕਾਰੀ ਛੁੱਟੀ ਦਾ ਐਲਾਨ ਕਰ ਬੈਠਾ

**ਅੰਦਰ-ਖਾਤੇ**



**ਐਸ. ਅਸ਼ੋਕ ਭੌਰਾ**

ਵਕਤ ਬਦਲਿਆਂ ਕਈ ਕੁਝ ਨਹੀਂ ਬਦਲਦਾ, ਬਹੁਤ ਕੁਝ ਬਦਲ ਜਾਂਦਾ ਹੈ-ਤੁਹਾਡੇ ਉਦੇਸ਼ ਬਦਲ ਜਾਂਦੇ ਨੇ, ਸੋਚ ਬਦਲ ਜਾਂਦੀ ਹੈ, ਉਮੀਦਾਂ ਤੇ ਆਸਾਂ ਦਾ ਸਿਧਾਂਤ ਬਦਲ ਜਾਂਦਾ ਹੈ। ਇਹ ਵਕਤ ਹੀ ਹੱਥ ਦਿਖਾਉਂਦਾ ਹੈ ਕਿ ਮੋਤੀਆਂ ਵਰਗੇ ਦੰਦ ਕਰੇਲੇ ਦੇ ਬੀਆਂ ਵਰਗੇ ਬਣ ਜਾਂਦੇ ਨੇ। ਅੱਖਾਂ 'ਤੇ ਮੋਟੀਆਂ ਐਨਕਾਂ ਲੱਗ ਜਾਂਦੀਆਂ ਨੇ। ਕਈਆਂ ਦੇ ਕੰਨ ਮਸ਼ੀਨਾਂ ਮੰਗਣ ਲੱਗ ਪੈਂਦੇ ਨੇ, ਝੁਰੜੀਆਂ ਤੁਹਾਨੂੰ ਦੱਸਣ ਲੱਗ ਪੈਂਦੀਆਂ ਨੇ ਕਿ ਜ਼ਿੰਦਗੀ ਦਾ ਰੰਗ ਮੁੱਕ ਗਿਆ ਹੈ। ਸ਼ੀਸ਼ਾ ਦੇਖ ਕੇ ਬੰਦਾ ਕਚੀਚੀਆਂ ਵੱਟਦਾ ਹੈ ਕਿ ਮੂਰਖ ਲੋਕ ਨੇ, ਜਿਨ੍ਹਾਂ ਨੇ ਸ਼ੀਸ਼ਾ ਬਣਾਇਆ ਹੈ ਕਿਉਂਕਿ ਇਕ ਵਕਤ ਅਜਿਹਾ ਹੁੰਦਾ ਹੈ, ਜਦੋਂ ਤੁਸੀਂ ਜਵਾਨੀ ਚੇਤੇ ਕਰਕੇ ਬੇਇੱਜਤ ਸ਼ੀਸ਼ੇ ਦੇ ਹੱਥੋਂ ਹੀ ਹੋਣਾ ਹੁੰਦਾ ਹੈ।

ਚਲੋ ਖੈਰ! ਕੁਝ ਵੀ ਐ ਬੰਦਾ ਜ਼ਿੰਦਗੀ 'ਚ ਇਕ ਵਾਰ ਸਿਕੰਦਰ ਜ਼ਰੂਰ ਹੁੰਦੈ। ਇਹ ਵੱਖਰੀ ਗੱਲ ਹੈ ਕਿ ਕਈ ਘਰ ਵਾਲੀ ਲਈ ਸਿਕੰਦਰ ਹੁੰਦੇ ਨੇ, ਕਈ ਪੁੱਤਾਂ ਲਈ ਤੇ ਕਈ ਪਰਿਵਾਰਾਂ ਲਈ, ਪਰ ਬਹੁਤ ਘੱਟ ਹਾਲਾਤ ਅਜਿਹੇ ਨੇ, ਜਦੋਂ ਤੁਹਾਨੂੰ ਸਮਾਂ ਸਿਕੰਦਰ ਮੰਨ ਰਿਹਾ ਹੁੰਦਾ ਹੈ। ਇਹ ਘਟਨਾ ਹੀ ਨਹੀਂ, ਮੈਨੂੰ ਹੁਣ ਦੁਰਘਟਨਾ ਲੱਗਦੀ ਰਹਿੰਦੀ ਹੈ। ਹੁਣ ਹੋ ਸਕਦੈ ਕਿ ਕੋਈ ਤਹਿਸੀਲਦਾਰ ਵੀ ਮੇਰਾ ਕਹਿਣਾ ਨਾ ਮੰਨੇ, ਕੋਈ ਦਫਤਰੀ ਬਾਬੂ ਵੀ ਨਾ ਪਛਾਣੇ, ਪਰ ਇਕ ਵਾਰ ਸਮਾਂ ਅਜਿਹਾ ਸੀ, ਜਦੋਂ ਮੈਂ ਜ਼ਿਲਾ ਮੈਜਿਸਟ੍ਰੇਟ ਤਾਂ ਨਹੀਂ ਸੀ, ਪਰ ਮੈਂ ਜ਼ਿਲੇ ਦੀ ਛੁੱਟੀ ਦਾ ਐਲਾਨ ਕਰਨ ਦੇ ਸਮਰੱਥ ਹੋ ਗਿਆ ਸੀ। ਬੜਾ ਅਜੀਬ ਲੱਗੇਗਾ ਜਾਂ ਅਜਿਹੀ ਸਥਿਤੀ, ਜਿੱਥੇ ਤੁਹਾਡੇ ਖਾਜ ਹੁੰਦੀ ਹੋਵੇ, ਉਥੇ ਹੱਥ ਨਾ ਪੁੱਜ ਰਿਹਾ ਹੋਵੇ।

ਜਿਹੜੇ ਜਲੰਧਰ ਤੋਂ ਸ੍ਰੀ ਅਨੰਦਪੁਰ ਸਾਹਿਬ ਜਾਂਦੇ ਨੇ, ਉਨ੍ਹਾਂ ਨੂੰ ਪਤਾ ਹੈ ਕਿ ਬੰਗਾ ਤੋਂ ਅੱਗੇ ਇਕ ਕਸਬਾ ਆਉਂਦੈ ਗੜ੍ਹਸ਼ੰਕਰ। ਗੜ੍ਹਸ਼ੰਕਰ ਵਾਲੀ ਨਹਿਰ ਟੱਪੋ ਤਾਂ ਖੱਬੇ ਹੱਥ ਦਿਸਦੈ ਮਾਹਲ ਥਿਏਟਰ। ਇਤਫਾਕ ਇਹ ਸੀ ਕਿ ਮੈਂ ਇਸ ਥਿਏਟਰ ਵਿਚ ਫਿਲਮ ਕੋਈ ਵੀ ਨ੍ਹੀਂ ਸੀ ਵੇਖੀ। ਕਿਸੇ ਵੇਲੇ ਸਾਡੇ ਗੁਆਂਢੀ ਪਿੰਡ ਦੇ ਬਾਬੂ ਦਾ ਇਹ ਥਿਏਟਰ ਹੁੰਦਾ ਸੀ, ਹੁਣ ਮੈਨੂੰ ਪਤਾ ਨਹੀਂ। ਪਰ ਇਸ ਥਿਏਟਰ ਵਿਚ ਜੋ ਫਿਲਮ ਮੈਂ ਚਲਾਈ, ਉਹ ਸ਼ੂਟ ਨਹੀਂ ਕੀਤੀ ਗਈ ਸੀ, ਕਲਾਕਾਰਾਂ ਦਾ ਸਿੱਧਾ ਪ੍ਰਸਾਰਣ ਸੀ।

ਗੱਲ 1993 ਦੀ ਹੈ, ਗੋਲਡਨ ਸਟਾਰ ਮਲਕੀਤ ਸਿੰਘ ਨੂੰ ਮੈਂ ਸ਼ੌਂਕੀ ਮੇਲੇ 'ਚ ਸ਼ਿਰਕਤ ਕਰਨ ਲਈ ਮਨਾਇਆ। ਨਵਿਆਂ ਨੂੰ ਦੱਸ ਦਿਆਂ ਕਿ ਸ਼ੌਂਕੀ ਮੇਲਾ 'ਛੋਟੇ ਲਾਲ ਦੋ ਪਿਆਰੇ', 'ਸਾਹਿਬਾਂ 'ਵਾਜਾਂ ਮਾਰਦੀ', 'ਆ ਜਾ ਭਾਬੀ ਝੂਟ ਲੈ ਪੀਂਘ ਹੁਲਾਰੇ ਲੈਂਦੀ' ਵਰਗੇ ਅਮਰ ਗੀਤ ਗਾਉਣ ਵਾਲੇ ਢਾਡੀ ਅਮਰ ਸਿੰਘ ਸ਼ੌਂਕੀ ਦੀ ਯਾਦ 'ਚ ਲੱਗਦਾ ਸੀ। ਗੜ੍ਹਸ਼ੰਕਰ ਤੋਂ ਤਿੰਨ ਮੀਲ 'ਤੇ ਸ਼ੌਂਕੀ ਦਾ ਪਿੰਡ ਭਜਲਾਂ ਹੈ, ਤੇ ਅੱਗੇ 13 ਕਿਲੋਮੀਟਰ 'ਤੇ ਮਾਹਿਲਪੁਰ, ਜਿੱਥੋਂ ਦੀ ਧਰਤੀ ਨਾਲ ਇਹ ਮੇਲਾ ਗਲਵੱਕੜੀ ਹੋਇਆ ਰਿਹਾ। ਉਨ੍ਹੀਂ ਦਿਨੀਂ ਮਲਕੀਤ ਦਾ 'ਤੂਤਕ ਤੂਤਕ ਤੂਤੀਆਂ' ਗੀਤ ਕਰਕੇ ਕਰੇਜ਼ ਬੜਾ ਸੀ। ਇਹ ਕੋਈ ਪੱਖਪਾਤੀ ਗੱਲ ਨਹੀਂ, ਆਮ ਪੰਜਾਬੀ ਮਲਕੀਤ ਦੁਆਲੇ ਏਨਾ ਝੁਰਮੁਟ ਪਾ ਸਕਦੇ ਸਨ, ਜਿੰਨਾ ਅੱਜ ਕੱਲ ਅਮਿਤਾਭ ਜਾਂ ਸ਼ਾਹਰੁਖ ਖਾਨ ਦੇ ਦੁਆਲੇ ਪੈਂਦਾ ਹੈ।

28, 29 ਜਨਵਰੀ 1993 ਦੇ ਪੰਜਵੇਂ ਸ਼ੌਂਕੀ ਮੇਲੇ 'ਤੇ ਜਦੋਂ ਮੈਂ ਮਲਕਿਅਤ ਦੇ ਆਉਣ ਦਾ ਐਲਾਨ ਕੀਤਾ ਤਾਂ ਦਰਸ਼ਕਾਂ ਨੇ ਹੀ ਬੜੀ ਉਤਸੁਕਤਾ ਨਹੀਂ ਦਿਖਾਈ, ਸਗੋਂ ਹੁਸ਼ਿਆਰਪੁਰ ਦਾ ਸਾਰਾ ਪ੍ਰਸ਼ਾਸਨ ਇਹ ਮੇਲਾ ਵੇਖਣ ਤੇ ਮਲਕੀਤ ਨਾਲ ਤਸਵੀਰਾਂ ਖਿਚਵਾਉਣ ਲਈ ਉਤਾਵਲਾ ਹੋ ਗਿਆ ਸੀ। ਗੜ੍ਹਸ਼ੰਕਰ ਉਨ੍ਹੀਂ ਦਿਨੀਂ ਸਤਵੰਤ ਸਿੰਘ ਜੌਹਲ ਐਸ. ਡੀ. ਐਮ. ਲੱਗੇ ਹੋਏ ਸਨ। ਉਹ ਅਫਸਰ ਤਾਂ ਸੀ ਹੀ, ਮੇਰੇ ਨਿੱਜੀ ਮਿੱਤਰਾਂ 'ਚੋਂ ਵੀ ਸੀ। ਮੈਨੂੰ ਦਫਤਰ ਬੁਲਾਇਆ ਤੇ ਕਹਿਣ ਲੱਗਾ ਕਿ ਕਿਉਂ ਨਾ ਆਪਾਂ ਇਕ ਤੀਰ ਨਾਲ ਦੋ ਨਿਸ਼ਾਨੇ ਮਾਰ ਲਈਏ। ਜ਼ਿਲਾ ਰੈਡ ਕਰਾਸ ਲਈ ਇਕ ਨਾਈਟ ਕਰਵਾ ਲਈਏ। ਮੈਂ ਮਲਕੀਤ ਨੂੰ ਬਿਨਾ ਪੁੱਛੇ ਹੀ ਹਾਂ ਕਰ ਦਿੱਤੀ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਗੁਰਮੇਲ ਸਿੰਘ ਬੈਂਸ ਸਨ। ਉਨ੍ਹਾਂ ਨੇ ਮੇਰੇ ਕੋਲ ਏਲਚੀ ਭੇਜਿਆ ਕਿ ਸੱਚੀਂ ਮੁੱਚੀਂ ਹੀ ਮਲਕੀਤ ਆਏਗਾ? ਕਿਉਂ ਜੋ ਸਾਡੇ ਕੁਝ ਰਿਸ਼ਤੇਦਾਰ ਵੀ ਉਸ ਨੂੰ ਵੇਖਣ ਲਈ ਕਾਹਲੇ ਹਨ।



ਤਸਵੀਰ ਵਿਚ ਲੇਖਕ ਨਾਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਗੁਰਮੇਲ ਸਿੰਘ ਬੈਂਸ (ਐਨ ਸੱਜੇ), ਐਸ. ਡੀ. ਐਮ. ਸਤਵੰਤ ਸਿੰਘ ਜੌਹਲ ਅਤੇ ਮਰਹੂਮ ਜ਼ੋਰਾਵਰ ਸਿੰਘ ਬੈਂਸ 1993 ਦੇ ਸ਼ੌਂਕੀ ਮੇਲੇ 'ਚ।

ਚਲੋ, ਇਹ ਤੈਅ ਹੋ ਗਿਆ ਕਿ ਮੇਲੇ ਤੋਂ ਇਕ ਦਿਨ ਪਹਿਲਾਂ ਗੜ੍ਹਸ਼ੰਕਰ ਦੇ ਮਾਹਲ ਥਿਏਟਰ 'ਚ ਰੈਡ ਕਰਾਸ ਨਾਈਟ ਹੋਵੇਗੀ। 28, 29 ਜਨਵਰੀ ਨੂੰ ਸ਼ੌਂਕੀ ਮੇਲਾ ਸੀ, 26 ਜਨਵਰੀ ਨੂੰ ਸਰਕਾਰੀ ਸਮਾਗਮ ਸਨ, 25 ਜਨਵਰੀ ਨੂੰ ਮਲਕੀਤ ਨੇ ਇੰਗਲੈਂਡ ਤੋਂ ਜਲੰਧਰ ਪਹੁੰਚਣਾ ਸੀ ਤੇ 30 ਸ਼ਾਮ ਦੀ ਵਾਪਸੀ ਸੀ। ਇਸ ਕਰਕੇ 27 ਜਨਵਰੀ ਹੀ ਫਿੱਟ ਬੈਠਦੀ ਸੀ। ਗੱਲ ਮਲਕੀਤ ਤੱਕ ਹੀ ਨਹੀਂ ਮੁੱਕੀ, ਮੈਂ ਇਸ ਨਾਈਟ 'ਚ ਸਰੂਪ ਪਰਿੰਦਾ ਤੇ ਦੇਸ ਰਾਜ ਯਾਨਿ 'ਅਤਰੋ ਤੇ ਚਤਰੋ' ਨੂੰ ਵੀ ਲੈ ਕੇ ਆਇਆ। ਉਨ੍ਹੀਂ ਦਿਨੀਂ 'ਸੌਂ ਜਾ ਬੱਬੂਆ ਮਾਣੋ ਬਿੱਲੀ ਆਈ ਆ' ਵਾਲੇ ਕਮਲਜੀਤ ਨੀਲੋਂ ਦਾ ਵੀ ਵੱਡਾ ਸਟਾਰਡਮ ਸੀ, ਉਹ ਵੀ ਆਇਆ। ਜਸਵਿੰਦਰ ਭੱਲਾ ਤੇ ਬਾਲ ਮੁਕੰਦ ਸ਼ਰਮਾ ਵੀ।

ਅਸਲ 'ਚ ਸ਼ੌਂਕੀ ਮੇਲੇ ਤੋਂ ਇਕ ਦਿਨ ਪਹਿਲਾਂ ਮੇਲਾ, ਤੇ ਉਹ ਵੀ ਰਾਤ ਨੂੰ ਗੜ੍ਹਸ਼ੰਕਰ ਦੇ ਮਾਹਲ ਥਿਏਟਰ 'ਚ ਲਾ ਦਿੱਤਾ। ਰੈਡ ਕਰਾਸ ਲਈ ਚੰਗੀ ਆਮਦਨ ਹੋਈ। ਮਲਕੀਤ ਨੂੰ ਇਸ ਨਾਈਟ 'ਚ ਗਾਉਣ ਲਈ 25000 ਰੁਪਿਆ ਦਿੱਤਾ। ਬਾਕੀ ਸਾਰੇ ਕਲਾਕਾਰ ਪੰਜ ਤੋਂ ਸੱਤ ਹਜ਼ਾਰ ਦੀ ਅਦਾਇਗੀ ਨਾਲ ਆਏ। ਸਫਲ ਨਾਈਟ ਹੋਣ ਕਰਕੇ ਰੈਡ ਕਰਾਸ ਲਈ ਚਾਰ ਪੈਸੇ 'ਕੱਠੇ ਹੋਣ ਨਾਲ ਮੇਰੀ ਭੱਲ ਚੰਗੀ ਬਣ ਗਈ ਸੀ।

ਇਤਫਾਕ ਹੀ ਸੀ ਕਿ ਐਸ. ਐਸ. ਪੀ. ਰਾਜਨ ਗੁਪਤਾ ਤੇ ਡਿਪਟੀ ਕਮਿਸ਼ਨਰ ਗੁਰਮੇਲ ਸਿੰਘ ਬੈਂਸ ਨਾਲ ਮੈਂ ਗੂੜ੍ਹੇ ਮਿੱਤਰਾਂ ਵਾਂਗ ਤੇ ਬਿਨਾ ਕਿਸੇ ਝਿਜਕ ਤੋਂ ਗੱਲ ਕਰ ਸਕਦਾ ਸੀ। ਕਈਆਂ ਨੂੰ ਇਹ ਗੱਲ 'ਮੈਂ' ਲੱਗੇਗੀ ਇਸ ਲਈ 'ਮੈਂ' ਮੁਆਫੀ ਚਾਹੁੰਨਾਂ; ਗੱਲ ਮੈਂ ਨਾਲ ਕਰਨੀ ਪੈਣੀ ਸੀ ਇਸੇ ਕਰਕੇ 'ਮੈਂ' ਨਾਲ ਕਰ ਰਿਹਾ ਹਾਂ।

ਇਸ ਨਾਈਟ 'ਚ ਦੋ ਘਟਨਾਵਾਂ ਬੜੀਆਂ ਦਿਲਚਸਪ ਵਾਪਰੀਆਂ। ਪਹਿਲੀ ਹਾਸੋਹੀਣੀ ਵੀ ਸੀ ਤੇ ਦੁਖਦਾਇਕ ਵੀ। ਬਹੁਤਿਆਂ ਨੂੰ ਯਾਦ ਹੋਵੇਗਾ ਕਿ ਉਨ੍ਹੀਂ ਦਿਨੀਂ ਮਾਹਿਲਪੁਰ ਹਲਕੇ ਦੇ ਇਕ ਬੰਦੇ ਦੀ ਵਿਦੇਸ਼ 'ਚ ਵੱਡੀ ਲਾਟਰੀ ਨਿਕਲ ਆਈ ਸੀ, ਉਹ ਵੀ ਕਰੋੜਾਂ ਰੁਪਏ ਦੀ, ਲੋਕ ਉਹਦਾ ਅਸਲ ਨਾਂ ਭੁੱਲ ਗਏ ਤੇ ਉਹਦਾ ਨਾਂ 'ਕਰੋੜੀ ਮੱਲ' ਈ ਪੈ ਗਿਆ। ਕਰੋੜੀ ਮੱਲ ਵੀ ਇਸ ਨਾਈਟ 'ਚ ਹਾਜ਼ਰ ਸੀ। ਉਹਨੇ ਵੱਡੀ ਰਕਮ ਪ੍ਰਸ਼ਾਸਨ ਨੂੰ ਦੇਣੀ ਸੀ। ਪੈਸੇ ਦੇ ਕੇ ਸਤਿਕਾਰ ਤਾਂ ਹੁੰਦਾ ਬੰਦੇ ਦਾ, ਪੈਸੇ ਦੇ ਕੇ ਲੋਕੀਂ ਮੁੱਖ ਮਹਿਮਾਨ ਬਣ ਜਾਂਦੇ ਨੇ, ਪਰ ਮੈਂ ਪੈਸੇ ਦੇ ਕੇ ਕਿਸੇ ਨੂੰ ਚਪੇੜਾਂ ਖਾਂਦਿਆਂ ਪਹਿਲੀ ਵਾਰ ਵੇਖਿਆ ਸੀ। ਸੋਚ ਕੇ ਦੇਖੋ ਕਿ ਏਦਾਂ ਹੋ ਸਕਦੈ ਕਿ ਕੋਈ ਬੰਦਾ ਅਮੀਰੀ ਦੀ ਪੌੜੀ ਚੜ੍ਹਿਆ ਹੋਵੇ, ਉਹ ਪੰਜਾਹ ਹਜ਼ਾਰ ਰੁਪਏ ਦੇ ਰਿਹਾ ਹੋਵੇ ਤੇ ਨਾਲ ਇਹ ਕਹਿੰਦਾ ਹੋਵੇ ਕਿ ਮੇਰੇ ਪੰਜ ਚਪੇੜਾਂ ਵੱਟ ਵੱਟ ਕੇ ਮਾਰੋ, ਸਮਝ ਤੋਂ ਬਾਹਰ ਹੈ। ਝਲਕ ਦੇਖੋ ਕਿ ਉਹਨੇ ਪੰਜ-ਪੰਜ ਹਜ਼ਾਰ ਦੀਆਂ ਦਸ ਦੱਥੀਆਂ ਪਲੇਟ 'ਚ ਰੱਖੀਆਂ, ਸਟੇਜ 'ਤੇ ਭੇਟ ਕੀਤੀਆਂ।

ਜਦੋਂ ਬਾਹਰ ਆਇਆ ਤਾਂ ਉਹ ਪਿੱਛੇ ਖੜ੍ਹੀ ਕਾਰ 'ਚ ਪੈਗ ਲਾਉਣ ਲੱਗਾ, ਠੰਡ ਏਨੀ ਕਿ ਕੁਲਫੀ ਜੰਮ ਰਹੀ ਸੀ। ਇਕ ਪੁਲਿਸ ਅਫਸਰ ਨੇ ਉਸ ਨੂੰ ਆਉਂਦੇ ਨੂੰ ਪੁੱਛਿਆ, "ਓਏ ਤੂੰ ਕਿੰਨੇ ਪੈਸੇ ਦਿੱਤੇ?" ਉਹਨੇ ਨਿਮਰਤਾ ਨਾਲ ਜੁਆਬ ਦਿੱਤਾ, "ਸਰ ਪੰਜਾਹ ਹਜ਼ਾਰ।" "ਸਾਲਿਆ ਲੱਖ ਕਹਿ ਕੇ ਪੰਜਾਹ ਹਜ਼ਾਰ, ਤੂੰ ਮੂਰਖ ਬਣਾ ਗਿਆਂ ਸਾਨੂੰ।" ਉਹਨੇ ਬਿਨਾ ਕੋਈ ਉੱਤਰ ਸੁਣਿਆਂ ਉਸ ਵਿਚਾਰੇ ਦਾ ਠੰਡ ਨਾਲ ਪਹਿਲਾਂ ਹੀ ਲਾਲ ਮੂੰਹ ਚਪੇੜਾਂ ਮਾਰ ਮਾਰ ਕੇ ਨੀਲਾ ਕਰ ਦਿੱਤਾ। ਉਹ ਕੁਝ ਨਾ ਬੋਲਿਆ, ਚਪੇੜਾਂ ਖਾ ਕੇ ਗੱਡੀ 'ਚ ਹੱਥ ਮਾਰਿਆ ਤੇ ਪੰਜ-ਪੰਜ ਹਜ਼ਾਰ ਦੀਆਂ ਦਸ ਦੱਥੀਆਂ ਹੋਰ ਦੇ ਕੇ ਆਖਣ ਲੱਗਾ, "ਸਰ ਆਹ ਪੰਜਾਹ ਹਜ਼ਾਰ ਵੀ ਲਓ, ਸੈਥੋਂ ਗਲਤੀ ਹੋ ਗਈ।" ਉਸ ਦਿਨ ਮੈਨੂੰ ਲੱਗਦਾ ਸੀ ਕਿ ਪੈਸਾ ਹੱਕ ਦਾ ਹੀ ਹੋਣਾ ਚਾਹੀਦਾ ਹੈ। ਇਹ ਲਾਟਰੀਆਂ ਦਾ ਪੈਸਾ ਬਹੁਤ ਘੱਟ ਲੋਕਾਂ ਨੂੰ ਵਰਤਣਾ ਆਉਂਦਾ ਹੈ।

ਪ੍ਰੋਗਰਾਮ ਜੋਬਨ 'ਤੇ ਸੀ। ਸਾਹਮਣੇ ਕੁਰਸੀਆਂ 'ਤੇ ਪੂਰਾ ਜ਼ਿਲਾ ਪ੍ਰਸ਼ਾਸਨ ਬੈਠਾ ਸੀ। ਪ੍ਰੋ. ਮੋਹਣ ਸਿੰਘ ਮੇਲੇ 'ਤੇ ਡਿਪਟੀ ਕਮਿਸ਼ਨਰ ਜ਼ਿਲੇ 'ਚ ਛੁੱਟੀ ਕਰਦਾ ਹੁੰਦਾ ਸੀ, ਓਹੀ ਖਿਆਲ ਮੇਰੇ ਮਨ 'ਚ ਆਇਆ ਤੇ ਮੈਂ ਬਿਨਾ ਡਿਪਟੀ ਕਮਿਸ਼ਨਰ ਨੂੰ ਪੁੱਛੇ ਮਲਕੀਤ ਤੋਂ ਮਾਈਕ ਫੜ ਕੇ ਐਲਾਨ ਕਰ ਦਿੱਤਾ ਕਿ 29 ਜਨਵਰੀ ਨੂੰ ਪੂਰੇ ਜ਼ਿਲੇ ਦੇ ਸਾਰੇ ਦਫਤਰਾਂ 'ਚ ਸ਼ੌਂਕੀ ਮੇਲੇ ਕਰਕੇ ਸਰਕਾਰੀ ਛੁੱਟੀ ਹੋਵੇਗੀ। ਤਾੜੀਆਂ ਵੱਜੀਆਂ, ਸ਼ੌਂਕੀ ਮੇਲੇ ਦੀ ਪ੍ਰਾਪਤੀ ਹੋਈ। ਐਸ. ਡੀ. ਐਮ. ਜੌਹਲ ਮੈਨੂੰ ਕਹਿਣ ਲੱਗਾ, "ਅਸ਼ੋਕ ਡੀ. ਸੀ. ਸਾਹਿਬ ਨੂੰ ਪੁੱਛ ਤਾਂ ਲੈਣਾ ਸੀ! ਇਹਦੇ ਲਈ ਬਾਕਾਇਦਾ ਕਾਗਜ਼ੀ ਕਾਰਵਾਈ ਕਰਨੀ ਹੁੰਦੀ ਹੈ।"

ਮੈਂ ਕਿਹਾ, "ਸਰ ਏਡੀ ਵੱਡੀ ਨਾਈਟ ਕਰਵਾ ਦਿੱਤੀ, ਐਨੇ ਕਲਾਕਾਰ ਮੈਂ ਲੈ ਆਇਆਂ, ਚਾਰ ਪੈਸੇ ਰੈਡ ਕਰਾਸ ਨੂੰ 'ਕੱਠੇ ਕਰਵਾ ਦਿੱਤੇ, ਮੈਂ ਏਨਾ ਵੀ ਨਹੀਂ ਸੀ ਕਰ ਸਕਦਾ?" ਤੇ ਉਹ ਆਖਣ ਲੱਗਾ, "ਆ ਮੇਰੇ ਨਾਲ, ਆਪਾਂ ਡੀ. ਸੀ. ਸਾਹਿਬ ਨੂੰ ਕਹਿ ਤਾਂ ਦੇਈਏ ਕਿ ਗਲਤੀ ਹੋ ਗਈ ਹੈ, ਹੁਣ ਪ੍ਰਵਾਨ ਕਰੋ।"

ਜਿਸ ਡਿਪਟੀ ਕਮਿਸ਼ਨਰ ਨੂੰ ਪੂਰਾ ਪੰਜਾਬ ਬੀਬਾ ਤੇ ਇਮਾਨਦਾਰ ਮੰਨਦਾ ਸੀ, ਉਹ ਹੱਸ ਕੇ ਕਹਿਣ ਲੱਗਾ, "ਜੌਹਲ ਸਾਹਿਬ, ਕੋਈ ਗੱਲ ਨਹੀਂ, ਜੇ ਮੁੰਡੇ ਨੇ ਛੁੱਟੀ ਕਰ ਦਿੱਤੀ ਤਾਂ ਛੁੱਟੀ ਹੀ ਐ।"

ਮੇਰੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ, ਮੈਨੂੰ ਏਦਾਂ ਲੱਗਦਾ ਸੀ ਕਿ ਸ਼ਾਇਦ ਮੈਂ ਪੰਜ ਕੁ ਮਿੰਟ ਲਈ ਡਿਪਟੀ ਕਮਿਸ਼ਨਰ ਬਣ ਗਿਆ ਹੋਵਾਂ, ਤੇ ਡੀ. ਸੀ. ਦੇ ਅਧਿਕਾਰ ਆਪ ਹੀ ਵਰਤ ਲਏ ਹੋਣ। ਰਾਤ ਨੂੰ ਅਖਬਾਰਾਂ 'ਚ ਖਬਰ ਲੁਆ ਦਿੱਤੀ, ਛੁੱਟੀ ਦੀਆਂ ਖਬਰਾਂ ਛਪ ਗਈਆਂ, ਪਰ ਮੈਨੂੰ 29 ਤਰੀਕ ਸਵੇਰੇ ਪਤਾ ਲੱਗਾ ਕਿ ਸਾਰਾ ਪ੍ਰਸ਼ਾਸਨ ਛੁੱਟੀ ਦੇ ਨੋਟੀਫਿਕੇਸ਼ਨ ਦਾ ਸਰਕੂਲਰ ਹੱਥੋ ਹੱਥੀ ਸਾਰੇ ਜ਼ਿਲੇ 'ਚ ਵੰਡ ਰਿਹਾ ਸੀ। ਇਹਨੂੰ ਕਹਿੰਦੇ ਨੇ, 'ਦਿਨ ਉਹ ਨਾ ਰਹੇ, ਦਿਨ ਇਹ ਵੀ ਨਹੀਂ ਰਹਿਣਗੇ।'

ਕਈ ਵਾਰ ਸੋਚਦਾਂ ਕਿ ਮੈਂ ਸ਼ੌਂਕੀ ਮੇਲਾ ਹੀ ਨਹੀਂ ਲਾਇਆ, ਸਗੋਂ ਮੇਲਿਆਂ ਦਾ ਇਕ ਇਤਿਹਾਸ ਸਿਰਜਿਆ ਹੈ, ਕਿਉਂਕਿ ਪਹਿਲਿਆਂ 'ਚ ਸ਼ਾਇਦ ਕਈ ਕੰਪਨੀਆਂ ਬਿਨਾ ਮਾਅਰਕੇ ਤੋਂ ਵੀ ਚੱਲਦੀਆਂ ਰਹੀਆਂ ਹਨ।

ਜੇ ਕਦੇ ਓਦਰ ਜਾਓ ਤਾਂ ਏਨਾ ਨਾ ਓਦਰੋ ਕਿ ਦਿਨ ਨੂੰ ਰਾਤ ਦਿਸਣ ਲੱਗ ਜਾਵੇ। ਜੇ ਖੁਸ਼ੀ ਹੋਵੇ ਤਾਂ ਏਨਾ ਨਾ ਉਛਲੋ ਕਿ ਤੁਹਾਡੀ ਲੱਤ-ਬਾਂਹ ਟੁੱਟਣ ਦੀ ਸੰਭਾਵਨਾ ਬਣ ਜਾਵੇ। ਗੱਲ ਸਹੀ ਹੈ ਕਿ ਸਮਾਂ ਬਦਲਣ ਨਾਲ ਤੁਸੀਂ ਰਾਮ ਸਿੰਘ ਤਾਂ ਸ਼ਾਇਦ ਬਣੇ ਰਹੋਂ, ਪਰ ਜੋ ਕੰਮ ਰਾਮ ਸਿੰਘ ਨੇ ਕੀਤੇ ਸੀ, ਉਹ ਸ਼ਾਇਦ ਮੁੜ ਕੇ ਕਰਨ ਦੀ ਸੰਭਾਵਨਾ ਨਾ ਬਣੇ। ਤਾੜੀ ਅੱਗੇ ਨੂੰ ਹੱਥ ਕਰਕੇ ਹੀ ਮਾਰੀ ਚੰਗੀ ਲੱਗਦੀ ਹੈ, ਰਾਮਦੇਵ ਦੇ ਯੋਗਾ ਵਾਲੀ ਹੱਥ ਪਿੱਛੇ ਨੂੰ ਕਰਕੇ ਤਾੜੀ ਵਜਾਉਣੀ ਸਿਹਤ ਲਈ ਤਾਂ ਫਾਇਦੇਮੰਦ ਹੋ ਸਕਦੀ ਹੈ, ਪਰ ਖੁਸ਼ੀ ਦਾ ਪ੍ਰਤੀਕ ਨਹੀਂ ਹੋ ਸਕਦੀ।

# ਗੁੜ ਦੀ ਮਹਿਕ ਜਿਹੀ ਪੁਸਤਕ 'ਮੇਰੇ ਅੰਦਰਲੇ ਚਿਰਾਗ'

**ਪੁਸਤਕ ਚਰਚਾ**

**ਪੁਸਤਕ:** ਮੇਰੇ ਅੰਦਰਲੇ ਚਿਰਾਗ
**ਲੇਖਕ:** ਜਸਵੰਤ ਸਿੰਘ ਸੰਧੂ (ਘਰਿੰਡਾ)
**ਪ੍ਰਕਾਸ਼ਕ:** ਨਾਨਕ ਪੁਸਤਕ ਮਾਲਾ, ਅੰਮ੍ਰਿਤਸਰ

ਕਦੀ ਵਾਰੀ ਸਥਿਤੀ ਅਜਿਹੀ ਹੁੰਦੀ ਹੈ ਕਿ ਅਵਾਜ਼ ਨਾ ਵੀ ਆਉਂਦੀ ਹੋਵੇ ਤਾਂ ਚਿੱਤਰਕਾਰ ਇਹ ਕੰਮ ਚਿਹਰਿਆਂ ਨੂੰ ਬੋਲਣ ਲਈ ਦੇ ਚੁਕਾ ਹੁੰਦਾ ਹੈ। ਕਈ ਲਿਖਤਾਂ ਅਜਿਹੀਆਂ ਹੁੰਦੀਆਂ ਹਨ ਕਿ ਲੇਖਕ ਨਾਲ ਹੀ ਨਹੀਂ ਲੈ ਤੁਰਦਾ, ਸਗੋਂ ਤੁਸੀਂ ਲਿਖਤਾਂ ਨਾਲ ਗਹਿਗੱਚ ਤੇ ਆਪ ਮੁਹਾਰੇ ਚੱਲ ਰਹੇ ਹੁੰਦੇ ਹੋ। ਅਜਿਹਾ ਕੁਝ ਹੀ ਜਸਵੰਤ ਸਿੰਘ ਸੰਧੂ ਦੀ ਪੁਸਤਕ 'ਮੇਰੇ ਅੰਦਰਲੇ ਚਿਰਾਗ' 'ਚੋਂ ਲੱਭਦਾ ਹੈ। ਉਹ ਸਥਾਈ ਲੇਖਕ ਨਹੀਂ ਹੈ, ਕਦੇ ਕਦੇ ਲਿਖਦਾ ਹੈ; ਪਰ ਜੋ ਕਦੇ ਲਿਖਦਾ ਹੈ, ਉਹ ਅਜਿਹਾ ਲਿਖਦਾ ਹੈ ਕਿ ਸਥਾਈ ਲੇਖਕ ਵੀ ਸੋਚਦੇ ਨੇ ਕਿ ਸੰਧੂ ਲਗਾਤਾਰ ਕਿਉਂ ਨਹੀਂ ਲਿਖਦਾ? ਸ਼ੈਲੀ ਅਤੇ ਰਵਾਨਗੀ ਸੰਧੂ ਦੀ ਜਸਵੰਤ ਸਿੰਘ ਕੰਵਲ ਵਰਗੀ ਹੈ ਅਤੇ ਝਲਕਾਰਾ ਵਰਿਆਮ ਸੰਧੂ ਵਰਗਾ। ਉਹ ਕੰਵਲ ਨੂੰ ਕਦੇ ਨਹੀਂ ਮਿਲਿਆ, ਪਰ ਸੰਧੂ ਦਾ ਆੜੀ ਹੈ।

ਪੁਸਤਕ 'ਮੇਰੇ ਅੰਦਰਲੇ ਚਿਰਾਗ' ਕਈ ਪੱਖਾਂ ਤੋਂ ਨਿਹਾਰੀ ਜਾ ਸਕਦੀ ਹੈ। ਇਕ ਇਹ ਕਿ ਇਸ ਪੁਸਤਕ ਵਿਚ ਉਹਨੇ ਰੇਖਾ ਚਿੱਤਰ ਨਹੀਂ ਲਿਖੇ, ਸਗੋਂ ਜੀਵਨ ਬਿਰਤਾਂਤ ਨੂੰ ਅਜਿਹੇ ਢੰਗ ਨਾਲ ਲਿਖਿਆ ਹੈ ਕਿ ਸੰਖੇਪ ਹੋਣ ਦੇ ਬਾਵਜੂਦ ਤੁਹਾਨੂੰ ਹੋਰ ਕਿਸੇ ਵੱਲ ਵੇਖਣ ਦੀ ਲੋੜ ਨਹੀਂ ਪੈਂਦੀ। ਦੂਜੀ ਗੱਲ, ਜਿਨ੍ਹਾਂ ਬਾਰੇ ਉਹਨੇ ਇਸ ਪੁਸਤਕ ਵਿਚ ਲਿਖਿਆ ਹੈ, ਉਹ ਨਾਮਵਰ ਹਨ, ਕੱਦਾਵਰ ਹਨ ਤੇ ਉਨ੍ਹਾਂ ਬਾਰੇ ਲਿਖਣਾ ਆਮ ਬੰਦੇ ਲਈ ਸਹਿਜ ਸੁਭਾਅ ਨਹੀਂ ਹੁੰਦਾ। ਕਮਾਲ ਦੇਖੋ, ਜਸਵੰਤ ਸਿੰਘ ਸੰਧੂ ਨਾਵਲਕਾਰ ਨਾਨਕ ਸਿੰਘ ਦੀ ਗੱਲ ਵੀ ਕਰਦਾ ਹੈ, ਲਹਿੰਦੇ ਪੰਜਾਬ ਦੇ ਰੇਡੀਓ ਪੇਸ਼ਕਾਰ ਚੌਧਰੀ ਨਿਜ਼ਾਮੂਦੀਨ ਦੀ ਵੀ, ਉਹ ਢਾਡੀ ਸੋਹਣ ਸਿੰਘ ਸੀਤਲ ਅਤੇ ਕੁਲਵੰਤ ਸਿੰਘ ਬੀ. ਏ. ਨੂੰ ਵੀ ਨਾਲ ਲੈ ਕੇ ਤੁਰਿਆ ਹੈ। ਸ਼ਾਮ ਸਿੰਘ ਅਟਾਰੀ ਅਤੇ ਬਾਬਾ ਸੋਹਣ ਸਿੰਘ ਭਕਨਾ ਦੀ ਗੱਲ ਉਹਨੇ ਇਸ ਤਰ੍ਹਾਂ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਵੇਂ ਇਤਿਹਾਸ ਪਿਛਵਾਰ ਵੱਲ ਨਾ ਹੋਵੇ, ਸਗੋਂ ਸਾਹਮਣਿਓਂ ਤੁਰਿਆ ਆਉਂਦਾ ਹੋਵੇ। ਇਨ੍ਹਾਂ ਬਾਰੇ ਪੜ੍ਹਦਿਆਂ ਲੱਗਦਾ ਹੈ ਕਿ ਸ਼ਬਦਾਵਲੀ ਸੁਆਦਲੀ ਹੈ।

ਉਹ ਨਿਜ਼ਾਮੂਦੀਨ ਦੀ ਗੱਲ ਕਰਦਿਆਂ ਰੇਡੀਓ ਸੁਣਨ ਦੇ ਇਕ ਯੁੱਗ ਦੀ ਮੁਕੰਮਲ ਬਾਤ ਪਾ ਜਾਂਦਾ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਬਾਰੇ ਬਹੁਤ ਲੋਕਾਂ ਨੇ ਲਿਖਿਆ, ਧਨੀ ਰਾਮ ਚਾਤ੍ਰਿਕ ਬਾਰੇ ਵੀ, ਕਰਤਾਰ ਸਿੰਘ ਝੱਬਰ ਬਾਰੇ ਵੀ, ਦਰਸ਼ਨ ਸਿੰਘ ਫੇਰੂਮਾਨ ਬਾਰੇ ਵੀ, ਪਰ 'ਮੇਰੇ ਅੰਦਰਲੇ ਚਿਰਾਗ' ਵਿਚ ਜਦ ਤੁਸੀਂ ਜਸਵੰਤ ਸਿੰਘ ਸੰਧੂ ਦੀਆਂ ਲਿਖਤਾਂ ਪੜ੍ਹੋਗੇ ਤਾਂ ਮਨ ਮਲੋਮੱਲੀ ਕਹੇਗਾ, 'ਕਿਆ ਕਮਾਲਾਂ ਨੇ?' ਮਨ ਬਾਗੋ ਬਾਗ ਹੈ।

ਪਿਆਰਾ ਸਿੰਘ ਪੰਛੀ ਢਾਡੀ ਤਾਂ ਸੀ, ਪਰ ਇਸ ਪੁਸਤਕ 'ਚ ਪਿਆਰਾ ਸਿੰਘ ਪੰਛੀ ਨੂੰ ਪੜ੍ਹ ਕੇ ਵੇਖਿਓ ਕਿ ਸੰਧੂ ਨੇ ਇਕ ਕਲਾ ਦੇ ਪੰਛੀਆਂ ਦੀ ਕੂੰਜਾਂ ਵਾਂਗ ਸਾਂਝੀ ਉਡਾਣ ਕਿਵੇਂ ਭਰੀ ਹੈ? ਵਾਹਗੇ ਨੇੜੇ ਉਸ ਦਾ ਪਿੰਡ ਹੈ ਘਰਿੰਡਾ, ਸਰਹੱਦੀ ਹਲਕਾ ਹੈ, ਜਿਥੋਂ ਦੇ ਲੋਕਾਂ ਦੀਆਂ ਦੁੱਖ ਤਕਲੀਫਾਂ ਨੂੰ ਉਹ ਚੰਗੀ ਤਰ੍ਹਾਂ ਜਾਣਦਾ ਹੈ। ਇਸ ਕਰਕੇ ਵੀ ਵੱਧ ਜਾਂਦਾ ਹੈ ਕਿ ਉਹ ਇਕ ਅਧਿਆਪਕ ਰਿਹਾ ਹੈ ਅਤੇ ਇਕ ਅਧਿਆਪਕ ਦਾ ਅਨੁਭਵ ਆਮ ਲੋਕਾਂ ਨਾਲੋਂ ਵੱਖਰਾ ਹੁੰਦਾ ਹੈ। ਕੁਝ ਹੱਡਬੀਤੀਆਂ, ਮੇਰੇ ਪਿੰਡ ਦਾ ਇਮਾਨਦਾਰ ਅਫਸਰ, ਮੇਰੇ ਪਿਤਾ ਜੀ, ਦਿਲ ਵਾਲਾ ਦੁੱਖੜਾ, ਪੰਜਾਬ ਤੇ ਸ਼ਰਾਬ ਪੜ੍ਹੋਗੇ ਤਾਂ ਇਹ ਕਹਿਣਾ ਪਵੇਗਾ ਕਿ ਆਪਣੇ ਪਿੰਡ ਨੂੰ, ਆਪਣੀ ਮਿੱਟੀ ਨੂੰ, ਆਪਣੇ ਗਲੀ ਵਿਹੜਿਆਂ ਨੂੰ, ਖੂਹਾਂ ਢਾਰਿਆਂ ਨੂੰ, ਸੱਥਾਂ ਤੇ ਖੇਤਾਂ ਨੂੰ ਏਦਾਂ ਵੀ ਯਾਦ ਕੀਤਾ ਜਾ ਸਕਦਾ ਹੈ।




ਕਮਾਲ ਦੇਖੋ, ਲੋਕੀਂ ਅਮਰੀਕਾ ਯਾਤਰਾ ਲਿਖਦੇ ਹਨ ਪਰ ਉਹ ਜਦੋਂ ਪੰਜਾਬ ਤੋਂ ਅਮਰੀਕਾ ਪਰਤਦਾ ਹੈ, ਤਾਂ ਉਥੋਂ ਦੀਆਂ ਗੱਲਾਂ ਇੱਥੋਂ ਦੇ ਬਾਬਿਆਂ ਨੂੰ ਲੱਕ 'ਤੇ ਹੱਥ ਰੱਖ ਕੇ ਸੁਣਾਉਂਦਾ ਹੈ।

ਪੁਸਤਕ ਦੀ ਦਿੱਖ ਤਾਂ ਕਮਾਲ ਹੈ, ਪਰ ਜੋ ਕੁਝ ਇਸ ਪੁਸਤਕ 'ਚ ਹੈ, ਉਹ ਉਸੇ ਕਥਨ ਵਾਂਗ ਹੈ ਕਿ ਗਿਰੀ ਬਦਾਮ ਭੰਨ ਕੇ ਹੀ ਨਿਕਲਦੀ ਹੈ। ਇਸ ਪੁਸਤਕ ਦੀਆਂ ਸਾਰੀਆਂ ਲਿਖਤਾਂ ਨੂੰ ਅੱਜ ਦੇ ਯੁੱਗ ਵਾਲੀ ਭਾਸ਼ਾ 'ਚ ਆਰਗੈਨਿਕ ਅਤੇ ਦੇਸੀ ਸਵਾਦ ਵਾਲੀਆਂ ਗਿਰੀਆਂ ਕਿਹਾ ਜਾ ਸਕਦਾ ਹੈ।

ਜਸਵੰਤ ਸਿੰਘ ਸੰਧੂ ਨੇ ਇਹ ਪੁਸਤਕ ਹੀ ਨਹੀਂ ਲਿਖੀ, ਸਗੋਂ ਉਹਨੇ ਬਹੁਤ ਸਾਰੇ ਉਨ੍ਹਾਂ ਲੋਕਾਂ ਦੀਆਂ ਗੱਲਾਂ ਨੂੰ ਸੰਭਾਲਿਆ ਹੈ, ਬਹੁਤ ਸਾਰੇ ਉਨ੍ਹਾਂ ਲੋਕਾਂ ਦੇ ਜ਼ਿਕਰਯੋਗ ਕਾਰਨਾਮਿਆਂ ਨੂੰ ਇਕ ਸ਼ਬਦ ਸਮੂਹ ਵਿਚ ਬੰਨ੍ਹ ਦਿੱਤਾ ਹੈ। ਪੁਸਤਕ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਜਿਵੇਂ ਜਿਮੀਂਦਾਰ ਜਦੋਂ ਮੰਡੀ 'ਚ ਜਿਣਸ ਦਾ ਅੰਬਾਰ ਲਾਉਂਦਾ ਹੈ ਤਾਂ ਉਹਦਾ ਭਾਅ ਲਾਉਣ ਵਾਲਾ ਇੰਸਪੈਕਟਰ ਅੰਬਾਰ 'ਚ ਬਾਂਹ ਪਾ ਕੇ ਜਿਹੜੇ ਕੁਝ ਦਾਣੇ ਕੱਢ ਕੇ ਲਿਆਉਂਦਾ ਹੈ, ਉਹੀ ਦੱਸਦੇ ਹਨ ਕਿ ਭਾਈ ਮੁੱਲ ਕਿੰਨਾ ਕੁ ਪੈਣਾ ਹੈ? ਇਹ ਸਾਰੀ ਪੁਸਤਕ ਤੇ ਪੁਸਤਕ ਵਿਚਲਾ ਸ਼ਬਦੀ ਰੰਗ ਸੱਚੀਂ ਮੁੱਚੀਂ ਹੀ ਇਨ੍ਹਾਂ ਦਾਣਿਆਂ ਵਰਗਾ ਹੈ। ਪੁਸਤਕ ਪੜ੍ਹਨਯੋਗ ਹੈ, ਪੰਜਾਬੀ ਸਾਹਿਤ ਜਗਤ ਨੂੰ ਇਕ ਸ਼ਬਦਾਂ ਦਾ ਭੰਡਾਰ ਮਿਲਿਆ ਹੈ ਤੇ ਇਹ ਸਿੱਧ ਹੋਇਆ ਹੈ ਕਿ ਕੋਈ ਲਗਾਤਾਰ ਲਿਖਣ ਨਾਲ ਹੀ ਲੇਖਕ ਨਹੀਂ ਬਣਦਾ, ਸਗੋਂ ਸਾਹਿਤ ਦੀਆਂ ਪੂਣੀਆਂ ਕਿਸੇ ਉਮਰੇ ਵੀ ਕੱਤੀਆਂ ਜਾ ਸਕਦੀਆਂ ਹਨ।

ਵਰਿਆਮ ਸੰਧੂ ਨੇ ਇਸ ਪੁਸਤਕ ਦੀ ਭੂਮਿਕਾ 'ਚ ਕਿਹਾ ਹੈ ਕਿ ਇਸ ਵਿਚਲੇ ਸਾਰੇ ਸ਼ਬਦ ਉਸ ਗੁੜ ਦੀ ਮਹਿਕ ਵਰਗੇ ਹਨ, ਜੋ ਵੇਲਣਾ ਚੱਲਣ ਵੇਲੇ ਦੋ ਕੋਹ ਦੂਰੋਂ ਆ ਜਾਂਦੀ ਹੈ। ਦੁਆ ਕਰਾਂਗਾ ਕਿ ਜਸਵੰਤ ਸਿੰਘ ਸੰਧੂ ਉਮਰ ਲੰਬੀ ਭੋਗੇ, ਉਹ ਹੋਰ ਲਿਖਤਾਂ ਲਿਖੇ ਤੇ ਸਾਹਿਤ ਦੇ ਅਹਿਮ ਹਿੱਸੇ ਦਾ ਹੀਰਾ ਲੇਖਕ ਬਣੇ।

–ਐਸ. ਅਸ਼ੋਕ ਭੌਰਾ

# 'ਹਮ ਹਿੰਦੂ ਨਹੀਂ ਹੈਂ' ਦਾ ਸਿੱਖ ਬਿਰਤਾਂਤ ਬਦਲਣ ਦੀ ਲੋੜ

ਸਿੱਖਾਂ ਦੀ ਮੌਜੂਦਾ ਸਮਾਜੀ-ਰਾਜਸੀ ਮੰਦੀ ਹਾਲਤ ਦਾ ਇਕ ਕਾਰਨ ਸਿੰਘ ਸਭਾ ਲਹਿਰ ਵੇਲੇ ਸਿੱਖੀ ਦੀ ਵਿਆਖਿਆ ਕਰਦਿਆਂ 'ਹਮ ਹਿੰਦੂ ਨਹੀਂ' ਦਾ ਬਣਿਆ ਬਿਰਤਾਂਤ (ਨੈਰੇਟਿਵ) ਹੈ। ਭਾਈ ਕਾਨ੍ਹ ਸਿੰਘ ਨਾਭਾ ਦੀ ਇਸੇ ਨਾਂ ਦੀ ਲਿਖਤ ਅਜੇ ਤਕ ਸੂਝਵਾਨ ਸਿੱਖ ਮਨਾਂ ਵਿਚ ਆਪਣੀ ਅਹਿਮ ਥਾਂ ਬਣਾਈ ਬੈਠੀ ਹੈ। ਕਿਹਾ ਜਾ ਸਕਦਾ ਹੈ ਤੇ ਇਹ ਕਿਹਾ ਜਾਣਾ ਠੀਕ ਵੀ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਲਿਖਤ ਦਾ ਨਾਂ ਕਿਸੇ ਹੋਰ ਪ੍ਰਸੰਗ ਵਿਚ ਰਖਿਆ ਸੀ, ਪਰ ਅਜੋਕੇ ਦੂਸ਼ਿਤ ਵਿਚ ਇਸ ਧਾਰਨਾ ਨੇ ਪੰਜਾਬ ਵਿਚ ਇਕ ਅਜਿਹਾ ਸਮਾਜੀ ਤੇ ਰਾਜਸੀ ਮਾਹੌਲ ਸਿਰਜਿਆ ਹੈ, ਜਿਸ ਨੇ ਦੋ ਪੰਜਾਬੀ ਫਿਰਕਿਆਂ ਨੂੰ ਇਕ-ਦੂਜੇ ਦੇ ਵਿਰੋਧ ਵਿਚ ਖੜ੍ਹਾ ਕਰ ਦਿਤਾ ਹੈ ਅਤੇ ਤੀਜੇ ਭਾਈਚਾਰੇ ਦੀ ਹੋਂਦ ਨੂੰ ਗ੍ਰਹਿਣ ਲਾ ਦਿੱਤਾ ਹੈ। ਜੂਨ 1984 'ਚ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਪਿਛੋਂ ਇਹ ਬਿਰਤਾਂਤ ਹੋਰ ਵੀ ਚਰਚਾ ਦਾ ਵਿਸ਼ਾ ਬਣਿਆ ਹੈ। ਇੰਦਰਾ ਗਾਂਧੀ ਦੀ ਸਿੱਖ ਵਿਰੋਧੀ ਹਿੰਦੂ 'ਰਾਸ਼ਟਰਵਾਦੀ' ਰਾਜਨੀਤੀ ਨੇ ਇਸ ਧਾਰਨਾ ਨੂੰ ਸਿੱਖ ਮਨਾਂ ਵਿਚ ਹੋਰ ਵੀ ਦ੍ਰਿੜ ਕੀਤਾ

ਗੁਰਬਚਨ ਸਿੰਘ
ਫੋਨ: 91-98156-98451

ਹੈ। ਨਰਿੰਦਰ ਮੋਦੀ ਦੇ ਹਿੰਦੂ 'ਰਾਸ਼ਟਰਵਾਦ' ਨੇ ਸਿੱਖ ਮਨਾਂ ਵਿਚ ਬਣੇ ਇਸ ਬਿਰਤਾਂਤ ਦੀ ਪੁਸ਼ਟੀ ਕਰ ਦਿੱਤੀ ਹੈ।


ਦਰਅਸਲ ਇਹ ਸਿੱਖੀ ਦੀ ਵਿਆਖਿਆ ਦਾ ਨੱਕਾਰੀ ਬਿਰਤਾਂਤ ਹੈ। ਅਜੋਕੀਆਂ ਸਮਾਜੀ ਤੇ ਰਾਜਸੀ ਹਾਲਤਾਂ ਵਿਚ ਇਸ ਬਿਰਤਾਂਤ ਨੂੰ ਬਦਲਣ ਦੀ ਲੋੜ ਹੈ। ਸਿੱਖੀ ਕਿਸੇ ਵੀ ਭਾਈਚਾਰੇ ਜਾਂ ਧਰਮ ਦਾ ਵਿਰੋਧ ਜਾਂ ਨਿਖੇਧ ਕਰਨ ਲਈ ਹੋਂਦ ਵਿਚ ਨਹੀਂ ਆਈ। ਸਿੱਖੀ ਇਕ ਪੂਰਨ ਜੀਵਨ ਜੁਗਤ ਹੈ, ਜਿਸ ਦਾ ਤਤ ਹੈ-ਕਿਰਤ ਕਰੋ, ਨਾਮ ਜਪੋ, ਵੰਡ ਛਕੋ। ਇਸ ਜੀਵਨ ਜੁਗਤ ਦੀ ਆਧਾਰਸ਼ਿਲਾ ਗੁਰਮਤਿ ਵਿਚ ਦਰਜ ਫਿਲਾਸਫੀ ਦੇ ਗਿਆਨ ਨੇ ਰੱਖੀ ਹੈ। ਗੁਰਮਤਿ ਫਿਲਾਸਫੀ ਦਾ ਇਹ ਆਤਮਕ ਗਿਆਨ ਆਪਣੇ ਤੋਂ ਪਹਿਲੀ ਸਾਰੀ ਮਨੁਖੀ ਸਿਆਣਪ ਨੂੰ ਆਪਣੇ ਵਿਚ ਆਤਮਸਾਤ ਕਰਕੇ ਹੋਂਦ ਵਿਚ ਆਇਆ ਹੈ। ਇਸ ਆਤਮਕ ਗਿਆਨ ਵਿਚ ਆਪਣੇ ਤੋਂ ਪਹਿਲੇ ਵਿਕਸਿਤ ਹੋਏ ਸਾਰੇ ਧਰਮਾਂ ਦਾ ਗਿਆਨ ਸ਼ਾਮਿਲ ਹੈ। ਇਸ ਆਤਮਕ ਗਿਆਨ ਨੂੰ ਨਕਾਰ ਕੇ ਇਸ ਤੋਂ ਪਹਿਲੀ ਕਿਸੇ ਵੀ ਫਿਲਾਸਫੀ ਦੀ ਅਜੋਕੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਸ ਲਈ ਜਦੋਂ ਅਸੀਂ ਕਹਿੰਦੇ ਹਾਂ ਕਿ ਸਿੱਖ ਹਿੰਦੂ ਨਹੀਂ ਜਾਂ ਸਿੱਖ ਮੁਸਲਮਾਨ ਨਹੀਂ ਤਾਂ ਅਸੀਂ ਨਾ ਸਿਰਫ ਪਛਾਣ ਗੁਰਮਤਿ ਨੂੰ ਛੁਟਿਆ ਰਹੇ ਹੁੰਦੇ ਹਾਂ, ਸਗੋਂ ਅਸੀਂ ਮਨੁੱਖ ਜਾਤੀ ਨੂੰ ਗੁਰਮਤਿ ਨੇ ਜੋ ਨਵਾਂ ਆਤਮਕ ਗਿਆਨ ਦਿੱਤਾ ਹੈ, ਉਸ ਨੂੰ ਵੀ ਅਣਗੌਲਿਆ ਕਰ ਰਹੇ ਹੁੰਦੇ ਹਾਂ। ਇਸ ਆਤਮਕ ਗਿਆਨ ਨੂੰ ਅਣਗੌਲਿਆ ਕਰਕੇ ਕੋਈ ਵੀ ਨਵਾਂ ਮਨੁੱਖੀ ਸਮਾਜ ਨਹੀਂ ਸਿਰਜਿਆ ਜਾ ਸਕਦਾ।

'ਹਮ ਹਿੰਦੂ ਨਹੀਂ ਹੈਂ' ਲਿਖਤ ਦਾ ਪਿਛੋਕੜ ਫਰੋਲੀਏ ਤਾਂ ਪਤਾ ਲਗਦਾ ਹੈ ਕਿ ਆਰੀਆ ਸਮਾਜ ਦੇ ਇਕ ਸਿੱਖ ਮੈਂਬਰ ਜਗਤ ਸਿੰਘ ਨੇ ਆਪਣੇ ਰਿਸਾਲੇ 'ਰਿਸਾਲਾ ਸਤ ਪ੍ਰਕਾਸ਼' ਵਿਚ ਇਕ ਲਿਖਤ ਛਾਪ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਸਿੱਖ ਧਰਮ ਆਰੀਆ ਸਮਾਜ ਲਹਿਰ ਦਾ ਇਕ ਪੁਰਾਤਨ ਰੂਪ ਹੈ। ਆਰੀਆ ਸਮਾਜੀ ਬਾਵਾ ਨਾਰਾਇਣ ਸਿੰਘ ਤੇ ਲਾਲਾ ਠਾਕਰ ਦਾਸ ਨੇ 'ਸਿੱਖ ਹਿੰਦੂ ਹੈਂ' ਲਿਖ ਕੇ ਜਗਤ ਸਿੰਘ ਦੇ ਇਸ ਕਥਨ ਦੀ ਹਾਮੀ ਭਰੀ। ਇਸ ਲਿਖਤ ਦੇ ਜੁਆਬ ਵਿਚ ਹੀ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੀ ਲਿਖਤ 'ਹਮ ਹਿੰਦੂ ਨਹੀਂ ਹੈਂ' ਲਿਖੀ ਸੀ। ਇਹ ਲਿਖਤ ਉਸ ਖਾਸ ਮੌਕੇ ਦੀ ਦੇਣ ਸੀ, ਜਦੋਂ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਆਪੋ ਆਪਣੀ ਗਿਣਤੀ ਵਧਾਉਣ ਦੀ ਦੌੜ ਲੱਗੀ ਹੋਈ ਸੀ।

ਪੰਜਾਬ ਵਿਚ ਅੰਗਰੇਜ਼ ਸਾਮਰਾਜੀਆਂ ਦੇ ਆਉਣ ਨਾਲ ਪੱਛਮੀ ਜਮਹੂਰੀਅਤ ਦਾ ਸੰਕਲਪ ਲੋਕ ਮਨਾਂ ਵਿਚ ਆਪਣੀਆਂ ਜੜ੍ਹਾਂ ਜਮਾਉਣ ਲੱਗਾ ਸੀ ਤੇ ਜਿਸ ਦੇ ਲਾਜ਼ਮੀ ਸਿਟੇ ਵਜੋਂ ਗੁਣਾਂ ਦੀ ਥਾਂ ਸਿਰਾਂ ਦੀ ਗਿਣਤੀ ਦੀ ਅਹਿਮੀਅਤ ਜੋਰ ਫੜ ਰਹੀ ਸੀ। ਇਸ ਬਹੁਗਿਣਤੀ-ਘਟਗਿਣਤੀ ਦੀ 'ਜਮਹੂਰੀ' ਸੋਚ ਨੇ ਆਪੋ ਆਪਣੀ ਗਿਣਤੀ ਵਧਾਉਣ ਦੇ ਮੁਕਾਬਲੇ ਨੂੰ ਹੋਰ ਤੇਜ਼ ਕੀਤਾ। ਇਸ ਮੁਕਾਬਲੇ ਨੇ ਪੰਜਾਬ ਅੰਦਰਲੇ ਤਿੰਨਾਂ ਭਾਈਚਾਰਿਆਂ ਦੇ ਮਨਾਂ ਵਿਚ ਵੱਡੀ ਉਥਲ-ਪੁਥਲ ਮਚਾਈ।

ਇਸ ਉਥਲ-ਪੁਥਲ ਦੀ ਜਾਣਕਾਰੀ ਸਾਨੂੰ ਕੇਂਥ ਡਬਲਿਊ ਜੋਨਸ ਨੇ ਦਿੱਤੀ ਹੈ। ਲਿਖਤ 'ਹਮ ਹਿੰਦੂ ਨਹੀਂ-ਆਰੀਆ ਸਿੱਖ ਰਿਸ਼ਤੇ' ਵਿਚ ਉਸ ਨੇ ਲਿਖਿਆ ਹੈ, "ਉਸ ਦੌਰ ਦੇ ਪੰਜਾਬ ਦਾ ਇਤਿਹਾਸ ਦੋ ਘੱਟਗਿਣਤੀ ਭਾਈਚਾਰਿਆਂ (ਹਿੰਦੂਆਂ ਤੇ ਮੁਸਲਮਾਨਾਂ) ਵਿਚਾਲੇ ਧਾਰਮਿਕ ਮੁਕਾਬਲੇ ਦੀ ਬੜੀ ਨਾਟਕੀ ਪੇਸ਼ਕਾਰੀ ਕਰਦਾ ਸੀ, ਜਿਸ ਦਾ ਬਹੁਤਾ ਸਬੰਧ ਤਾਕਤ ਤੇ ਦਾਬੇ ਨਾਲੋਂ ਵੱਧ ਆਪੋ ਆਪਣੀ ਧਾਰਮਿਕ ਪਛਾਣ ਦੀ ਭਾਵਨਾ ਨਾਲ ਜੁੜਿਆ ਹੋਇਆ ਸੀ। ਪੰਜਾਬੀ ਹਿੰਦੂਆਂ ਦੀ ਇਕ ਨਵੀਂ, ਆਧੁਨਿਕ ਤੇ ਸਤਿਕਾਰਤ ਧਾਰਮਿਕ ਪਰੰਪਰਾ ਸਿਰਜਣ ਦੇ ਯਤਨਾਂ ਨੇ, ਉਨ੍ਹਾਂ ਦੇ ਆਪਣੇ ਭਾਈਚਾਰੇ ਤਕ ਸੀਮਤ ਨਾ ਰਹਿ ਕੇ ਪੰਜਾਬ ਅੰਦਰਲੇ ਬਾਕੀ ਭਾਈਚਾਰਿਆਂ-ਮੁਸਲਮਾਨਾਂ ਤੇ ਸਿੱਖਾਂ ਨਾਲ ਉਨ੍ਹਾਂ ਦੇ ਰਿਸ਼ਤਿਆਂ ਨੂੰ ਵੀ ਬਦਲ ਦਿਤਾ। ਇਕ ਅੰਗਰੇਜ਼ੀ ਪੜ੍ਹਿਆ ਲਿਖਿਆ ਸ੍ਰੇਸ਼ਠ ਹਿੰਦੂ ਵਰਗ ਹੋਂਦ ਵਿਚ ਆਇਆ। ਇਹ ਵਰਗ ਮੁੱਖ ਹਿੰਦੂ ਭਾਈਚਾਰੇ ਦੀਆਂ ਕਦਰਾਂ-ਕੀਮਤਾਂ ਤੋਂ ਟੁੱਟਿਆ ਹੋਇਆ ਤੇ ਹਿੰਦੂ ਸਮਾਜ ਦੇ ਹਾਸ਼ੀਏ ਉਤੇ ਧੱਕਿਆ ਹੋਇਆ ਸੀ। ਇਸ ਵਰਗ ਨੇ ਪੁਰਾਣੇ ਸੰਸਾਰ ਦੀ ਨਵੀਂ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਸ ਤਰ੍ਹਾਂ ਕਰਦਿਆਂ ਨਵਾਂ ਵਿਚਾਰਧਾਰਕ ਸੋਚ ਪ੍ਰਬੰਧ ਸਿਰਜਿਆ, ਜਿਸ ਦਾ ਮੰਤਵ ਬੀਤੇ ਤੇ ਵਰਤਮਾਨ ਦੀ ਨਵੀਂ ਵਿਆਖਿਆ ਕਰਨਾ ਤੇ ਭਵਿਖ ਲਈ ਨਵਾਂ ਦ੍ਰਿਸ਼ਟੀਕੋਣ ਸਿਰਜਣਾ ਸੀ।

ਪੁਰਾਣੇ ਵਿਚਾਰਾਂ ਦੀ ਨਵੀਂ ਵਿਆਖਿਆ, ਵਿਸਥਾਰ ਤੇ ਪ੍ਰਚਾਰ ਨੇ ਜਿਥੇ ਸਮੂਹਿਕ ਚੇਤਨਾ ਪੈਦਾ ਕੀਤੀ, ਉਥੇ ਇਸ ਵਰਗ ਵਿਚ ਆਪਣੇ ਨਿਵੇਕਲੇਪਣ ਦਾ ਅਹਿਸਾਸ ਵੀ ਪੈਦਾ ਕੀਤਾ ਅਤੇ ਇਨ੍ਹਾਂ ਨਵੇਂ ਵਿਸ਼ਵਾਸਾਂ ਨੂੰ ਮੰਨਣ ਤੇ ਨਾ ਮੰਨਣ ਵਾਲੇ ਵਰਗਾਂ ਵਿਚਾਲੇ ਇਕ ਦੂਰੀ ਪੈਦਾ ਕੀਤੀ। ਆਪਣੀ ਪਛਾਣ ਦੀ ਮੁੜ ਵਿਆਖਿਆ ਦੇ ਇਸ ਵਰਤਾਰੇ ਨੇ ਉਨੀਵੀਂ ਸਦੀ ਦੇ ਪਿਛਲੇ ਦਹਾਕਿਆਂ 'ਚ ਪੰਜਾਬ ਵਿਚ ਇਕ ਐਸੀ ਹਲਚਲ ਮਚਾਈ ਕਿ ਇਸ ਨਾਲ ਵਧੇ ਵਿਚਾਰਧਾਰਕ ਤੇ ਧਾਰਮਿਕ ਤਣਾਓ ਨੇ ਸਭ ਧਾਰਮਿਕ ਭਾਈਚਾਰਿਆਂ ਵਿਚ ਬਹਿਸਾਂ ਦਾ ਮਾਹੌਲ ਭਖਾ ਦਿੱਤਾ। ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਆਪੋ ਆਪਣੇ ਸੰਕਲਪਾਂ ਨੂੰ



ਸੁਆਮੀ ਦਇਆ ਨੰਦ

ਸਾਹਮਣੇ ਲਿਆਉਣਾ ਅਰੰਭ ਦਿੱਤਾ, ਜਿਸ ਨੇ ਦੂਜੇ ਭਾਈਚਾਰਿਆਂ ਨਾਲ ਤੇ ਆਪਣੇ ਭਾਈਚਾਰੇ ਅੰਦਰਲੇ ਵਿਚਾਰਧਾਰਕ ਸੰਘਰਸ਼ ਨੂੰ ਹੋਰ ਤੇਜ਼ ਕੀਤਾ। ਇਕ-ਦੂਜੇ ਨੂੰ ਸੁਆਲ-ਜੁਆਬ ਕਰਨ ਦੇ ਇਸ ਵਰਤਾਰੇ ਨੇ ਪੰਜਾਬੀ ਧਾਰਮਿਕ ਭਾਈਚਾਰਿਆਂ ਵਿਚਲੇ ਰਿਸ਼ਤੇ ਸਥਾਈ ਰੂਪ ਵਿਚ ਬਦਲ ਦਿੱਤੇ। ਇਸ ਤੋਂ ਵੀ ਵੱਧ ਬੁਨਿਆਦੀ ਤਬਦੀਲੀ ਇਹ ਵਾਪਰੀ ਕਿ ਇਸ ਨੇ ਬਹੁਤ ਸਾਰੇ ਸਮੂਹਾਂ ਅੰਦਰਲੇ ਆਪਣੇ ਧਾਰਮਿਕ ਸੰਕਲਪਾਂ ਨੂੰ ਵੀ ਬਦਲ ਦਿਤਾ।"

(ਹਵਾਲਾ: ਹਮ ਹਿੰਦੂ ਨਹੀਂ-ਆਰੀਆ ਸਿੱਖ ਰਿਸ਼ਤੇ, 1877-1905, ਕੇਂਥ ਡਬਲਿਊ ਜੋਨਸ, ਜਰਨਲ ਆਫ ਏਸ਼ੀਅਨ ਸਟੱਡੀਜ਼, ਜਿਲਦ 32, ਅੰਕ 3, ਮਈ 1973, ਸਫਾ 457)

> **'ਹਮ ਹਿੰਦੂ ਨਹੀਂ ਹੈਂ' ਲਿਖਤ ਦਾ ਪਿਛੋਕੜ ਫਰੋਲੀਏ ਤਾਂ ਪਤਾ ਲਗਦਾ ਹੈ ਕਿ ਆਰੀਆ ਸਮਾਜ ਦੇ ਇਕ ਸਿੱਖ ਮੈਂਬਰ ਜਗਤ ਸਿੰਘ ਨੇ ਆਪਣੇ ਰਿਸਾਲੇ 'ਰਿਸਾਲਾ ਸਤ ਪ੍ਰਕਾਸ਼' ਵਿਚ ਇਕ ਲਿਖਤ ਛਾਪ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਸਿੱਖ ਧਰਮ ਆਰੀਆ ਸਮਾਜ ਲਹਿਰ ਦਾ ਇਕ ਪੁਰਾਤਨ ਰੂਪ ਹੈ। ਆਰੀਆ ਸਮਾਜੀ ਬਾਵਾ ਨਾਰਾਇਣ ਸਿੰਘ ਤੇ ਲਾਲਾ ਠਾਕਰ ਦਾਸ ਨੇ 'ਸਿੱਖ ਹਿੰਦੂ ਹੈਂ' ਲਿਖ ਕੇ ਜਗਤ ਸਿੰਘ ਦੇ ਇਸ ਕਥਨ ਦੀ ਹਾਮੀ ਭਰੀ। ਇਸ ਲਿਖਤ ਦੇ ਜੁਆਬ ਵਿਚ ਹੀ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੀ ਲਿਖਤ 'ਹਮ ਹਿੰਦੂ ਨਹੀਂ ਹੈਂ' ਲਿਖੀ ਸੀ। ਇਹ ਲਿਖਤ ਉਸ ਖਾਸ ਮੌਕੇ ਦੀ ਦੇਣ ਸੀ, ਜਦੋਂ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਆਪੋ ਆਪਣੀ ਗਿਣਤੀ ਵਧਾਉਣ ਦੀ ਦੌੜ ਲੱਗੀ ਹੋਈ ਸੀ।**

ਅੰਗਰੇਜ਼ੀ ਪੜ੍ਹੇ-ਲਿਖੇ ਤੇ ਪੂੰਜੀਵਾਦੀ ਸਾਮਰਾਜੀ ਆਰਥਕ ਰਿਸ਼ਤਿਆਂ ਦੀ ਬਦੌਲਤ ਨਵੇਂ-ਨਵੇਂ ਅਮੀਰ ਬਣੇ ਇਸ ਸ੍ਰੇਸ਼ਠ ਹਿੰਦੂ ਵਰਗ ਰਾਹੀਂ ਪੰਜਾਬ 'ਚ ਪਹਿਲਾਂ ਬ੍ਰਹਮੋ ਸਮਾਜ ਤੇ ਫਿਰ ਆਰੀਆ ਸਮਾਜ ਦੀ ਆਮਦ ਹੋਈ। ਆਰੀਆ ਸਮਾਜ ਦੀ ਆਮਦ ਨੇ ਪੰਜਾਬ 'ਚ ਹਿੰਦੂ-ਸਿੱਖ ਤੁਫਰਕਾ ਪੈਦਾ ਕੀਤਾ, ਜਿਸ ਦਾ ਜ਼ਿਕਰ ਭਾਈ ਕਾਨ੍ਹ ਸਿੰਘ ਨਾਭਾ ਨੇ ਕੀਤਾ ਹੈ। ਇਸ ਲਿਖਤ ਵਿਚ ਹੀ ਦਰਜ ਹੈ, "ਪਯਾਰੇ ਭਾਈ! ਏਹ ਕਹਾਵਤ ਪ੍ਰਸਿਧ ਹੈ ਕਿ 'ਤਾੜੀ ਦੋਹਾਂ ਹਥਾਂ ਨਾਲ ਵਜਦੀ ਹੈ', ਸੋ ਜੋ ਕੋਈ ਅਕਾਰਣ ਸਿੱਖਾਂ ਨਾਲ ਵਿਰੋਧ ਕਰੇ ਤਾਂ ਇਸ ਪਾਸਿਓਂ ਸ਼ਾਂਤੀ ਹੋਣ ਕਰਕੇ ਆਪੇ ਹੀ ਵਿਰੋਧ ਸ਼ਾਂਤ ਹੈ।...ਔਰ ਅਸੀਂ ਏਹ ਭੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਹਿੰਦੂਆਂ ਦਾ ਸਾਡੇ ਨਾਲ ਕੋਈ ਵੈਰ ਨਹੀਂ ਸਗੋਂ ਪ੍ਰੇਮ ਹੈ, ਔਰ ਓਹ ਸਾਡੇ ਸਤਗੁਰਾਂ ਦੇ ਉਪਕਾਰਾਂ ਨੂੰ ਅਛੀ ਤਰ੍ਹਾਂ ਜਾਣਦੇ ਹਨ, ਔਰ ਅਸੀਂ ਭੀ ਸਦੈਵ ਉਨ੍ਹਾਂ ਦਾ ਭਲਾ ਚਾਹੁੰਨੇ ਹਾਂ। ਵਿਰੋਧ ਦਾ ਕਾਰਨ ਸਿਰਫ ਓਹ ਆਦਮੀ ਹਨ, ਜਿਨ੍ਹਾਂ ਨੂੰ ਖੁਦਗਰਜ਼ੀ ਰੂਪੀ ਰੋਗ ਲਗਿਆ ਹੋਯਾ ਹੈ। ਔਰ ਜੋ ਸਿੱਖ ਕੌਮ ਨੂੰ ਆਪਣਾ ਦਾਸ ਬਣਾ ਕੇ ਖੀਸੇ ਭਰਨਾ ਚਾਹੁੰਦੇ ਹਨ।...ਉਨ੍ਹਾਂ ਨੂੰ ਭਰੋਸਾ ਹੋ ਗਯਾ ਹੈ ਕਿ ਜੇ ਸਿੱਖ ਕੌਮ ਸਾਡੇ ਹਥੋਂ ਜਾਂਦੀ ਰਹੀ ਤਾਂ ਆਮਦਨ ਦਾ ਭਾਰੀ ਹਿਸਾ ਮਾਰਿਆ ਜਾਊ। ਏਹੀ ਲੋਕ ਜਗ੍ਹਾ ਜਗ੍ਹਾ ਸ਼ੋਰ ਮਚਾ ਕੇ ਉਪਾਧੀ ਛੇੜ ਰਹੇ ਹਨ ਔਰ ਵਿਰੋਧ ਫੈਲਾ ਰਹੇ ਹਨ। ਜੇ ਵਾਹਿਗੁਰੂ ਇਨ੍ਹਾਂ ਨੂੰ ਸੁਮਤਿ ਦੇਵੇ ਤਾਂ ਕਮਾਈ ਕਰਕੇ ਖਾਣ ਨੂੰ ਚੰਗਾ ਸਮਝਣ ਔਰ ਬੇਗਾਨੇ ਹਕ ਨੂੰ ਹਰਾਮ ਜਾਣਨ, ਫੇਰ ਆਪ ਹੀ ਸਾਰੇ ਝਗੜੇ ਮਿਟੇ ਪਏ ਹਨ।"

"ਇਨ੍ਹਾਂ ਸਵਾਰਥੀ ਲੋਕਾਂ ਨੇ ਹੀ ਪੋਥੀਆਂ ਛਾਪ ਕੇ ਔਰ ਅਖਬਾਰਾਂ ਵਿਚ ਮਜ਼ਮੂਨ ਦੇ ਕੇ ਏਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ 'ਸਿੱਖ ਹਿੰਦੂ ਹਨ'। ਭਲਾ ਕੋਈ ਵਿਚਾਰਵਾਨ ਸੋਚੇ ਕਿ ਜੇ ਸਿੱਖ ਆਪਣੇ ਆਪ ਨੂੰ 'ਅਹਿੰਦੂ' ਕਹਿੰਦੇ ਹਨ ਤਾਂ ਕਿਸੇ ਦਾ ਵੀ ਕੀ ਵਿਗੜਦਾ ਹੈ? ਹਾਂ, ਜੇ ਸਿੱਖ ਹਿੰਦੂਆਂ ਨੂੰ ਆਖਣ ਕਿ ਤੁਸੀਂ ਹਿੰਦੂ ਨਹੀਂ ਤਾਂ ਬੇਸ਼ਕ ਝਗੜੇ ਦੀ ਗੱਲ ਹੈ। ਜੋ ਕੋਈ ਏਹ ਆਖੇ ਕਿ ਹਿੰਦੂ ਸਿੱਖਾਂ ਨਾਲ ਹਮਦਰਦੀ ਕਰਦੇ ਹਨ ਔਰ ਉਨ੍ਹਾਂ ਨੂੰ ਆਪਣੇ ਤੋਂ ਵਖਰਾ ਹੁੰਦਾ ਦੇਖ ਕੇ ਦੁਖ ਮੰਨਦੇ ਹਨ ਤਾਂ ਏਹ ਗੱਲ ਭੀ ਨਿਰੀ ਝੂਠ ਹੈ। ਕਯੋਂ ਕਿ ਚਾਰੇ ਪਾਸਿਆਂ ਤੋਂ ਸਿੱਖਾਂ ਨੂੰ ਮਲੀਆਮੇਟ ਕਰਨ ਲਈ ਜੋ ਹਿੰਦੂਆਂ ਦੀ ਤਰਫੋਂ ਯਤਨ ਹੋ ਰਹਿਆ ਹੈ, ਸੋ ਕਿਸੇ ਤੋਂ ਗੁਝਾ ਨਹੀਂ। ਕੋਈ ਹਿੰਦੂ ਇਕ ਦ੍ਰਿਸ਼ਟਾਂਤ ਲਈ ਤਾਂ ਦਸੋ ਕਿ ਫਲਾਣੇ ਸਿੱਖ ਨੂੰ ਧਰਮ ਤੋਂ ਪਤਿਤ ਹੁੰਦੇ ਕਿਸੇ ਹਿੰਦੂ ਨੇ ਬਚਾਯਾ ਹੈ।"

"ਇਸ ਦੇ ਵਿਰੁਧ ਅਸੀਂ ਹਜ਼ਾਰਾਂ ਦ੍ਰਿਸ਼ਟਾਂਤ ਵਿਖਾ ਸਕਦੇ ਹਾਂ ਕਿ ਕਿਤਨਿਆਂ ਸਿੱਖਾਂ ਦੇ ਹਿੰਦੂਆਂ ਨੇ ਕੇਸ ਦੂਰ ਕੀਤੇ, ਕਈਆਂ ਨੂੰ ਹੁਕੇ ਦੀ ਘੁਪ ਦਿੱਤੀ, ਕਈਆਂ ਦੀ ਕ੍ਰਿਪਾਨ, ਕੱਛ ਉਤਰਵਾ ਕੇ ਸੰਕਲਪ ਕਰਵਾਏ, ਕਿਤਨਿਆਂ ਹੀ ਗੁਰਮੰਦਰਾਂ ਵਿਚ ਪੁਰਾਣੀਆਂ ਸਿੱਖ ਧਰਮ ਦੀਆਂ ਰੀਤਾਂ ਹਟਾ ਕੇ ਆਪਣੇ ਘੰਟਿਆਂ ਦੀ ਘਨਘੋਰ ਮਚਾ ਕੇ ਭੋਲੇ ਸਿੱਖਾਂ ਨੂੰ ਇੰਦ੍ਰ-ਜਾਲ ਨਾਲ ਮੋਹਿਤ ਕੀਤਾ, ਕਈ ਗੁਰਦੁਆਰਿਆਂ ਦੀਆਂ ਜਾਯਦਾਤਾਂ ਆਪਣੇ ਨਾਓਂ ਕਰਵਾ ਕੇ ਅੱਜ ਸਿੱਖੀ ਤੋਂ ਇਨਕਾਰੀ ਔਰ ਆਕੀ ਹੋਏ ਬੈਠੇ ਹਨ। ਐਹੋ ਜਿਹੇ ਆਪ ਨੂੰ ਕੀ ਕੀ ਪ੍ਰਸੰਗ ਸੁਣਾਈਏ, ਜੋ ਸਿੱਖ ਧਰਮ-ਦ੍ਰਿਸ਼ਟੀ ਵਿਚ ਇਨ੍ਹਾਂ ਮਹਾਂ-ਕੌਤਕੀਆਂ ਨੇ ਉਲਟ-ਪੁਲਟ ਕੀਤੀ ਹੈ। ਐਸੀ ਹਾਲਤ ਵਿਚ ਕੌਣ ਬੁਧੀਮਾਨ ਆਖ ਸਕਦਾ ਹੈ ਕਿ ਹਿੰਦੂਆਂ ਦੀ ਤਰਫੋਂ ਹਮਦਰਦੀ ਦੇ ਖਿਆਲ ਕਰਕੇ ਸਿੱਖਾਂ ਨੂੰ ਹਿੰਦੂ ਸਾਬਤ ਕਰਨ ਦੀ ਕੋਸ਼ਿਸ਼ ਹੋ ਰਹੀ ਹੈ?"

ਇਨ੍ਹਾਂ ਸਾਰੀਆਂ ਭੜਕਾਊ ਕਾਰਵਾਈਆਂ ਦੇ ਬਾਵਜੂਦ ਆਪਣੀ ਲਿਖਤ ਨਾਲ ਸਿੱਖ ਮਨਾਂ ਵਿਚ ਹਿੰਦੂਆਂ ਪ੍ਰਤੀ ਕੋਈ ਨਫਰਤ ਪੈਦਾ ਨਾ ਹੋਵੇ, ਇਸ ਬਾਰੇ ਸੁਚੇਤ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਲਿਖਤ ਦੇ ਦੂਜੇ ਐਡੀਸ਼ਨ ਵਿਚ ਸਿੱਖਾਂ ਨੂੰ ਅਪੀਲ ਕੀਤੀ, "ਪਯਾਰੇ ਪਾਠਕ ਜੀ! 'ਹਮ ਹਿੰਦੂ ਨਹੀਂ' ਪੁਸਤਕ ਪੜ੍ਹ ਕੇ ਆਪ ਨੂੰ ਕੇਵਲ ਇਹ ਜਾਣਨਾ ਯੋਗਯ ਹੈ ਕਿ ਸਿੱਖ ਧਰਮ, ਹਿੰਦੂ ਆਦਿਕ ਧਰਮਾਂ ਤੋਂ ਭਿੰਨ ਹੈ, ਔਰ ਸਿੱਖ ਕੌਮ ਹੋਰ ਕੌਮਾਂ ਦੀ ਤਰ੍ਹਾਂ ਇਕ ਜੁਦੀ ਕੌਮ ਹੈ, ਪਰ ਇਹ ਕਦੇ ਨਹੀਂ ਹੋਣਾ ਚਾਹੀਏ ਕਿ ਆਪ 'ਹਿੰਦੂ ਜਾਂ ਹੋਰ ਧਰਮੀਆਂ' ਨਾਲੋਂ ਵਿਰੋਧ ਕਰੋ ਔਰ ਉਨ੍ਹਾਂ ਦੇ ਧਰਮਾਂ ਉਪਰ ਕੁਤਰਕ ਕਰੋ ਅਥਵਾ ਦੇਸ-ਭਾਈਆਂ ਨੂੰ ਆਪਣਾ ਅੰਗ ਨਾ ਮੰਨ ਕੇ ਜਨਮ-ਭੂਮੀ ਤੋਂ ਸਰਾਪ ਲਓ...।"

ਇਸ ਸੁਹਿਰਦਤਾ ਦੇ ਬਾਵਜੂਦ ਆਰੀਆ ਸਮਾਜੀਆਂ ਨੇ ਸਿੱਖ ਗੁਰੂਆਂ ਪ੍ਰਤੀ ਮੰਦੀ ਸ਼ਬਦਾਵਲੀ ਵਰਤਣੀ ਤੇ ਕੇਸਾਧਾਰੀ ਸਿੱਖਾਂ ਨੂੰ ਹਿੰਦੂ ਬਣਾਉਣ ਦੇ ਯਤਨ ਜਾਰੀ ਰੱਖੇ। ਪ੍ਰਸਿਧ ਇਤਿਹਾਸਕਾਰ ਡਾ. ਗੰਡਾ ਸਿੰਘ ਦੇ ਕਥਨ ਅਨੁਸਾਰ ਪੰਜਾਬ 'ਚ ਹਿੰਦੂ-ਸਿੱਖ ਤਣਾਓ ਦਾ


ੴ ਸਤਿਗੁਰਪ੍ਰਸਾਦਿ ॥

ਹਮ ਹਿੰਦੂ ਨਹੀਂ

ਅਰਥਾਤ

ਸਿੱਖਧਰਮ

ਹਿੰਦੂ, ਮੁਸਲਮਾਨ ਆਦਿਕ ਮਤਾਂ ਤੋਂ ਭਿੰਨ

ਖ਼ਾਲਿਸ ਅਕਾਲੀਧਰਮ ਹੈ

ਕ੍ਰਿਤ

ਸ੍ਰੀ ਮਾਨ ਸਰਦਾਰ ਕਾਨ ਸਿੰਘ ਜੀ

ਅਰੰਭ ਆਰੀਆ ਸਮਾਜ ਦੇ ਆਉਣ ਨਾਲ ਹੋਇਆ। ਉਨ੍ਹਾਂ ਨੇ ਇਸ ਦੀ ਜਾਣਕਾਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਛਿਮਾਹੀ ਰਸਾਲੇ 'ਪੰਜਾਬ ਬੀਤਿਆ ਤੇ ਵਰਤਮਾਨ' (The Punjab Past and Present) ਦੇ ਅਕਤੂਬਰ 1977 ਦੇ ਅੰਕ ਵਿਚ ਦਿੱਤੀ ਹੈ। ਡਾ. ਗੰਡਾ ਸਿੰਘ ਦੀ ਇਸ ਲਿਖਤ ਅਨੁਸਾਰ ਪੰਜਾਬ 'ਚ "ਸਿੱਖ ਰਾਜ ਤੋਂ ਲੈ ਕੇ ਪਿਛਲੀ (19ਵੀਂ) ਸਦੀ ਦੇ ਅੱਧ ਤਕ ਹਿੰਦੂ ਸਿੱਖ ਤਣਾਓ ਨਾਂ ਦੀ ਕੋਈ ਚੀਜ਼ ਨਹੀਂ ਸੀ।"

ਡਾ. ਗੰਡਾ ਸਿੰਘ ਦੇ ਇਸ ਕਥਨ ਦੀ ਪੁਸ਼ਟੀ 'ਜੰਗਨਾਮਾ ਸਿੱਖਾਂ ਤੇ ਫਿਰੰਗੀਆਂ' ਵਿਚ ਪੰਜਾਬੀ ਮੁਸਲਮਾਨ ਕਵੀ ਸ਼ਾਹ ਮੁਹੰਮਦ ਨੇ ਵੀ ਇਸ ਕਾਵਿਬੰਦ ਵਿਚ ਕੀਤੀ ਹੈ,

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਅਫਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ।

ਡਾ. ਗੰਡਾ ਸਿੰਘ ਹੁਰੀਂ ਲਿਖਦੇ ਹਨ, "ਇਤਿਹਾਸਕ ਤੌਰ 'ਤੇ ਵੇਖਿਆਂ ਇਸ ਤਣਾਓ ਦਾ ਮੁੱਢ ਆਰੀਆ ਸਮਾਜ ਦੇ ਬਾਨੀ ਸੁਆਮੀ ਦਇਆ ਨੰਦ ਵਲੋਂ ਆਪਣੀ ਪੁਸਤਕ 'ਸਤਿਆਰਥ ਪ੍ਰਕਾਸ਼' (ਜੋ 1875 ਵਿਚ ਛਪੀ, ਜਿਸ ਸਾਲ 10 ਅਪਰੈਲ ਨੂੰ ਬੰਬੇ ਵਿਚ ਪਹਿਲੇ ਆਰੀਆ ਸਮਾਜ ਦੀ ਸਥਾਪਨਾ ਹੋਈ) ਵਿਚ ਗੁਰੂ ਨਾਨਕ ਅਤੇ ਉਸ ਦੇ ਸ਼ਰਧਾਲੂਆਂ ਪ੍ਰਤੀ ਮਾੜੀ ਭਾਸ਼ਾ ਵਰਤਣ ਕਰਕੇ ਬੱਝਾ।" ਡਾ. ਗੰਡਾ ਸਿੰਘ ਨੇ ਇਥੇ ਇਕ ਟਿੱਪਣੀ ਵੀ ਕੀਤੀ ਹੈ, "ਮੈਂ ਕੁਤਿਣ ਤੋਂ ਬਚਣ ਲਈ ਸਤਿਆਰਥ ਪ੍ਰਕਾਸ਼ ਦੀ ਉਸ ਛਾਪ ਜਾਂ ਬਾਅਦ ਵਿਚ ਮੁੜ ਸੋਧੀਆਂ ਛਾਪਾਂ ਵਿਚੋਂ ਜ਼ਿਆਦਾ ਟੂਕਾਂ ਨਹੀਂ ਦੇਵਾਂਗਾ।"

ਡਾ. ਗੰਡਾ ਸਿੰਘ ਲਿਖਦੇ ਹਨ, "ਉਸ ਵਿਚ ਸਿੱਖ ਗੁਰੂ ਸਾਹਿਬ ਲਈ ਧੂਰਤ ਸ਼ਬਦ ਵਰਤਿਆ ਗਿਆ ਹੈ, ਜਿਸ ਦਾ ਬੇਟ ਦੇ ਹਿੰਦੀ ਭਾਸ਼ਾ ਕੋਸ਼ ਅਨੁਸਾਰ ਅਰਥ ਹੈ, 'ਠਗ', 'ਧੋਖੇਬਾਜ਼', 'ਦਗੇਬਾਜ਼', 'ਫਰੇਬੀ', 'ਬੇਈਮਾਨ', 'ਮਕਰਾ', 'ਸ਼ਰਾਰਤੀ', 'ਦੁਸ਼ਟ'। ਸਿੱਖਾਂ ਦੇ ਪਵਿਤਰ ਧਾਰਮਿਕ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਨੂੰ ਮਿਥਿਆ ਤੇ ਸਧਾਰਨ ਲੋਕਾਂ ਤੋਂ ਉਨ੍ਹਾਂ ਦੇ (ਧਨ ਆਦਿਕ ਹਰਨ ਵਾਸਤੇ) ਧਨ ਤੇ ਜਾਇਦਾਦ ਲੁਟਣ ਤੇ ਠਗਣ ਵਾਲਾ ਇਕ ਜਾਲ (ਮੋਹ ਜਾਲ) ਦਸਿਆ ਗਿਆ ਹੈ। ਦੋ ਸਾਲ ਬਾਅਦ (1877) ਸੁਆਮੀ ਦਇਆ ਨੰਦ ਪੰਜਾਬ ਆਇਆ ਅਤੇ ਉਸ ਨੇ ਲਾਹੌਰ ਵਿਚ ਆਰੀਆ ਸਮਾਜ ਸਥਾਪਤ ਕੀਤਾ। ਪੰਜਾਬ ਵਿਚਲੀ ਆਪਣੀ ਫੇਰੀ ਦੌਰਾਨ ਉਸ ਨੇ ਸਿੱਖ ਗੁਰੂਆਂ ਦੀ ਸ਼ਲਾਘਾ ਕੀਤੀ। ਇਸ ਨਾਲ ਕਈ ਸਿੱਖ ਆਰੀਆ ਸਮਾਜ ਵਲ ਖਿਚੇ ਗਏ। ਉਨ੍ਹਾਂ ਵਿਚ ਇਕ ਭਾਈ ਜਵਾਹਰ ਸਿੰਘ ਸੀ, ਜੋ ਬਾਅਦ ਵਿਚ ਲਾਹੌਰ ਆਰੀਆ ਸਮਾਜ ਅਤੇ ਡੀ. ਏ. ਵੀ. ਕਾਲਜ ਦੀ ਪ੍ਰਬੰਧਕ ਕਮੇਟੀ ਦਾ ਸਕਤਰ ਬਣਿਆ।"

"ਪੰਜਾਬ ਤੋਂ ਆਪਣੀ ਵਾਪਸੀ ਪਿਛੋਂ ਜਦੋਂ ਸੁਆਮੀ ਦਇਆ ਨੰਦ ਕਾਨਪੁਰ ਠਹਿਰਿਆ ਤਾਂ ਅਜਮੇਰ ਤਹਿਸੀਲ ਦੇ ਸਬ ਇੰਜੀਨੀਅਰ ਭਗਤ ਸਿੰਘ ਨੇ 'ਸਤਿਆਰਥ ਪ੍ਰਕਾਸ਼' ਵਿਚਲੇ ਉਸ ਦੇ ਸਿੱਖਾਂ ਅਤੇ ਸਿੱਖੀ ਬਾਰੇ ਇਤਰਾਜ਼ਯੋਗ ਕਥਨਾਂ ਵਿਰੁਧ ਰੋਸ ਵਜੋਂ ਉਸ ਨੂੰ ਲਿਖਿਆ। ਸਵਾਮੀ ਦਇਆ ਨੰਦ ਨੇ ਉਸ ਨੂੰ ਵਾਪਸੀ ਖੱਤ ਵਿਚ ਇਹ ਕਹਿੰਦਿਆਂ ਲਿਖਿਆ ਕਿ ਪੰਜਾਬ ਵਿਚਲੀ ਆਪਣੀ ਯਾਤਰਾ ਦੌਰਾਨ ਉਸ ਦੇ ਵਿਚਾਰਾਂ ਵਿਚ ਤਬਦੀਲੀ ਆ ਗਈ ਹੈ ਅਤੇ ਕਿਤਾਬ ਦੀ ਅਗਲੀ ਛਾਪ ਵਿਚ ਇਤਰਾਜ਼ਯੋਗ ਕਥਨ ਕੱਢ ਦਿਤੇ ਜਾਣਗੇ; ਪਰ ਕੀਤਾ ਕੁਝ ਵੀ ਨਾ ਗਿਆ।"

"ਸਮੇਂ ਦੇ ਬੀਤਣ 'ਤੇ 'ਸਤਿਆਰਥ ਪ੍ਰਕਾਸ਼' ਦੀ ਦੂਜੀ ਛਾਪ ਦੇ ਛਪਣ ਅਤੇ ਆਰੀਆ ਸਮਾਜ ਵਿਚ ਕੁਝ ਲੋੜੋਂ ਵਧ ਜੋਸ਼ੀਲੇ ਨੌਜਵਾਨਾਂ ਦੇ ਦਾਖਲੇ ਨਾਲ ਆਰੀਆ ਸਮਾਜ ਦੇ ਕੁਝ ਆਗੂਆਂ ਦਾ ਵਤੀਰਾ ਹੋਰ ਵਧ ਦੁਸ਼ਮਣਾਨਾ ਬਣਦਾ ਗਿਆ। ਉਨ੍ਹਾਂ ਦਿਨਾਂ ਦੇ ਆਰੀਆ ਸਮਾਚਾਰ ਮੇਰਠ ਅਤੇ ਆਰੀਆ ਪੱਤ੍ਰਿਕਾ ਲਾਹੌਰ ਦੇ ਕਾਲਮ ਇਸ ਹਕੀਕਤ ਦੀ ਗਵਾਹੀ ਦਿੰਦੇ ਹਨ।...ਸਤਿਆਰਥ ਪ੍ਰਕਾਸ਼ ਦੀ ਦੂਜੀ ਛਾਪ ਹੋਰ ਵੀ ਨਿਰਾਸ਼ਾਜਨਕ ਅਤੇ ਦੁਸ਼ਮਣਾਨਾ ਨਿਕਲੀ। ਇਸ ਵਿਚ ਸਿੱਖ ਗੁਰੂਆਂ, ਸਿੱਖਾਂ ਦੇ ਧਾਰਮਿਕ ਗ੍ਰੰਥਾਂ ਅਤੇ ਆਮ ਸਿੱਖ ਜਨਤਾ ਉਤੇ ਹਮਲਾ ਹੋਰ ਵੱਧ ਸਿੱਧਾ, ਵੱਧ ਜ਼ਹਿਰੀਲਾ ਤੇ ਵੱਧ ਦੁਖਦਾਈ ਸੀ। ਗੁਰੂ ਨਾਨਕ ਨੂੰ ਅਨਪੜ੍ਹ, ਆਤਮ ਘੁਮੰਡੀ ਅਤੇ ਪਾਖੰਡੀ ਦਸਿਆ ਗਿਆ ਸੀ। ਸਿੱਖਾਂ ਦੇ ਪਵਿਤਰ ਗ੍ਰੰਥਾਂ ਦੀ ਨਿਰਾਦਰੀ ਕੀਤੀ ਗਈ ਸੀ। ਸਿੱਖੀ ਦੇ ਚਿੰਨ੍ਹਾਂ ਤੇ ਪਰੰਪਰਾਵਾਂ ਦਾ ਮਖੌਲ ਉਡਾਇਆ ਗਿਆ ਸੀ। ਸਿੱਖਾਂ ਨੂੰ ਆਮ ਤੌਰ 'ਤੇ ਹੰਕਾਰੀ ਅਤੇ ਲਾਲਸਾ ਦੇ ਗੁਲਾਮ ਵਜੋਂ ਪੇਸ਼ ਕੀਤਾ ਗਿਆ ਸੀ।"

ਡਾ. ਗੰਡਾ ਸਿੰਘ ਆਪਣੀ ਲਿਖਤ ਇਸ ਟਿਪਣੀ ਨਾਲ ਖਤਮ ਕਰਦੇ ਹਨ, "ਇਹ ਹਕੀਕੀ ਰੂਪ ਵਿਚ ਪਿਛਲੀ ਸਦੀ ਦੇ ਸੱਤਰਵਿਆਂ ਤੇ ਅਸੀਵਿਆਂ ਵਿਚ ਆਰੀਆ ਸਮਾਜ ਦੇ ਜਨਮ ਤੋਂ ਫੌਰੀ ਬਾਅਦ ਹਿੰਦੂ-ਸਿੱਖ ਤਣਾਓ ਕਿਵੇਂ ਸ਼ੁਰੂ ਹੋਇਆ, ਦਾ ਸੰਖੇਪ ਹੈ।"

ਉਕਤ ਸਾਰਾ ਵੇਰਵਾ ਇਸ ਲਈ ਦਿੱਤਾ ਗਿਆ ਹੈ ਤਾਂ ਕਿ ਮੇਰੀ ਇਸ ਲਿਖਤ ਉਤੇ ਇਹ ਦੋਸ਼ ਨਾ ਲਾਇਆ ਜਾਵੇ ਕਿ ਇਹ ਸਾਰਾ ਕੁਝ ਤਤਕਾਲੀ ਪ੍ਰਸੰਗ ਨਾਲੋਂ ਤੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੀ ਲਿਖਤ 'ਹਮ ਹਿੰਦੂ ਨਹੀਂ ਹੈਂ' ਦੀ ਪੇਸ਼ਕਾਰੀ ਆਪਣੇ ਤਤਕਾਲੀ ਪ੍ਰਸੰਗ ਵਿਚ ਠੀਕ ਹੋਣ ਦੇ ਬਾਵਜੂਦ ਅਜੋਕੇ ਪ੍ਰਸੰਗ ਵਿਚ ਇਹ ਬਿਰਤਾਂਤ ਗੁਰਮਤਿ ਫਿਲਾਸਫੀ ਨੂੰ ਛੁਟਿਆਉਣ ਦਾ ਕਾਰਨ ਬਣ ਰਿਹਾ ਹੈ। ਜੂਨ 1984 ਪਿਛੋਂ ਸਿੱਖਾਂ ਦੀ ਵੱਡੀ ਧਿਰ ਆਪਣੀ ਹੋਂਦ 'ਹਮ ਹਿੰਦੂ ਨਹੀਂ ਹੈਂ' ਦੇ ਬਿਰਤਾਂਤ ਵਿਚੋਂ ਲਭ ਰਹੀ ਹੈ। ਉਸ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਕਿ ਗੁਰੂ ਸਾਹਿਬ ਨੇ ਸਿੱਖ ਪੰਥ ਦੀ ਸਿਰਜਣਾ ਇਸ ਤੋਂ ਕਿਤੇ ਵੱਡੇ ਨਿਸ਼ਾਨੇ ਨੂੰ ਮੁੱਖ ਰੱਖ ਕੇ ਕੀਤੀ ਹੈ। 'ਆਪ ਮੁਕਤੁ ਮੁਕਤੁ ਕਰੈ ਸੰਸਾਰ' ਦੇ ਨਿਸ਼ਾਨੇ ਨੂੰ ਮੁੱਖ ਰਖ ਕੇ ਸਿਰਜੇ ਗਏ ਪੰਥ ਨੂੰ ਜਦੋਂ ਆਪਣੇ ਆਪ ਨੂੰ 'ਹਮ ਹਿੰਦੂ ਨਹੀਂ ਹੈਂ' ਦੇ ਪ੍ਰਸੰਗ ਵਿਚੋਂ ਆਪਣੀ ਹੋਂਦ ਦਾ ਨਿਰਣਾ ਕਰਦਿਆਂ ਵੇਖੀਦਾ ਹੈ ਤਾਂ ਇਹ ਬੜਾ ਮੰਦਭਾਗਾ ਜਾਪਦਾ ਹੈ। ਬੇਸ਼ਕ ਭਾਈ ਕਾਨ੍ਹ ਸਿੰਘ ਨਾਭਾ ਦੀ ਲਿਖਤ ਖੁਦ ਆਪਣੀ ਇਸ ਸੀਮਤਾਈ ਬਾਰੇ ਸੁਚੇਤ ਹੈ।

1898 ਵਿਚ ਛਪੇ ਇਸ ਲਿਖਤ ਦੇ ਪਹਿਲੇ

*(ਬਾਕੀ ਅਗਲੇ ਸਫੇ 'ਤੇ)*

**ਵਿਚਾਰ ਚਰਚਾ**

# ਪ੍ਰਿਥਮ ਭਗਉਤੀ ਸਿਮਰ ਕੈ

**ਸੇਵਕ ਸਿੰਘ ਕੋਟਕਪੂਰਾ**
ਫੋਨ: 661-444-3657

ਭਗਉਤੀ ਦਾ ਸਬੰਧ ਬ੍ਰਹਿਮੰਡ ਭਾਵ ਸੰਸਾਰ ਦੀ ਰਚਨਾ ਨਾਲ ਹੈ। ਸਭ ਤੋਂ ਪਹਿਲਾਂ ਵਿਗਿਆਨ ਇਸ ਸਬੰਧੀ ਕੀ ਕਹਿੰਦਾ ਹੈ, ਇਸ 'ਤੇ ਵਿਚਾਰ ਕਰਦੇ ਹਾਂ। ਇਸ ਵੇਲੇ ਦਾ ਸਭ ਤੋਂ ਵੱਧ ਪ੍ਰਚਲਿਤ ਅਤੇ ਪ੍ਰਵਾਨਿਤ ਸਿਧਾਂਤ ਬਿੱਗ ਬੈਂਗ ਹੈ, ਜਿਸ ਅਨੁਸਾਰ ਅੱਜ ਤੋਂ ਕਰੀਬ ਤਿੰਨ ਅਰਬ ਸਾਲ ਪਹਿਲਾਂ ਇੱਕ ਨੁਕਤੇ ਵਿਚ ਇਕ ਬਹੁਤ ਵੱਡਾ ਧਮਾਕਾ ਹੋਇਆ, ਜੋ ਇਕ ਸੈਕੰਡ ਦੇ ਵੀ ਬਹੁਤ ਘੱਟ ਸਮੇਂ ਵਿਚ ਹੋਇਆ ਤੇ ਇਸ ਬ੍ਰਹਿਮੰਡ ਦੀ ਰਚਨਾ ਹੋ ਗਈ; ਇਸ ਦਾ ਵਿਸਥਾਰ ਹੋਣਾ ਸ਼ੁਰੂ ਹੋ ਗਿਆ, ਜੋ ਅੱਜ ਤੱਕ ਹੋ ਰਿਹਾ ਹੈ। ਕਦੋਂ ਤੱਕ ਹੋਵੇਗਾ? ਕੁਝ ਕਹਿ ਨਹੀਂ ਸਕਦੇ।

ਇਸ ਬ੍ਰਹਿਮੰਡ ਦੀ ਉਤਪਤੀ ਪਦਾਰਥ ਤੋਂ ਹੋਈ ਹੈ। ਪਦਾਰਥ ਰਚਨਾ ਦਾ ਮੂਲ ਕਾਰਨ ਪ੍ਰਮਾਣੂ ਹੈ। ਇਸ ਸੰਸਾਰ ਵਿਚ ਜੋ ਵੀ ਪਦਾਰਥ ਦਿਸਦੇ ਹਨ, ਉਹ ਇਕ ਜਾਂ ਕਈ ਤੱਤਾਂ ਤੋਂ ਮਿਲ ਕੇ ਬਣੇ ਹਨ। ਹਰ ਤੱਤ ਦੀ ਰਚਨਾ ਪ੍ਰਮਾਣੂ ਤੋਂ ਹੋਈ ਹੈ, ਪ੍ਰਮਾਣੂ ਮੁਢਲੀ ਇਕਾਈ ਹੈ। ਸੰਸਾਰ ਵਿਚ ਅੱਜ ਤੱਕ 118 ਤੱਤ ਖੋਜੇ ਜਾ ਚੁਕੇ ਹਨ, ਹਰ ਤੱਤ ਦੂਜੇ ਤੱਤ ਤੋਂ ਆਪਣੇ ਪ੍ਰਮਾਣੂ ਭਾਰ ਕਰਕੇ ਵੱਖਰਾ ਹੈ। ਹਰ ਪ੍ਰਮਾਣੂ ਵਿਚ ਇਕ ਪ੍ਰੋਟੋਨ, ਇਕ ਨਿਊਟਰੋਨ ਅਤੇ ਇਕ ਇਲੈਕਟ੍ਰਾਨ ਹੋਣਾ ਜ਼ਰੂਰੀ ਹੈ। ਇਨ੍ਹਾਂ ਸਭ ਦੇ ਮਿਲਣ ਨਾਲ ਹਾਈਡ੍ਰੋਜਨ ਦਾ ਇਕ ਪ੍ਰਮਾਣੂ ਬਣਦਾ ਹੈ। ਦੋ ਪ੍ਰੋਟੋਨ ਅਤੇ ਦੋ ਇਲੈਕਟ੍ਰਾਨ ਮਿਲਣ ਨਾਲ ਹੀਲੀਅਮ ਬਣ ਜਾਂਦੀ ਹੈ। ਇਸੇ ਤਰ੍ਹਾਂ 118 ਤੱਤਾਂ ਦੀ ਰਚਨਾ ਹੋਈ ਹੈ। ਹੋਰ ਵੀ ਜੇ ਕਿਸੇ ਤੱਤ ਦੀ ਖੋਜ ਹੁੰਦੀ ਹੈ ਤਾਂ ਉਸ ਦੀ ਰਚਨਾ ਵੀ ਪ੍ਰਮਾਣੂ ਤੋਂ ਹੀ ਹੋਵੇਗੀ।

ਹਰ ਇਕ ਪਦਾਰਥ ਦਾ ਰੂਪ ਠੋਸ, ਤਰਲ ਜਾਂ ਗੈਸ ਦੀ ਸ਼ਕਲ ਵਿਚ ਹੁੰਦਾ ਹੈ। ਹਰ ਪਦਾਰਥ ਦਾ ਮੂਲ ਪ੍ਰਮਾਣੂ ਹੈ। ਹਰ ਪ੍ਰਮਾਣੂ ਦੀ ਰਚਨਾ ਪ੍ਰੋਟੋਨ, ਨਿਊਟਰੋਨ ਅਤੇ ਇਲੈਕਟ੍ਰਾਨ ਤੋਂ ਹੋਈ ਹੈ। ਇਨ੍ਹਾਂ ਦੀ ਰਚਨਾ ਦਾ ਕਾਰਨ ਊਰਜਾ ਹੈ। ਸਿਧਾਂਤ ਇਹ ਹੈ, ਊਰਜਾ ਤੋਂ ਪਦਾਰਥ ਪੈਦਾ ਹੁੰਦਾ ਹੈ ਅਤੇ ਪਦਾਰਥ ਤੋਂ ਊਰਜਾ ਪੈਦਾ ਹੁੰਦੀ ਹੈ; ਭਾਵ ਊਰਜਾ ਅਤੇ ਪਦਾਰਥ ਦਾ ਮੂਲ ਸ੍ਰੋਤ ਇਕ ਹੀ ਹੈ। ਪਦਾਰਥ ਊਰਜਾ ਦਾ ਸੰਘਣਾ ਰੂਪ ਹੈ। ਮੂਲ ਊਰਜਾ ਹੈ, ਪਦਾਰਥ ਉਸ ਤੋਂ ਪੈਦਾ ਹੋਇਆ ਹੈ। ਠੋਸ (ਪ੍ਰਿਥਵੀ), ਤਰਲ (ਪਾਣੀ), ਗੈਸ (ਵਾਯੂ) ਤੇ ਊਰਜਾ (ਅਗਨੀ)-ਇਹ ਚਾਰ ਪਦਾਰਥ ਮਿਲ ਕੇ ਪ੍ਰਕ੍ਰਿਤੀ ਭਾਵ ਕੁਦਰਤ ਬਣ ਜਾਂਦੇ ਹਨ। ਕੁਦਰਤ ਆਪਣੇ ਹੀ ਨਿਯਮਾਂ ਅਨੁਸਾਰ ਇਸ ਦਿਸਦੇ-ਅਣਦਿਸਦੇ ਸੰਸਾਰ ਨੂੰ ਚਲਾ ਰਹੀ ਹੈ।

ਪਦਾਰਥ ਅਤੇ ਊਰਜਾ ਦੇ ਸੰਜੋਗ ਨਾਲ ਭੌਤਿਕ ਅਤੇ ਰਸਾਇਣਕ ਕ੍ਰਿਆਵਾਂ ਨਾਲ ਜੀਵਨ ਪੈਦਾ ਹੁੰਦਾ ਹੈ, ਵਿਗਸਦਾ ਹੈ ਅਤੇ ਨਾਸ਼ ਹੋ ਜਾਂਦਾ ਹੈ। ਇਸ ਸੰਸਾਰ ਵਿਚ ਆਤਮਾ ਅਤੇ ਪਰਮਾਤਮਾ ਨਾਂ ਦੀ ਕੋਈ ਵਸਤੂ ਨਹੀਂ ਹੈ। ਕੁਦਰਤ ਆਪ ਹੀ ਆਪਣੇ ਨਿਯਮਾਂ ਅਨੁਸਾਰ ਸੰਸਾਰ ਨੂੰ ਚਲਾ ਰਹੀ ਹੈ। ਵਿਗਿਆਨ ਵਿਚ ਅਕਾਸ਼ ਵਾਸਤੇ ਈਥਰ (Eather) ਸ਼ਬਦ ਦੀ ਵਰਤੋਂ ਕੀਤੀ ਗਈ ਹੈ।

ਸਾਮੀ ਭਾਵ ਯਹੂਦੀ, ਈਸਾਈ ਅਤੇ ਇਸਲਾਮ-ਤਿੰਨਾਂ ਹੀ ਧਰਮਾਂ ਦੀ ਪਹਿਲੀ ਪੁਸਤਕ ਪੁਰਾਣਾ ਨਿਯਮ (Old testament) ਹੈ। ਇਸ ਅਨੁਸਾਰ ਯਹੋਵਾਹ ਨੇ ਕਿਹਾ, ਹੋ ਜਾਏ; ਤੇ ਸ੍ਰਿਸ਼ਟੀ ਦੀ ਰਚਨਾ ਹੋ ਗਈ। ਯਹੋਵਾਹ ਨੇ ਹੀ ਸਾਰੇ ਪਦਾਰਥ ਰਚੇ ਹਨ। ਸਾਰੇ ਜੀਵ ਜੰਤੂ ਵੀ ਉਸੇ ਨੇ ਰਚੇ ਹਨ। ਭਾਵ ਸਾਰੇ ਸੰਸਾਰ ਦਾ ਮੂਲ ਕਾਰਨ ਯਹੋਵਾਹ ਹੀ ਹੈ। ਯਹੂਦੀ ਧਰਮ ਅਨੁਸਾਰ ਵੀ ਚਾਰ ਪਦਾਰਥ-ਪ੍ਰਿਥਵੀ, ਜਲ, ਵਾਯੂ ਅਤੇ ਅਗਨੀ ਵਰਤੇ ਗਏ ਹਨ। ਉਹ ਵੀ ਅਕਾਸ਼ ਨੂੰ ਤੱਤ ਨਹੀਂ ਮਨਦੇ। ਸਾਰੇ ਜੀਵ ਯਹੋਵਾਹ ਨੇ ਆਪਣੇ ਹੁਕਮ ਅਨੁਸਾਰ ਰਚੇ ਹਨ ਤੇ ਕਿਆਮਤ ਦੇ ਦਿਨ ਜੀਵਾਂ ਦਾ ਨਿਆਂ ਕਰਕੇ ਮੁੜ ਜਿੰਦਾ ਕਰ ਦੇਵੇਗਾ, ਤੇ ਉਨ੍ਹਾਂ ਨੂੰ ਅਮਰਤਾ ਪ੍ਰਦਾਨ ਕਰ ਦੇਵੇਗਾ।

ਇਸਾਈ ਧਰਮ ਅਨੁਸਾਰ ਪੁਰਾਣੇ ਨਿਯਮ ਵਿਚ ਈਸਾ ਮਸੀਹ ਦੇ ਆਉਣ ਦੀ ਭਵਿੱਖਵਾਣੀ ਕੀਤੀ ਗਈ ਸੀ, ਜਿਸ ਅਨੁਸਾਰ ਹੀ ਈਸਾ ਮਸੀਹ ਦਾ ਜਨਮ ਹੋਇਆ ਹੈ; ਤੇ ਯਹੋਵਾਹ ਦੇ ਹੁਕਮ ਅਨੁਸਾਰ ਹੀ ਈਸਾ ਨੇ ਮਨੁੱਖਾਂ ਨੂੰ ਬਚਾਉਣ ਲਈ ਕੁਰਬਾਨੀ ਦਿੱਤੀ। ਈਸਾਈ ਨਵੇਂ ਨਿਯਮ (Bible) ਦੇ ਨਾਲ ਹੀ ਪੁਰਾਣੇ ਨਿਯਮ ਨੂੰ ਵੀ ਮਾਨਤਾ ਦਿੰਦੇ ਹਨ। ਇਕ ਰਵਾਇਤ ਅਨੁਸਾਰ ਈਸਾ ਮਸੀਹ ਮੁੜ ਜਿੰਦਾ ਹੋਇਆ ਤਾਂ ਉਸ ਪਿਛੋਂ ਕਸ਼ਮੀਰ (ਭਾਰਤ) ਆਇਆ ਅਤੇ ਯੋਗ ਸਾਧਨਾ ਕੀਤੀ, ਤੇ ਇੱਥੇ ਹੀ ਉਸ ਦੀ ਮੌਤ ਹੋਈ। ਦਰਗਾਹ ਹਜ਼ਰਤ ਬੱਲ ਪਿਆ ਵਾਲ ਈਸਾ ਮਸੀਹ ਦਾ ਹੀ ਹੈ।

ਇਸਲਾਮ ਅਨੁਸਾਰ ਵੀ ਅੱਲਾਹ ਨੇ ਸੱਤ ਆਕਾਸ਼ ਅਤੇ ਸੱਤ ਪਾਤਾਲਾਂ ਵਿਚ ਸੰਸਾਰ ਦੀ ਰਚਨਾ ਕੀਤੀ ਹੈ। ਉਸ ਨੇ ਹੀ ਕੁਦਰਤ ਅਤੇ ਚਾਰ ਤੱਤਾਂ ਤੋਂ ਸੰਸਾਰ ਦੀ ਰਚਨਾ ਕੀਤੀ ਹੈ। ਉਸ ਦੇ ਹੁਕਮ ਅਨੁਸਾਰ ਹੀ ਜੀਵ ਜੰਮਦੇ ਅਤੇ ਮਰਦੇ ਹਨ। ਕਿਆਮਤ ਦੇ ਦਿਨ ਅੱਲਾਹ ਜੀਵਾਂ ਦਾ ਹਿਸਾਬ ਕਰਕੇ ਨਵਾਂ ਅਤੇ ਅਮਰ ਜੀਵਨ ਪ੍ਰਦਾਨ ਕਰੇਗਾ। ਸੂਫੀ ਮੱਤ ਵੀ ਵੇਦਾਂਤ ਦੇ ਅਦਵੈਤਵਾਦ ਤੋਂ ਹੀ ਪ੍ਰਭਾਵਿਤ ਹੋ ਕੇ ਸਥਾਪਤ ਕੀਤਾ ਗਿਆ ਹੈ, ਜੋ ਬੁੱਧ ਧਰਮ ਦੇ ਭਿਕਸ਼ੂਆਂ ਦੇ ਸੰਪਰਕ ਵਿਚ ਆਉਣ ਪਿਛੋਂ ਅਤੇ ਵਿਚਾਰ ਵਟਾਂਦਰੇ ਤੋਂ ਪ੍ਰਭਾਵਿਤ ਹੋ ਕੇ ਸਥਾਪਤ ਕੀਤਾ ਗਿਆ।

ਹੁਣ ਭਾਰਤੀ ਧਰਮਾਂ ਅਨੁਸਾਰ ਦੇਖੀਏ, ਸਭ ਤੋਂ ਪਹਿਲਾ ਅਤੇ ਪੁਰਾਤਨ ਧਰਮ ਸਨਾਤਨ ਧਰਮ ਹੈ। ਇਸ ਵਿਚ ਦੋ ਵਿਚਾਰਧਾਰਾਵਾਂ ਪ੍ਰਵਾਨਿਤ ਹਨ-ਨਾਸਤਿਕ ਵਿਚਾਰਧਾਰਾ ਭਾਵ ਚਾਰਵਾਕ ਅਤੇ ਲੋਕਾਇਤ ਵਿਚਾਰਧਾਰਾ। ਇਸ ਦਾ ਸੰਸਥਾਪਕ ਬ੍ਰਹਸਪਤੀ ਰਿਸ਼ੀ ਨੂੰ ਮੰਨਿਆ ਜਾਂਦਾ ਹੈ। ਇਸ ਵਿਚਾਰਧਾਰਾ ਦਾ ਕੋਈ ਵੀ ਗ੍ਰੰਥ ਮੌਜੂਦ ਨਹੀਂ ਹੈ, ਪਰ ਹੋਰ ਗ੍ਰੰਥਾਂ ਵਿਚ ਇਸ ਦੇ ਹਵਾਲੇ ਮਿਲਦੇ ਹਨ। ਇਸ ਅਨੁਸਾਰ ਵੀ ਚਾਰ ਤੱਤਾਂ ਤੋਂ ਹੀ ਸੰਸਾਰ ਦੀ ਰਚਨਾ ਹੋਈ ਹੈ। ਕੋਈ ਰੱਬ ਜਾਂ ਆਤਮਾ ਨਹੀਂ ਹੈ। ਸਰੀਰ ਹੀ ਮੈਂ ਹੈ। ਇਸ ਕਰਕੇ ਹੀ ਸੰਸਾਰ ਦੇ ਸੁਖ ਭੋਗਦੇ ਹਾਂ। ਸਰੀਰ ਦੇ ਖਤਮ ਹੋਣ ਨਾਲ ਹੀ ਸਭ ਕੁਝ ਖਤਮ ਹੋ ਜਾਂਦਾ ਹੈ। ਸੋ ਜਿੰਨਾ ਚਿਰ ਜਿਉਂਦੇ ਹੋ, ਸੰਸਾਰ ਦੇ ਸੁਖ ਭੋਗਦੇ ਰਹੋ। ਇਸ ਜੀਵਨ ਪਿਛੋਂ ਕੋਈ ਜੀਵਨ ਨਹੀਂ ਹੈ। ਕਰੀਬ ਵਿਗਿਆਨਕ ਵਿਚਾਰਧਾਰਾ ਨਾਲ ਮਿਲਦੀ-ਜੁਲਦੀ ਵਿਚਾਰਧਾਰਾ ਹੀ ਹੈ।

ਬੁੱਧ ਧਰਮ ਅਤੇ ਜੈਨ ਧਰਮ ਅਨੁਸਾਰ ਪਰਮਾਤਮਾ ਦੀ ਹੋਂਦ ਸ਼ੱਕੀ ਹੈ, ਪਰ ਆਤਮਾ ਹੈ। ਇਹ ਸੰਸਾਰ ਪ੍ਰਕ੍ਰਿਤੀ ਦੀ ਰਚਨਾ ਹੈ, ਅਤੇ ਦੁਖ ਦਾ ਕਾਰਨ ਹੈ। ਆਤਮਾ ਦੇ ਗਿਆਨ ਨਾਲ ਹੀ ਮੁਕਤੀ ਭਾਵ ਮੋਖਸ਼ ਦੀ ਪ੍ਰਾਪਤੀ ਹੁੰਦੀ ਹੈ; ਪਰ ਓਮ ਸ਼ਬਦ ਦੀ ਵਰਤੋਂ ਇਨ੍ਹਾਂ ਧਰਮਾਂ ਵਿਚ ਕੀਤੀ ਗਈ ਹੈ ਤੇ ਓਮ ਸ਼ਬਦ ਦਾ ਧਿਆਨ ਕਰਨ ਦੀ ਹਦਾਇਤ ਦਿੱਤੀ ਗਈ ਹੈ। ਧਿਆਨ ਤੋਂ ਹੀ ਸਮਾਧੀ ਦੀ ਪ੍ਰਾਪਤੀ ਹੁੰਦੀ ਹੈ, ਤੇ ਸਮਾਧੀ ਮੁਕਤੀ ਦਾ ਸਾਧਨ ਹੈ।

ਸਨਾਤਨ ਧਰਮ ਦੇ ਛੇ ਸ਼ਾਸਤਰ ਹਨ- 1. ਸਾਂਖਿਆ ਸ਼ਾਸਤਰ, ਜਿਸ ਦੇ ਪ੍ਰਵਤਕ ਕਪਿਲ ਮੁਨੀ ਹਨ; 2. ਯੋਗ ਸ਼ਾਸਤਰ, ਪਤੰਜਲੀ ਰਿਸ਼ੀ; 3. ਨਿਆਏ ਸ਼ਾਸਤਰ, ਗੌਤਮ ਰਿਸ਼ੀ; 4. ਵੈਸੈ/ਸ਼ੱਕ ਸ਼ਾਸਤਰ, ਕਨਾਦ ਮੁਨੀ; 5. ਪੂਰਵ ਮੀਮਾਂਸਾ, ਜੈਮਨੀ ਰਿਸ਼ੀ ਅਤੇ 6. ਉਤਰ ਮੀਮਾਂਸਾ ਜਾਂ ਵੇਦਾਂਤ ਸ਼ਾਸਤਰ, ਬਦਰਾਇਣ ਵਿਆਸ। ਇਨ੍ਹਾਂ ਸ਼ਾਸਤਰਾਂ ਵਿਚ ਦਵੈਤਵਾਦ, ਅਦਵੈਤਵਾਦ ਅਤੇ ਵਸ਼ਿਸ਼ਟ ਅਦਵੈਤਵਾਦ ਦਾ ਪ੍ਰਤੀਪਾਦਨ ਕੀਤਾ ਗਿਆ ਹੈ। ਪਰਮਾਤਮਾ, ਆਤਮਾ, ਮਾਯਾ ਅਤੇ ਸੰਸਾਰ ਦਾ ਵਿਵੇਚਨ ਕੀਤਾ ਗਿਆ ਹੈ। ਫਰਕ ਸਿਰਫ ਅਮਰਤਾ ਅਤੇ ਵਿਸ਼ੇਸ਼ਤਾ ਦਾ ਹੀ ਹੈ। ਇਨ੍ਹਾਂ ਦੀ ਹੋਂਦ 'ਤੇ ਕੋਈ ਪ੍ਰੰਤੂ ਨਹੀਂ ਕੀਤਾ ਗਿਆ।

ਇਸ ਪਿਛੋਂ ਰਾਮਾਇਣ ਅਤੇ ਯੋਗ ਵਸ਼ਿਸ਼ਟ ਗ੍ਰੰਥ ਆਉਂਦੇ ਹਨ। ਜਿਨ੍ਹਾਂ ਦਾ ਰਚੈਤਾ ਵਾਲਮੀਕੀ ਮੁਨੀ ਹੈ। ਯੋਗ ਵਸ਼ਿਸ਼ਟ ਗ੍ਰੰਥ ਵਿਚ ਵਸ਼ਿਸ਼ਟ ਮੁਨੀ ਸ੍ਰੀ ਰਾਮ ਚੰਦਰ ਨੂੰ ਉਪਦੇਸ਼ ਰਾਹੀਂ ਆਤਮਾ ਅਤੇ ਪਰਮਾਤਮਾ ਦਾ ਗਿਆਨ ਦਿੰਦੇ ਹਨ, ਜੋ ਅਦਵੈਤਵਾਦ ਅਨੁਸਾਰ ਹੀ ਹੈ।

ਇਸ ਤੋਂ ਸ੍ਰੀਮੱਦ ਭਗਵਤ ਗੀਤਾ ਦਾ ਉਪਦੇਸ਼ ਆਉਂਦਾ ਹੈ, ਜੋ ਮਹਾਂ ਭਾਰਤ ਗ੍ਰੰਥ ਦਾ ਹੀ ਇਕ ਅੰਗ ਹੈ ਅਤੇ ਛੇ ਸ਼ਾਸਤਰਾਂ ਦਾ ਹੀ ਨਿਚੋੜ ਹੈ। ਹਰ ਅਧਿਆਇ ਦੇ ਅੰਤ 'ਤੇ ਕ੍ਰਿਸ਼ਨ ਜੀ ਇਸ ਨੂੰ ਉਪਨਿਸ਼ਦ, ਬ੍ਰਹਮ ਵਿੱਦਿਆ ਅਤੇ ਯੋਗ ਸ਼ਾਸਤਰ ਕਹਿੰਦੇ ਹਨ।

ਅਧਿਆਇ 4, ਸ਼ਲੋਕ 6 ਵਿਚ ਕਹਿੰਦੇ ਹਨ ਕਿ ਮੈਂ ਅਜਨਮਾ ਤੇ ਅਵਿਨਾਸ਼ੀ ਸਰੂਪ ਹੁੰਦਿਆਂ ਵੀ, ਤੇ ਸਮੂਹ ਪ੍ਰਾਣੀਆਂ ਦਾ ਈਸ਼ਵਰ ਹੁੰਦੇ ਹੋਏ ਵੀ ਆਪਣੀ ਪ੍ਰਕ੍ਰਿਤੀ ਨੂੰ ਆਪਣੇ ਅਧੀਨ ਕਰ ਕੇ ਆਪਣੀ ਯੋਗ ਮਾਯਾ ਰਾਹੀਂ ਪ੍ਰਗਟ ਹੁੰਦਾ ਹਾਂ।

ਅਧਿਆਇ 7, ਸਲੋਕ 4-5 ਪ੍ਰਿਥਵੀ, ਜਲ, ਵਾਯੂ, ਅਗਨੀ, ਆਕਾਸ਼, ਮਨ, ਬੁੱਧੀ ਅਤੇ ਅਹੰਕਾਰ-ਇਹ 8 ਪ੍ਰਕਾਰ ਦੀ ਮਾਇਆ ਭਾਵ ਅਪਰਾ ਪ੍ਰਕ੍ਰਿਤੀ ਹੈ, ਜੋ ਜੜ ਪ੍ਰਕ੍ਰਿਤੀ ਹੈ। ਦੂਜੀ ਪਰਾ ਪ੍ਰਕ੍ਰਿਤੀ ਭਾਵ ਜੀਵ ਪ੍ਰਕ੍ਰਿਤੀ ਹੈ, ਜਿਸ ਰਾਹੀਂ ਮੈਂ ਸੰਸਾਰ ਨੂੰ ਧਾਰਨ ਕਰਦਾ ਹਾਂ।

ਅਧਿਆਇ 14, ਸਲੋਕ 5 ਹੇ ਅਰਜੁਨ ਸਤੋ ਗੁਣ, ਰਜੋ ਗੁਣ ਅਤੇ ਤਮੋ ਗੁਣ। ਇਹ ਮੇਰੀ ਪ੍ਰਕ੍ਰਿਤੀ ਤੋਂ ਉਤਪੰਨ ਹੋਏ ਤਿੰਨੇ ਗੁਣ ਅਵਿਨਾਸ਼ੀ ਜੀਵ ਆਤਮਾ ਨੂੰ ਸਰੀਰ ਵਿਚ ਬੰਨਦੇ ਹਨ।

ਇਸ ਤਰ੍ਹਾਂ ਸਨਾਤਨ ਧਰਮ ਵਿਚ ਪਾਰਬ੍ਰਹਮ, ਬ੍ਰਹਮ, ਮਾਯਾ, ਜੀਵ ਆਤਮਾ ਅਤੇ ਸੰਸਾਰ ਦੀ ਵਿਆਖਿਆ ਕੀਤੀ ਗਈ ਹੈ। ਓਮ (ਓਅੰਕਾਰ) ਦੀ ਧੁਨੀ ਦੀ ਵੀ ਵਿਆਖਿਆ ਕੀਤੀ ਗਈ ਹੈ।

ਹੁਣ ਸਿੱਖ ਧਰਮ ਅਨੁਸਾਰ ਇਸ ਦੀ ਵਿਆਖਿਆ ਅਤੇ ਵਿਚਾਰ ਕੀਤੀ ਜਾਵੇ। ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਦੀ ਪਹਿਲੀ ਪੌੜੀ ਵਿਚ ਕਹਿੰਦੇ ਹਨ,

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥
ਕਰ ਆਸਣੁ ਡਿਠੋ ਚਾਉ॥

ਇਸ ਤਰ੍ਹਾਂ ਆਸਾ ਦੀ ਵਾਰ ਵਿਚ ਇਸ ਵਿਸੇ 'ਤੇ ਕਾਫੀ ਚਰਚਾ ਕੀਤੀ ਗਈ ਹੈ।

ਗੁਰੂ ਅਮਰਦਾਸ ਜੀ ਅਨੰਦ ਸਾਹਿਬ ਵਿਚ 26ਵੀਂ ਪੌੜੀ ਵਿਚ ਕਹਿੰਦੇ ਹਨ,

ਸਿਵ ਸਕਤਿ ਆਪਿ ਉਪਾਇਕੈ
ਕਰਤਾ ਆਪੇ ਹੁਕਮੁ ਵਰਤਾਏ॥
ਹੁਕਮੁ ਵਰਤਾਏ ਆਪਿ ਵੇਖੈ
ਗੁਰਮੁਖਿ ਕਿਸੈ ਬੁਝਾਏ॥
ਤੋੜੇ ਬੰਧਨ ਹੋਵੈ ਮੁਕਤੁ
ਸਬਦ ਮੰਨਿ ਵਸਾਏ॥
ਗੁਰਮੁਖਿ ਜਿਸਨੋ ਆਪਿ ਕਰੇ
ਸੁ ਹੋਵੈ ਏਕਸ ਸਿਉ ਦਿਲ ਲਾਏ॥
ਕਹੈ ਨਾਨਕੁ ਆਪਿ ਕਰਤਾ
ਆਪੇ ਹੁਕਮੁ ਬੁਝਾਏ॥

ਅਤੇ 29ਵੀਂ ਪੌੜੀ ਵਿਚ ਕਹਿੰਦੇ ਹਨ,

ਜੈਸੀ ਅਗਨਿ ਉਦਰ ਮਹਿ
ਤੈਸੀ ਬਾਹਰਿ ਮਾਇਆ॥
ਮਾਇਆ ਅਗਨਿ ਸਭ ਇਕੋ ਜੇਹੀ
ਕਰਤੈ ਖੇਲੁ ਰਚਾਇਆ॥
ਜਾ ਤਿਸੁ ਭਾਣਾ ਤਾ ਜੰਮਿਆ
ਪਰਵਾਰਿ ਭਲਾ ਭਾਇਆ॥
ਲਿਵ ਛੁੜਕੀ ਲਗੀ ਤ੍ਰਿਸਨਾ
ਮਾਇਆ ਅਮਰੁ ਵਰਤਾਇਆ॥
ਇਹ ਮਾਇਆ ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ॥
ਕਹੈ ਨਾਨਕੁ ਗੁਰਪਰਸਾਦੀ ਜਿਨਾ ਲਿਵ ਲਾਗੀ
ਤਿਨੀ ਵਿਚੇ ਮਾਇਆ ਪਾਇਆ॥

ਸੋ, ਇਸ ਤਰ੍ਹਾਂ ਦੇ ਅਨੇਕਾਂ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਇਸ ਸਾਰੀ ਚਰਚਾ ਦਾ ਵਿਸ਼ਾ ਇਹ ਹੈ ਕਿ ਨਿਰੰਕਾਰ ਆਪ ਹੀ ਸਾਕਾਰ ਹੋ ਕੇ ਓਅੰਕਾਰ ਰੂਪੀ ਸ੍ਰਿਸ਼ਟੀ ਦੀ ਰਚਨਾ ਕਰਨ ਲਈ ਸ਼ਿਵ ਅਤੇ ਸ਼ਕਤੀ ਭਾਵ ਬ੍ਰਹਮ ਤੇ ਮਾਇਆ ਜਾਂ ਪੁਰਸ਼ ਤੇ ਪ੍ਰਕ੍ਰਿਤੀ ਦੀ ਰਚਨਾ ਕਰਦਾ ਹੈ। ਬ੍ਰਹਮ ਅਤੇ ਮਾਇਆ ਪਾਰਬ੍ਰਹਮ ਪਰਮੇਸ਼ਰ ਦੇ ਰਚੇ ਹੋਏ ਉਸ ਦੇ ਅਧੀਨ ਹਨ।

ਹੁਣ ਇਕ ਹੋਰ ਭੇਦ ਦੀ ਗੱਲ, ਪਾਰਬ੍ਰਹਮ ਦੀ ਜੋਤ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਸਰੀਰਕ ਤੌਰ 'ਤੇ ਵਰਤਦੀ ਰਹੀ, ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਵਿਚ ਟਿਕਾ ਕੇ ਗੁਰੂ ਦਾ ਦਰਜਾ ਦਿੱਤਾ, ਜਦੋਂ ਕਿ ਸੰਨ 1604 ਵਿਚ ਆਦਿ ਗ੍ਰੰਥ ਦੀ ਰਚਨਾ ਹੋ ਗਈ ਸੀ। ਸੰਨ 1708 ਵਿਚ ਜਦੋਂ ਗੁਰੂ ਜੋਤਿ ਟਿਕਾਈ ਗਈ ਤਾਂ ਹੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਬਿਰਾਜਮਾਨ ਹੋਏ।

ਹੁਣ ਸਰੀਰ ਦੀ ਗੱਲ ਕੀਤੀ ਜਾਵੇ ਤਾਂ ਇਹ ਕਿਸੇ ਦਾ ਵੀ ਸਦਾ ਕਾਇਮ ਨਹੀਂ ਰਹਿ ਸਕਦਾ, ਕਿਉਂਕਿ ਇਹ ਮਾਇਆ ਦੀ ਰਚਨਾ ਮਾਇਆ ਦੇ ਅਧੀਨ ਹੀ ਹੈ। ਭਾਵੇਂ ਕਿਸੇ ਦਾ ਵੀ ਹੋਵੇ, ਹਰ ਇੱਕ ਨੂੰ ਜਾਣਾ ਪੈਂਦਾ ਹੈ। ਸਰੀਰ ਨਾਸ਼ਵਾਨ ਹੈ, ਜੋਤ ਅਵਿਨਾਸ਼ੀ ਹੈ।

ਸੋ, ਜੇ ਅਰਦਾਸ ਵਿਚ 'ਪ੍ਰਿਥਮ ਭਗਉਤੀ ਸਿਮਰ ਕੈ ਗੁਰ ਨਾਨਕ ਲਈਂ ਧਿਆਇ' ਕਿਹਾ ਗਿਆ ਹੈ ਤਾਂ ਅਕਾਲ ਪੁਰਖ ਦਾ ਸਿਮਰਨ ਕਰ ਕੇ ਫਿਰ ਉਸ ਦੇ ਇਸਤਰੀ ਰੂਪ ਪ੍ਰਕ੍ਰਿਤੀ ਜਾਂ ਭਗਉਤੀ ਦਾ ਧਿਆਨ ਕਰਨ ਪਿਛੋਂ ਸਰੀਰਕ ਗੁਰੂ ਨਾਨਕ ਅਤੇ ਦੂਜੇ ਗੁਰੂਆਂ ਦਾ ਧਿਆਨ ਕੀਤਾ ਗਿਆ ਹੈ। ਇਸ 'ਚ ਕੋਈ ਅਤਿਕਥਨੀ ਨਹੀਂ ਹੈ।

ਮੇਰੇ ਇਨ੍ਹਾਂ ਵਿਚਾਰਾਂ ਨਾਲ ਕਿਸੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਜੇ ਕਿਸੇ ਦਾ ਦਿਲ ਦੁਖਿਆ ਹੋਵੇ, ਮੁਆਫੀ ਚਾਹੁੰਦਾ ਹਾਂ।

---

# 'ਹਮ ਹਿੰਦੂ ਨਹੀਂ ਹੈਂ' ਦਾ ਸਿੱਖ ਬਿਰਤਾਂਤ ਬਦਲਣ ਦੀ ਲੋੜ

*(ਪਿਛਲੇ ਸਫੇ ਦੀ ਬਾਕੀ)*

ਐਡੀਸ਼ਨ ਦੇ ਮੁਖ ਸਫੇ ਉਤੇ ਗੁਰੂ ਗ੍ਰੰਥ ਸਾਹਿਬ ਦੀ ਇਹ ਤੁਕ ਛਪੀ ਹੈ, "ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾ ਛਾਡੇ ਦੋਊ॥" ਇਸ ਦੇ ਨਾਲ ਹੀ ਭਾਈ ਗੁਰਦਾਸ ਦੀ ਇਹ ਟੂਕ ਛਪੀ ਹੈ, "ਕੀਤੋਸੁ ਅਪਣਾ ਪੰਥ ਨਿਰਾਲਾ।" ਸਾਰੀ ਲਿਖਤ ਅੰਦਰ ਅਨੇਕ ਹਵਾਲੇ ਸਿੱਖੀ ਦੇ ਨਿਆਰੇਪਣ ਨੂੰ ਸਪਸ਼ਟ ਕਰਦੇ ਹਨ: 1. ਨਾ ਹਮ ਹਿੰਦੂ ਨ ਮੁਸਲਮਾਨ॥ (ਭੈਰਉ ਕਬੀਰ ਜੀ) 2. ਪੰਡਿਤ ਮੁਲਾਂ ਜੋ ਲਿਖ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥ (ਭੈਰਉ ਕਬੀਰ ਜੀ) 3. ਭਾਈ ਮਨੀ ਸਿੰਘ ਜੀ ਗਯਾਨ ਰਤਨਾਵਲੀ ਵਿਚ ਲਿਖਦੇ ਹਨ- ਬਾਬੇ ਨੂੰ ਹਾਜੀਆਂ ਨੇ ਪੁਛਿਆ, "ਹੇ ਫਕੀਰ! ਤੂੰ ਹਿੰਦੂ ਹੈ ਕਿ ਮੁਸਲਮਾਨ?" ਤਾਂ ਬਾਬਾ ਬੋਲਿਆ, "ਮੈਂ ਹਿੰਦੂ ਮੁਸਲਮਾਨ-ਦੋਹਾਂ ਦਾ ਗਵਾਹ ਹਾਂ।" 4. ਖਾਲਸਾ ਹਿੰਦੂ ਮੁਸਲਮਾਨ ਕੀ ਕਾਣ ਕੋ ਮੇਟੇ। (ਰਹਿਤਨਾਮਾ ਭਾਈ ਦਯਾ ਸਿੰਘ) 5. ਸਿਧਾਂਤ ਗੁਰੂ ਸਾਹਿਬ ਦਾ ਇਹ ਹੈ ਕਿ ਜਿਸ ਦੇਸ ਦੇ ਲੋਕ ਅਖਲਾਕ ਤੋਂ ਡਿੱਗ ਕੇ ਖੁਸ਼ਾਮਦ, ਡਰ ਔਰ ਲਾਲਚ ਪਿਛੇ ਆਪਣਾ ਧਰਮ ਹਾਰ ਦਿੰਦੇ ਹਨ, ਉਹ ਮਹਾਂ ਅਧਰਮੀ ਔਰ ਕਮੀਨੇ ਸਮਝੇ ਜਾਂਦੇ ਹਨ।

ਏਨੀ ਸਪਸ਼ਟਤਾ ਦੇ ਬਾਵਜੂਦ 120 ਸਾਲ ਪਿਛੋਂ ਵੀ ਇਹ ਲਿਖਤ ਇਹੀ ਬਿਰਤਾਂਤ ਸਿਰਜ ਰਹੀ ਹੈ; ਸਗੋਂ ਜੂਨ 1984 ਦੇ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ 'ਤੇ ਹੋਏ ਫੌਜੀ ਹਮਲੇ ਨੇ ਇਸ ਬਿਰਤਾਂਤ ਨੂੰ ਸਿੱਖ ਮਨਾਂ ਵਿਚ ਹੋਰ ਵੀ ਗੂੜ੍ਹਾ ਕਰ ਦਿਤਾ ਹੈ; ਕਿਉਂਕਿ ਇਹ ਮੰਨ ਲਿਆ ਗਿਆ ਹੈ ਕਿ ਦਿੱਲੀ ਸਰਕਾਰ ਹਿੰਦੂਆਂ ਦੀ ਸਰਕਾਰ ਹੈ। ਫਿਰ ਜਿਵੇਂ ਧਰਮ ਯੁਧ ਮੋਰਚੇ ਨੂੰ ਹਿੰਦੂ-ਸਿੱਖ ਮਸਲਾ ਬਣਾ ਕੇ ਪੇਸ਼ ਕੀਤਾ ਗਿਆ, ਉਸ ਨੇ ਵੀ ਸਿੱਖ ਮਨਾਂ ਵਿਚ ਇਸ ਧਾਰਨਾ ਨੂੰ ਹੋਰ ਦ੍ਰਿੜ ਕੀਤਾ ਹੈ। ਇਸ ਧਾਰਨਾ ਨੇ ਪੰਜਾਬ ਦੇ ਦੋ ਭਾਈਚਾਰਿਆਂ ਵਿਚ ਦਰਾਰ ਪੈਦਾ ਕੀਤੀ ਹੈ ਅਤੇ ਤੀਜਾ ਭਾਈਚਾਰਾ ਸਾਰੇ ਦ੍ਰਿਸ਼ ਵਿਚੋਂ ਹੀ ਅਲੋਪ ਹੋ ਗਿਆ ਹੈ। ਸਿੱਖੀ ਵਿਰੋਧੀ ਧਿਰਾਂ ਨੂੰ ਇਹ ਦਰਾਰ ਰਾਜਸੀ ਤੌਰ 'ਤੇ ਬਹੁਤ ਰਾਸ ਆਉਂਦੀ ਹੈ, ਪਰ ਸਿੱਖ ਧਿਰਾਂ ਦੀ ਨਾ ਸਿਰਫ ਇਹ ਰਾਜਸੀ ਸਗੋਂ ਸਿਧਾਂਤਕ ਲੋੜ ਹੈ ਕਿ ਉਹ ਮੌਜੂਦਾ ਆਲਮੀ ਪ੍ਰਸੰਗ ਵਿਚ ਗੁਰਮਤਿ ਦੇ ਇਸ ਤੋਂ ਕਿਤੇ ਵੱਡੇ ਅਤੇ ਮੌਲਿਕ ਨਿਸ਼ਾਨੇ ਨੂੰ ਪ੍ਰਗਟ ਕਰਨ ਤਾਂ ਕਿ ਸਰਬਪੱਖੀ ਸੰਕਟ ਵਿਚ ਘਿਰੀ ਮਨੁੱਖ ਜਾਤੀ ਗੁਰਮਤਿ ਗਿਆਨ ਤੋਂ ਕੋਈ ਸੇਧ ਲੈ ਸਕੇ। ਗੁਰਮਤਿ ਦੇ ਵੱਡੇ ਤੇ ਮੌਲਿਕ ਨਿਸ਼ਾਨੇ ਨੂੰ ਪ੍ਰਗਟ ਕਰਕੇ ਹੀ ਸਿੱਖ ਪੰਜਾਬ ਨੂੰ ਕੋਈ ਨਵੀਂ ਰਾਜਨੀਤਕ ਦਿਸ਼ਾ ਦੇਣ ਦੇ ਯੋਗ ਹੋ ਸਕਣਗੇ।

ਗੁਰੂ ਨਾਨਕ ਸਾਹਿਬ ਦੇ ਸੁਲਤਾਨਪੁਰ ਲੋਧੀ ਵਿਖੇ ਵੇਈਂ ਵਿਚ ਟੁੱਭੀ ਲਾਉਣ ਦੇ ਸਮੇਂ ਨਾਲ ਇਕ ਸਾਖੀ ਜੁੜੀ ਹੋਈ ਹੈ। ਜਦੋਂ ਗੁਰੂ ਸਾਹਿਬ ਤਿੰਨ ਦਿਨ ਬਾਅਦ ਵੇਈਂ ਵਿਚੋਂ ਬਾਹਰ ਆਏ ਤਾਂ ਉਨ੍ਹਾਂ ਦੇ ਪਹਿਲੇ ਸ਼ਬਦ ਸਨ, "ਨਾ ਕੋ ਹਿੰਦੂ ਨ ਮੁਸਲਮਾਨ॥" ਸਪਸ਼ਟ ਹੈ ਕਿ ਗੁਰੂ ਸਾਹਿਬ ਸਿੱਖੀ ਦੇ ਨਿਆਰੇਪਣ ਦਾ ਉਸ ਵੇਲੇ ਦੇ ਪ੍ਰਚਲਿਤ ਦੋਹਾਂ ਵੱਡੇ ਧਰਮਾਂ ਤੋਂ ਨਿਖੇੜਾ ਕਰ ਰਹੇ ਸਨ। ਇਥੇ ਧਿਆਨ ਦੇਣ ਵਾਲੀ ਗੱਲ ਇਹ ਵੀ ਹੈ ਕਿ ਉਹ ਦੋਹਾਂ ਧਰਮਾਂ ਦੀ ਹੋਂਦ ਤੋਂ ਇਨਕਾਰੀ ਨਹੀਂ ਸਨ, ਪਰ ਉਹ ਇਨ੍ਹਾਂ ਦੋਹਾਂ ਧਰਮਾਂ ਤੋ ਆਪਣੀ ਨਿਵੇਕਲੀ ਹੋਂਦ ਦਾ ਪ੍ਰਗਟਾਵਾ ਕਰ ਰਹੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ,

ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡ ਪਰਾਨ॥ (ਪੰਨਾ 1136)

ਜਦੋਂ ਅਸੀਂ ਇਨ੍ਹਾਂ ਸ਼ਬਦਾਂ ਦੇ ਭਾਵਅਰਥਾਂ ਦੀ ਤਹਿ ਵਿਚ ਜਾਂਦੇ ਹਾਂ ਤਾਂ ਪਤਾ ਲਗਦਾ ਹੈ ਕਿ ਕਿਸੇ ਮਨੁੱਖੀ ਹੋਂਦ ਦੀ ਇਹ ਕਿੰਨੀ ਖੂਬਸੂਰਤ ਵਿਆਖਿਆ ਹੈ। ਭਾਵ ਨਾ ਅਸੀਂ ਹਿੰਦੂ ਹਾਂ ਅਤੇ ਨਾ ਹੀ ਅਸੀਂ ਮੁਸਲਮਾਨ ਹਾਂ, ਪਰ ਸਾਡਾ ਇਹ ਸਰੀਰ ਤੇ ਜਿੰਦ ਸਾਨੂੰ 'ਅਲਹ ਰਾਮ' ਨੇ ਦਿੱਤੇ ਹਨ। ਕਿੱਡਾ ਅਜਬ ਹੈ ਕਿ ਨਾ ਅਸੀਂ ਹਿੰਦੂ ਹਾਂ ਤੇ ਨਾ ਮੁਸਲਮਾਨ ਪਰ ਸਾਡੀ ਹੋਂਦ 'ਅਲਹ ਰਾਮ' ਦੀ ਦੇਣ ਹੈ। ਅਲਹ ਮੁਸਲਮਾਨਾਂ ਲਈ ਅਤੇ ਰਾਮ ਹਿੰਦੂਆਂ ਲਈ ਸਰਬ-ਉਚ ਹਸਤੀ ਹੈ।

ਇਹ ਅਲਹ ਰਾਮ ਕੌਣ ਹੈ? ਇਸ ਦੀ ਵਿਆਖਿਆ ਵਾਰ-ਵਾਰ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਗਈ ਹੈ,

ਕਾਰਨ ਕਰਨ ਕਰੀਮ॥
ਸਰਬ ਪ੍ਰਤਿਪਾਲ ਰਹੀਮ॥
ਅਲਹ ਅਲਖ ਅਪਾਰ॥
ਖੁਦਿ ਖੁਦਾਇ ਵਡ ਬੇਸੁਮਾਰ॥
ਖਾਲਕੁ ਰਵਿ ਰਹਿਆ ਸਰਬ ਠਾਈ॥ ਰਹਾਉ॥
ਨਾਰਾਇਣ ਨਰਹਰ ਦਇਆਲ॥
ਰਮਤ ਰਾਮ ਘਟ ਘਟ ਆਧਾਰ॥
ਕਹੁ ਨਾਨਕ ਗੁਰਿ ਖੋਏ ਭਰਮ॥
ਏਕੋ ਅਲਹੁ ਪਾਰਬ੍ਰਹਮ॥ (ਪੰਨਾ 896)

ਭਾਵ ਸਮੁਚੀ ਖਲਕਤ ਨੂੰ ਪੈਦਾ ਕਰਨ ਵਾਲਾ ਖਾਲਕ ਸਰਬਵਿਆਪਕ ਹੈ ਤੇ ਉਹ ਸਭ ਥਾਂ ਰਮ ਰਿਹਾ ਹੈ। ਓਹੀ ਕਾਰਨ ਭਾਵ ਕਰਨ ਵਾਲਾ ਹੈ। ਓਹੀ ਬਖਸ਼ਿੰਦ ਹੈ। ਓਹੀ ਸਭ ਦੀ ਪਾਲਣਾ ਕਰਨ ਵਾਲਾ ਅਤੇ ਸਭ 'ਤੇ ਰਹਿਮਤਾਂ ਕਰਨ ਵਾਲਾ ਹੈ। ਇਹ ਅਲਹ ਦੇ ਰੂਪ ਵਿਚ ਅਪਹੁੰਚ ਅਤੇ ਬੇਅੰਤ ਹੈ। ਇਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ।

ਗੁਰੂ ਸਾਹਿਬ ਬਚਨ ਕਰਦੇ ਹਨ ਕਿ ਗੁਰੂ ਨੇ ਮੇਰੇ ਮਨ ਦੇ ਸਾਰੇ ਭਰਮ ਦੂਰ ਕਰ ਦਿੱਤੇ ਹਨ ਅਤੇ ਮੈਨੂੰ ਹੁਣ ਪਤਾ ਲੱਗਾ ਹੈ ਕਿ ਇਹ ਸਰਬ ਵਿਆਪਕ ਏਕੋ ਹੀ ਅਲਹ ਅਤੇ ਇਹ ਏਕੋ ਹੀ ਪਾਰਬ੍ਰਹਮ ਹੈ। ਭਾਵ ਹਿੰਦੂ ਫਿਲਾਸਫੀ ਅਤੇ ਇਸਲਾਮੀ ਫਿਲਾਸਫੀ ਵਿਚਲੀ ਰੱਬੀ ਹਸਤੀ ਇਕੋ ਹੀ ਹੈ। ਇਸ ਸ਼ਬਦ ਦੀ ਖੂਬਸੂਰਤੀ ਇਹ ਹੈ ਕਿ ਇਸ ਵਿਚ ਗੁਰੂ ਸਾਹਿਬ ਨੇ ਹਿੰਦੂ ਤੇ ਇਸਲਾਮੀ ਫਲਸਫੇ ਵਿਚਲੀ ਰੱਬੀ ਹਸਤੀ ਬਾਰੇ ਆਮ ਵਰਤੇ ਜਾਂਦੇ ਨਾਂਵਾਂ ਰਾਹੀਂ ਕੁਦਰਤ ਵਿਚੋਂ ਸ਼ਨਾਖਤ ਕੀਤੇ ਜਾਣ ਵਾਲੇ ਦਾਤਾਰ ਭਾਵ ਸਰਬ ਵਿਆਪਕ 'ਏਕੋ' (ਦਾਤਾ-ਕਰਤਾ) ਦੀ ਬੜੀ ਖੂਬਸੂਰਤ ਵਿਆਖਿਆ ਕੀਤੀ ਹੈ। ਇਹੀ ਏਕੋ ਰਮਤ ਰਾਮ ਭਾਵ ਸਭ ਥਾਂ ਰਮਿਆ ਹੋਇਆ ਰਾਮ ਹੈ, ਜੋ ਸਭ ਜੀਆਂ ਦਾ ਆਧਾਰ ਹੈ।

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ॥ (ਪੰਨਾ 1349)

ਕਹੁ ਨਾਨਕ ਜਿਨਿ ਹੁਕਮੁ ਪਛਾਤਾ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥ (ਪੰਨਾ 885)

ਅਲਹ ਸਰਬਉਚ ਹੈ, ਜਿਸ ਨੇ ਨੂਰ ਭਾਵ ਜ਼ਿੰਦਗੀ ਦੀ ਰੌਅ ਪੈਦਾ ਕੀਤੀ ਹੈ। ਸਾਰੇ ਮਨੁੱਖ ਕੁਦਰਤ ਦੀ ਉਪਜ ਹਨ। ਜਦੋਂ ਸਾਰੇ ਮਨੁੱਖ ਇਕ ਹੀ ਨੂਰ ਤੋਂ ਪੈਦਾ ਹੋਏ ਹਨ ਤਾਂ ਫਿਰ ਕਿਸੇ ਦੇ ਚੰਗੇ-ਮੰਦੇ ਹੋਣ ਦਾ ਭਰਮ ਕਿਉਂ ਕੀਤਾ ਜਾਏ? ਗੁਰਮਤਿ ਅਡ-ਅਡ ਧਰਮਾਂ ਦੇ ਪੈਰੋਕਾਰਾਂ ਦੇ ਵਖਰੇਵੇਂ ਨੂੰ ਨਫਰਤ ਨਹੀਂ ਕਰਦੀ, ਸਗੋਂ ਇਨ੍ਹਾਂ ਸਭ ਦੀ ਏਕਤਾ ਦੇ ਇਸ ਤੋਂ ਵੱਡੇ ਆਧਾਰ ਭਾਵ ਹੁਕਮ ਅਨੁਸਾਰ ਜ਼ਿੰਦਗੀ ਜਿਉਣ ਦੇ ਆਤਮਕ ਗਿਆਨ ਦੀ ਜਾਣਕਾਰੀ ਦਿੰਦੀ ਹੈ।

ਇਸ ਲਈ ਸਿੱਖ ਚਿੰਤਕਾਂ ਨੂੰ 'ਹਮ ਹਿੰਦੂ ਨਹੀਂ ਹੈਂ" ਦੇ ਬਿਰਤਾਂਤ ਵਿਚੋਂ ਬਾਹਰ ਨਿਕਲ ਕੇ ਗੁਰਮਤਿ ਦੇ ਇਸ ਤੋਂ ਕਿਤੇ ਵੱਡੇ ਬਿਰਤਾਂਤ ਨੂੰ ਸਪਸ਼ਟ ਕਰਨ ਦੀ ਲੋੜ ਹੈ। ਗੁਰਮਤਿ ਦਾ ਇਹੀ ਬਿਰਤਾਂਤ ਹਿੰਦੂਆਂ, ਮੁਸਲਮਾਨਾਂ ਸਮੇਤ ਪੰਜਾਬ ਦੇ ਸਾਰੇ ਲੋਕਾਂ ਨੂੰ ਆਪਣੇ ਕਲਾਵੇ ਵਿਚ ਲੈ ਸਕੇਗਾ ਅਤੇ ਜੋ ਹਿੰਦੂ ਮੁਸਲਮਾਨ ਦੀ ਕਾਣ ਨੂੰ ਮੇਟਣ ਦਾ ਕੰਮ ਕਰੇਗਾ। ਆਲਮੀ ਰਾਜਨੀਤੀ ਜਿਸ ਪਾਸੇ ਨੂੰ ਮੋੜਾ ਕੱਟ ਰਹੀ ਹੈ, ਉਸ ਨੂੰ ਧਿਆਨ ਵਿਚ ਰੱਖਦਿਆਂ ਸਿੱਖਾਂ ਨੂੰ ਆਪਣੀ ਵੱਡੀ ਜ਼ਿੰਮੇਵਾਰੀ ਸਮਝਣ ਦੀ ਲੋੜ ਹੈ।

# ਇੰਜ ਵੀ ਬਦਲਦੇ ਹਨ ਸਥਾਨ ਨਾਂ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਪਿਛੇ ਜਿਹੇ ਮੌਜੂਦਾ ਸਰਕਾਰ ਨੇ ਕੁਝ ਸਥਾਨਾਂ ਦੇ ਨਾਂਵਾਂ ਨੂੰ ਧੱਕੇ ਨਾਲ ਬਦਲ ਦੇਣ ਦਾ ਸਿਲਸਿਲਾ ਚਲਾਇਆ ਸੀ। ਇਹ ਯਤਨ ਨਿਰੋਲ ਫਿਰਕੂ ਨਜ਼ਰੀਏ ਤੋਂ ਕੀਤਾ ਗਿਆ ਸੀ। ਇਤਿਹਾਸ ਵਿਚ ਅਜਿਹੀ ਧੱਕੇਸ਼ਾਹੀ ਪਹਿਲਾਂ ਵੀ ਹੁੰਦੀ ਆਈ ਹੈ, ਪਰ ਸਥਾਨਾਂ ਦੇ ਨਾਂ ਆਪਣੇ ਆਪ ਵੀ ਲੋਕਾਂ ਦੇ ਮੂੰਹਾਂ 'ਤੇ ਚੜ੍ਹ ਕੇ ਸਹਿਜੇ ਸਹਿਜੇ ਕੁਝ ਦੇ ਕੁਝ ਬਣ ਜਾਂਦੇ ਹਨ। ਸਫਰ ਕਰਦਿਆਂ ਮੈਂ ਆਪ ਸਵਾਰੀਆਂ ਨੂੰ ਕੰਡਕਟਰ ਤੋਂ 'ਖਲਖੇਤਰ' ਦੀ ਟਿਕਟ ਮੰਗਦਿਆਂ ਸੁਣਿਆ ਹੈ, ਲੋਕ ਜ਼ੁਬਾਨ ਨੇ 'ਕੁਰੁਕਸ਼ੇਤਰ' ਨੂੰ 'ਖਲਖੇਤਰ' ਬਣਾ ਦਿੱਤਾ ਹੈ।

ਜਾਣਕਾਰ ਪਾਠਕਾਂ ਤੋਂ ਖਿਮਾ ਮੰਗਦਿਆਂ ਅੱਜ ਪੰਜਾਬ ਦੇ ਦੋ ਸਥਾਨ ਨਾਂਵਾਂ ਦੀ ਕਾਇਆ ਕਲਪ ਹੋਣ ਦੀ ਚਰਚਾ ਛੇੜ ਰਿਹਾ ਹਾਂ। ਪਹਿਲਾਂ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਦੀ ਦਿਲਚਸਪ ਵਾਰਤਾ ਸੁਣਾਉਂਦੇ ਹਾਂ, ਜਿਸ ਦਾ ਜ਼ਿਕਰ ਗੁਰਮੇਲ ਸਿੱਧੂ ਦੀ ਛਪ ਰਹੀ ਪੁਸਤਕ 'ਹਿੰਦੋਸਤਾਨ ਦੀ ਆਜ਼ਾਦੀ ਵਿਚ ਗਦਰੀ ਲਹਿਰਾਂ ਦਾ ਯੋਗਦਾਨ' ਵਿਚ ਹੋਇਆ ਹੈ। ਇਸ ਨੂੰ ਕੁਝ ਕਾਂਟ ਛਾਂਟ ਕੇ ਪੇਸ਼ ਕੀਤਾ ਜਾ ਰਿਹਾ ਹੈ,

"ਵਾਰਤਾ ਸ਼ਹੀਦ ਭਗਤ ਸਿੰਘ ਦੇ ਚਾਚਾ ਸਰਦਾਰ ਅਜੀਤ ਸਿੰਘ ਨਾਲ ਸਬੰਧਤ ਹੈ। ਉਹ ਹਿੰਦੋਸਤਾਨ ਦੀ ਆਜ਼ਾਦੀ ਦਾ ਤੁਰਦਾ ਫਿਰਦਾ ਰਾਜਦੂਤ ਸੀ। ਉਸ ਨੂੰ ਅਕਸਰ ਸ਼ਹੀਦ ਭਗਤ ਸਿੰਘ ਦਾ ਚਾਚਾ ਕਹਿ ਕੇ ਯਾਦ ਕੀਤਾ ਜਾਂਦਾ ਹੈ, ਪਰ ਅਜੀਤ ਸਿੰਘ ਖੁਦ ਗਦਰ ਲਹਿਰ ਦੀ ਸਿਰਕੱਢਵੀਂ ਹੈਸੀਅਤ ਸੀ। ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਚਾਚੇ-ਭਤੀਜੇ ਦਾ ਇਹ ਰਿਸ਼ਤਾ ਬ੍ਰਿਟਿਸ਼ ਰਾਜ ਲਈ ਬਹੁਤ ਘਾਤਕ ਸਾਬਤ ਹੋਇਆ। ਆਜ਼ਾਦੀ ਲੈਣ 'ਚ ਦੋਹਾਂ ਨੇ ਆਪੋ ਆਪਣੇ ਤੌਰ 'ਤੇ ਗੌਰਵਮਈ ਹਿੱਸਾ ਪਾਇਆ: ਇਕ ਨੇ ਜਾਨ ਦੀ ਆਹੂਤੀ ਦਿੱਤੀ ਅਤੇ ਦੂਜੇ ਨੇ ਉਮਰ ਭਰ ਦੀ ਜਲਾਵਤਨੀ ਕੱਟੀ। ਜਿਉਂਦੇ ਜੀ ਉਹ ਇਕ ਦੂਜੇ ਨੂੰ ਮਿਲ ਨਾ ਸਕੇ ਪਰ ਭਗਤ ਸਿੰਘ ਨੂੰ ਆਪਣੇ ਚਾਚੇ ਨੂੰ ਮਿਲਣ ਦੀ ਬੜੀ ਸਿੱਕ ਰਹੀ।

ਜਦ 1907 ਵਿਚ ਭਗਤ ਸਿੰਘ ਜੰਮਿਆ ਤਾਂ ਅਜੀਤ ਸਿੰਘ ਜਲਾਵਤਨੀ ਦੇ ਰਾਹ ਪੈ ਚੁਕਾ ਸੀ ਤੇ ਇਕ ਸਮੇਂ ਬ੍ਰਾਜ਼ੀਲ ਰਹਿਣਾ ਪਿਆ ਸੀ। ਅਜੀਤ ਸਿੰਘ ਨੇ 22 ਕੁ ਸਾਲ ਦੀ ਉਮਰ ਵਿਚ ਇਕ ਕ੍ਰਾਂਤੀਕਾਰੀ ਗਰੁਪ ਦੀ ਨੀਂਹ ਧਰੀ। ਭਗਤ ਸਿੰਘ ਨੇ ਆਪਣੇ ਚਾਚੇ ਨਾਲ ਚਿੱਠੀਆਂ ਰਾਹੀਂ ਸੰਪਰਕ ਪੈਦਾ ਕਰਨਾ ਚਾਹਿਆ, ਪਰ ਹੋ ਨਾ ਸਕਿਆ। ਬ੍ਰਿਟਿਸ਼ ਸਰਕਾਰ ਦੀ ਖੁਫੀਆ ਏਜੰਸੀ ਹਮੇਸ਼ਾ ਅਜੀਤ ਸਿੰਘ ਦੇ ਪਿੱਛੇ ਲੱਗੀ ਰਹੀ, ਇਸ ਕਰਕੇ ਉਸ ਦੇ ਸਾਥੀਆਂ ਵਲੋਂ ਪਤਾ ਲੁਕੋ ਕੇ ਰੱਖਿਆ ਜਾਂਦਾ ਸੀ। ਭਾਵੇਂ ਅਜੀਤ ਸਿੰਘ ਕਦੇ ਅਮਰੀਕਾ ਨਹੀਂ ਵੜਿਆ, ਪਰ ਸੈਨ ਫਰਾਂਸਿਸਕੋ ਦੇ ਗਦਰ ਪਾਰਟੀ ਦਫਤਰ ਨੂੰ ਉਸ ਦੇ ਅਤੇ-ਪਤੇ ਦੀ ਹਮੇਸ਼ਾ ਜਾਣਕਾਰੀ ਹੁੰਦੀ ਸੀ। ਬਕੌਲ ਬਾਬਾ ਭਗਤ ਸਿੰਘ ਬਿਲਗਾ, ਭਗਤ ਸਿੰਘ ਨੇ ਤਿੰਨ ਖਤ ਹਿੰਦੋਸਤਾਨ ਦੇ ਕਾਂਗਰਸੀ ਲੀਡਰਾਂ ਦੇ ਕਿਰਦਾਰਾਂ ਬਾਰੇ ਅਜੀਤ ਸਿੰਘ ਨੂੰ ਲਿਖੇ, ਜੋ ਗਦਰ ਪਾਰਟੀ ਦੇ ਦਫਤਰ ਰਾਹੀਂ ਅਜੀਤ ਸਿੰਘ ਨੂੰ ਬ੍ਰਾਜ਼ੀਲ ਵਿਖੇ ਪਹੁੰਚਾਏ ਗਏ। ਅਜੀਤ ਸਿੰਘ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਭਗਤ ਸਿੰਘ ਬ੍ਰਾਜ਼ੀਲ ਪਹੁੰਚ ਜਾਵੇ, ਪਰ ਹਿੰਦੋਸਤਾਨ ਦੀ ਆਜ਼ਾਦੀ ਲਈ ਵਿਢਿਆ ਕ੍ਰਾਂਤੀ ਦਾ ਕੰਮ ਛੱਡ ਕੇ ਆਉਣਾ ਮੁਸ਼ਕਿਲ ਸੀ। ਉਲਟਾ ਭਗਤ ਸਿੰਘ ਨੇ ਚਾਚੇ ਨੂੰ ਇਕ ਚਿੱਠੀ ਵਿਚ ਲਿਖਿਆ, 'ਚਾਚਾ ਜੀ ਜੋ ਕੰਮ ਤੁਸੀਂ ਅਧੂਰਾ ਛੱਡ ਕੇ ਗਏ ਸੀ, ਉਸ ਨੂੰ ਆ ਕੇ ਪੂਰਾ ਕਰੋ।' ਹਿੰਦੋਸਤਾਨ 'ਚੋਂ ਜਲਾਵਤਨੀ ਵੇਲੇ ਅਜੀਤ ਸਿੰਘ ਨੇ ਪ੍ਰਣ ਲਿਆ ਸੀ ਕਿ ਜਦ ਤਕ ਵਤਨ ਆਜ਼ਾਦ ਨਹੀਂ ਹੁੰਦਾ, ਉਦੋਂ ਤਕ ਉਹ ਵਾਪਸ ਨਹੀਂ ਪਰਤੇਗਾ। ਇਸ ਪ੍ਰਣ ਨੂੰ ਉਸ ਨੇ ਜੀ ਜਾਨ ਨਾਲ ਨਿਭਾਇਆ। ਮੰਦੇ ਭਾਗਾਂ ਨੂੰ ਇਤਿਹਾਸਕਾਰਾਂ ਨੇ ਸਰਦਾਰ ਅਜੀਤ ਸਿੰਘ ਦੇ ਆਜ਼ਾਦੀ ਦੀ ਲੜਾਈ ਵਿਚ ਪਾਏ ਯੋਗਦਾਨ ਦਾ ਯੋਗ ਮੁੱਲ ਨਹੀਂ ਪਾਇਆ।"

ਸਰਦਾਰ ਅਜੀਤ ਸਿੰਘ ਬਾਰੇ ਸਾਰੀ ਵਾਕਫੀਅਤ ਉਸ ਦੀ ਸਵੈ-ਜੀਵਨੀ ਅਤੇ ਹੋਰ ਲਿਖਤਾਂ ਤੋਂ ਮਿਲਦੀ ਹੈ, ਜਿਨ੍ਹਾਂ ਦਾ ਸੰਪਾਦਨ ਪਰਦੁੱਮਨ ਸਿੰਘ ਨੇ ਕੀਤਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਵੀ ਪਹਿਲਾਂ ਅਜੀਤ ਸਿੰਘ ਦਾ ਪਰਿਵਾਰ ਜਾਗੀਰਦਾਰ ਸੀ। ਸਿੱਖ ਰਾਜ ਵੇਲੇ ਇਸ ਪਰਿਵਾਰ ਪਾਸ ਚੋਖੀ ਜਾਇਦਾਦ ਅਤੇ ਇਕ ਵੱਡੀ ਹਵੇਲੀ ਸੀ, ਜਿਸ ਨੂੰ 'ਗੜ੍ਹ ਕਲਾਂ' ਅਰਥਾਤ ਵੱਡਾ ਕਿਲਾ ਕਹਿੰਦੇ ਸਨ। ਇਸ ਹਵੇਲੀ 'ਤੇ ਸਿੱਖ ਰਾਜ ਦਾ 'ਕੌਮੀ ਝੰਡਾ' ਲਹਿਰਾਇਆ ਜਾਂਦਾ ਸੀ। ਆਂਢ ਗੁਆਂਢ ਦੇ ਇਲਾਕੇ, ਖਾਸ ਕਰਕੇ ਜਲੰਧਰ ਅਤੇ ਹੁਸ਼ਿਆਰਪੁਰ ਜਿਲਿਆਂ ਦੇ ਲੋਕ ਹੁਮ-ਹੁਮਾ ਕੇ ਆਉਂਦੇ ਤੇ ਝੰਡੇ ਦੀ ਰਸਮ ਵਿਚ ਸ਼ਾਮਿਲ ਹੁੰਦੇ। ਜੋ ਰਸਦ ਜਾਂ ਚੜ੍ਹਾਵਾ ਚੜ੍ਹਦਾ, ਉਹ ਇਸੇ ਰਸਮ ਖਾਤਰ ਵਰਤਿਆ ਜਾਂਦਾ ਸੀ। ਇਸ ਹਵੇਲੀ ਦਾ ਪਿਛੋਕੜ ਬੜਾ ਦਿਲਚਸਪ ਹੈ।

ਅਜੀਤ ਸਿੰਘ ਦੇ ਪੁਰਖੇ ਲਾਹੌਰ ਜਿਲੇ ਦੇ ਇਕ ਪਿੰਡ ਨਾਰਲੀ ਵਿਚ ਰਹਿੰਦੇ ਸਨ। ਉਥੋਂ ਦਾ ਇਕ ਮੱਸਫੁੱਟ ਨੌਜਵਾਨ ਮੁੰਡਾ ਆਪਣੇ ਪੁਰਖਿਆਂ ਦੀਆਂ ਅਸਥੀਆਂ ਲੈ ਕੇ ਹਰਦੁਆਰ ਵਿਖੇ ਗੰਗਾ ਦਰਿਆ ਵਿਚ ਤਾਰਨ ਗਿਆ। ਉਦੋਂ ਲੋਕ ਪੈਦਲ ਜਾਂਦੇ ਸਨ; ਰਾਹ ਵਿਚ ਤ੍ਰਕਾਲਾਂ ਪੈ ਗਈਆਂ। ਉਸ ਨੇ ਇਕ ਵੱਡੀ ਸਾਰੀ ਹਵੇਲੀ ਦੇਖੀ ਤੇ ਰਾਤ ਕੱਟਣ ਲਈ ਦਰਬਾਨ ਨੂੰ ਪੁੱਛਿਆ। ਦਰਬਾਨ ਨੇ ਅੰਦਰ ਜਾ ਕੇ ਇਹ ਗੱਲ ਮਾਲਕ ਨੂੰ ਦੱਸੀ ਤਾਂ ਉਸ ਨੇ ਮੁੰਡੇ ਨੂੰ ਅੰਦਰ ਬੁਲਾ ਲਿਆ। ਉਸ ਦਾ ਸਵਾਗਤ ਵੱਡੀ ਸਾਰੀ ਬੈਠਕ ਵਿਚ ਕੀਤਾ, ਜਿੱਥੇ ਮਾਲਕ ਦੀ ਬੀਵੀ ਅਤੇ ਲੜਕੀ ਵੀ ਮੌਜੂਦ ਸਨ। ਉਸ ਨੂੰ ਮਾਲਕ ਅਤੇ ਉਸ ਦੀ ਬੀਵੀ ਦੀਆਂ ਕੁਰਸੀਆਂ ਵਿਚਕਾਰ ਬਿਠਾਇਆ ਗਿਆ ਤੇ ਸਾਹਮਣੇ ਵਾਲੀ ਕੁਰਸੀ 'ਤੇ ਉਨ੍ਹਾਂ ਦੀ ਖੂਬਸੂਰਤ ਬੇਟੀ ਬੈਠ ਗਈ। ਮੁੰਡੇ ਦੇ ਸਫਰ ਬਾਰੇ ਗੱਲਾਂ-ਬਾਤਾਂ ਹੋਈਆਂ, ਜੋ ਸ਼ਾਮ ਦੇ ਖਾਣੇ ਤਕ ਚਲਦੀਆਂ ਰਹੀਆਂ।

ਵਾਰਤਾਲਾਪ ਦੌਰਾਨ ਉਨ੍ਹਾਂ ਦਾ ਤਾਲਮੇਲ ਘਰਦਿਆਂ ਵਰਗਾ ਹੋ ਗਿਆ। ਆਹਮਣੇ ਸਾਹਮਣੇ ਬੈਠੇ ਕੁੜੀ ਤੇ ਮੁੰਡੇ ਦੀਆਂ ਅੱਖਾਂ ਮਿਲੀਆਂ। ਖਾਣੇ ਤੋਂ ਬਾਅਦ ਮੁੰਡੇ ਨੂੰ ਸੌਣ ਵਾਲੇ ਕਮਰੇ ਵਿਚ ਛੱਡ ਕੇ ਹਵੇਲੀ ਦੇ ਤਿੰਨੋ ਜੀਅ ਉਸ ਬਾਰੇ ਦੇਰ ਤਕ ਗੱਲਾਂ ਕਰਦੇ ਰਹੇ। ਗੱਲਾਂ-ਗੱਲਾਂ ਵਿਚ ਕੁੜੀ ਨੇ ਕਿਹਾ ਕਿ ਉਹ ਕਿਸੇ ਏਦਾਂ ਦੇ ਮੁੰਡੇ ਨਾਲ ਵਿਆਹ ਕਰਾਉਣਾ ਪਸੰਦ ਕਰੇਗੀ। ਮਾਪਿਆਂ ਨੂੰ ਵੀ ਮੁੰਡਾ ਪਸੰਦ ਸੀ। ਸਵੇਰੇ ਉਠੇ ਤਾਂ ਮੁੰਡੇ ਨੇ ਵਿਦਾ ਲੈਣ ਲਈ ਆਗਿਆ ਮੰਗੀ।

ਹਵੇਲੀ ਦੇ ਮਾਲਕ ਨੇ ਪੁੱਛਿਆ, "ਬੇਟਾ ਤੇਰਾ ਵਿਆਹ ਹੋ ਗਿਆ?" ਉਸ ਨੇ ਕਿਹਾ, "ਜੀ ਅਜੇ ਨਹੀਂ।" ਤੁਰਨ ਲੱਗਿਆਂ ਮਾਲਕ ਨੇ ਕਿਹਾ, "ਜੇ ਉਹ ਮੁੜਦਾ ਹੋਇਆ ਉਨ੍ਹਾਂ ਪਾਸ ਹੋ ਕੇ ਜਾਵੇ ਤਾਂ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਵੇਗੀ।" ਮੁੰਡੇ ਨੇ ਕਿਹਾ, "ਜੀ ਜ਼ਰੂਰ।" ਉਹ ਮੁੰਡਾ ਵੀ ਭਾਂਪ ਗਿਆ ਸੀ ਕਿ ਉਸ ਨੂੰ ਦੁਬਾਰਾ ਕਿਉਂ ਮਿਲਣਾ ਚਾਹੁੰਦੇ ਸਨ? ਇਸ ਖਿਆਲ ਨਾਲ ਮੁੰਡਾ ਅਸਥੀਆਂ ਪਾ ਕੇ ਛੇਤੀ ਵਾਪਸ ਆ ਗਿਆ। ਇਸ ਵਾਰ ਉਸ ਦਾ ਸਵਾਗਤ ਇਕ ਮੁਸਾਫਰ ਵਾਂਗ ਨਹੀਂ, ਹੋਣ ਵਾਲੇ ਦਾਮਾਦ ਵਾਂਗ ਕੀਤਾ ਗਿਆ। ਵਿਆਹ ਬਾਰੇ ਗੱਲਬਾਤ ਦੌਰਾਨ ਕੁੜੀ ਦੇ ਮਾਪਿਆਂ ਨੇ ਅਰਜ਼ ਕੀਤੀ ਕਿ ਜੇ ਉਹ ਸ਼ਾਦੀ ਤੋਂ ਬਾਅਦ ਇਸ ਹਵੇਲੀ ਵਿਚ ਜੁਆਈ ਵਾਂਗ ਨਹੀਂ, ਬੇਟੇ ਦੀ ਤਰ੍ਹਾਂ ਰਹੇ ਤਾਂ ਉਨ੍ਹਾਂ ਦੀ ਪੁੱਤਰ ਦੀ ਥੁੜ੍ਹ ਪੂਰੀ ਹੋ ਜਾਵੇਗੀ। ਉਨ੍ਹਾਂ ਦਾ ਆਪਣਾ ਕੋਈ ਪੁੱਤ ਨਹੀਂ ਸੀ। ਮੁੰਡੇ ਨੇ ਕਿਹਾ, "ਜੀ ਘਰਦਿਆਂ ਦੀ ਇਜਾਜ਼ਤ ਤੋਂ ਬਗੈਰ ਮੈਂ ਕੁਝ ਨਹੀਂ ਕਹਿ ਸਕਦਾ।"

ਆਖਰ ਮੁੰਡੇ ਦੇ ਮਾਂ-ਬਾਪ ਦੀ ਰਜ਼ਾਮੰਦੀ ਨਾਲ ਉਨ੍ਹਾਂ ਦਾ ਵਿਆਹ ਹੋ ਗਿਆ। ਇਕ ਪ੍ਰਕਾਰ ਨਾਲ ਉਹ ਹਵੇਲੀ ਮੁੰਡੇ ਨੂੰ ਖੱਟ ਵਿਚ ਮਿਲ ਗਈ। ਹਵੇਲੀ ਵਾਲੇ ਪਿੰਡ ਦਾ ਨਾਂ 'ਗੜ੍ਹ ਕਲਾਂ' ਸੀ। ਉਸ ਦਿਨ ਤੋਂ ਇਸ ਦਾ ਨਾਂ ਖੱਟ-ਗੜ੍ਹ ਕਲਾਂ ਪੈ ਗਿਆ। ਹੌਲੀ ਹੌਲੀ ਲੋਕਾਂ ਦੇ ਮੂੰਹਾਂ ਵਿਚ ਘਸਦਾ ਘਸਦਾ 'ਖੱਟ-ਗੜ੍ਹ ਕਲਾਂ' ਅੱਜ 'ਖਟਕੜ ਕਲਾਂ' ਬਣ ਗਿਆ।



ਖੱਟ-ਗੜ੍ਹ ਕਲਾਂ (ਖਟਕੜ ਕਲਾਂ) ਵਿਖੇ ਸ਼ਹੀਦ ਭਗਤ ਸਿੰਘ ਦੀ ਯਾਦ 'ਚ ਬਣਿਆ ਗੇਟ

ਦੂਜਾ ਸਥਾਨ ਹੈ, ਬੰਦਾ ਬਹਾਦਰ ਨਾਲ ਸਬੰਧਤ 'ਚੱਪੜ ਚਿੜੀ' ਨਾਂ ਦਾ ਪਿੰਡ। ਇਸ ਬਾਰੇ ਜਾਣਕਾਰੀ ਪਹਿਲਾਂ ਪਹਿਲ ਮੈਨੂੰ ਸਵਰਗੀ ਹਰਨਾਮ ਸਿੰਘ ਸ਼ਾਨ ਦੀ ਇਕ ਲਿਖਤ ਤੋਂ ਮਿਲੀ ਸੀ। ਇਹ ਪਿੰਡ ਮੁਹਾਲੀ ਲਾਗੇ ਬਨੂੰੜ ਖਰੜ ਸੜਕ ਤੋਂ ਕੁਝ ਵਿਥ 'ਤੇ ਲਾਂਡਰਾਂ ਨੇੜੇ ਹੈ। ਸੜਕ ਦਾ ਨਾਂ ਬੰਦਾ ਬਹਾਦਰ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ। ਇਸ ਸਥਾਨ 'ਤੇ ਇਕ ਟਿੱਬਾ ਹੋਇਆ ਕਰਦਾ ਸੀ, ਜੋ ਅੱਜ ਲੋਕਾਂ ਨੇ ਪੁੱਟ ਪੁੱਟ ਕੇ ਮੈਦਾਨ ਬਣਾ ਦਿੱਤਾ ਹੈ। ਇਸ ਟਿੱਬੇ 'ਤੇ ਬੈਠ ਕੇ ਬੰਦਾ ਬਹਾਦਰ ਨੇ ਹੋ ਰਹੀ ਇਤਿਹਾਸਕ ਲੜਾਈ ਦਾ ਨਿਰੀਖਣ ਕੀਤਾ ਸੀ। 12 ਮਈ 1710 ਦੇ ਲਗਭਗ ਇਥੇ ਬੰਦਾ ਸਿੰਘ ਬਹਾਦਰ ਦੇ ਸਿੱਖ ਅਤੇ ਸਰਹਿੰਦ ਦੇ ਸ਼ਾਹੀ ਫੌਜਦਾਰ ਖਾਨ ਦੀਆਂ ਫੌਜਾਂ ਵਿਚਾਲੇ ਗਹਿਗੱਚ ਲੜਾਈ ਹੋਈ ਸੀ ਤੇ ਵਜ਼ੀਰ ਖਾਨ ਮਾਰਿਆ ਗਿਆ ਸੀ। ਲੜਾਈ ਵਿਚ ਦੋਹਾਂ ਧਿਰਾਂ ਵਲੋਂ ਹਾਥੀਆਂ, ਘੋੜਿਆਂ ਅਤੇ ਤੋਪਾਂ ਦੀ ਖੂਬ ਵਰਤੋਂ ਕੀਤੀ ਗਈ। ਸਿੱਖ ਫੌਜਾਂ ਨੇ ਗੋਲੇ ਵਰ੍ਹਾ ਕੇ ਵਿਰੋਧੀ ਫੌਜ ਦੇ ਹਾਥੀ ਖਦੇੜ ਕੇ ਪਿਛੇ ਧੱਕ ਦਿੱਤੇ। ਜਵਾਬ ਵਜੋਂ ਸਰਹਿੰਦ ਦੀਆਂ ਫੌਜਾਂ ਨੇ ਵੀ ਖੂਬ ਗੋਲਾਬਾਰੀ ਕੀਤੀ। ਸਿੱਖ ਫੌਜਾਂ ਝਿੜੀ ਵਾਲੇ ਪਾਸੇ ਸਨ, ਇਸ ਲਈ ਉਨ੍ਹਾਂ ਨੂੰ ਝਿੜੀ ਦੀ ਓਟ ਮਿਲ ਗਈ। ਸਿੱਖ ਫੌਜਾਂ ਨੇ ਤੋਪਾਂ ਦੀ ਤਾਬੜਤੋੜ ਵਰਤੋਂ ਕਰਕੇ ਸਰਹਿੰਦੀ ਫੌਜਾਂ ਦਾ ਖੂਬ ਘਾਣ ਕੀਤਾ।

14 ਮਈ 1710 ਨੂੰ ਸਿੱਖਾਂ ਨੇ ਸਰਹਿੰਦ 'ਤੇ ਕਬਜ਼ਾ ਕਰ ਲਿਆ (ਸਰਹਿੰਦ ਨਾਂ ਬਾਰੇ ਵੀ ਲਿਖਿਆ ਜਾਵੇਗਾ)। ਇਸ ਜਿੱਤ ਦੀ ਮਨੌਤ ਵਜੋਂ ਇਸ ਥਾਂ 'ਤੇ ਅੱਜ ਕਲ੍ਹ ਇਕ ਖੂਬਸੂਰਤ ਯਾਦਗਾਰ ਬਣਾਈ ਗਈ ਹੈ। ਗੱਲ ਕੀ, ਇਸ ਲੜਾਈ ਵਿਚ ਸਿੱਖ ਫੌਜਾਂ ਦੀ ਸ਼ਾਨਦਾਰ ਜਿੱਤ ਹੋਈ।

ਇਸ ਥਾਂ ਦੀ ਭੂਗੋਲਿਕ ਸਥਿਤੀ ਦਾ ਪਿੰਡ ਦੇ ਅਜੋਕੇ ਨਾਂ ਨਾਲ ਗੂੜ੍ਹਾ ਸਬੰਧ ਹੈ। ਇਲਾਕੇ ਵਿਚ ਬਹੁਤ ਸਾਰੇ ਛੱਪੜ ਸਨ। ਤਰਾਈ ਦੇ ਖੇਤਰ ਤੋਂ ਕਈ ਬਰਸਾਤੀ ਨਦੀਆਂ, ਨਾਲੇ ਇਥੋਂ ਦੀ ਲੰਘਦੇ ਸਨ। 'ਪਟਿਆਲਾ ਕੀ ਰਾਓ' ਨਦੀ ਵੀ ਇਥੇ ਵਗਦੀ ਸੀ। ਇਲਾਕੇ ਵਿਚ ਅਨੇਕਾਂ ਵੱਡੇ-ਛੋਟੇ ਛੱਪੜ ਹੋਣ ਕਰਕੇ ਲੋਕ ਇਸ ਨੂੰ 'ਛੱਪੜਾਂ ਵਾਲੀ ਝਿੜੀ' ਕਹਿੰਦੇ। ਸੋ, ਪਹਿਲਾਂ ਇਸ ਦਾ ਨਾਂ 'ਛੱਪੜ ਝਿੜੀ' ਬਣਿਆ ਹੋਵੇਗਾ। ਹੌਲੀ ਹੌਲੀ ਬਦਲਦਾ ਇਲਾਕੇ ਦਾ ਨਾਂ 'ਛੱਪੜ ਛਿੜੀ' ਰਹਿ ਗਿਆ। ਨਾਂ ਦੇ ਪਹਿਲੇ ਹਿੱਸੇ ਵਿਚਲੇ ਛੱਪੜ ਸ਼ਬਦ ਦੀ 'ਛ' ਧੁਨੀ ਨੇ ਮੁਖ-ਸੁਖ ਕਾਰਨ ਨਾਂ ਦੇ ਦੂਜੇ ਹਿੱਸੇ ਵਿਚਲੇ 'ਝਿੜੀ' ਸ਼ਬਦ ਦੀ ਪਹਿਲੀ ਧੁਨੀ 'ਝ' ਨੂੰ ਬਦਲ ਕੇ 'ਛ' ਕਰ ਦਿੱਤਾ। ਜਿਵੇਂ ਨਦੀ ਨਾਲੇ ਵਗਦੇ ਪਾਟ 'ਚ ਆਉਂਦੇ ਪੱਥਰਾਂ ਨਾਲ ਘਸਰ ਕੇ ਕਈ ਸ਼ਕਲਾਂ ਦੇ ਵੱਟੇ ਬਣਾ ਦਿੰਦੇ ਹਨ, ਇਸੇ ਤਰ੍ਹਾਂ ਲੋਕਾਂ ਦੇ ਮੂੰਹੋਂ ਮੂੰਹੀਂ ਸ਼ਬਦ ਅਤੇ ਸਥਾਨ-ਨਾਂ ਵੀ ਰਗੜੇ ਜਾਂਦੇ ਹਨ। ਇਸੇ ਵਰਤਾਰੇ ਕਰਕੇ ਅੱਜ 'ਛੱਪੜ ਛਿੜੀ' ਹੋਰ ਅਵਤਾਰ ਧਾਰਦਾ ਹੋਇਆ 'ਚੱਪੜ ਚਿੜੀ' ਬਣ ਗਿਆ ਹੈ।



'ਛੱਪੜਾਂ ਵਾਲੀ ਝਿੜੀ' ਦਾ ਅਜੋਕਾ ਰੂਪ 'ਚੱਪੜ ਚਿੜੀ'

## ਸੰਪਾਦਕ ਦੀ ਡਾਕ

### ਨਾਨਕ ਚਿੰਤਨ ਤੇ ਫਲਸਫੇ ਦੀ ਸਮਕਾਲੀ ਪ੍ਰਸੰਗਿਕਤਾ ਬਾਰੇ ਕਾਨਫਰੰਸ

ਪੰਜਾਬ ਟਾਈਮਜ਼ ਦੇ 6 ਜੁਲਾਈ ਦੇ ਅੰਕ ਦੇ ਪੰਨਾ 16 ਉਪਰ ਬਰੈਪਟਨ, ਕੈਨੇਡਾ ਦੀ ਇਕ ਦੋ ਰੋਜ਼ਾ ਕਾਨਫਰੰਸ ਦੀ ਛਪੀ ਰਿਪੋਰਟ ਸਬੰਧੀ ਬੇਨਤੀ ਹੈ ਕਿ ਜਿਵੇਂ ਕਾਨਫਰੰਸ ਦੇ ਨਾਮ "ਗੁਰੂ ਨਾਨਕ ਚਿੰਤਨ ਅਤੇ ਫਲਸਫੇ ਦੀ ਸਮਕਾਲੀ ਪ੍ਰਸੰਗਿਕਤਾ" ਤੋਂ ਸਪੱਸ਼ਟ ਹੈ ਕਿ ਇਸ ਕਾਨਫਰੰਸ ਵਿਚ ਗੁਰੂ ਨਾਨਕ ਜੀ ਵੱਲੋਂ ਦਿੱਤੇ ਗਏ ਉਪਦੇਸ਼ ਨੂੰ ਯਾਦ ਕਰਨ, ਦ੍ਰਿੜ ਕਰਨ ਅਤੇ ਅੱਜ ਦੇ ਜ਼ਮਾਨੇ ਵਿਚ ਮਨੁੱਖਤਾ ਦੀ ਭਲਾਈ ਲਈ ਅਮਲ ਵਿਚ ਲਿਆਉਣ ਬਾਰੇ ਹੀ ਵਿਚਾਰਾਂ ਹੋਈਆਂ, ਪਰ ਇਹ ਜਾਣ ਕੇ ਹੈਰਾਨੀ ਹੋਈ ਕਿ ਇਸ ਸਮਾਗਮ ਦਾ ਅਰੰਭ ਅਖੌਤੀ ਦਸਮ ਗ੍ਰੰਥ ਦੀਆਂ ਕੁਝ ਪੰਗਤੀਆਂ, "ਦੇਹਿ ਸ਼ਿਵਾ ਬਰ ਮੋਹਿ ਇਹੈ" (ਪੰਨਾ 99) ਪੜ੍ਹ ਕੇ ਕੀਤੀ ਗਈ ਹੈ। ਕੀ ਇਸ ਸਮਾਗਮ ਦਾ ਅਰੰਭ ਗੁਰੂ ਨਾਨਕ ਦੀ ਬਾਣੀ ਪੜ੍ਹ ਕੇ ਨਹੀਂ ਸੀ ਕੀਤਾ ਜਾਣਾ ਚਾਹੀਦਾ?

ਬੱਚਿਆਂ ਦਾ ਕੋਈ ਦੋਸ਼ ਨਹੀਂ ਹੈ, ਪਰ ਕੀ ਬੱਚਿਆਂ ਨੂੰ ਇਹ ਸ਼ਬਦ (?) ਸਿਖਾਉਣ ਵਾਲਿਆਂ ਨੂੰ ਵੀ ਨਹੀਂ ਪਤਾ ਕਿ ਵਰ ਕਿਸ ਤੋਂ ਮੰਗਿਆ ਜਾ ਰਿਹਾ ਹੈ? ਕੱਲ੍ਹ ਨੂੰ ਜਦੋਂ ਬੱਚਿਆਂ ਨੇ ਆਪ ਪੜ੍ਹ ਕੇ ਸਮਝ ਲਿਆ ਕਿ ਇਨ੍ਹਾਂ ਪੰਗਤੀਆਂ ਦਾ ਕੀ ਭਾਵ ਹੈ, ਇਹ ਕਿਥੋਂ ਆਈਆਂ ਹਨ, ਤਾਂ ਮਾਪੇ ਜਾਂ ਅਧਿਆਪਕ ਕੀ ਜਵਾਬ ਦੇਣਗੇ? ਕੀ ਅੰਤਰਰਾਸ਼ਟਰੀ ਕਾਨਫਰੰਸ ਦੇ ਪ੍ਰਬੰਧਕਾਂ ਨੂੰ ਵੀ ਨਹੀਂ ਪਤਾ ਕਿ ਇਹ ਵਰ ਸ਼ਿਵ ਦੀ ਪਤਨੀ ਸ਼ਿਵਾ (ਪਾਰਵਤੀ, ਚੰਡਿਕਾ) ਤੋਂ ਮੰਗਿਆ ਜਾ ਰਿਹਾ ਹੈ?

ਗ੍ਰੰਥ ਸਤਿਸਯ ਕੋ ਕਰਿਓ ਜਾ ਸਮ ਅਵਰੁ ਨਾ ਕੋਇ।

ਜਿਹ ਨਮਿਤ ਕਵਿ ਨੇ ਕਹਿਓ ਸੁ ਦੇਹ ਚੰਡਕਾ ਸੋਇ। (ਪੰਨਾ 99)

ਗੱਲ ਹੋ ਰਹੀ ਸੀ, ਗੁਰੂ ਨਾਨਕ ਜੀ ਦੇ ਫਲਸਫੇ ਦੀ, ਗੱਲ ਹੋ ਰਹੀ ਸੀ ਔਰਤ ਨੂੰ ਬਰਾਬਰੀ ਦੇ ਅਧਿਕਾਰਾਂ ਦੀ, ਗੱਲ ਹੋ ਰਹੀ ਸੀ, "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਦੀ, ਪਰਚੇ ਪੜ੍ਹੇ ਜਾ ਰਹੇ ਸਨ, "ਗੁਰੂ ਨਾਨਕ ਦੀ ਬਾਣੀ ਵਿਚ ਔਰਤ ਦਾ ਸਥਾਨ", ਪਰ ਸਮਾਗਮ ਦਾ ਅਰੰਭ ਉਸ ਗ੍ਰੰਥ ਦੀਆ ਪੰਗਤੀਆਂ ਨਾਲ ਕੀਤਾ ਗਿਆ, ਜੋ ਔਰਤ ਬਾਰੇ ਲਿਖਦਾ ਹੈ ਕਿ ਔਰਤ 'ਤੇ ਵਿਸ਼ਵਾਸ ਕਰਨ ਵਾਲੇ ਦਾ ਸੱਤ ਦਿਨਾਂ ਵਿਚ ਨਾਸ਼ ਹੋ ਜਾਵੇਗਾ। ਔਰਤ ਨੂੰ ਸਾਜ ਕੇ ਵਿਧਾਤਾ ਵੀ ਪਛਤਾਉਂਦਾ ਹੈ।

ਸਕਲ ਜਗਤ ਮੈ ਜੇ ਪੁਰਖੁ ਤ੍ਰਿਯ ਕੋ ਕਰਤ ਬਿਸ੍ਵਾਸ॥

ਸਾਤਿ ਦਿਵਸ ਭੀਤ ਰਤੁ ਰਤੁ ਹੋਤ ਤਵਨ ਕੋ ਨਾਸ॥ (ਪੰਨਾ 829)

ਅੰਤ ਤ੍ਰਿਯਨ ਕੇ ਕਿਨੂੰ ਨ ਪਾਯੋ॥

ਬਿਧ ਨਾ ਸਿਰਜਿ ਬਹੁਰਿ ਪਛੁਤਾਯੋ॥ (ਪੰਨਾ 1267)

ਰਿਪੋਰਟ ਮੁਤਾਬਕ ਇਸ ਸਮਾਗਮ ਵਿਚ ਨਾਮਧਾਰੀ ਸੰਪਰਦਾ ਦੇ ਮੁਖੀ ਠਾਕਰ ਦਲੀਪ ਸਿੰਘ ਵੀ ਸ਼ਾਮਿਲ ਸਨ। ਜਿਨ੍ਹਾਂ ਨੇ ਕਿਹਾ, "ਅੱਜ ਅਸੀਂ ਕਈ ਧਰਮਾਂ ਅਤੇ ਫਿਰਕਿਆਂ ਵਿਚ ਵੰਡੇ ਹੋਏ ਹਾਂ, ਜੋ ਗੁਰੂ ਆਸ਼ੇ ਦੇ ਉਲਟ ਹੈ।" ਅਜਿਹਾ ਬਿਆਨ ਸੁਣਨ ਨੂੰ ਤਾਂ ਬਹੁਤ ਚੰਗਾ ਲਗਦਾ ਹੈ। ਕੀ ਇਹ ਉਪਦੇਸ਼ ਦੂਜਿਆਂ ਨੂੰ ਦੇਣ ਵਾਸਤੇ ਹੀ ਹੈ, ਅਮਲ ਕਰਨ ਲਈ ਨਹੀਂ? ਕੀ ਨਾਮਧਾਰੀ ਸੰਪਰਦਾ ਦੇ ਮੁਖੀ ਨੂੰ ਕਿਸੇ ਨੇ ਸਵਾਲ ਕੀਤਾ ਕਿ ਜੇ ਇਹ ਗੁਰੂ ਆਸ਼ੇ ਦੇ ਉਲਟ ਹੈ ਤਾਂ ਤੁਸੀਂ ਪੰਦਰਵਾਂ-ਸੋਲਵਾਂ ਗੁਰੂ ਬਣ ਕੇ, ਆਪਣਾ ਵੱਖਰਾ ਬੁੰਗਾ ਕਿਉਂ ਗੱਡੀ ਬੈਠੇ ਹੋ? ਦਸ਼ਮੇਸ਼ ਪਿਤਾ ਜੀ ਦੇ ਹੁਕਮ "ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ" ਤੋਂ ਭਗੌੜਿਆਂ ਨੂੰ ਸਮਾਗਮ ਵਿਚ ਸ਼ਾਮਿਲ ਹੋਣ ਦਾ ਸੱਦਾ ਦੇਣ ਪਿਛੇ ਪ੍ਰਬੰਧਕਾਂ ਦੀ ਕੀ ਮਜਬੂਰੀ ਸੀ?

ਪ੍ਰਬੰਧਕਾਂ ਨੂੰ ਬੇਨਤੀ ਹੈ ਕਿ ਅਜਿਹੇ ਉਪਰਾਲੇ ਤਾਂ ਹੀ ਸਫਲ ਹੋ ਸਕਦੇ ਹਨ, ਜੇ ਗੁਰਮਤਿ ਦੇ ਸਿਧਾਂਤਾਂ 'ਤੇ ਪਹਿਰਾ ਵੀ ਦਿੱਤਾ ਜਾਵੇ, ਨਹੀਂ ਤਾਂ ਦੋ ਦਿਨਾਂ ਦੀ ਬੱਲੇ-ਬੱਲੇ ਹੀ ਪੱਲੇ ਰਹਿ ਜਾਂਦੀ ਹੈ।

-ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.coms

### ਜੱਲ੍ਹਿਆਂਵਾਲਾ ਬਾਗ ਦੇ ਬਾਨੀ

**ਸਤਿਕਾਰਯੋਗ ਸੰਪਾਦਕ ਜੀਓ,**
**ਸਤਿ ਸ੍ਰੀ ਅਕਾਲ।**

ਜੱਲ੍ਹਿਆਂਵਾਲਾ ਬਾਗ ਦੇ ਸਾਕੇ ਦੀ ਸੌਵੀਂ ਵਰ੍ਹੇਗੰਢ ਕਰਕੇ ਅੱਜ ਕਲ੍ਹ ਫਿਰ ਜੱਲ੍ਹਿਆਂਵਾਲਾ ਬਾਗ, ਅੰਮ੍ਰਿਤਸਰ ਖਬਰਾਂ 'ਚ ਹੈ। ਇਸ ਬਾਗ ਦੇ ਬਾਨੀ ਕੌਣ ਸਨ, ਬਾਰੇ ਦਸਣਾ ਚਾਹੁੰਦਾ ਹਾਂ। ਉਂਜ ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ ਅਤੇ ਖੁਸ਼ਵੰਤ ਸਿੰਘ ਅਨੁਸਾਰ 'ਜੱਲ੍ਹਿਆਂਵਾਲਾ ਬਾਗ' ਦਾ ਨਾਂ ਸਿੱਖ ਰਾਜ ਦੇ ਰਾਜਾ ਹੀਰਾ ਸਿੰਘ ਡੋਗਰਾ ਦੇ ਉਸਤਾਦ ਪੰਡਿਤ ਜੱਲ੍ਹਾ ਦੇ ਨਾਂ 'ਤੇ ਰੱਖਿਆ ਗਿਆ ਸੀ, ਪਰ ਸ਼ਮਸ਼ੇਰ ਸਿੰਘ ਅਸ਼ੋਕ ਇਨ੍ਹਾਂ ਇਤਿਹਾਸਕਾਰਾਂ ਦੀ ਇਸ ਕਥਨੀ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹਨ।

ਅਸ਼ੋਕ ਜੀ ਅਨੁਸਾਰ ਜਦੋਂ ਸਿੱਖਾਂ ਦੀ ਮਿਸਲ ਭੰਗੀਆਂ ਅਤੇ ਮਿਸਲ ਰਾਮਗੜ੍ਹੀਆ ਨੇ ਅੰਮ੍ਰਿਤਸਰ ਸ਼ਹਿਰ ਨੂੰ ਆਪਣੀ ਅਮਲਦਾਰੀ ਵਿਚ ਲਿਆਂਦਾ ਤਾਂ ਪਿੱਛੋਂ ਸਿੱਖ ਰਾਜ ਸਮੇਂ ਸਿੱਖ ਸਰਦਾਰਾਂ ਨੇ ਆਪੋ ਆਪਣੇ ਨਾਂਵਾਂ ਹੇਠ ਹਰਿਮੰਦਰ ਸਾਹਿਬ ਦੇ ਕੰਢੇ ਬੁੰਗੇ ਬਣਾਏ ਸਨ। ਉਸ ਸਮੇਂ, ਜੱਲ੍ਹੇ ਵਾਲੇ ਸਰਦਾਰਾਂ (ਸਰਦਾਰ ਰਾਮ ਸਿੰਘ, ਅਮਰ ਸਿੰਘ ਆਦਿ) ਨੇ ਜੱਲ੍ਹਿਆਂਵਾਲਾ ਬਾਗ ਤੋਂ ਇਲਾਵਾ ਬੁੰਗਾ ਜੱਲ੍ਹੇਵਾਲੀਆ, ਕਟੜਾ ਜੱਲ੍ਹੇਵਾਲੀਆ, ਬਾਜ਼ਾਰ ਜੱਲ੍ਹਿਆਂਵਾਲਾ ਕਾਇਮ ਕੀਤੇ ਸਨ।

ਇਨ੍ਹਾਂ ਜੱਲ੍ਹੇ ਵਾਲੀਏ ਸਰਦਾਰਾਂ ਨੇ 'ਮੁਦਕੀ ਦੀ ਜੰਗ' ਵਿਚ ਹਿੱਸਾ ਵੀ ਲਿਆ ਸੀ ਅਤੇ 'ਸ਼ਾਹ ਮੁਹੰਮਦ ਦੇ ਜੰਗਨਾਮੇ' ਦੇ 59ਵੇਂ ਬੰਦ ਵਿਚ ਜੱਲ੍ਹੇਵਾਲੀਏ ਸਰਦਾਰਾਂ ਦਾ ਜ਼ਿਕਰ ਇਸ ਤਰ੍ਹਾਂ ਹੈ,

ਸ਼ਾਮ ਸਿੰਘ ਸਰਦਾਰ ਨੇ ਕੂਚ ਕੀਤਾ
ਜੱਲ੍ਹੇਵਾਲੀਏ ਬਣਤ ਬਣਾਂਵਦੇ ਨੀ।
ਆਏ ਹੋਰ ਪਹਾੜ ਦੇ ਸਭ ਰਾਜੇ
ਜਿਹੜੇ ਤੇਗ ਦੇ ਧਨੀ ਕਹਾਂਵਦੇ ਨੀ...।

ਧੰਨਵਾਦ ਸਹਿਤ,

**-ਕੁਲਦੀਪ ਸਿੰਘ**
**ਯੂਨੀਅਨ ਸਿਟੀ, ਕੈਲੀਫੋਰਨੀਆ।**

# ਨਜ਼ਰਅੰਦਾਜ਼ੀ ਤੋਂ ਨਿਜ਼ਾਤ

ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਅੰਕ ਵਿਚ ਡਾ. ਭੰਡਾਲ ਨੇ ਜ਼ਖਮਾਂ, ਸੱਟਾਂ ਦਾ ਵਿਖਿਆਨ ਕੀਤਾ ਸੀ, "ਜ਼ਖਮ ਸਰੀਰਕ ਵੀ ਤੇ ਮਾਨਸਿਕ ਵੀ, ਬਾਹਰੀ ਵੀ ਤੇ ਅੰਦਰੂਨੀ ਵੀ, ਦਿਸਦਾ ਵੀ ਤੇ ਅਦਿੱਸਦਾ ਵੀ, ਡੂੰਘਾ ਫੱਟ ਵੀ ਤੇ ਝਰੀਟ ਵੀ ਅਤੇ ਰਿਸਦਾ ਵੀ ਤੇ ਆਇਆ ਖਰੀਂਡ ਵੀ।" ਜ਼ਿੰਦਗੀ ਵਿਚ ਬਹੁਤ ਕੁਝ ਹੁੰਦਾ ਹੈ, ਜਿਸ ਨੂੰ ਨਜ਼ਰਅੰਦਾਜ਼ ਕਰਨਾ ਚਾਹੀਦਾ ਹੈ ਅਤੇ ਬਹੁਤ ਕੁਝ ਅਜਿਹਾ ਵੀ ਹੁੰਦਾ ਹੈ ਜਿਸ ਨੂੰ ਬਿਲਕੁਲ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਹਥਲੇ ਲੇਖ ਵਿਚ ਡਾ. ਭੰਡਾਲ ਕਹਿੰਦੇ ਹਨ, "ਨਜ਼ਰਅੰਦਾਜ਼ੀ, ਪ੍ਰਤੱਖ ਵੀ ਤੇ ਅਪ੍ਰਤੱਖ ਵੀ, ਸਾਹਮਣੇ ਵੀ ਤੇ ਓਹਲੇ 'ਚ ਵੀ ਅਤੇ ਗੱਲਬਾਤ 'ਚ ਵੀ ਤੇ ਲਿਖਤ 'ਚ ਵੀ।" ਉਨ੍ਹਾਂ ਦੀ ਨਸੀਹਤ ਹੈ, "ਰੁੱਸਿਆਂ ਨੂੰ ਨਜ਼ਰਅੰਦਾਜ਼ ਨਾ ਕਰੋ, ਸਗੋਂ ਮਨਾਓ। ਪਤਾ ਨਹੀਂ ਕਿਸ ਮੋੜ 'ਤੇ ਸਾਹ ਬੇਵਫਾ ਹੋ ਜਾਣ ਅਤੇ ਜ਼ਿੰਦਗੀ ਦੀ ਸ਼ਾਮ ਉਤਰ ਆਵੇ।" -ਸੰਪਾਦਕ***

ਨਜ਼ਰਅੰਦਾਜ਼ੀ, ਦੇਖ ਕੇ ਅਣਡਿੱਠ ਕਰਨਾ, ਜਾਣ-ਬੁੱਝ ਕੇ ਨਜ਼ਰ ਮਿਲਾਉਣ ਤੋਂ ਆਨਾ-ਕਾਨੀ, ਗੱਲ ਕਰਨ ਤੋਂ ਗੁਰੇਜ਼, ਅਣਪੱਤ ਦਿਖਾਉਣ ਤੋਂ ਓਪਰਾਪਣ ਅਤੇ ਨਿੱਜੀ-ਦਾਇਰੇ 'ਚ ਦਾਖਲੇ ਤੋਂ ਇਨਕਾਰ।

ਨਜ਼ਰਅੰਦਾਜ਼ੀ, ਉਚਤਮਤਾ ਦਾ ਫੋਕਾ ਭਰਮ, ਰੁਤਬੇ ਦਾ ਕਾਗਜ਼ੀ ਰੋਅਬ, ਕੁਰਸੀ ਦੀ ਹੈਂਕੜ, ਧਨ-ਦੌਲਤ ਦਾ ਗੁਮਾਨ ਅਤੇ ਜਾਤੀ-ਉਚਤਾ ਦਾ ਫਤੂਰ।

ਨਜ਼ਰਅੰਦਾਜ਼ੀ, ਪ੍ਰਤੱਖ ਵੀ ਤੇ ਅਪ੍ਰਤੱਖ ਵੀ, ਸਾਹਮਣੇ ਵੀ ਤੇ ਓਹਲੇ 'ਚ ਵੀ ਅਤੇ ਗੱਲਬਾਤ 'ਚ ਵੀ ਤੇ ਲਿਖਤ 'ਚ ਵੀ।

ਨਜ਼ਰਅੰਦਾਜ਼ੀ, ਮਨੁੱਖੀ ਮਨ ਦਾ ਸੌੜਾਪਣ, ਫਿਤਰਤ ਦਾ ਫੋਕਾਪਣ, ਸੋਚ-ਦਾਇਰਿਆਂ ਦੀ ਸੀਮਾਬੰਦੀ, ਸੌੜੀ ਮਾਨਸਿਕਤਾ ਅਤੇ ਕਮੀਨਗੀ

***ਨਜ਼ਰਅੰਦਾਜ਼ ਕਰੋ, ਉਨ੍ਹਾਂ ਗੱਲਾਂ, ਕ੍ਰਿਆਵਾਂ ਜਾਂ ਮਨੁੱਖਾਂ ਨੂੰ, ਜੋ ਜ਼ਿੰਦਗੀ ਵਿਚ ਤੁਹਾਡੇ ਲਈ ਨਾਕਾਰਾਤਮਿਕਤਾ ਉਪਜਾਉਂਦੇ, ਮੋਢੇ 'ਤੇ ਸ਼ਿਕਵੇ ਤੇ ਸੰਤਾਪ ਦੀ ਬਗਲੀ ਪਾਉਂਦੇ, ਤੁਹਾਨੂੰ ਪੀੜ, ਦਰਦ ਤੇ ਗਮ ਦਾ ਗੀਤ ਬਣਾਉਂਦੇ, ਦਰ-ਬ-ਦਰ ਰਹਿਮ ਦੀ ਭੀਖ ਲਈ ਮੰਗਣ ਲਾਉਂਦੇ ਅਤੇ ਫਿਰ ਤੁਹਾਡੀ ਖਿੱਲੀ ਉਡਾਉਂਦੇ।***

ਦੀ ਕਹਾਣੀ।

ਨਜ਼ਰਅੰਦਾਜ਼ੀ, ਨਜ਼ਰ ਨਾ ਮਿਲਾਉਣਾ ਹੀ ਨਹੀਂ ਹੁੰਦਾ, ਸਗੋਂ ਸੋਚ, ਵਿਚਾਰ, ਵਿਹਾਰ ਅਚਾਰ ਅਤੇ ਗੁਫਤਾਰ ਰਾਹੀਂ ਵੀ ਨਜ਼ਰਅੰਦਾਜ਼ੀ ਦਾ ਪ੍ਰਤੱਖ ਪ੍ਰਗਟਾਓ।

ਨਜ਼ਰਅੰਦਾਜ਼ੀ ਇਕ ਭਰਮ, ਮੁਖੌਟਾ, ਤ੍ਰੇੜਿਆ ਤਲਿਸਮ, ਹੌਲਾ ਹਰਖਿਆਪਣ ਅਤੇ ਸ਼ਖਸੀ ਹਲਕੇਪਣ ਦਾ ਦ੍ਰਿਸ਼।

ਨਜ਼ਰਅੰਦਾਜ਼ ਕਰੋ, ਉਨ੍ਹਾਂ ਗੱਲਾਂ, ਕ੍ਰਿਆਵਾਂ ਜਾਂ ਮਨੁੱਖਾਂ ਨੂੰ, ਜੋ ਜ਼ਿੰਦਗੀ ਵਿਚ ਤੁਹਾਡੇ ਲਈ ਨਾਕਾਰਾਤਮਿਕਤਾ ਉਪਜਾਉਂਦੇ, ਮੋਢੇ 'ਤੇ ਸ਼ਿਕਵੇ ਤੇ ਸੰਤਾਪ ਦੀ ਬਗਲੀ ਪਾਉਂਦੇ, ਤੁਹਾਨੂੰ ਪੀੜ, ਦਰਦ ਤੇ ਗਮ ਦਾ ਗੀਤ ਬਣਾਉਂਦੇ, ਦਰ-ਬ-ਦਰ ਰਹਿਮ ਦੀ ਭੀਖ ਲਈ ਮੰਗਣ ਲਾਉਂਦੇ ਅਤੇ ਫਿਰ ਤੁਹਾਡੀ ਖਿੱਲੀ ਉਡਾਉਂਦੇ।

ਨਜ਼ਰਅੰਦਾਜ਼ ਕਰੋ, ਮਨ 'ਚ ਪੈਦਾ ਹੋਣ ਵਾਲੇ ਵਿਕਾਰਾਂ, ਵਿਭਚਾਰਾਂ ਅਤੇ ਉਨ੍ਹਾਂ ਵਿਚਾਰਾਂ ਨੂੰ ਜਿਨ੍ਹਾਂ ਦੇ ਗਰਭ ਵਿਚ ਕੁਤਾਹੀਆਂ, ਕਮੀਨਗੀਆਂ, ਕਰਤੂਤਾਂ ਅਤੇ ਕੁਲਹਿਣੇ ਵਕਤਾਂ ਦੀ ਤਾਜਪੋਸ਼ੀ ਹੁੰਦੀ।

ਨਜ਼ਰਅੰਦਾਜ਼ ਕਰੋ, ਉਨ੍ਹਾਂ ਲੋਕਾਂ ਨੂੰ, ਜੋ ਤੁਹਾਡੇ ਰਾਹਾਂ 'ਚ ਸੂਲਾਂ ਉਗਾਉਂਦੇ, ਪੈਰਾਂ ਦੀਆਂ ਤਲੀਆਂ ਨੂੰ ਲਹੂ-ਲੁਹਾਣ ਕਰਦੇ ਅਤੇ ਮੰਜ਼ਿਲ-ਮਾਰਗ 'ਚ ਧੁੰਦਲਕਾ ਉਪਜਾਉਂਦੇ। ਦੀਦਿਆਂ ਵਿਚ ਦਿਸਹੱਦਿਆਂ ਦੀ ਅਸੰਭਵਤਾ ਦਾ ਅਜਿਹਾ ਡਰ ਉਪਜਾਉਂਦੇ ਕਿ ਸਾਹ ਵੀ ਸਿਸਕਣ ਲੱਗਦੇ।

ਨਜ਼ਰਅੰਦਾਜ਼ ਕਰੋ, ਉਨ੍ਹਾਂ ਕਮੀਨਿਆਂ ਨੂੰ ਜੋ ਸਾਜ਼ਿਸ਼ਾਂ ਘੜ੍ਹਦੇ, ਪਾਕ ਦਿੱਖ ਨੂੰ ਕਲੰਕਿਤ ਕਰਨ ਲਈ ਤਤਪਰ, ਰੂਹ 'ਚ ਛਿਲਤਰਾਂ ਖਭੋਂਦੇ ਅਤੇ ਫਿਰ ਲੂਣ ਛਿੜਕ ਕੇ ਤੜਪਣ ਲਾਉਂਦੇ।

ਨਜ਼ਰਅੰਦਾਜ਼ ਕਰੋ, ਉਨ੍ਹਾਂ ਮੁਖੌਟਾਧਾਰੀਆਂ ਨੂੰ, ਜੋ ਕੁਚੱਜੀ, ਕਰੂਰ, ਕਰੂਪ ਅਤੇ ਕੁਲਹਿਣੀ ਸੰਗਤ ਦਾ ਲਕਬ ਨੇ। ਅਜਿਹੀ ਕੁਸੰਗਤੀ ਵਿਚ ਉਲਾਹਮੇ, ਸ਼ਿਕਾਇਤਾਂ ਅਤੇ ਸ਼ਿਕਵਿਆਂ ਦੀ ਹੀ ਸੋਅ ਆਉਂਦੀ।

ਨਜ਼ਰਅੰਦਾਜ਼ ਕਰੋ, ਫੁਹਸ਼ ਸਾਹਿਤ ਅਤੇ ਕੋਝੀ ਕਲਾ ਨੂੰ, ਜੋ ਉਲਾਰ-ਮਾਨਸਿਕਤਾ ਨੂੰ ਪੈਦਾ ਕਰਦੀ। ਮਾੜੇ ਵਿਚਾਰ, ਭੱਦੇ ਖਿਆਲ ਅਤੇ ਚਰਿੱਤਰਹੀਣਤਾ ਦਾ ਕੁਸੱਤ ਹੁੰਦੇ। ਇਸ ਵਿਚੋਂ ਮੰਥਨ, ਸੰਵੇਦਨਾ ਅਤੇ ਸੰਵਾਦ ਗੈਰ-ਹਾਜ਼ਰ। ਨਿਰੋਲ ਰਸਵਾਦੀ ਸਾਹਿਤ ਮਾਨਵੀ ਰਸ-ਹੀਣਤਾ ਦਾ ਆਧਾਰ ਅਤੇ ਇਸ ਤੋਂ ਬਚਣਾ ਹੀ ਮਨੁੱਖ ਦਾ ਸਰਬੋਤਮ ਕਿਰਦਾਰ।

ਨਜ਼ਰਅੰਦਾਜ਼ ਉਨ੍ਹਾਂ ਥਾਂਵਾਂ, ਰਾਹਾਂ, ਸਭਾਵਾਂ ਅਤੇ ਸੰਸਥਾਵਾਂ ਨੂੰ ਕਰੋ, ਜੋ ਰਸਾਤਲ ਵੰਨੀ ਲੈ ਕੇ ਜਾਂਦੀਆਂ, ਜਿਨ੍ਹਾਂ ਦੇ ਮੱਥੇ 'ਤੇ ਉਗਿਆ ਏ ਕੁਕਰਮ ਅਤੇ ਉਨ੍ਹਾਂ ਦੀ ਕੀਰਤੀ ਵਿਚ ਪਾਪ ਦੀ ਜੰਞ ਦਾ ਜ਼ਲਜ਼ਲਾ।

ਨਜ਼ਰਅੰਦਾਜ਼ ਕਰਨਾ ਹੀ ਏ ਤਾਂ ਉਸ ਕਲਮ ਨੂੰ ਕਰੋ, ਜੋ ਕੀਰਨਿਆਂ ਦੀ ਜਨਮਦਾਤੀ; ਬੁਰਸ਼ ਨੂੰ, ਜੋ ਵਾਹੁੰਦਾ ਏ ਕਾਲੇ ਹਾਸ਼ੀਏ; ਸੋਚ ਨੂੰ, ਜੋ ਕੱਟੜਤਾ ਦੀ ਕਟਾਰ ਸੰਗ ਮਨੁੱਖੀ ਤਬਾਹੀ ਦੀ ਆਧਾਰਸ਼ਿਲਾ; ਉਸ ਖੋਜ ਨੂੰ, ਜੋ ਮਾਨਵਤਾ ਦਾ ਮਰਸੀਆ ਪੜ੍ਹੇ ਅਤੇ ਮਨੁੱਖੀ ਭਾਵਨਾਵਾਂ ਦਾ ਸਿਵਾ ਸੇਕੇ, ਪਰ ਉਸ ਖੋਜ ਨੂੰ ਅਪਨਾਓ, ਜੋ ਸੁਚਾਰੂ, ਉਸਾਰੂ ਅਤੇ ਅਰਥ-ਭਰਪੂਰ ਵਰਤਾਰਿਆਂ ਨਾਲ ਮਨੁੱਖਤਾ ਲਈ ਤੋਹਫਾ ਬਣੇ, ਨਾ ਕਿ ਕਫਨ ਬਣ ਕੇ ਕਬਰ-ਪਿੰਡਾਂ ਦੀ ਉਸਾਰੀ ਕਰੇ।

ਖੁਦ ਦੀ ਨਾਲਾਇਕੀ, ਨਾ-ਅਹਿਲੀਅਤ ਅਤੇ ਨਾ-ਕਾਬਲੀਅਤ ਨੂੰ ਕਦੇ ਵੀ ਨਜ਼ਰਅੰਦਾਜ਼ ਨਾ ਕਰੋ, ਕਿਉਂਕਿ ਪੂਰਨਤਾ ਲਈ ਅਪੂਰਨਤਾ ਨੂੰ ਸਮਝਣਾ ਅਤੇ ਊਣੇਪਣ ਨੂੰ ਭਰਨ ਲਈ ਯਤਨ ਕਰਕੇ ਹੀ ਪੂਰਤੀ ਨਾਲ ਸੁਲੱਗ ਸਿਰਜਣਾ ਮਨੁੱਖ ਦਾ ਹਾਸਲ ਬਣਦੀ।

ਨਜ਼ਰਅੰਦਾਜ਼ ਕਦੇ ਨਾ ਕਰੋ ਉਨ੍ਹਾਂ ਸਹਿਯੋਗੀਆਂ, ਸਹਿਕਰਮੀਆਂ ਅਤੇ ਸੰਗੀ-ਸਾਥੀਆਂ ਨੂੰ, ਜੋ ਤੁਹਾਡੇ ਅੰਗ-ਸੰਗ ਰਹਿੰਦੇ, ਤੁਹਾਡੀ ਸਫਲਤਾ ਦਾ ਆਧਾਰ ਹਨ। ਹੱਲਾਸ਼ੇਰੀ, ਪ੍ਰੇਰਨਾ, ਮਦਦ ਅਤੇ ਮਾਰਗ-ਦਰਸ਼ਨਾ ਸਿਰਫ ਆਪਣੇ ਹੀ ਕਰਦੇ। ਪਲਕਾਂ ਵਿਛਾਉਂਦੇ, ਰਾਹਾਂ 'ਚ ਚਾਨਣ ਛਿੜਕਾਉਂਦੇ ਤਾਂ ਕਿ ਤੁਹਾਡੇ ਦੀਦਿਆਂ 'ਚ ਚੰਗੇਰੇ ਸੁਪਨਿਆਂ ਦੀ ਆਭਾ ਹੋਰ ਨਿਖਰੇ।

ਕਦੇ ਵੀ ਨਜ਼ਰਅੰਦਾਜ਼ ਨਾ ਕਰੋ ਉਸ ਕਦਮ ਨੂੰ ਜਿਸ ਨਾਲ ਕਮਜੋਰੀ ਸਾਬਤ ਹੋਵੇ ਜਾਂ ਮੰਦ-ਭਾਵਨਾ ਤੇ ਘਟੀਆ ਸੋਚ, ਜੋ ਕੁਕਰਮਾਂ ਦੀ ਖੇਤੀ ਕਰੇ। ਇਨ੍ਹਾਂ ਨੂੰ ਸੁਧਾਰ ਕੇ ਹੀ ਸੰਪੂਰਨ ਹੋਇਆ ਜਾ ਸਕਦਾ।

***ਨਜ਼ਰਅੰਦਾਜ਼ ਕਰਨਾ ਹੀ ਏ ਤਾਂ ਉਸ ਕਲਮ ਨੂੰ ਕਰੋ, ਜੋ ਕੀਰਨਿਆਂ ਦੀ ਜਨਮਦਾਤੀ; ਬੁਰਸ਼ ਨੂੰ, ਜੋ ਵਾਹੁੰਦਾ ਏ ਕਾਲੇ ਹਾਸ਼ੀਏ; ਸੋਚ ਨੂੰ, ਜੋ ਕੱਟੜਤਾ ਦੀ ਕਟਾਰ ਸੰਗ ਮਨੁੱਖੀ ਤਬਾਹੀ ਦੀ ਆਧਾਰਸ਼ਿਲਾ; ਉਸ ਖੋਜ ਨੂੰ, ਜੋ ਮਾਨਵਤਾ ਦਾ ਮਰਸੀਆ ਪੜ੍ਹੇ ਅਤੇ ਮਨੁੱਖੀ ਭਾਵਨਾਵਾਂ ਦਾ ਸਿਵਾ ਸੇਕੇ, ਪਰ ਉਸ ਖੋਜ ਨੂੰ ਅਪਨਾਓ, ਜੋ ਸੁਚਾਰੂ, ਉਸਾਰੂ ਅਤੇ ਅਰਥ-ਭਰਪੂਰ ਵਰਤਾਰਿਆਂ ਨਾਲ ਮਨੁੱਖਤਾ ਲਈ ਤੋਹਫਾ ਬਣੇ, ਨਾ ਕਿ ਕਫਨ ਬਣ ਕੇ ਕਬਰ-ਪਿੰਡਾਂ ਦੀ ਉਸਾਰੀ ਕਰੇ।***

ਨਜ਼ਰਅੰਦਾਜ਼ ਕਦੇ ਨਾ ਕਰਿਓ ਉਸ ਸੰਦਲੀ ਸੁਪਨੇ ਨੂੰ, ਜੋ ਦੀਦਿਆਂ ਦਾ ਹਾਸਲ, ਸੋਚ ਦਾ ਸੁਗੰਧ-ਸਰਵਰ, ਸਾਹ-ਸੰਵੇਦਨਾ ਦਾ ਸ਼ਰਫ ਅਤੇ ਸੁਪਨ-ਸਫਲਤਾ ਦਾ ਹਰਫ ਬਣਨ ਦਾ ਆਸਵੰਦ। ਸੁਪਨਾ ਲੈਣਾ, ਸ਼ੁਭ ਅਰੰਭ। ਸ਼ੁਭ ਅਰਥੀ ਆਗਾਜ਼। ਅਨੁਭਵੀ ਸਿਰੜ ਸਾਧਨਾ ਨੇ ਬਣਾਉਣਾ ਇਸ ਨੂੰ ਸਿਰ ਦਾ ਤਾਜ। ਅਸਫਲ ਵਿਅਕਤੀ ਉਹ ਹੀ ਹੁੰਦੇ, ਜੋ ਸੁਪਨੇ ਨੂੰ ਨਜ਼ਰਅੰਦਾਜ਼ ਕਰਦੇ ਅਤੇ ਵਕਤ ਬੀਤ ਜਾਣ ਪਿਛੋਂ ਤਾਅ-ਉਮਰ ਠੰਢੇ ਹਉਕੇ ਭਰਦੇ।

ਨਜ਼ਰਅੰਦਾਜ਼ ਨਾ ਕਰੋ ਉਸ ਸਬੱਬ ਨੂੰ, ਜੋ ਹੁੰਦਾ ਏ ਦਰ-ਦਸਤਕ ਬਣਿਆ ਰੱਬ। ਇਸ ਨੇ ਬਣਨਾ ਏ ਹਾਸਲ ਦਾ ਹੱਜ, ਸੁਰਖ ਹੋਣਾ ਏ ਆਉਣ ਵਾਲਾ ਕੱਲ ਤੇ ਅੱਜ। ਕੁਝ ਮੌਕੇ ਤੁਹਾਡਾ ਮਸਤਕ ਠਕੋਰਦੇ। ਇਨ੍ਹਾਂ ਦਾ ਫਾਇਦਾ ਉਠਾਉਣਾ ਹੀ ਉਚੇਰੀਆਂ ਬੁਲੰਦੀਆਂ ਦੀ ਬਖਸ਼ਿਸ਼। ਅਜਿਹੀ ਬਖਸ਼ਿਸ਼ ਵਿਹੂਣੇ ਲੋਕ ਕਰਮਹੀਣ, ਜਿਨ੍ਹਾਂ ਦੇ ਪੱਲੇ ਰਹਿ ਜਾਂਦਾ ਇਕ ਪਛਤਾਵਾ ਬੀਤੇ ਦਾ, ਕੁਝ ਨਾ ਕੀਤੇ ਦਾ, ਬੁੱਲਾਂ ਨੂੰ ਸੀਤੇ ਦਾ ਜਾਂ ਹਰਖਾਂ ਦੇ ਘੁੱਟ ਪੀਤੇ ਦਾ। ਇਹ ਹਰਖ ਸਾਰੀ ਉਮਰ ਹੀ ਰਹਿਣਾ ਅਤੇ ਨਾ-ਕਾਮਯਾਬੀਆਂ ਸੰਗ ਜੀਣਾ।

ਨਜ਼ਰਅੰਦਾਜ਼ ਨਾ ਕਰੋ ਉਨ੍ਹਾਂ ਖਿਆਲਾਂ ਨੂੰ, ਜਿਨ੍ਹਾਂ ਕਲਮ-ਕਲਮਾਂ ਲਾਉਣੀਆਂ, ਪੂਰਨਿਆਂ ਦੀ ਪਨੀਰੀ ਬੀਜਣੀ, ਬਾਗ-ਬਗੀਚਿਆਂ ਦੀ ਤਕਦੀਰ ਬਣਾਉਣੀ, ਫੱਟੀਆਂ ਤੇ ਵਰਕਿਆਂ 'ਤੇ ਸੂਹੇ ਸ਼ਬਦਾਂ ਦੇ ਬਿਰਖ ਉਗਾਉਣੇ, ਜਿਨ੍ਹਾਂ ਵਿਚ ਸੂਰਜਾਂ ਤੇ ਤਾਰਿਆਂ ਨੇ ਝਾਤੀਆਂ ਮਾਰਨੀਆਂ, ਸੋਚ-ਸਰਹੱਦਾਂ ਵਿਸਥਾਰਨੀਆਂ, ਕਾਲਖ ਜੂਹੇ ਕਿਰਨ ਕਾਫਲੇ ਦੀ ਲਾਮਡੋਰੀ ਬਣਨਾ ਅਤੇ ਕਿਤਾਬਾਂ ਵਿਚ ਮਘਦੀਆਂ ਧੂਣੀਆਂ ਦਾ ਸੇਕ ਤੇ ਚਾਨਣ ਧਰਨਾ।

ਅਜਿਹੇ ਖਿਆਲ-ਖਬਤ ਵਿਚੋਂ ਹੀ ਖੁਸ਼ਹਾਲੀ, ਖੁਸ਼ਨਸੀਬੀ ਅਤੇ ਖੁਸ਼ੀਆਂ ਹਾਸਲ ਹੁੰਦੀਆਂ।

ਕਦੇ ਵੀ ਨਜ਼ਰਅੰਦਾਜ਼ ਨਾ ਕਰੋ ਉਨ੍ਹਾਂ ਵਿਚਾਰਾਂ ਨੂੰ, ਜਿਨ੍ਹਾਂ ਵਿਚ ਸਰਬੱਤ ਦੇ ਭਲੇ ਦੀ ਲੋਚਾ ਹੋਵੇ, ਅੱਖ ਵਿਚ ਸਿੰਮਦੇ ਦਰਦ ਦੀ ਥਾਹ ਹੋਵੇ, ਬਿਗਾਨੀ ਪੀੜ ਕਾਰਨ ਮਨ 'ਚੋਂ ਉਠੀ ਆਹ ਬਣੇ, ਕਿਸੇ ਲਈ ਸੁਲੱਖਣੇ ਸਾਹ ਦੀ ਚਾਹ ਹੋਵੇ, ਪੀੜ-ਰਹਿਤ ਰਾਹ ਦੀ ਚਾਹਤ ਦੇਵੇ, ਜਿਉਣ ਦਾ ਸ਼ੁਦਾਅ ਹੋਵੇ, ਕਿਸੇ ਦੇ ਮਰਨਹੀਣ ਭਾਵਾਂ ਲਈ ਦੁਆ ਹੋਵੇ, ਲੀਰਾਂ 'ਚ ਲਿਪਟੇ ਤਨ ਲਈ ਲਿਬਾਸ ਹੋਵੇ, ਸਿਰ ਦੀ ਚੁੰਨੀ ਦੀ ਆਸ ਹੋਵੇ, ਵਸਲ ਦੌਰਾਨ ਵੀ ਮਿਲਣ ਦਾ ਧਰਵਾਸ ਹੋਵੇ, ਕੁਝ ਨਰੋਇਆ ਸਿਰਜਣ ਦਾ ਵਿਸ਼ਵਾਸ ਹੋਵੇ ਅਤੇ ਮਸੋਸੇ ਮਨ ਲਈ ਹਰਸ਼-ਹੁਲਾਸ ਹੋਵੇ।

ਕਦੇ ਵੀ ਉਸ ਉਦਮ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਗੰਧਲੇ ਪਾਣੀਆਂ ਦੀ ਸ਼ਫਾਫਤਾ ਲਈ ਹੰਭਲਾ, ਜ਼ਹਿਰੀਲੀ ਪੌਣ ਦੀ ਪਵਿੱਤਰਤਾ ਲਈ ਪਹਿਲ, ਬਾਂਝ ਧਰਤੀ ਦੀ ਜ਼ਰਖੇਜਤਾ ਲਈ ਕਰਮਵੇਤਾ, ਪੱਤਹੀਣ ਬਿਰਖ ਲਈ ਬਹਾਰ-ਨਿਉਂਦਾ, ਚੋਗ ਲੋਚਦੇ ਪਰਿੰਦਿਆਂ ਲਈ ਚੋਗ-ਚਾਹਨਾ, ਬੇਘਰਿਆਂ ਲਈ ਆਲ੍ਹਣਾ-ਅਰਦਾਸ, ਛੱਤਹੀਣਾਂ ਲਈ ਸਿਰ ਦੀ ਓਟ, ਭੁੱਖਿਆਂ ਲਈ ਦੋ ਡੰਗ ਦੇ ਆਹਾਰ ਦਾ ਆਹਰ ਅਤੇ ਜੋਤਹੀਣਾਂ ਲਈ ਜੋਤਧਾਰਾ ਦਾ ਧਰਵਾਸ।

ਨਜ਼ਰਅੰਦਾਜ਼ ਨਾ ਕਰੋ ਉਸ ਅਰਾਧਨਾ ਨੂੰ, ਜੋ ਕਾਨੇ ਨੂੰ ਕਲਮ, ਕਾਗਜ਼ ਨੂੰ ਕਿਤਾਬ, ਪੈਰ ਨੂੰ ਪੈੜ, ਸੁਪਨੇ ਨੂੰ ਸਫਲਤਾ, ਖਿਆਲ ਨੂੰ ਖਲਬਲੀ, ਵਿਚਾਰ ਨੂੰ ਵਿਚਾਰ-ਪ੍ਰਵਾਹ, ਬੂੰਦ ਨੂੰ ਸਰਵਰ ਅਤੇ ਸ਼ਬਦ ਨੂੰ ਸ਼ਬਦ-ਸਮੁੰਦਰ ਦਾ ਵਰਦਾਨ ਦੇਵੇ। ਸਫਰ ਨਿਰੰਤਰਤਾ, ਜੀਵਨ ਦਾ ਸੱਚ ਅਤੇ ਇਸ ਦੀ ਨਜ਼ਰਅੰਦਾਜ਼ੀ, ਖੁਦ ਤੋਂ ਬੇਰੁਖੀ। ਸਫਰ ਜਾਰੀ ਰਹੇ ਤਾਂ ਮੰਜ਼ਿਲਾਂ ਨਸੀਬ ਹੁੰਦੀਆਂ।

ਨਜ਼ਰਅੰਦਾਜ਼ ਨਾ ਕਰਿਓ ਅੰਤਰੀਵੀ ਸੰਵਾਦ ਨੂੰ, ਜੋ ਤੁਹਾਨੂੰ ਤੁਹਾਡੇ ਰੂਬਰੂ ਕਰਦਾ, ਤੁਹਾਡਾ ਅਕਸ ਤੁਹਾਡੇ ਹੀ ਨੈਣੀਂ ਧਰਦਾ, ਕਮੀਨੀਆਂ ਤੋਂ ਚੁੱਕ ਦਿੰਦਾ ਪਰਦਾ, ਗਲਤੀਆਂ ਤੇ ਗੁਨਾਹਾਂ ਦੀ ਤਫਸੀਲ ਬਿਆਨਦਾ ਅਤੇ ਤੁਹਾਡੇ ਸਮੁੱਚ ਨੂੰ ਪਛਾਣਦਾ। ਮੁਖੌਟਾ ਮੁਕਤ ਕਰ, ਸੱਚ ਦੇ ਰੂਬਰੂ ਕਰਦਾ। ਖੁਦ ਹੀ ਪ੍ਰਸ਼ਨ ਤੇ ਜਵਾਬ ਬਣਦਾ। ਫਿਰ ਮਨੁੱਖ ਹਰਫਾਂ 'ਚੋਂ ਅਰਥ ਭਾਲਦੇ, ਆਪੇ ਨੂੰ ਹੰਘਾਲਦੇ, ਖਿਆਲਦੇ, ਸੰਭਾਲਦੇ ਅਤੇ ਨਵੀਨਤਮ ਰਹਿਤਲਾਂ ਦਾ ਸੰਗ ਭਿਆਲ ਕੇ ਤਾਜ਼ੀਆਂ ਤਰਜੀਹਾਂ ਤੇ ਤਮੰਨਾਵਾਂ ਰਾਹੀਂ ਤਕਦੀਰ-ਤਖਤੀ 'ਤੇ ਨਿਵੇਕਲੀ ਕਲਾ-ਨਿਕਾਸ਼ੀ ਕਰਦੇ।

ਨਜ਼ਰਅੰਦਾਜ਼ ਨਾ ਕਰੋ ਆਪਣੇ ਪਿਆਰਿਆਂ ਨੂੰ, ਜੋ ਤੁਹਾਡੇ ਲਈ ਮਿੱਤਰ-ਮੋਢਾ, ਤੁਹਾਡੀ ਸੁਪਨਗੋਈ ਲਈ ਸ਼ਗਨ-ਸੱਫ, ਸੰਗ ਦਾ ਸ਼ਗੂਫਾ, ਹਿੰਮਤ, ਹੱਲਾਸ਼ੇਰੀ ਤੇ ਹਾਰਦਿਕ ਭਾਵਨਾਵਾਂ ਦਾ ਮੁਜੱਸਮਾ, ਮੋਹਵੰਤਾ ਗੀਤ, ਸਾਹ-ਸੁਗੰਧ ਅਤੇ ਨਾਲ ਨਿਭਣ ਦੀ ਰੀਤ। ਆਪਣਿਆਂ ਤੋਂ ਟੁੱਟ ਕੇ ਕਿਥੇ ਜਾਵੋਗੇ? ਥਾਂ ਪਰ ਥਾਂ ਦੀਆਂ ਠੋਕਰਾਂ ਖਾ ਕੇ ਜਦ ਪਰਤ ਆਵੋਗੇ ਤਾਂ ਪਿਆਰਿਆਂ ਦੀ ਗਲਵਕੜੀ 'ਚ ਹੀ ਦੁੱਖਾਂ-ਦਰਦਾਂ ਤੋਂ ਨਿਜ਼ਾਤ ਪਾਵੋਗੇ। ਅਪਣੱਤ, ਮੋਹ ਅਤੇ ਮਮਤਾ ਲੋਚਾ ਵਿਚ ਲਬਰੇਜ਼ ਹੋ ਕੇ ਜੀਵਨੀ ਸੱਚ, ਸੁੰਦਰਤਾ ਅਤੇ ਸੰਪੂਰਨਤਾ ਦਾ ਸ਼ਰਫ ਬਣ ਜਾਵੋਗੇ। ਆਪਣਿਆਂ ਦੀ ਨਜ਼ਰਅੰਦਾਜ਼ੀ ਮਨ ਬੀਹੀ ਨੂੰ ਖਟਖਟਾਉਂਦੀ, ਜਦ ਤੁਸੀਂ ਨਿਰਾਸ਼ਾ ਦੇ ਆਲਮ ਵਿਚ ਠਾਹਰ ਭਾਲਦੇ, ਉਦਾਸੀਨਤਾ ਕਾਰਨ ਮਨ 'ਚ ਦੁੱਖ ਸਾਂਝਾ ਕਰਨ ਦੀ ਲੋਚਾ ਪਾਲਦੇ, ਇਕੱਲ ਦੇ ਮਾਯੂਸ ਪਲਾਂ ਨੂੰ ਜਿਉਣ ਦਾ ਹੀਆ ਕਰਦੇ, ਫਿਰ ਦਰਦ ਜਰਦੇ, ਕਣ-ਕਣ ਭੁਰਦੇ ਅਤੇ ਸਾਹ-ਸੋਗ ਨੂੰ ਜੀਵਨ ਦੇ ਨਾਮ ਕਰਦੇ। ਅਜਿਹੇ ਵੇਲਿਆਂ 'ਚ ਆਪਣੇ ਹੀ ਬਹੁੜਦੇ, ਗਲ ਨਾਲ ਲਾਉਂਦੇ, ਵਰਾਉਂਦੇ, ਚੁੱਪ ਕਰਾਉਂਦੇ, ਟਕੋਰ ਕਰਦੇ, ਫੱਟਾਂ 'ਤੇ ਮਰ੍ਹਮ ਲਾਉਂਦੇ ਅਤੇ ਸਿਸਕੀਆਂ ਦੇ ਨਾਮ ਸੂਹੇ ਬੋਲ ਤੇ ਸੁੱਚੀਆਂ ਸੋਚਾਂ ਲਾਉਂਦੇ। ਆਪਣੇ ਕੋਲ ਹੋਣ ਤਾਂ ਤੁਹਾਡੀਆਂ ਹਿੱਚਕੀਆਂ, ਹਾਵਿਆਂ ਤੇ ਹੌਕਿਆਂ ਨੂੰ ਰਾਹਤ ਦਾ ਵਸੀਲਾ ਮਿਲੇਗਾ ਅਤੇ ਦਿਲ ਦੁੱਖ-ਦਰਿਆ ਨੂੰ ਤਰੇਗਾ।

ਜਦ ਨਜ਼ਰਾਂ ਮਿਲਾਉਣ ਦੀ ਚਾਹਤ ਨੂੰ ਮਨ 'ਚ ਪਾਲਣ ਵਾਲੇ ਹੀ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰਦੇ ਤਾਂ ਨਜ਼ਰਅੰਦਾਜ਼ੀ ਦੀ ਚੀਸ ਅੰਦਰ ਉਤਰ, ਅੰਤਰ-ਮਨ ਨੂੰ ਦਰਦ ਸੂਲੀ 'ਤੇ ਟੰਗਦੀ, ਭਾਵਾਂ ਨੂੰ ਭਸਮ ਕਰਦੀ। ਜਰੂਰੀ ਹੈ ਕਿ ਨਜ਼ਰਾਂ ਮਿਲਾਉਣ ਤੋਂ ਬਾਅਦ, ਨਜ਼ਰਅੰਦਾਜ਼ ਕਰਨ ਦੀ ਆਦਤ ਨਾ ਪਾਓ।

ਨਜ਼ਰਅੰਦਾਜ਼ ਜਦ ਸਰੋਕਾਰ, ਸਮਾਜਕ ਸੰਦਰਭ, ਸੁੱਚੀਆਂ ਸੋਚਾਂ, ਸਪੱਸ਼ਟ ਵਿਚਾਰਧਾਰਾ ਜਾਂ ਸਮੂਹਿਕ ਸਮਰਥਾਵਾਂ, ਸੰਭਾਵਨਾਵਾਂ ਤੇ ਸਹੂਲਤਾਂ ਹੁੰਦੀਆਂ ਤਾਂ ਬਹੁਤ ਕੁਝ ਸਮੇਂ ਦੀ ਗਰਦਸ਼ ਵਿਚ ਗਵਾਚ ਜਾਂਦਾ।

ਨਜ਼ਰਅੰਦਾਜ਼ ਕਰੋ ਬੱਚਿਆਂ ਦੀਆਂ ਤੋਤਲੀਆਂ ਗੱਲਾਂ ਨੂੰ, ਨਿਗੂਣੀਆਂ ਜ਼ਿੱਦਾਂ ਨੂੰ, ਸਾਦੀਆਂ ਸ਼ਰਾਰਤਾਂ ਨੂੰ, ਸਿੱਧ-ਪੱਧਰੀਆਂ ਇੱਲਤਾਂ ਨੂੰ, ਬਚਕਾਨਾ ਹੁੰਗਾਰਿਆਂ ਨੂੰ, ਮੀਂਹ ਵਿਚ ਭਿੱਜਣ ਦੀ ਚਾਹਤ ਨੂੰ, ਮਿੱਟੀ 'ਚ ਖੇਡਣ ਤੇ ਰੇਤ ਦੇ ਘਰ ਬਣਾਉਣ ਨੂੰ, ਪੰਛੀਆਂ ਤੇ ਜਾਨਵਰਾਂ ਵਿਚ ਪਰਿੰਦੇ ਬਣਦਿਆਂ ਨੂੰ, ਫੁੱਲ-ਪੱਤੀਆਂ ਨਾਲ ਸੰਵਾਦ ਰਚਾਉਂਦਿਆਂ ਨੂੰ, ਅਤੇ ਖੁਦ ਹੀ ਰੁੱਸਣ ਤੇ ਮੰਨਣ-ਮਨਾਉਣ ਨੂੰ। ਖਿਡੌਣਿਆਂ ਦੇ ਮੂੰਹ ਵਿਚ ਬੁਰਕੀਆਂ ਪਾਉਂਦਿਆਂ, ਕਹਾਣੀਆਂ ਸੁਣਾਉਂਦਿਆਂ, ਕੋਰੇ ਕਾਗਜ਼ 'ਤੇ ਕਰਾਮਾਤੀ ਕਿਰਤਾਂ ਬਣਾਉਂਦਿਆਂ ਅਤੇ ਆਪਣਾ ਸੁਪਨ-ਸੰਸਾਰ ਸਜਾਉਂਦਿਆਂ ਨੂੰ।

***ਕਦੇ ਵੀ ਨਜ਼ਰਅੰਦਾਜ਼ ਨਾ ਕਰੋ ਉਨ੍ਹਾਂ ਵਿਚਾਰਾਂ ਨੂੰ, ਜਿਨ੍ਹਾਂ ਵਿਚ ਸਰਬੱਤ ਦੇ ਭਲੇ ਦੀ ਲੋਚਾ ਹੋਵੇ, ਅੱਖ ਵਿਚ ਸਿੰਮਦੇ ਦਰਦ ਦੀ ਥਾਹ ਹੋਵੇ, ਬਿਗਾਨੀ ਪੀੜ ਕਾਰਨ ਮਨ 'ਚੋਂ ਉਠੀ ਆਹ ਬਣੇ, ਕਿਸੇ ਲਈ ਸੁਲੱਖਣੇ ਸਾਹ ਦੀ ਚਾਹ ਹੋਵੇ, ਪੀੜ-ਰਹਿਤ ਰਾਹ ਦੀ ਚਾਹਤ ਦੇਵੇ, ਜਿਉਣ ਦਾ ਸ਼ੁਦਾਅ ਹੋਵੇ, ਕਿਸੇ ਦੇ ਮਰਨਹੀਣ ਭਾਵਾਂ ਲਈ ਦੁਆ ਹੋਵੇ, ਲੀਰਾਂ 'ਚ ਲਿਪਟੇ ਤਨ ਲਈ ਲਿਬਾਸ ਹੋਵੇ, ਸਿਰ ਦੀ ਚੁੰਨੀ ਦੀ ਆਸ ਹੋਵੇ, ਵਸਲ ਦੌਰਾਨ ਵੀ ਮਿਲਣ ਦਾ ਧਰਵਾਸ ਹੋਵੇ, ਕੁਝ ਨਰੋਇਆ ਸਿਰਜਣ ਦਾ ਵਿਸ਼ਵਾਸ ਹੋਵੇ ਅਤੇ ਮਸੋਸੇ ਮਨ ਲਈ ਹਰਸ਼-ਹੁਲਾਸ ਹੋਵੇ।***

ਪਰ ਕਦੇ ਵੀ ਨਜ਼ਰਅੰਦਾਜ਼ ਨਾ ਕਰੋ ਬੱਚਿਆਂ ਦੇ ਟੈਲੈਂਟ, ਸ਼ੌਕ, ਤਮੰਨਾ ਅਤੇ ਸੰਭਾਵੀ ਸੁਪਨਿਆਂ ਨੂੰ। ਜਦ ਸ਼ੌਕ, ਸੁਪਨਾ ਬਣ ਕੇ ਸਫਲਤਾ ਸਿਰਜਣ ਦੇ ਰਾਹ ਤੁਰਦਾ ਤਾਂ ਸ਼ੌਕ ਵਿਚੋਂ ਪੈਦਾ ਹੋਈਆਂ ਸੰਭਾਵਨਾਵਾਂ ਦਾ ਸੂਰਜ, ਬੱਚੇ, ਪਰਿਵਾਰ ਅਤੇ ਸਮਾਜ ਲਈ ਨਵੀਆਂ ਬੁਲੰਦੀਆਂ ਦਾ ਸ਼ਿਲਾਲੇਖ ਹੁੰਦਾ। ਯਾਦ ਰਹੇ, ਪਾਣੀ ਆਪਣਾ ਰਾਹ ਖੁਦ ਬਣਾ ਕੇ ਨਾਲਾ, ਨਦੀ ਜਾਂ ਦਰਿਆ ਬਣਦਾ। ਪਾਣੀ ਨੂੰ ਬੰਨ ਕੇ ਝੀਲ ਜਾਂ ਡੈਮ ਦਾ ਹਿੱਸਾ ਬਣਾ ਕੇ, ਉਸ ਦੀ ਨਿੱਜੀ ਹੋਂਦ ਖਤਮ ਹੋ ਜਾਂਦੀ। ਬੱਚੇ ਤਾਂ ਕੱਚੀ ਮਿੱਟੀ ਨੇ, ਜਿਨ੍ਹਾਂ ਨੇ ਹੰਢਣਸਾਰ ਖਿਡੌਣੇ ਤੇ ਭਾਂਡੇ ਖੁਦ ਹੀ ਬਣ ਜਾਣਾ।

ਨਜ਼ਰਅੰਦਾਜ਼ ਕਰਨ ਵਾਲੇ ਹੱਥ ਹੀ ਮਲਦੇ ਰਹਿ ਜਾਂਦੇ, ਜਦ ਜਿਹੜੇ ਆਪਣਿਆਂ ਨੂੰ ਨਜ਼ਰਅੰਦਾਜ਼ ਕੀਤਾ ਹੁੰਦਾ, ਉਹ ਨਜ਼ਰ ਆਉਣੋਂ ਹੀ ਹਟ ਜਾਂਦੇ।

ਬੰਦਾ ਹਰ ਮੁਸੀਬਤ ਦੁੱਖ ਅਤੇ ਔਖ ਨੂੰ ਨਜਿੱਠ ਸਕਦਾ ਅਤੇ ਇਨ੍ਹਾਂ ਤੋਂ ਉਭਰ ਸਕਦਾ, ਪਰ ਜਦ ਉਹ ਨਜ਼ਰਅੰਦਾਜ਼ ਹੁੰਦਾ ਤਾਂ ਉਸ ਦੀ ਪੀੜਾ ਬੇਕਾਬੂ ਹੋ ਕੇ ਨੈਣਾਂ ਥੀਂਹ ਵਹਿੰਦੀ।

ਕਦੇ ਵੀ ਉਸ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਡੀ ਪ੍ਰਵਾਹ ਕਰਦਾ ਹੋਵੇ, ਫਿਕਰ ਕਰਦਾ ਹੋਵੇ, ਸੁੱਖਾਂ ਮੰਗਦਾ ਹੋਵੇ, ਸ਼ੁਭ-ਕਾਮਨਾਵਾਂ ਦਿੰਦਾ ਹੋਵੇ ਅਤੇ ਚੰਗੇਰੀ ਸਿਹਤ ਤੇ ਖੁਸ਼ਹਾਲੀ ਦੀ ਦੁਆ ਬਣਦਾ ਹੋਵੇ।

ਨਜ਼ਰਅੰਦਾਜ਼ ਨਾ ਕਰੋ ਰੂਹ ਦੇ ਜਾਨੀਆਂ ਨੂੰ। ਸਮਾਂ ਜਰੂਰ ਕੱਢੋ। ਕੀ ਪਤਾ ਬਾਅਦ ਵਿਚ ਜਦ ਤੁਹਾਡੇ ਕੋਲ ਸਮਾਂ ਤਾਂ ਹੋਵੇ ਪਰ ਦਿਲਜਾਨੀ ਨਾ ਰਹੇ। ਫਿਰ ਕਿਸ ਨਾਲ ਕਰੋਗੇ ਪਿਆਰ ਜਾਂ ਅੱਖੀਆਂ ਚਾਰ?

ਜਦ ਨਿੱਕੀਆਂ-ਨਿੱਕੀਆਂ ਘਟਨਾਵਾਂ ਦੌਰਾਨ ਸੱਚ ਨੂੰ ਨਜ਼ਰਅੰਦਾਜ਼ ਕਰੋਗੇ ਤਾਂ ਅਹਿਮ ਮਸਲਿਆਂ 'ਤੇ ਕੌਣ ਕਰੇਗਾ ਇਤਬਾਰ? ਇਹ ਵਤੀਰਾ ਦੇਵੇਗਾ ਤੁਹਾਡੇ ਸਮੁੱਚ ਨੂੰ ਮਾਰ।

ਨਜ਼ਰਅੰਦਾਜ਼ੀ ਕਾਰਨ ਪੈਦਾ ਹੋਈ ਲਾਪ੍ਰਵਾਹੀ, ਗਲਤ ਫੈਸਲੇ ਅਤੇ ਨਾਦਾਨੀ ਕਾਰਨ ਹੀ ਮਾਰੂ ਤੂਫਾਨ ਆਉਂਦੇ ਨੇ। ਇਹ ਭਾਵੇਂ ਨਿੱਜੀ ਜ਼ਿੰਦਗੀ 'ਚ ਆਉਣ ਜਾਂ ਕੁਦਰਤ ਦਾ ਕਹਿਰ ਬਣਨ।

ਨਜ਼ਰਅੰਦਾਜ਼ੀ ਉਸ ਵੇਲੇ ਸ਼ੁਰੂ ਹੁੰਦੀ ਜਦ ਮਨੁੱਖ ਦੀ ਲੋੜ, ਔਕਾਤ ਅਤੇ ਅਸਲੀਅਤ ਬਦਲਦੀ। ਸ਼ਖਸੀ ਰੰਗਾਂ ਦਾ ਬਦਲਣਾ ਹੀ ਵਕਤ ਨੂੰ ਬਹਾਰ ਤੋਂ ਪਤਝੜ ਬਣਾ ਦਿੰਦਾ।

ਹਰੇਕ ਨੂੰ ਨਜ਼ਰਅੰਦਾਜ਼ ਕਰਨ ਵਾਲੇ ਲੋਕ ਅਕਸਰ ਹੀ ਲੋਕ-ਚੇਤਿਆਂ ਵਿਚੋਂ ਮਨਫੀ ਹੋ ਕੇ ਨਿੱਜੀ ਖੋਲ ਤੀਕ ਹੀ ਸੀਮਤ ਹੋ ਜਾਂਦੇ। ਕਦੋਂ ਤੱਕ ਜੀਅ ਸਕਦਾ ਏ ਮਨੁੱਖ ਦਰਦਮੰਦਾਂ ਤੋਂ ਦੂਰ ਰਹਿ ਕੇ?

ਨਜ਼ਰਅੰਦਾਜ਼ੀ ਕਾਰਨ ਮਨ ਵਿਚ ਖਾਮੋਸ਼ੀ ਪੈਦਾ ਹੁੰਦੀ, ਜੋ ਕਦੇ ਵੀ ਖਾਮੋਸ਼ ਨਹੀਂ ਹੁੰਦੀ, ਕਿਉਂਕਿ ਕਈ ਵਾਰ ਰਾਖ ਹੇਠਾਂ ਵੀ ਅੱਗ ਸੁਲਘਦੀ ਏ।

ਰੁੱਸਿਆਂ ਨੂੰ ਨਜ਼ਰਅੰਦਾਜ਼ ਨਾ ਕਰੋ, ਸਗੋਂ ਮਨਾਓ। ਪਤਾ ਨਹੀਂ ਕਿਸ ਮੋੜ 'ਤੇ ਸਾਹ ਬੇਵਫਾ ਹੋ ਜਾਣ ਅਤੇ ਜ਼ਿੰਦਗੀ ਦੀ ਸ਼ਾਮ ਉਤਰ ਆਵੇ। ਰੁਝੇਵਿਆਂ ਦੇ ਬਹਾਨੇ ਬਜੁਰਗਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਕਿਉਂਕਿ ਉਨ੍ਹਾਂ ਦੇ ਤੁਰ ਜਾਣ ਪਿਛੋਂ ਬਹੁਤ ਹੀ ਯਾਦ ਆਉਣਗੀਆਂ ਬਜੁਰਗੀ ਨਸੀਹਤਾਂ। ਮਾਪਿਆਂ ਦੇ ਸੰਗ-ਸਾਥ ਦਾ ਲਾਹਾ ਲਓ, ਕਿਉਂਕਿ ਉਨ੍ਹਾਂ ਦੇ ਸਦੀਵੀ ਸਫਰ 'ਤੇ ਤੁਰ ਜਾਣ ਪਿਛੋਂ ਕਿਸੇ ਨੇ ਨਹੀਂ ਲਾਡ ਲਡਾਉਣਾ, ਅਸੀਸਾਂ ਦੇਣੀਆਂ, ਦੁਆਵਾਂ ਨਾਲ ਨਿਵਾਜਣਾ ਅਤੇ ਤੁਹਾਡੇ ਵਿਕਾਸ, ਵਿਸਥਾਰ, ਸੁਪਨ-ਸਾਧਨਾ ਦੀ ਬੁਲੰਦਗੀ ਲਈ ਅਰਦਾਸ ਬਣਨਾ।

## ਜਸਵੰਤ ਸਿੰਘ ਕੰਵਲ ਦੀ ਝੰਡੀ-3

# ਚੰਨ ਚਾਨਣੀ ਰਾਤ ਜਿਹਾ ਕੰਵਲ

***ਸਾਹਿਤ ਰਤਨ ਜਸਵੰਤ ਸਿੰਘ ਕੰਵਲ 27 ਜੂਨ 2019 ਨੂੰ ਸੌ ਸਾਲਾਂ ਦਾ ਹੋ ਗਿਐ। ਉਸ ਨੇ ਅੱਸੀ ਸਾਲ ਲਿਖਣ ਤੇ ਸੌ ਸਾਲ ਜਿਉਂਦੇ ਰਹਿਣ ਦਾ ਰਿਕਾਰਡ ਰੱਖ ਦਿੱਤੈ। ਵਿਸ਼ਵ ਭਰ 'ਚ ਸ਼ਾਇਦ ਹੀ ਕੋਈ ਨਾਮੀ ਸਾਹਿਤਕਾਰ ਹੋਵੇ ਜਿਸ ਨੇ ਅੱਸੀ ਵਰ੍ਹੇ ਲਗਾਤਾਰ ਲਿਖਿਆ ਹੋਵੇ ਤੇ ਸੌ ਸਾਲ ਜੀਵਿਆ ਹੋਵੇ। ਬਰਨਾਰਡ ਸ਼ਾਅ, ਬਰਟਰੰਡ ਰੱਸਲ ਤੇ ਖੁਸ਼ਵੰਤ ਸਿੰਘ ਜਿਹੇ ਨਾਮੀ ਲੇਖਕ ਸੈਂਚਰੀ ਮਾਰਦੇ ਮਾਰਦੇ ਰਹਿ ਗਏ। ਆਖਰ ਇਹ ਸੈਂਚਰੀ ਇਕ ਪੰਜਾਬੀ ਲੇਖਕ ਦੇ ਹਿੱਸੇ ਆਈ। ਆਲੋਚਕ ਤੇ ਲੇਖਕ, ਸਭ ਮੰਨਦੇ ਹਨ ਕਿ ਕੰਵਲ ਨੇ ਪੰਜਾਬੀ ਦੇ ਸਭ ਤੋਂ ਵੱਧ ਪਾਠਕ ਪੈਦਾ ਕੀਤੇ ਹਨ।***

**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਜਸਵੰਤ ਸਿੰਘ ਕੰਵਲ ਦੀ ਮਾਤਾ ਹਰਨਾਮ ਕੌਰ 98 ਸਾਲ ਜੀਵੀ ਤੇ ਪਤਨੀ ਮੁਖਤਿਆਰ ਕੌਰ 2008 ਤਕ ਜਿਉਂਦੀ ਰਹੀ। ਉਹਦਾ ਛੋਟਾ ਭਰਾ ਹਰਬੰਸ ਸਿੰਘ ਵੀ ਨੱਬੇ ਸਾਲਾਂ ਤੋਂ ਵੱਧ ਜੀਵਿਆ। ਕੰਵਲ ਦਾ ਲਗਾਤਾਰ ਪੜ੍ਹਨ-ਲਿਖਣ ਵਿਚ ਰੁੱਝੇ ਰਹਿਣਾ ਉਹਦੇ ਸੌ ਸਾਲ ਜਿਉਣ ਦਾ ਰਾਜ਼ ਹੈ। ਅਨੂਪ ਵਿਰਕ ਉਹਦੇ ਬਾਰੇ ਲਿਖਦੈ:


ਉਹ ਚੰਨ ਚਾਨਣੀ ਰਾਤ ਜਿਹਾ
ਔੜਾਂ ਵਿਚ ਹੋਈ ਬਰਸਾਤ ਜਿਹਾ
ਉਹ ਸੁਪਨਾ ਸਾਹਿਤ ਸਮੁੰਦਰ ਦਾ
ਉਹ ਅਕਾਸ਼ ਦੀ ਖੁੱਲ੍ਹੀ ਕਿਤਾਬ ਜਿਹਾ
ਉਹ ਇਸ਼ਟ ਜਿਹਾ ਉਹ ਇਸ਼ਕ ਜਿਹਾ
ਮੇਰੇ ਸੀਨੇ ਅੰਦਰ ਲਿਸ਼ਕ ਰਿਹਾ।

28 ਜਨਵਰੀ 2018 ਨੂੰ ਅਸੀਂ 'ਕੱਠਿਆਂ ਨੇ ਢੁੱਡੀਕੇ ਦਾ ਖੇਡ ਮੇਲਾ ਵੇਖਿਆ। ਮੈਂ ਕੈਨੇਡਾ ਤੋਂ ਢੁੱਡੀਕੇ ਗਿਆ ਸਾਂ। ਠੰਢ ਹੋਣ ਕਰਕੇ ਉਹ ਭੂਰੀ ਦੀ ਦੂਹਰੀ ਬੁੱਕਲ ਮਾਰੀ ਬੈਠਾ ਸੀ। ਮੈਂ ਮੇਲੇ ਜਾਣ ਨੂੰ ਆਖਿਆ ਤਾਂ ਉਹ ਜਕੋ-ਤਕੇ ਵਿਚ ਪੈ ਗਿਆ, ਪਰ ਮੈਂ ਇਹ ਕਹਿ ਕੇ ਤਿਆਰ ਕਰ ਲਿਆ, "ਕੀ ਪਤਾ ਮੁੜ ਕੇ ਇਕੱਠਿਆਂ ਮੇਲਾ ਵੇਖਣਾ ਨਸੀਬ ਹੋਵੇ ਜਾਂ ਨਾ!"

ਕੰਵਲ ਕਾਰ ਵਿਚ ਬਹਿਣ ਲੱਗਾ ਤਾਂ ਮੈਂ ਪਹਿਲੀ ਵਾਰ ਉਹਦੇ ਹੱਥ 'ਚ ਖੂੰਡੀ ਵੇਖੀ, ਜੋ ਤੁਰਨ ਲੱਗਿਆਂ ਉਹਦੇ ਲੜਕੇ ਸਰਬਜੀਤ ਨੇ ਮੱਲੋ-ਮੱਲੀ ਫੜਾਈ ਸੀ। ਮੇਲੇ 'ਚ ਸਟੇਜ ਦੀਆਂ ਉਚੀਆਂ ਪੌੜੀਆਂ ਚੜ੍ਹਨ ਦੀ ਥਾਂ ਅਸੀਂ ਹੇਠਲੀਆਂ ਕੁਰਸੀਆਂ 'ਤੇ ਬੈਠ ਗਏ। ਮੇਲਾ ਵੇਖਦਿਆਂ ਉਸ ਨੇ ਕਿਹਾ, "ਲੈ ਮੈਂ ਹੁਣ ਸਾਲ ਭਰ ਨ੍ਹੀਂ ਡੋਲਦਾ!"

1961-62 ਵਿਚ ਜਦੋਂ ਮੈਂ ਮੁਕਤਸਰ ਬੀ. ਐਡ. ਕਰਦਾ ਸਾਂ ਤਾਂ ਇਹੋ ਜਿਹਾ ਡਾਇਲਾਗ ਹੀ ਮਾਘੀ ਦੇ ਮੇਲੇ ਵਿਚ ਇਕ ਛੜੇ ਦੇ ਮੂੰਹੋਂ ਸੁਣਿਆ ਸੀ। ਉਸ ਨੂੰ ਤੀਵੀਂ ਬਣੇ ਨਚਾਰ ਨੇ ਨੱਚਦਿਆਂ ਅੱਖ ਮਾਰੀ ਤਾਂ ਉਸ ਨੇ ਛਾਤੀ 'ਤੇ ਹੱਥ ਰੱਖ ਕੇ ਕਿਹਾ ਸੀ, "ਲੈ ਮੈਂ ਹੁਣ ਛੇ ਮਹੀਨੇ ਨ੍ਹੀਂ ਡੋਲਦਾ!"

ਕੰਵਲ ਨਾਵਲਕਾਰ ਹੀ ਨਹੀਂ, ਕਹਾਣੀਕਾਰ, ਵਾਰਤਕਕਾਰ, ਕਵੀ, ਪੱਤਰਕਾਰ, ਰੇਖਾ ਚਿਤਰਕਾਰ, ਚਿੱਠੀ ਲੇਖਕ, ਸਾਹਿਤ ਸਭੀਆ, ਕਾਨਫਰੰਸੀਆ, ਅਵਾਰਡੀਆ, ਸੈਲਾਨੀ, ਸ਼ਤਰੰਜ ਦਾ ਖਿਡਾਰੀ, ਰਾਜਸੀ ਪਾਰਟੀਆਂ ਦਾ ਸਲਾਹਕਾਰ ਤੇ ਕਬੀਲਦਾਰ ਵੀ ਹੈ। ਉਸ ਨੇ ਖੇਤੀ ਵੀ ਕੀਤੀ ਤੇ ਆਸ਼ਕੀ ਵੀ। ਸਾਧ ਬਣਦਾ-ਬਣਦਾ ਬਚਿਆ। ਪਿੰਡ ਦੇ ਪਾਰਟੀਬਾਜ਼ੀ ਵਾਲੇ ਮਾਹੌਲ ਵਿਚ ਵੈਲੀ ਬਣਨ ਦੇ ਆਸਾਰ ਸਨ, ਪਰ ਉਹ ਵੈਲੀ ਬਣਨੋਂ ਵੀ ਬਚ ਗਿਆ। ਕਰਮਾਂ ਦੀ ਖੇਡ ਵੇਖੋ ਕਿ ਦਸਵੀਂ ਫੇਲ੍ਹ ਅਤੇ ਪੰਜ ਬੱਚਿਆਂ ਦੇ ਬਾਪ ਉਤੇ ਲਾਹੌਰ ਤੋਂ ਐਮ. ਬੀ. ਬੀ. ਐਸ. ਪਾਸ ਡਾ. ਜਸਵੰਤ ਗਿੱਲ ਮਰ ਮਿਟੀ, ਜਿਸ ਦੀ ਯਾਦ ਵਿਚ ਉਸ ਨੇ 'ਪੁੰਨਿਆਂ ਦਾ ਚਾਨਣ' ਤੇ 'ਧੁਰ ਦਰਗਾਹ' ਪੁਸਤਕਾਂ ਲਿਖੀਆਂ। 'ਭਾਵਨਾ' ਕਾਵਿ ਸੰਗ੍ਰਿਹ ਦੀ ਪਾਰਵਤੀ ਤਾਂ ਸੀ ਹੀ ਜਸਵੰਤ ਗਿੱਲ, ਜਿਸ ਦਾ ਕਈ ਸਾਲਾਂ ਬਾਅਦ ਪਤਾ ਲੱਗਾ। ਕੰਵਲ ਨੂੰ 'ਭੇਤ' ਛੁਪਾ ਕੇ ਰੱਖਣਾ ਵੀ ਆਉਂਦੈ। ਤੀਹ ਸਾਲ ਮੈਂ ਕੋਲ ਰਹਿੰਦਾ ਹੋਇਆ ਵੀ ਉਹਦਾ ਭੇਤ ਨਾ ਪਾ ਸਕਿਆ। ਬੜੀ ਦੇਰ ਬਾਅਦ ਉਸ ਨੇ ਕਿਹਾ, "ਲਿਖ ਦੇ ਜਸਵੰਤ ਗਿੱਲ ਮੇਰੀ ਪਤਨੀ ਹੈ।"




*ਪੜ੍ਹਨ ਵਿਚ ਮਸ਼ਰੂਫ ਜਸਵੰਤ ਸਿੰਘ ਕੰਵਲ*

1978 ਦੇ ਦਿਨ ਸਨ। ਮੈਂ ਕਾਲਜੋਂ ਮੁੜਦਾ ਡਾਕਘਰ ਪੁੱਜਾ ਤਾਂ ਉਹ ਵੀ ਡਾਕ ਲੈਣ ਆਇਆ ਬੈਠਾ ਸੀ। ਡਾਕੀਏ ਨੇ ਮੇਰੇ ਦਸਤਖਤ ਕਰਾ ਕੇ ਰਜਿਸਟਰਡ ਪਾਰਸਲ ਦਿੱਤਾ। ਮੈਨੂੰ ਨਹੀਂ ਸੀ ਪਤਾ ਕਿ ਉਹਦੇ ਵਿਚ ਕੀ ਹੋਵੇਗਾ? ਕੰਵਲ ਨੇ ਟੇਵਾ ਲਾਇਆ, ਇਹਦੇ 'ਚ ਕਿਤਾਬਾਂ ਹੋਣਗੀਆਂ। ਉਹੀ ਗੱਲ ਹੋਈ। ਨਵਯੁਗ ਪ੍ਰਕਾਸ਼ਕ ਨੇ ਮੇਰੀ ਪਹਿਲੀ ਕਿਤਾਬ 'ਪੰਜਾਬ ਦੇ ਉਘੇ ਖਿਡਾਰੀ' ਛਾਪ ਕੇ ਭੇਜ ਦਿੱਤੀ ਸੀ, ਜੋ ਮੇਰੇ ਲਈ ਹੈਰਾਨੀ ਵਾਲੀ ਗੱਲ ਸੀ। ਉਹ ਮੇਰੇ 'ਆਰਸੀ' ਵਿਚ ਛਪੇ ਰੇਖਾ ਚਿੱਤਰਾਂ ਦਾ ਸੰਗ੍ਰਿਹ ਸੀ। ਉਹ ਕਿਤਾਬ ਫਿਰ ਕੰਵਲ ਦੇ ਹੱਥੋਂ ਹੀ ਰਿਲੀਜ਼ ਕਰਵਾਈ।

ਉਨ੍ਹੀਂ ਦਿਨੀਂ ਮੈਂ ਸਵੇਰੇ ਸੈਰ ਨੂੰ ਨਿਕਲਿਆ ਤਾਂ ਕੰਵਲ ਆਪਣੇ ਘਰ ਦੇ ਬਾਰ ਮੂਹਰੇ ਮਿਲਿਆ। ਕਹਿਣ ਲੱਗਾ, "ਜਲੰਧਰ ਅੱਜ ਦਾਰੇ ਦੀ ਕੁਸ਼ਤੀ ਐ। ਤੂੰ ਕਈ ਵਾਰ ਕਹਿ ਚੁਕੈਂ, ਚੱਲ ਕਰ ਲਈਂ ਖੁੱਲ੍ਹੀਆਂ ਗੱਲਾਂ। ਮੈਂ ਕਾਦਰ ਕੋਲ ਦਾਰੇ ਨੂੰ ਸੁਨੇਹਾ ਭੇਜ ਦਿੱਤੈ।"

ਅਸੀਂ ਤਿੱਖੜ ਦੁਪਹਿਰੇ ਜਲੰਧਰ ਨੂੰ ਚੱਲੇ। 'ਪੰਜਾਬ ਦੇ ਉਘੇ ਖਿਡਾਰੀ' ਮੈਂ ਦਾਰਾ ਸਿੰਘ ਨੂੰ ਭੇਟ ਕਰਨ ਲਈ ਆਪਣੇ ਨਾਲ ਲੈ ਲਈ। ਅਸੀਂ ਅੱਡੇ 'ਚੋਂ ਜਿਸ ਟਾਂਗੇ ਵਿਚ ਬੈਠੇ, ਉਹਦਾ ਘੋੜਾ ਵਿਹਰ ਗਿਆ। ਉਹ ਦਸ ਕਦਮ ਅਗਾਂਹ ਨੂੰ ਪੁੱਟਦਾ ਤੇ ਪੰਜ ਕਦਮ ਪਿਛਾਂਹ ਨੂੰ। ਘੋੜੇ ਨੂੰ ਛਮਕਾਂ ਮਾਰਦਾ ਟਾਂਗੇ ਵਾਲਾ ਅੱਡ ਪ੍ਰੇਸ਼ਾਨ ਸੀ। ਸ਼ਗਨ ਚੰਗਾ ਨਹੀਂ ਸੀ, ਪਰ ਅਸੀਂ ਚੁੱਪ ਚਾਪ ਬੈਠੇ ਰਹੇ। ਤੁਰਿਆ ਤਾਂ ਟਾਂਗਾ ਖਤਾਨਾਂ 'ਚ ਡਿਗਣੋਂ ਮਸਾਂ ਬਚਿਆ। ਮੈਂ ਸੋਚਣ ਲੱਗਾ, "ਮਨਾਂ, ਕੰਵਲ ਤਾਂ ਖਾਧੀ ਪੀਤੀ ਫਿਰਦਾ ਹੈ। ਖਤਾਨਾਂ 'ਚ ਜਾ ਡਿੱਗਾ ਤਾਂ ਵੀ ਕੋਈ ਗੱਲ ਨਹੀਂ। ਤੂੰ ਅਜੇ ਅੱਧ ਵਿਚਾਲੇ ਐਂ। ਛੱਡ ਖਹਿੜਾ ਟਾਂਗੇ ਦਾ। ਏਦੂੰ ਤਾਂ ਵਗ ਕੇ ਈ ਅਜੀਤਵਾਲ ਚਲੇ ਚੱਲਦੇ ਆਂ।"

ਅਸੀਂ ਰਸਤੇ ਵਿਚ ਈ ਟਾਂਗੇ ਤੋਂ ਉਤਰ ਖੜ੍ਹੇ ਤੇ ਪਿਛੋਂ ਆਉਂਦੀ ਟਰਾਲੀ 'ਤੇ ਚੜ੍ਹ ਗਏ। ਦਾਰਾ ਜਲੰਧਰ ਦੇ ਸਕਾਈਲਾਰਕ ਹੋਟਲ ਵਿਚ ਠਹਿਰਿਆ ਹੋਇਆ ਸੀ। ਅਸੀਂ ਦਾਰਾ ਸਿੰਘ ਦੇ ਕਮਰੇ ਵਿਚ ਗਏ ਤਾਂ ਅੰਦਰ ਬੈਠੇ ਭਲਵਾਨਾਂ 'ਚੋਂ ਇਕ ਨੇ ਕਿਹਾ, "ਦਾਰਾ ਜੀ ਹਾਲੇ ਨਹੀਂ ਆਏ। ਆਓ ਬੈਠੋ, ਉਹ ਆਉਣ ਈ ਵਾਲੇ ਨੇ।"

ਅਸੀਂ ਤਪਦੀ ਧੁੱਪ 'ਚੋਂ ਗਏ ਸਾਂ। ਜਾਂਦਿਆਂ ਏਅਰ ਕੰਡੀਸ਼ਨਡ ਕਮਰੇ ਵਿਚ ਆਰਾਮ ਨਾਲ ਬੈਠ ਗਏ। ਮੈਂ ਭਲਵਾਨਾਂ ਦੇ ਜੁੱਸਿਆਂ, ਕਲੀਆਂ ਵਾਲੇ ਕੁੜਤਿਆਂ ਤੇ ਭੋਥਿਆਂ ਵੱਲ ਨਜ਼ਰ ਮਾਰੀ, ਉਹ ਜਾਨੀਆਂ ਵਾਂਗ ਸਜੇ ਬੈਠੇ ਸਨ। ਬੀਅਰ ਦੀਆਂ ਬੋਤਲਾਂ ਤੇ ਗਲਾਸ ਮੇਜ਼ ਉਤੇ ਪਏ ਸਨ। ਜਾਪਦਾ ਸੀ ਭਲਵਾਨ ਸਰਦਾਈ ਦੀ ਥਾਂ ਬੀਅਰ ਪੀ ਕੇ ਕੁਸ਼ਤੀਆਂ ਲਈ ਤਿਆਰ ਹੋ ਰਹੇ ਸਨ! ਬੀਅਰ ਦਾ ਨੀਮ ਗੁਲਾਬੀ ਨਸ਼ਾ ਉਨ੍ਹਾਂ ਦੀਆਂ ਅੱਖਾਂ ਵਿਚ ਲਿਸ਼ਕ ਰਿਹਾ ਸੀ। ਬਾਅਦ ਵਿਚ ਪਤਾ ਲੱਗਾ ਕਿ ਉਹ ਫਿਲਮੀ ਪਹਿਲਵਾਨ ਸਨ, ਜੋ ਦਾਰੇ ਨਾਲ ਮੌਜ ਮੇਲੇ ਲਈ ਆਏ ਸਨ।

ਸ਼ਾਮ ਨੂੰ ਸਾਡੀ ਦਾਰਾ ਸਿੰਘ ਨਾਲ ਮੁਲਾਕਾਤ ਹੋ ਸਕੀ। ਉਹ ਮੁਸਕਰਾ ਕੇ ਬੜੇ ਤਪਾਕ ਨਾਲ ਮਿਲਿਆ। ਕੰਵਲ ਤੋਂ ਘਰ ਪਰਿਵਾਰ ਦਾ ਹਾਲ ਚਾਲ ਪੁੱਛਿਆ। ਕੰਵਲ ਨੇ ਮੇਰੀ ਖੇਡ ਲੇਖਕ ਵਜੋਂ ਜਾਣ-ਪਛਾਣ ਕਰਾਈ। ਮੈਂ ਗੱਲਬਾਤ ਸ਼ੁਰੂ ਕਰਨ ਲੱਗਾ ਤਾਂ ਦੋ ਪੂਰਬੀਏ ਫੌਜੀ ਕਮਰੇ ਵਿਚ ਆ ਗਏ। ਉਨ੍ਹਾਂ ਨਾਲ ਇਕ ਫੋਟੋਗ੍ਰਾਫਰ ਸੀ। ਉਨ੍ਹਾਂ ਨੇ ਅਰਜ਼ ਗੁਜ਼ਾਰੀ, "ਪਹਿਲਵਾਨ ਜੀ, ਹਮ ਨੇ ਆਪ ਕੇ ਸਾਥ ਫੋਟੋ ਉਤਰਵਾਨੀ ਹੈ। ਮਿਹਰਬਾਨੀ ਕੀਜੀਏ।"

ਦਾਰਾ ਸਿੰਘ ਅੱਖਾਂ ਹੀ ਅੱਖਾਂ ਨਾਲ ਸਾਥੋਂ ਹਾਂ ਪੁੱਛ ਕੇ ਸੀਟ ਤੋਂ ਉਠ ਖੜ੍ਹਾ ਹੋਇਆ। ਦੋਵੇਂ ਫੌਜੀ ਉਹਦੀਆਂ ਕੱਛਾਂ ਹੇਠ ਆ ਗਏ। ਕੈਮਰੇ ਦੀ ਅੱਖ ਜਗੀ ਤਾਂ ਇਕ ਲਾਲਾ ਜੀ ਕਹਿਣ ਲੱਗੇ, "ਮੈਂ ਜੀ ਆਪਦੇ ਬੱਚੇ ਦੀ ਫੋਟੋ ਤੁਹਾਡੇ ਨਾਲ ਖਿਚਾਉਣੀ ਐਂ।" ਉਹ ਫੋਟੋ ਵੀ ਖਿੱਚੀ ਗਈ। ਫਿਰ ਹੋਟਲ ਦਾ ਬਹਿਰਾ ਫੋਟੋ ਖਿਚਾਉਣ ਲੱਗਾ। ਅਖੀਰ ਪਹਿਲਵਾਨ ਦਾ ਖਹਿੜਾ ਉਦੋਂ ਛੁੱਟਾ ਜਦੋਂ ਕੈਮਰੇ ਦੀ ਰੀਲ੍ਹ ਈ ਮੁੱਕ ਗਈ। ਫਿਰ ਉਹ ਮੇਰੇ ਕੋਲ ਬਹਿ ਗਿਆ। ਉਹਦੇ ਕਾਸ਼ਨੀ ਧਾਰੀਆਂ ਵਾਲੀ ਕਾਲੀ ਪਤਲੂਣ ਪਾਈ ਹੋਈ ਸੀ ਤੇ ਚਿੱਟੇ ਫੁੱਲਾਂ ਵਾਲੀ ਕਾਲੀ ਬੁਸ਼ਰਟ। ਗੋਡੇ ਨਾਲ ਗੋਡਾ ਜੋੜੀ ਮੈਂ ਰੁਸਤਮੇ ਜ਼ਮਾਂ ਪਹਿਲਵਾਨ ਦੀ ਛੋਹ ਪਹਿਲੀ ਵਾਰ ਮਹਿਸੂਸ ਕੀਤੀ। ਪੈਂਟ ਉਹਦੇ ਪੱਟਾਂ ਵਿਚ ਫਸੀ ਪਈ ਸੀ ਤੇ ਛਾਤੀ ਉਭਰੀ ਹੋਈ ਸੀ। ਹੱਥ ਵੱਡੇ ਤੇ ਨਿੱਗਰ ਸਨ।

ਮੈਂ ਕਿਹਾ, "ਤੁਸਾਂ ਚੰਗਾ ਕੀਤਾ। ਫੋਟੋ ਖਿਚਾ ਕੇ ਉਨ੍ਹਾਂ ਦਾ ਦਿਲ ਖੁਸ਼ ਕਰ ਦਿੱਤਾ। ਉਹ ਤੁਹਾਨੂੰ ਚੇਤੇ ਰੱਖਣਗੇ।" ਉਸ ਨੇ ਹੱਸਦਿਆਂ ਕਿਹਾ, "ਇਹ ਤਾਂ ਫੇਰ ਕਰਨਾ ਈ ਪੈਂਦਾ। ਇਹ ਨਾ ਕਰੀਏ ਤਾਂ ਅਗਲੇ ਦਾ ਮਨ ਦੁਖੀ ਹੁੰਦਾ। ਤੁਸੀਂ ਵੇਖੋ ਅਗਲੇ ਕਿੰਨਾ ਮਾਣ ਕਰਦੇ ਆ?"

"ਉਂਜ ਇਸ ਤਰ੍ਹਾਂ ਦੀ ਭੱਜ ਨੱਸ ਵਿਚ ਖੁਸ਼ ਤਾਂ ਰਹਿੰਦੇ ਓ?"

"ਹਾਂ, ਆਪਾਂ ਖੁਸ਼ ਈ ਰਹੀਦਾ। ਭਲਵਾਨ ਖੁਸ਼ ਈ ਹੁੰਦੇ ਨੇ।"

"ਮੈਂ ਤੇ ਕੰਵਲ ਸਾਹਿਬ ਰਸਤੇ ਵਿਚ ਤੁਹਾਡੇ ਬਾਰੇ ਗੱਲਾਂ ਕਰਦੇ ਆਏ ਆਂ। ਤੁਹਾਡੀਆਂ ਕਈ ਗੱਲਾਂ ਕੰਵਲ ਸਾਹਿਬ ਨੇ ਦੱਸੀਆਂ...।"

"ਇਹ ਜਾਣੀਜਾਣ ਜੁ ਹੋਏ।" ਦਾਰਾ ਸਿੰਘ ਨੇ ਵਿਚਕਾਰੋਂ ਹੀ ਕਿਹਾ ਤੇ ਹੱਸ ਪਿਆ।

ਕੰਵਲ ਸਾਹਿਬ ਨੇ ਹਾਸੇ ਵਿਚ ਕਿਹਾ, "ਬੇਫਿਕਰ ਰਹੋ, ਮੈਂ ਘਰ ਦੀ ਕੋਈ ਗੱਲ ਨਹੀਂ ਦੱਸੀ।" ਮਾਹੌਲ ਸਹਿਜ ਸੁਖਾਵਾਂ ਬਣ ਗਿਆ। ਹੁਣ ਇਕੋ ਡਰ ਸੀ ਕਿ ਕੋਈ ਹੋਰ ਨਾ ਫੋਟੋ ਖਿਚਾਉਣ ਆ ਜਾਵੇ। ਮੈਂ ਸੋਚਿਆ, ਪਹਿਲਵਾਨ ਨੇ ਦੁਨੀਆਂ ਘੁੰਮੀ ਐਂ। ਫਜ਼ੂਲ ਗੱਲਾਂ 'ਚ ਸਮਾਂ ਗੁਆਉਣ ਦੀ ਥਾਂ ਜਿਹੜੇ ਗਿਣਤੀ ਦੇ ਮਿੰਟ ਹਨ, ਪਹਿਲਵਾਨ ਦੀਆਂ ਗੱਲਾਂ ਸੁਣੀਆਂ ਜਾਣ। ਕੰਵਲ ਸਦਕਾ ਉਹ ਇਕ ਯਾਦਗਾਰੀ ਮੁਲਾਕਾਤ ਰਹੀ।

ਕਿਸੇ ਲੇਖਕ ਨੂੰ ਕਿਤਾਬ ਭੇਟ ਕਰਨ ਲੱਗਾ ਕੰਵਲ ਕੁਝ ਇਹੋ ਜਿਹੇ ਸ਼ਬਦ ਲਿਖਦਾ ਹੈ, ਜੋ ਉਸ ਨੇ ਮੇਰੇ ਲਈ ਲਿਖੇ, "ਖੇਡਦੀ, ਖਿਡਾਉਂਦੀ ਤੇ ਸਦਾ ਜਾਗਦੀ ਸੰਸਾਰਕ ਰੂਹ ਨੂੰ, ਲਹਿਰਾਂ ਮਾਰਦੇ ਪਿਆਰ ਉਛਾਲੇ ਨਾਲ; ਪੰਜਾਬ ਦੀ ਨੁਮਾਇਆ ਆਤਮਾ ਸ. ਸਰਵਣ ਸਿੰਘ ਖਿਡਾਰਵਾਨ ਨੂੰ, ਵੱਲੋਂ ਡਾ. ਜਸਵੰਤ ਸਿੰਘ ਕੰਵਲ, 15-2-2011"

ਕੰਵਲ ਦੇ ਬਣਾਏ ਸਾਹਿਤ ਟਰੱਸਟ ਢੁੱਡੀਕੇ ਵੱਲੋਂ 1978-79 'ਚ ਪਹਿਲਾ ਬਾਵਾ ਬਲਵੰਤ ਅਵਾਰਡ ਸੰਤ ਰਾਮ ਉਦਾਸੀ ਨੂੰ ਦਿੱਤਾ ਗਿਆ ਸੀ। ਸਮਾਗਮ ਲੁਧਿਆਣੇ ਖੇਤੀ ਯੂਨੀਵਰਸਿਟੀ ਦੇ ਆਡੀਟੋਰੀਅਮ ਵਿਚ ਹੋਇਆ ਸੀ। ਉਦਾਸੀ ਨੇ ਗੀਤ ਗਾਇਆ ਸੀ, "ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ...।"

23 ਮਾਰਚ 1988 ਨੂੰ ਪਾਸ਼ ਦਾ ਕਤਲ ਹੋਇਆ। ਸ਼ਰਧਾਂਜਲੀ ਸਮਾਗਮ 'ਤੇ ਕੰਵਲ ਤਲਵੰਡੀ ਸਲੇਮ ਪੁੱਜਾ, ਜਿਥੇ ਬਾਵਾ ਬਲਵੰਤ ਅਵਾਰਡ ਪਾਸ਼ ਦੇ ਪਰਿਵਾਰ ਨੂੰ ਭੇਟ ਕੀਤਾ। ਇਹ ਵੱਖਰੀ ਗੱਲ ਹੈ ਕਿ ਉਥੇ ਉਸ ਨੂੰ ਅਣਗੌਲਿਆਂ ਕੀਤਾ ਗਿਆ ਤੇ ਉਹ ਚੁੱਪ ਚਾਪ ਢੁੱਡੀਕੇ ਪਰਤ ਆਇਆ।

ਇਕ ਵਾਰ ਆਤਮ ਹਮਰਾਹੀ ਨੇ ਮਲੇਰਕੋਟਲੇ ਕਾਲਜ ਵਿਚ ਸਾਨੂੰ ਕਿਸੇ ਸਮਾਗਮ 'ਤੇ ਸੱਦਿਆ। ਉਥੇ ਪਾਸ਼ ਵੀ ਕਵਿਤਾ ਪੇਸ਼ ਕਰਨ ਆਇਆ ਸੀ। ਕੰਵਲ ਇੰਗਲੈਂਡ ਤੋਂ ਪਰਤਿਆ ਸੀ। ਉਸ ਨੇ ਤਰਸੇਮ ਪੁਰੇਵਾਲ ਵੱਲੋਂ ਭੇਜੇ ਪੈਸੇ ਪਾਸ਼ ਨੂੰ ਦੇਣੇ ਸਨ। ਪਾਸ਼ ਉਨ੍ਹੀਂ ਦਿਨੀਂ 'ਦੇਸ਼ ਪਰਦੇਸ' ਲਈ ਕੰਮ ਕਰਦਾ ਸੀ। ਮੈਂ ਉਥੇ ਪਾਸ਼ ਨੂੰ ਪਹਿਲੀ ਵਾਰ ਮਿਲਿਆਂ ਸਾਂ। ਛੀਟਕਾ ਜਿਹਾ ਨੌਜੁਆਨ ਸੀ, ਜੀਹਦਾ ਚਿਹਰਾ ਸੰਗਾਊ ਤੇ ਵਾਲ ਘੁੰਗਰਾਲੇ ਸਨ। ਕੰਵਲ ਨੇ ਮਿਲਦਿਆਂ ਹੀ ਉਸ ਨੂੰ ਲਿਫਾਫਾ ਫੜਾਇਆ, ਜੀਹਦੇ 'ਚ ਪੰਜ ਸੌ ਦੇ ਨੋਟ ਸਨ। ਪਾਸ਼ ਨੇ ਲਿਫਾਫਾ ਜੇਬ 'ਚ ਪਾਇਆ ਤੇ ਬਿਨਾ ਕਵਿਤਾ ਪੇਸ਼ ਕਰੇ ਸਾਥੋਂ ਵੀ ਪਹਿਲਾਂ ਬੱਸ ਚੜ੍ਹ ਗਿਆ। ਅਸੀਂ ਕੀ, ਸਾਰੇ ਹੀ ਉਹਦੀ ਕਵਿਤਾ ਸੁਣਨੋਂ ਵਾਂਝੇ ਰਹਿ ਗਏ। ਕੰਵਲ ਮੁੜਦਾ ਕਹਿ ਰਿਹਾ ਸੀ, "ਆਪਾਂ ਯਾਰ ਪੈਸੇ ਬਾਅਦ ਵਿਚ ਫੜਾਉਣੇ ਸੀ।"

ਕੰਵਲ ਨੂੰ ਕੋਈ ਲੇਖਕ 'ਚਿੱਕੜ ਵਿਚ ਉਗਿਆ ਕੰਵਲ', ਕੋਈ 'ਸਾਹਿਤ ਗਗਨ ਦਾ ਸੂਰਜ', ਕੋਈ 'ਪੰਜਾਬੀ ਨਾਵਲ ਦਾ ਸ਼ਾਹ ਅਸਵਾਰ', ਕੋਈ 'ਸਾਹਿਤ ਦਾ ਧਰੂ ਤਾਰਾ', ਤੇ ਕੋਈ 'ਹਨੇਰਿਆਂ ਵਿਰੁਧ ਲੜਦਾ ਸੂਰਜ' ਲਿਖਦਾ ਹੈ। ਕੁਝ ਇਕਨਾਂ ਨੇ ਝੇਡਾਂ ਵੀ ਕੀਤੀਆਂ, ਨਹੋਰੇ ਵੀ ਮਾਰੇ ਤੇ ਤੋਹਮਤਾਂ ਵੀ ਲਾਈਆਂ। ਉਸ ਨੂੰ 'ਭਿੰਡਰਾਂਵਾਲੇ ਦਾ ਧੌਲਦਾੜ੍ਹੀਆ ਪੁੱਤ' ਤੇ 'ਮੌਕਾਪ੍ਰਸਤਾਂ ਦਾ ਲਗੜਦਾਦਾ' ਲਿਖਣ ਤਕ ਗਏ।

ਕੰਵਲ ਦੀ ਕੋਈ ਵੀ ਕਿਤਾਬ ਚੁੱਕ ਲਓ, ਉਹਦੇ ਮੁੱਖ ਬੰਦ ਹੇਠਾਂ ਲਿਖਿਆ ਦਿਸੇਗਾ: ਆਪਣੇ ਪਿਆਰੇ ਪਾਠਕਾਂ ਦਾ ਬਾਈ, ਤੁਹਾਡਾ ਪਿਆਰਾ ਦੋਸਤ, ਹਾਣੀ-ਸਾਥੀ ਤੇ ਹਮਰਾਹੀ, ਪੰਥ ਤੇ ਪੰਜਾਬ ਦਾ ਨਿਮਾਣਾ ਸੇਵਕ, ਤੁਹਾਡੇ ਪਿਆਰ ਦਾ ਹਾਲੇ ਵੀ ਦੇਣਦਾਰ, ਮੈਂ ਹਾਂ ਲੁੱਟੇ ਪੁੱਟੇ ਤੇ ਕਰਜ਼ਿਆਂ ਮਾਰੇ ਪੰਜਾਬ ਦਾ ਬੇਟਾ, ਸਿੱਖ ਪੰਥ ਦੇ ਜ਼ਖਮਾਂ ਦੀ ਪੀੜ ਦਾ ਝੰਜੋੜਿਆ ਇਕ ਲੇਖਕ, ਤੁਹਾਡੇ ਪਿਆਰ ਵਿਚ ਸਿਰ ਝੁਕਾਉਂਦਾ, ਤੁਹਾਡੇ ਚਰਨਾਂ ਵਿਚ ਕਲਮ ਟੇਕਦਾ, ਤੁਹਾਡੇ ਮੋਢੇ ਨਾਲ ਮੋਢਾ ਜੋੜਦਾ, ਕਾਮਿਓ ਤੇ ਕਿਸਾਨ ਭਰਾਓ ਤੁਹਾਡਾ ਹਮਦਰਦ ਭਰਾ, ਸਮੁੱਚੇ ਪੰਜਾਬ ਦਾ ਦੇਣਦਾਰ ਤੁਹਾਡਾ ਬਾਈ, ਮੇਰੀ ਦੁਖਾਂ ਦਰਦਾਂ ਵਿਚ ਭਿੱਜੀ ਫਤਿਹ ਪ੍ਰਵਾਨ ਕਰਨੀ, ਕੌਮੀ ਦਰਦਾਂ ਦਾ ਮਾਰਿਆ ਤੁਹਾਡਾ ਆਪਣਾ, ਗੁਰੂ ਪੰਥ ਦਾ ਦਾਸ ਮੁੜ ਫਤਿਹ ਬੁਲਾਉਂਦਾ, ਪੰਜਾਬ ਤੇਰੀ ਸਦਾ ਖੈਰ ਮੰਗਦਾ ਤੇਰਾ ਇਕ ਪੁੱਤਰ-ਜਸਵੰਤ ਸਿੰਘ ਕੰਵਲ

ਕੰਵਲ ਦੇ ਪੁੱਤਰ ਸਰਬਜੀਤ ਸਿੰਘ ਦਾ ਵਿਆਹ 1980 ਵਿਚ ਬੀਬੀ ਗੁਰਪ੍ਰੀਤ ਕੌਰ ਨਾਲ ਹੋਇਆ ਸੀ। ਉਨ੍ਹਾਂ ਦੇ ਦੋ ਪੁੱਤਰ ਹਨ-ਸੁਮੀਤ ਤੇ ਹਰਮੀਤ। ਅਰਸ਼ਦੀਪ ਪੋਤ ਨੂੰਹ ਹੈ ਤੇ ਅਮਾਨਤ ਪੜਪੋਤੀ। ਕੰਵਲ ਦੀ ਸਭ ਤੋਂ ਛੋਟੀ ਲੜਕੀ ਪ੍ਰੋ. ਰੁਪਿੰਦਰਜੀਤ ਕੌਰ ਡਾ. ਜਸਵੰਤ ਗਿੱਲ ਤੇ ਭਤੀਜੇ ਦਿਲਰਾਜ ਸਿੰਘ ਇੰਜੀਨੀਅਰ ਨਾਲ ਵਿਆਹੀ ਹੋਈ ਹੈ। ਕੰਵਲ ਦੀਆਂ ਪੋਤ ਨੂੰਹਾਂ ਤੇ ਪੋਤੇ ਕਾਲਜਾਂ ਵਿਚ ਪੜ੍ਹਾਉਂਦੇ ਹਨ ਤੇ ਸਾਰੇ ਢੁੱਡੀਕੇ ਹੀ ਰਹਿੰਦੇ ਹਨ। ਸਰਬਜੀਤ ਪਹਿਲਾਂ ਆਪ ਖੇਤੀ ਕਰਦਾ ਸੀ ਪਰ ਪਿਛਲੇ ਕੁਝ ਸਾਲਾਂ ਤੋਂ ਜ਼ਮੀਨ ਠੇਕੇ 'ਤੇ ਦਿੰਦਾ ਆ ਰਿਹੈ। ਹੁਣ ਤਾਂ ਉਹ ਘਰ 'ਚ ਲਵੇਰਾ ਵੀ ਨਹੀਂ ਰੱਖਦੇ, ਸਾਰਾ ਦੁੱਧ ਮੁੱਲ ਦਾ ਹੀ ਲੈਂਦੇ ਹਨ।

5 ਜਨਵਰੀ 2019 ਨੂੰ ਢੁੱਡੀਕੇ ਦੇ ਖੇਡ ਮੇਲੇ ਤੋਂ ਤਿੰਨ ਹਫਤੇ ਪਹਿਲਾਂ ਕੰਵਲ ਦੇ ਘਰ ਮੈਂ ਉਹਦੇ ਪੁੱਤ ਤੇ ਭਤੀਜੇ ਦੀ ਹਾਜ਼ਰੀ ਵਿਚ ਉਸ ਨੂੰ ਮਨਾ ਆਇਆਂ ਸਾਂ ਕਿ ਐਤਕੀਂ ਆਪਾਂ ਮੇਲੇ 'ਚ ਝੰਡੀ ਕਰਨੀ ਐਂ। ਉਹਦਾ ਕੋਈ ਹਾਣੀ ਢੁੱਡੀਕਿਆਂ ਦੇ ਖੇਡ ਮੇਲੇ ਵਿਚ ਉਹਦੇ ਨਾਲ ਕੋਈ ਵੀ ਖੇਡ, ਖੇਡ ਕੇ ਵੇਖ ਲਵੇ!

ਇਕਰਾਰ ਮੂਜਬ ਅਸੀਂ ਮੇਲੇ 'ਚ ਗਏ। ਕੰਵਲ ਦੀ ਉਮਰ ਉਸ ਦਿਨ 99 ਸਾਲ 7 ਮਹੀਨੇ 1 ਦਿਨ ਸੀ। ਦਰਸ਼ਕਾਂ ਦੀ ਮੰਗ ਉਤੇ ਮੈਂ ਮਾਈਕ ਫੜ ਕੇ ਸੌ ਸਾਲ ਨੂੰ ਢੁੱਕੇ ਵੈਟਰਨ ਖਿਡਾਰੀ ਕੰਵਲ ਨੂੰ ਕਬੱਡੀ ਦੇ ਦਾਇਰੇ ਵਿਚ ਲੈ ਗਿਆ। ਉਸ ਨੇ ਬੇਸ਼ਕ ਖੂੰਡੀ ਫੜੀ ਹੋਈ ਸੀ, ਫਿਰ ਵੀ ਬਾਂਹ ਉਚੀ ਕਰ ਕੇ ਝੰਡੀ ਕਰ ਹੀ ਦਿੱਤੀ। ਹੈ ਕੋਈ ਮਾਈ ਦਾ ਲਾਲ! ਆਵੇ ਨਿੱਤਰੇ ਜੀਹਨੇ ਨਿਤਰਨਾ! ਉਥੇ ਉਹਦਾ ਕੋਈ ਹਾਣੀ ਨਹੀਂ ਸੀ, ਜਿਸ ਕਰਕੇ ਕੋਈ ਨਾ ਨਿੱਤਰਿਆ। ਮਾਲੀ ਕੰਵਲ ਦੇ ਹੱਥ ਹੀ ਰਹੀ।



*ਜਸਵੰਤ ਸਿੰਘ ਕੰਵਲ ਨੂੰ ਆਪਣੀ ਇਕ ਪੁਸਤਕ ਭੇਟ ਕਰਦੇ ਹੋਏ ਪ੍ਰਿੰ. ਸਰਵਣ ਸਿੰਘ*

*(ਸਮਾਪਤ)*

## ਕਾਵਿ ਕਿਆਰੀ

### ਸੈਲਫੀ

ਚੌਥਾ ਪਹਿਰ ਰਾਤ ਦਾ ਅਜੇ ਅੱਧਾ
ਪਹੁ ਫਟੀ ਨਹੀਂ ਹਨੇਰੇ ਹੀ ਫੁੱਟਦੇ ਨੇ।
ਮਾਹੀਗੀਰ ਕਈ ਸਿਰਫ ਸ਼ੌਕ ਵਜੋਂ
ਤੜਕੇ ਉਠ ਕੇ ਕੁੰਡੀਆਂ ਸੁੱਟਦੇ ਨੇ।
ਮੱਛੀ ਲਾਲਚ ਗੰਡੋਏ ਨੂੰ ਫੜ੍ਹ ਲਵੇ
ਖਿੱਚ ਕੁੰਡੀ ਨੂੰ ਬਾਹਰ ਪਲੱਟਦੇ ਨੇ।
ਮੱਛੀ ਤੜਫਦੀ ਗੱਲ੍ਹਾਂ ਨਾਲ ਲਾ ਕੇ
ਖਿੱਚ ਸੈਲਫੀਆਂ ਨਜ਼ਾਰੇ ਲੁੱਟਦੇ ਨੇ।
ਫੋਟੋਆਂ ਖਿੱਚਣ ਤੱਕ ਹੈ ਗਰਜ਼ ਸਾਰੀ
ਅੱਧੀ ਮੋਈ ਨੂੰ ਵਾਪਿਸ ਸੁੱਟਦੇ ਨੇ।
ਫੇਸ ਬੁਕ ਅੱਜ ਫੋਟੋਆਂ ਚੜ੍ਹ ਜਾਣਾ
ਫੜ੍ਹਾਂ ਫੜਨ ਦੀਆਂ ਨਾਲ ਕੁੱਟਦੇ ਨੇ।
ਲੋਕਾਂ ਕੋਲ ਦਿਖਾਵੇ ਦਰਿਆ ਚਲਦੇ
ਲਾਈਕ ਸ਼ੇਰ ਦੇ ਬੰਨ ਵੀ ਟੁੱਟਦੇ ਨੇ।
ਮੰਨਿਆ ਰੋਜ਼ਗਾਰ ਰੋਸ ਨਾ ਮਨ ਕੋਈ
ਐਵੇਂ ਮੱਛੀਆਂ ਗਲ ਪਏ ਘੁੱਟਦੇ ਨੇ।
ਕੂੜ ਨਿਖੁਟਣਾ ਅੰਤ ਨੂੰ ਸੱਚ ਰਹਿਣਾ
ਪਖੰਡੀ ਖੋਟ ਦੇ ਖੂਹ ਪਏ ਪੁੱਟਦੇ ਨੇ।
ਮਾਹੀਗੀਰ ਹੁਣ ਮੱਛੀਮਾਰ ਬਣ ਗਏ
ਭਲਾਂ ਦੱਸੋ ਜੀ 'ਕਰਮ' ਕੀ ਖੱਟਦੇ ਨੇ।

*-ਕਰਮ ਬਰਨ*
*ਹਿਊਸਟਨ, ਟੈਕਸਸ।*
*ਫੋਨ: 201-920-6230*

# ਸਾਂਝੀਆਂ ਧੀਆਂ

ਪਿਛਲੇ ਪੱਚੀ ਸਾਲਾਂ ਤੋਂ ਸਰਪੰਚ ਬਣਦਾ ਆ ਰਿਹਾ ਸੱਜਣ ਸਿੰਘ, ਅੱਜ ਖੁਦ ਪੰਚਾਂ ਦੇ ਕਟਹਿਰੇ ਵਿਚ ਖੜ੍ਹਾ ਸੀ। ਭੋਲਾ ਰਾਮ ਦੀ ਸ਼ਿਕਾਇਤ ਸੀ ਕਿ ਸਰਪੰਚ ਦੀਆਂ ਮੱਝਾਂ ਨੇ ਉਸ ਦਾ ਖੇਤ ਉਜਾੜ ਦਿਤਾ। ਉਹ ਪੰਦਰਾਂ ਹਜ਼ਾਰ ਰੁਪਏ ਦਾ ਹਰਜਾਨਾ ਮੰਗ ਰਿਹਾ ਸੀ। ਅੱਜ ਪੰਚਾਂ ਨੇ ਉਨ੍ਹਾਂ ਦਾ ਫੈਸਲਾ ਸੁਣਾਉਣਾ ਸੀ।

ਪਿੰਡ ਦੇ ਲੋਕ ਭੋਲਾ ਰਾਮ 'ਤੇ ਇਸ ਗੱਲੋਂ ਖਫਾ ਸਨ ਕਿ ਉਹਨੇ ਇਹ ਮਸਲਾ ਪੰਚਾਇਤ ਵਿਚ ਲਿਆਂਦਾ ਹੀ ਕਿਉਂ? ਉਨ੍ਹਾਂ ਨੂੰ ਯਕੀਨ ਸੀ ਕਿ ਜੇ ਭੋਲਾ ਰਾਮ ਸਿੱਧਾ ਜਾ ਕੇ ਸਰਪੰਚ ਨਾਲ ਗੱਲ ਕਰਦਾ ਤਾਂ ਉਸ ਨੂੰ, ਉਹਦੇ ਨੁਕਸਾਨ ਤੋਂ ਦੁਗਣੇ-ਤਿਗਣੇ ਪੈਸੇ ਮਿਲ ਜਾਣੇ ਸਨ। ਸਰਪੰਚ ਦੀ ਇਹ ਖੂਬੀ ਸੀ ਕਿ ਉਹ ਨਾ ਕਿਸੇ ਨਾਲ ਜ਼ਿਆਦਤੀ ਕਰਦਾ ਸੀ ਤੇ ਨਾ ਹੀ ਹੋਣ ਦਿੰਦਾ ਸੀ। ਉਹਦੇ ਕੀਤੇ ਸਾਰੇ ਫੈਸਲੇ ਨਿਆਂ ਦੀ ਤੱਕੜੀ 'ਤੇ ਸੌ ਫੀਸਦੀ ਪੂਰੇ ਉਤਰਦੇ ਸਨ; ਤਾਂ ਹੀ ਤਾਂ ਉਹਨੂੰ ਹਰ ਸਾਲ ਸਰਪੰਚੀ ਦੀ ਕੁਰਸੀ ਮਿਲ ਜਾਂਦੀ ਸੀ, ਬਿਨਾ ਕਿਸੇ ਤਰੱਦਦ ਦੇ।



ਜੇ. ਬੀ. ਸਿੰਘ, ਕੈਂਟ
Email: jupneja@gmail.com

ਦੂਜੇ ਪਾਸੇ ਭੋਲਾ ਰਾਮ ਦੀ ਸਾਖ ਪਿੰਡ ਵਿਚ ਕੋਈ ਵਧੀਆ ਨਹੀਂ ਸੀ। ਲੋਕ ਉਸ ਦੀ ਕਿਸੇ ਵੀ ਗੱਲ ਦਾ ਯਕੀਨ ਨਹੀਂ ਸੀ ਕਰਦੇ, ਤੇ ਇਸ ਘਟਨਾ ਵਿਚ ਉਸ ਕੋਲ ਕੋਈ ਗਵਾਹ ਵੀ ਨਹੀਂ ਸੀ। ਸ਼ਾਇਦ ਇਸੇ ਕਰਕੇ ਲੋਕਾਂ ਦੀ ਹਮਦਰਦੀ ਜਿੱਤਣ ਵਾਸਤੇ, ਉਹਨੂੰ ਆਪਣੀ ਧੀ ਦੇ ਨਾਂ ਦਾ ਆਸਰਾ ਲੈਣਾ ਪਿਆ।

"ਦੇਖੋ, ਮੇਰੀ ਧੀ ਦਾ ਵਿਆਹ ਰੱਖਿਆ ਹੋਇਐ। ਸੋਚਿਆ ਸੀ, ਉਹਦੇ ਮਨ ਦੀਆਂ ਸਭ ਇੱਛਾਵਾਂ ਪੂਰੀਆਂ ਕਰਾਂਗਾਂ, ਪਰ ਸੱਜਣ ਸਿੰਘ ਦੀ ਲਾਪ੍ਰਵਾਹੀ ਕਰਕੇ, ਮੇਰੀ ਸਾਰੇ ਸਾਲ ਦੀ ਹੱਡ ਤੋੜ ਕੇ ਕੀਤੀ ਮਿਹਨਤ ਖੂਹ ਵਿਚ ਪੈ ਗਈ।"

ਵਿਆਹ ਵਾਲੀ ਗੱਲ ਸੱਚ ਸੀ। ਪਿੰਡ ਵਿਚ ਇਹ ਖਬਰ ਫੈਲੀ ਹੋਈ ਸੀ ਕਿ ਲੜਕੇ ਵਾਲਿਆਂ ਨੇ ਭੋਲਾ ਰਾਮ ਤੋਂ ਦਸ ਹਜ਼ਾਰ ਦੀ ਮੰਗ ਕੀਤੀ ਸੀ। ਇਸ ਕਰ ਕੇ ਉਨ੍ਹਾਂ ਨੂੰ ਯਕੀਨ ਸੀ ਕਿ ਭੋਲਾ ਰਾਮ ਵਿਆਹ ਵਾਸਤੇ ਪੈਸੇ ਇੱਕਠੇ ਕਰਨਾ ਚਾਹੁੰਦਾ ਹੈ ਤੇ ਨੁਕਸਾਨ ਐਵੇਂ ਬਹਾਨਾ ਹੀ ਹੈ, ਸੋ ਉਹ ਉਹਦੇ ਮੂੰਹ 'ਤੇ ਹੀ ਕਹਿ ਦਿੰਦੇ,

"ਪਰ ਅਜ ਤਕ ਤਾਂ ਤੈਨੂੰ ਹੱਡ ਭੰਨ ਕੇ ਕੰਮ ਕਰਦਿਆਂ ਕਿਸੇ ਵੇਖਿਆ ਨਹੀਂ। ਹਰ ਸਾਲ ਘਾਟਾ-ਘਾਟਾ ਕਹਿ ਕੇ ਜਣੇ-ਖਣੇ ਤੋਂ ਉਧਾਰ ਮੰਗ ਕੇ ਦਿਨ ਟਪਾਂਦਾ ਰਿਹਾ ਹੈ। ਪਿੰਡ ਦਾ ਕਿਹੜਾ ਬੰਦਾ ਏ, ਜਿਸ ਦਾ ਤੂੰ ਉਧਾਰ ਨਹੀਂ ਦੇਣਾ? ਤੇਰੀ ਗੱਲ 'ਤੇ ਯਕੀਨ ਕੌਣ ਕਰੇਗਾ?"

ਇਹ ਸੱਚ ਸੀ। ਭੋਲਾ ਰਾਮ ਜਿਸ ਤੋਂ ਵੀ ਉਧਾਰ ਮੰਗਦਾ, ਪੈਸੇ ਵਾਪਸ ਨਾ ਕਰਦਾ। ਜੋ ਆਪ ਕਮਾਉਂਦਾ, ਨਸ਼ੇ ਪੱਤੇ ਵਿਚ ਖਰਚ ਦਿੰਦਾ। ਜਨਾਨੀ ਉਹਦੀ ਲੋਕਾਂ ਦੇ ਘਰ ਜਾ ਕੇ ਭਾਂਡੇ ਮਾਂਜਦੀ, ਕੱਪੜੇ ਧੋਂਦੀ, ਸਫਾਈਆਂ ਕਰਦੀ, ਤਾਂ ਘਰ ਦਾ ਖਰਚਾ ਚਲਦਾ। ਪਿੰਡ ਵਿਚ ਤਰ੍ਹਾਂ ਤਰ੍ਹਾਂ ਦੇ ਲੋਕ ਸਨ। ਕੁਝ ਤਾਂ ਉਹਨੂੰ ਥੋੜ੍ਹਾ ਬਹੁਤਾ ਕਰਜ਼ਾ ਆਪ ਹੀ ਦੇ ਦਿੰਦੇ, ਬਿਨਾ ਮੰਗੇ। ਤੇ ਫਿਰ ਉਹਦੇ ਘਰ ਰੋਜ਼ ਚੱਕਰ ਮਾਰਦੇ। ਕੇਵਲ ਉਸ ਵਕਤ, ਜਦ ਉਹਦੀ ਧੀ ਘਰ ਇਕੱਲੀ ਹੁੰਦੀ। ਪਤਾ ਨਹੀਂ ਉਹ ਉਹਨੂੰ ਕੀ ਕੀ ਕਹਿੰਦੇ। ਮਾਂ ਦੇ ਘਰ ਆਉਂਦਿਆਂ ਹੀ ਕੁੜੀ ਰੋ ਪੈਂਦੀ ਤੇ ਮਿੰਨਤ ਕਰਦੀ, "ਮਾਂ, ਘਰ ਰੋਟੀ ਪੱਕੇ ਜਾਂ ਨਾ, ਪਰ ਇਨ੍ਹਾਂ ਮੁਸ਼ਟੰਡਿਆਂ ਦਾ ਕਰਜ਼ਾ ਪਹਿਲਾਂ ਲਾਹ।"

ਮਾਂ ਪੈਸੇ ਜੋੜਦੀ, ਕਰਜ਼ਾ ਲਾਹ ਦਿੰਦੀ, ਪਰ ਅਗਲੇ ਦਿਨ ਹੀ, ਉਹੀ ਕਮਬਖਤ ਭੋਲਾ ਰਾਮ ਨੂੰ ਬੁਲਾ ਕੇ ਦਾਰੂ ਪਿਲਾ ਦਿੰਦੇ, ਹਮਦਰਦੀ ਜਤਾਉਂਦੇ ਤੇ ਭੋਲਾ ਰਾਮ ਉਨ੍ਹਾਂ ਤੋਂ ਹੋਰ ਉਧਾਰ ਲੈ ਲੈਂਦਾ। ਇਹ ਸਿਲਸਿਲਾ ਇੰਜ ਹੀ ਚਲਦਾ ਰਿਹਾ। ਵਿਚਾਰੀ ਧੀ ਕਦੇ ਕਦੇ ਖੁਦਕੁਸ਼ੀ ਕਰਨ ਦੀ ਵੀ ਸੋਚ ਲੈਂਦੀ, ਪਰ ਮਾਂ ਦਾ ਖਿਆਲ ਆਉਣ 'ਤੇ ਰੁਕ ਜਾਂਦੀ।

ਭੋਲਾ ਰਾਮ ਗੱਪਾਂ ਮਾਰਨ ਵਿਚ ਬੜਾ ਮਾਹਿਰ ਸੀ। ਜਦ ਕਰਜ਼ਾ ਲੈਣ ਜਾਂਦਾ ਤਾਂ ਐਸੀ ਗੱਪ ਛਡਦਾ ਕਿ ਦੂਜੇ ਨੂੰ ਉਹਦੇ ਪੈਸੇ ਦੂਣੇ ਵਾਪਸ ਮਿਲਣ ਦੀ ਉਮੀਦ ਦਿਵਾ ਦਿੰਦਾ। ਪਰ ਸਮਾਂ ਆਉਣ 'ਤੇ ਕੋਈ ਨਾ ਕੋਈ ਬਹਾਨਾ ਘੜ ਦਿੰਦਾ। ਬਹਾਨੇ ਵੀ ਐਸੇ ਕਿ ਪੈਸੇ ਲੈਣ ਵਾਲਾ, ਉਹਨੂੰ ਕੁਝ ਹੋਰ ਪੈਸੇ ਦੇ ਕੇ ਘਰ ਮੁੜਦਾ। ਕਿਸੇ ਹੋਰ ਪਿੰਡ ਵਿਚ ਰਹਿੰਦੇ ਆਪਣੇ ਦੋ ਭਰਾਵਾਂ ਲਈ, ਗਰੀਬੀ ਜਾਂ ਬਿਮਾਰੀ ਦਾ ਬਹਾਨਾ ਲਾ ਕੇ, ਉਸ ਨੇ ਲੋਕਾਂ ਤੋਂ ਕਈ ਵਾਰ ਪੈਸੇ ਮਠੋਰੇ ਸਨ। ਆਪਣੇ ਚਾਚੇ, ਮਾਮੇ ਤੇ ਤਾਇਆਂ ਨੂੰ ਤਾਂ ਗੱਲਾਂ ਗੱਲਾਂ ਵਿਚ ਉਹ ਕਈ ਵਾਰ ਮਾਰ ਚੁਕਾ ਸੀ, ਸਿਰਫ ਉਧਾਰ ਲੈਣ ਖਾਤਰ। ਕਈਆਂ ਨੂੰ ਤਾਂ ਬਾਅਦ ਵਿਚ ਭੋਲੇ ਦੀ ਬੀਵੀ ਤੋਂ ਪਤਾ ਲੱਗਾ ਕਿ ਅਜਿਹੇ ਨਾਂਵਾਂ ਦਾ ਉਹਦਾ ਕੋਈ ਰਿਸ਼ਤੇਦਾਰ ਕਦੇ ਹੈ ਹੀ ਨਹੀਂ ਸੀ।

ਪਰ ਇਸ ਵਾਰ ਉਹ ਉਧਾਰ ਨਹੀਂ ਸੀ ਮੰਗ ਰਿਹਾ। ਕਹਿੰਦਾ ਸੀ, ਆਪਣੇ ਨੁਕਸਾਨ ਦਾ ਹਰਜਾਨਾ ਮੰਗ ਰਿਹਾਂ। ਕੋਈ ਦੋ ਹਜ਼ਾਰ ਦੇ ਨੁਕਸਾਨ ਲਈ ਪੰਦਰਾਂ ਹਜ਼ਾਰ ਮੰਗ ਰਿਹਾ ਸੀ। ਵਿਆਹ ਲਈ ਉਹਨੂੰ ਪੈਸੇ ਦੀ ਲੋੜ ਵੀ ਸੀ। ਹੁਣ ਤਾਂ ਅਜਿਹਾ ਕੋਈ ਘਰ ਵੀ ਨਹੀਂ ਸੀ ਰਿਹਾ, ਜੋ ਹੋਰ ਕਰਜ਼ਾ ਦੇਣ ਦੀ ਹਾਮੀ ਭਰਦਾ। ਹਰ ਕੋਈ ਘੱਟੋ ਘੱਟ ਦੋ ਵਾਰੀ ਪਹਿਲਾਂ ਹੀ ਧੋਖਾ ਖਾ ਚੁਕਾ ਸੀ। ਨਾਲੇ ਪਿੰਡ ਦੇ ਲੋਕਾਂ ਨੂੰ ਉਸ 'ਤੇ ਗੁੱਸਾ ਵੀ ਸੀ ਕਿ ਮਾਮੂਲੀ ਜਿਹੇ ਨੁਕਸਾਨ ਪਿਛੇ ਉਹ ਪੰਚਾਇਤ ਕੋਲ ਗਿਆ ਸੀ, ਤੇ ਪੈਸੇ ਵੀ ਲੋਹੜੇ ਦੇ ਮੰਗ ਰਿਹਾ ਸੀ।

ਖੈਰ! ਫੈਸਲੇ ਦੀ ਤਾਰੀਖ ਰੱਖੀ ਗਈ ਤੇ ਉਹ ਦਿਨ ਵੀ ਆ ਗਿਆ। ਪੰਚਾਇਤ ਇੱਕਠੀ ਹੋਈ। ਭੋਲਾ ਰਾਮ ਨੂੰ ਪੁੱਛਿਆ ਗਿਆ, "ਕੀ ਤੂੰ ਪੰਚਾਇਤ ਕੋਲ ਆਉਣ ਤੋਂ ਪਹਿਲਾਂ ਸਰਪੰਚ ਸਾਹਿਬ ਨਾਲ ਖੁਦ ਗੱਲ ਕੀਤੀ ਸੀ?"

"ਨਹੀਂ ਜ਼ਨਾਬ, ਮੈਨੂੰ ਪਤਾ ਸੀ ਇਹਨੇ ਮੈਨੂੰ ਡਰਾ ਧਮਕਾ ਕੇ ਵਾਪਸ ਭੇਜ ਦੇਣਾ।" ਭੋਲਾ ਰਾਮ ਨੇ ਜਵਾਬ ਦਿਤਾ।

"ਤੇਰੇ ਕੋਲ ਕੋਈ ਸਬੂਤ ਹੈ ਕਿ ਇਹ ਨੁਕਸਾਨ ਸਰਪੰਚ ਸਾਹਿਬ ਨੇ ਕੀਤਾ ਹੈ?"

"ਜੀ ਹਜ਼ੂਰ, ਮੈਨੂੰ ਮੇਰੀ ਧੀ ਦੀ ਕਸਮ, ਮੈਂ ਖੁਦ ਦੇਖਿਆ ਹੈ, ਮੱਝਾਂ ਇਸੇ ਦੀਆਂ ਹੀ ਸਨ।"

"ਪਰ ਪਿੰਡ ਵਾਲੇ ਕਹਿੰਦੇ ਹਨ ਕਿ ਤੇਰਾ ਨੁਕਸਾਨ ਕੋਈ ਦੋ-ਤਿੰਨ ਹਜ਼ਾਰ ਤੋਂ ਵੱਧ ਨਹੀਂ।"

"ਲੋਕ ਤਾਂ ਕਹਿਣਗੇ ਹੀ, ਆਖਰ ਸਰਪੰਚ ਜੋ ਹੈ। ਕੱਲ ਨੂੰ ਉਨ੍ਹਾਂ ਦੇ ਫੈਸਲੇ ਇਸ ਦੇ ਹੱਥ ਵਿਚ ਹੀ ਹੋਣੇ ਨੇ।"

"ਪੰਜ ਹਜ਼ਾਰ ਦੀ ਤਾਂ ਤੇਰੀ ਸਾਰੀ ਫਸਲ ਵੀ ਨਹੀਂ ਹੋਣੀ ਸੀ।" ਸਭਾ ਵਿਚੋਂ ਕਿਸੇ ਨੇ ਚੋਟ ਮਾਰੀ।

ਭੋਲਾ ਰਾਮ ਚੁੱਪ ਰਿਹਾ।

"ਸਰਪੰਚ ਸਾਹਿਬ ਜੀ, ਤੁਸੀਂ ਆਪਣੀ ਸਫਾਈ ਵਿਚ ਕੁਝ ਕਹਿਣਾ ਚਾਹੋਗੇ?" ਇਕ ਪੰਚ ਨੇ ਪੁੱਛਿਆ।

"ਨਹੀਂ, ਮੈਂ ਆਪਣਾ ਦੋਸ਼ ਸਵੀਕਾਰ ਕਰਦਾਂ?"

"ਸੋ ਤੁਸੀਂ ਭੋਲਾ ਰਾਮ ਨੂੰ ਮੂੰਹ ਮੰਗਿਆ ਹਰਜ਼ਾਨਾ ਦੇਣਾ ਚਾਹੋਗੇ?"

"ਜੀ ਹਜ਼ੂਰ, ਮੈਂ ਹਰਜ਼ਾਨਾ ਭਰਨ ਨੂੰ ਤਿਆਰ ਹਾਂ, ਪਰ ਅੱਜ ਤੋਂ ਦਸ ਸਾਲ ਪਹਿਲਾਂ ਪਿੰਡ ਮਹਿਲਾਂ ਵਿਚ ਰਹਿੰਦੇ ਇਸ ਦੇ ਭਰਾ ਦੇ ਖੇਤ ਨੂੰ ਅੱਗ ਲਗ ਗਈ ਸੀ, ਜਿਸ ਵਿਚ ਇਸ ਦੇ ਭਤੀਜੇ ਦੀ ਜਾਨ ਚਲੀ ਗਈ ਸੀ। ਤਦ ਇਸ ਨੇ ਮੇਰੇ ਕੋਲੋਂ 10 ਹਜ਼ਾਰ ਰੁਪਏ ਦੀ ਰਕਮ ਆਪਣੇ ਭਰਾ ਦੀ ਮਦਦ ਲਈ ਉਧਾਰ ਲਈ ਸੀ, ਜਿਸ ਦਿਨ ਮੈਨੂੰ ਇਹ ਪੈਸੇ ਮੋੜ ਦੇਵੇਗਾ, ਮੈਂ ਇਸ ਦੇ ਨੁਕਸਾਨ ਦੀ ਮੂੰਹ ਮੰਗੀ ਕੀਮਤ ਦੇ ਦਿਆਂਗਾ।"

"ਭੋਲਾ ਰਾਮ, ਸਰਪੰਚ ਸਾਹਿਬ ਸੱਚ ਕਹਿੰਦੇ ਨੇ?"

"ਜੀ ਹਾਂ, ਪਰ ਮੈਂ ਤਾਂ ਇਨ੍ਹਾਂ ਕੋਲੋਂ ਆਪਣੇ ਭਰਾ ਲਈ ਮਦਦ ਮੰਗੀ ਸੀ, ਕੇਵਲ ਪਿੰਡ ਦਾ ਮੁਖੀਆ ਹੋਣ ਕਾਰਨ। ਉਧਾਰ ਤਾਂ ਨਹੀਂ ਸੀ ਲਿਆ!"

"ਤਾਂ ਤੈਨੂੰ ਸ਼ਰਮ ਆਉਣੀ ਚਾਹੀਦੀ ਏ, ਇਹ ਮੁਕੱਦਮਾ ਸਾਡੇ ਪਾਸ ਲਿਆਉਣ ਲਈ। ਕੀ ਤੂੰ ਇਥੋਂ ਤਕ ਗਿਰ ਚੁਕਾ ਹੈਂ ਕਿ ਦਸ ਹਜ਼ਾਰ ਦੀ ਮਦਦ ਕਰਨ ਵਾਲੇ ਇਨਸਾਨ ਤੋਂ ਛੋਟੇ ਜਿਹੇ ਨੁਕਸਾਨ ਦਾ ਇੰਨਾ ਹਰਜ਼ਾਨਾ ਮੰਗ ਰਿਹਾ ਹੈਂ?"

"ਪੰਚਾਇਤ ਸਰਪੰਚ ਸਾਹਿਬ ਨਾਲ ਸਹਿਮਤ ਹੈ, ਜਿਸ ਦਿਨ ਇਨ੍ਹਾਂ ਦਾ ਉਧਾਰ ਚੁਕਾਏਂਗਾ, ਉਸ ਦਿਨ ਤੇਰਾ ਹਰਜ਼ਾਨਾ ਤੈਨੂੰ ਮਿਲ ਜਾਵੇਗਾ।"

"ਪਰ ਉਹ ਪੈਸੇ ਮੇਰੇ ਭਰਾ ਨੇ ਵਰਤ ਲਏ ਸੀ। ਜੇ ਅਜ ਵੀ ਮੈਂ ਉਸ ਨੂੰ ਆਖਾਂ ਕਿ ਸਰਪੰਚ ਸਾਹਿਬ ਪੈਸੇ ਵਾਪਸ ਮੰਗਦੇ ਹਨ, ਤਾਂ ਵੀ ਉਸ ਨੂੰ ਕੋਈ ਛੇ ਮਹੀਨੇ ਇਹ ਰਕਮ ਇੱਕਠੀ ਕਰਨ ਨੂੰ ਲੱਗਣਗੇ। ਪਰ ਪੈਸੇ ਮੈਨੂੰ ਇਸ ਔਖੀ ਘੜੀ ਵਿਚ ਚਾਹੀਦੇ ਹਨ, ਮੇਰੀ ਧੀ ਦੀ ਸ਼ਾਦੀ ਰੱਖੀ ਹੋਈ ਹੈ।" ਭੋਲਾ ਰਾਮ ਨੇ ਬੱਚਿਆਂ ਵਾਂਗ ਗਿੜਗਿੜਾਉਂਦਿਆਂ ਕਿਹਾ।

"ਭੋਲਾ ਰਾਮ ਤੂੰ ਚਿੰਤਾ ਨਾ ਕਰ। ਮੈਂ ਇਸ ਸ਼ਾਦੀ ਤੋਂ ਪਹਿਲੇ ਹੀ, ਤੇਰੇ ਭਰਾ ਤੋਂ ਪੈਸੇ ਵਸੂਲ ਕਰ ਲਵਾਂਗਾ। ਮਹਿਲਾਂ ਪਿੰਡ ਦਾ ਸਰਪੰਚ ਮੇਰਾ ਛੋਟਾ ਭਰਾ ਈ ਏ।" ਸੱਜਣ ਸਿੰਘ ਨੇ ਕਿਹਾ।

ਭੋਲਾ ਰਾਮ ਕੋਲ ਕੋਈ ਜਵਾਬ ਨਹੀਂ ਸੀ। ਪੰਚਾਇਤ ਖਾਰਜ ਹੋ ਗਈ।

ਫਿਰ ਭੋਲਾ ਰਾਮ ਪਿੰਡ ਦੇ ਹਰ ਘਰ 'ਚ ਗਿਆ ਤੇ ਆਪਣੀ ਧੀ ਦਾ ਵਾਸਤਾ ਪਾ ਉਧਾਰ ਮੰਗਣ ਲੱਗਾ, ਪਰ ਲੋਕ ਉਸ ਦੀ ਸਰਪੰਚ ਨਾਲ ਕੀਤੀ ਅਹਿਸਾਨ ਫਰਾਮੋਸ਼ੀ ਕਰ ਕੇ ਉਸ ਨੂੰ ਦੇਖਣ ਨੂੰ ਵੀ ਤਿਆਰ ਨਹੀਂ ਸਨ। ਵਿਆਹ ਦੇ ਦਿਨ ਨੇੜੇ ਆ ਰਹੇ ਸਨ। ਮੁੰਡੇ ਵਾਲੇ ਵਿਆਹ ਤੋਂ ਪਹਿਲਾਂ ਘਟੋ ਘਟ ਪੰਜ ਹਜ਼ਾਰ ਰੁਪਏ ਮੰਗ ਰਹੇ ਸਨ।

ਘਰ ਵਿਚ ਮਾਤਮ ਵਰਗਾ ਮਾਹੌਲ ਤੇ ਭੋਲਾ ਰਾਮ ਦਾ ਇਸ ਤਰ੍ਹਾਂ ਟੁੱਟ ਜਾਣਾ ਉਹਦੀ ਧੀ ਤੋਂ ਸਹਾਰਿਆ ਨਾ ਗਿਆ। ਅਗਲੇ ਦਿਨ ਉਹ ਖੁਦ ਉਨ੍ਹਾਂ ਕੋਲ ਗਈ, ਜਿਨ੍ਹਾਂ ਨੂੰ ਕਦੇ ਕਮਬਖਤ ਮੁਸ਼ਟੰਡੇ ਕਹਿੰਦੀ ਸੀ। ਪੈਰੀਂ ਪੈ ਕੇ ਕਹਿਣ ਲੱਗੀ, "ਮੈਂ ਉਹ ਸਭ ਕੁਝ ਦੇਣ ਨੂੰ ਤਿਆਰ ਹਾਂ, ਜੋ ਤੁਸੀਂ ਮੇਰੇ ਘਰ ਆ ਕੇ ਮੰਗਦੇ ਸੀ; ਕੇਵਲ ਪੰਜ ਹਜ਼ਾਰ ਰੁਪਏ ਦੀ ਲੋੜ ਏ, ਵਾਪਸ ਕਰ ਦੇਵਾਂਗੀ।"

ਮੁਸ਼ਟੰਡੇ ਹੱਸੇ, "ਪੰਜ ਹਜ਼ਾਰ! ਸ਼ਕਲ ਦੇਖੀ ਏ ਆਪਣੀ? ਇੰਨੀ ਕੀਮਤ ਵਿਚ ਤਾਂ ਤੇਰੇ ਜਿਹੀਆਂ ਪੰਜ ਸੌ ਕੁੜੀਆਂ ਮਿਲ ਜਾਣ। ਪੰਜਾਹ, ਸੌ ਦੀ ਗੱਲ ਕਰੇਂ ਤਾਂ ਤਿਆਰ ਆਂ ਅਸੀਂ।"

ਵਿਚਾਰੀ ਰੋਂਦੀ ਰਹੀ। ਮਿੰਨਤਾਂ ਕਰਦੀ ਰਹੀ। ਉਹ ਕੀਮਤ ਵਧਾਉਂਦੇ ਗਏ। ਇਕ ਸੌ ਵੀਹ, ਇਕ ਸੌ ਚਾਲੀ। ਢਾਈ ਸੌ 'ਤੇ ਆ ਕੇ ਅੜ ਗਏ। ਇੰਨੇ ਕੁ ਪੈਸੇ ਹੀ ਉਹ ਭੋਲਾ ਰਾਮ ਨੂੰ ਉਧਾਰ ਦਿੰਦੇ ਹੁੰਦੇ ਸਨ।

ਉਹ ਵਾਪਸ ਪਰਤਣ ਲੱਗੀ।

"ਤੈਨੂੰ ਇਕ ਤਰੀਕਾ ਦੱਸਾਂ?" ਇਕ ਮੁਸ਼ਟੰਡੇ ਨੇ ਪਿਛੋਂ ਅਵਾਜ਼ ਦਿਤੀ।

ਉਹਨੇ ਫਿਰ ਮੂੰਹ ਉਨ੍ਹਾਂ ਵਲ ਮੋੜਿਆ।

"ਇਸ ਪਿੰਡ ਵਿਚ ਦੋ-ਤਿੰਨ ਬੁੱਢੇ, ਜਵਾਨ ਕੁੜੀ ਭਾਲ ਰਹੇ ਨੇ। ਕਿਸੇ ਇਕ ਦੇ ਲੜ ਲਗ ਜਾ। ਸਗੋਂ ਕੋਲੋਂ ਪੈਸੇ ਦੇਣਗੇ।"

ਉਹਦਾ ਵੱਸ ਚਲਦਾ ਤਾਂ ਉਨ੍ਹਾਂ ਮੁਸ਼ਟੰਡਿਆਂ ਨੂੰ ਉਥੇ ਹੀ ਜ਼ਮੀਨ ਵਿਚ ਗੱਡ ਦਿੰਦੀ, ਪਰ ਕਿਸੇ ਨੇ ਉਹਨੂੰ ਕਿਹੜਾ ਸੱਦਾ ਦਿਤਾ ਸੀ ਆਉਣ ਲਈ।

ਬਿਨਾ ਕੁਝ ਕਹੇ ਉਹ ਆਪਣੇ ਘਰ ਨੂੰ ਤੁਰ ਪਈ। ਰਾਹ ਵਿਚ ਸੋਚਦੀ, ਸ਼ਾਇਦ ਇਹ ਹੀ ਤਰੀਕਾ ਠੀਕ ਹੈ। ਘਰ ਵਿਚ ਵੀ ਸ਼ਾਂਤੀ ਹੋ ਜਾਵੇਗੀ। ਉਹਦਾ ਧਿਆਨ ਅਚਨਚੇਤ ਪਿੰਡ ਵਿਚ ਰਹਿੰਦੇ ਬੁੱਢੇ ਰੰਡਿਆਂ ਵਲ ਗਿਆ।

ਸਕੀਮਾਂ ਘੜਦੀ, ਉਹ ਘਰ ਪਹੁੰਚੀ। ਅੱਗੇ ਸਰਪੰਚ ਬੈਠਾ ਸੀ ਤੇ ਉਹਦੀ ਮਾਂ ਵੀ। ਮਾਂ ਦੀਆਂ ਅੱਖਾਂ 'ਚ ਹੰਝੂ ਸਨ। ਸਰਪੰਚ ਉਹਦੇ ਹੱਥ ਸੌ ਸੌ ਰੁਪਿਆਂ ਦੇ ਨੋਟਾਂ ਦੀ ਗੁੱਥੀ ਫੜਾ ਰਿਹਾ ਸੀ। ਉਹ ਨਾਂਹ ਕਰ ਰਹੀ ਸੀ।

"ਮੈਂ ਇਹਦੇ ਪਿਉ ਨੂੰ ਲੱਭ ਕੇ ਲਿਆਉਂਨੀ ਆਂ। ਉਨ੍ਹਾਂ ਨਾਲ ਹੀ ਗੱਲ ਕਰਨਾ।" ਮਾਂ ਕਹਿ ਰਹੀ ਸੀ।

"ਲੌ ਆ ਗਈ ਜੇ ਰਾਣੋ।" ਉਸ ਨੂੰ ਅੰਦਰ ਵੜਦਿਆਂ ਦੇਖ ਮਾਂ ਨੇ ਕਿਹਾ।

"ਜਾਹ ਰਾਣੋ, ਸਰਪੰਚ ਸਾਹਿਬ ਲਈ ਚਾਹ ਬਣਾ।" ਮਾਂ ਨੇ ਧੀ ਨੂੰ ਕਿਹਾ।

ਰਾਣੋ ਅੰਦਰ ਰਸੋਈ ਵਲ ਚਲੀ ਗਈ। ਸਰਪੰਚ ਦਾ ਉਹਦੀ ਮਾਂ ਨੂੰ ਰੁਪਿਆਂ ਦੀ ਗੁੱਥੀ ਫੜਾਉਣਾ, ਮਾਂ ਵਲੋਂ ਨਾਂਹ ਕਰਨਾ ਤੇ ਪਿਓ ਨੂੰ ਬੁਲਾਉਣਾ, ਇਹ ਸਭ ਉਹਨੂੰ ਸਮਝ ਨਾ ਆਇਆ।

"ਸ਼ਾਇਦ ਮੇਰੇ ਮਾਪੇ ਸਚਮੁੱਚ ਹੀ ਇਹਦੇ ਲੜ ਲਾਉਣ ਲੱਗੇ ਨੇ। ਹੈ ਤਾਂ ਇਹ ਵੀ ਰੰਡਾ।" ਸੋਚ ਕੇ ਉਹਦਾ ਅੰਦਰ ਕੰਬਿਆ।

"ਪਰ ਸਾਡੇ ਕੋਲ ਕਿਹੜਾ ਕੋਈ ਹੋਰ ਰਾਹ ਏ। ਕਿੰਨੇ ਸਾਲਾਂ ਤੋਂ ਮਾਂ ਬਾਪ ਭੁੱਖ ਮਾਰ ਰਹੇ ਨੇ। ਹੁਣ ਵਾਲਾ ਰਿਸ਼ਤਾ ਵੀ ਟੁੱਟਣ 'ਤੇ ਆਇਆ ਪਿਆ ਏ।" ਉਹਨੇ ਸੋਚਿਆ।

ਉਹਨੇ ਰਸੋਈ 'ਚ ਚੁਲ੍ਹੇ 'ਤੇ ਚਾਹ ਰੱਖੀ। ਹੇਠਾਂ ਮੱਠੀ ਜਿਹੀ ਅੱਗ ਬਾਲੀ ਤੇ ਆਪ ਗੁਸਲਖਾਨੇ ਚਲੀ ਗਈ। ਸ਼ੀਸ਼ੇ ਸਾਹਮਣੇ ਖੜ੍ਹ ਕੇ ਆਪਣੇ ਆਪ ਨੂੰ ਨਿਹਾਰਿਆ।

"ਕਿੰਨੀ ਖੂਬਸੂਰਤ ਹਾਂ ਮੈਂ! ਕਿਸੇ ਅਮੀਰ ਘਰ ਜੰਮਦੀ ਤਾਂ ਰਾਜ ਕੁਮਾਰ ਵੀ ਮਿੰਨਤਾਂ ਕਰਦੇ। ਗਰੀਬੀ ਨੇ ਮੈਨੂੰ ਕੌਡੀਆਂ ਦੇ ਭਾਅ ਕਰ ਦਿਤਾ।"

ਚਾਹ ਦਾ ਕੱਪ ਲਿਆ ਕੇ ਉਹਨੇ ਸਟੂਲ 'ਤੇ ਰੱਖਿਆ। ਉਹਦਾ ਪਿਓ ਅਜੇ ਘਰ ਵਾਪਸ ਆ ਕੇ ਮੰਜੇ 'ਤੇ ਬੈਠਾ ਹੀ ਸੀ। ਮੰਜੇ 'ਤੇ ਪਏ ਨੋਟਾਂ ਵੱਲ ਇਸ਼ਾਰਾ ਕਰਦਿਆਂ ਸਰਪੰਚ ਨੇ ਕਿਹਾ, "ਲੈ ਭੋਲਾ ਰਾਮ ਆਪਣੇ ਪੈਸੇ।"

"ਮੇਰੇ ਪੈਸੇ?"

"ਕੱਲ ਪਿੰਡ ਗਿਆ ਸੀ, ਤੇਰੇ ਭਰਾ ਕੋਲ। ਉਹਨੇ ਪੈਸੇ ਮੋੜ ਦਿਤੇ ਹਨ।"

ਇਹ ਸੁਣ ਕੇ ਭੋਲਾ ਰਾਮ ਭੁੱਬਾਂ ਮਾਰ ਰੋਣ ਲੱਗਾ।

"ਕਿਉਂ ਮਜ਼ਾਕ ਕਰਦੇ ਓਂ ਸਰਪੰਚ ਸਾਹਿਬ! ਤੁਸੀਂ ਵੀ ਜਾਣਦੇ ਹੋ ਕਿ ਉਸ ਪਿੰਡ ਵਿਚ ਮੇਰਾ ਕੋਈ ਭਰਾ ਹੈ ਹੀ ਨਹੀਂ। ਪਿੰਡ ਵਿਚ ਤਾਂ ਕੀ, ਮੇਰਾ ਕੋਈ ਭਰਾ ਹੈ ਹੀ ਨਹੀਂ। ਨਾ ਭਰਾ, ਨਾ ਭਤੀਜਾ, ਨਾ ਕੋਈ ਖੇਤ, ਤੇ ਨਾ ਕੋਈ ਅੱਗ...ਉਹ ਤਾਂ ਮੈਂ ਤੁਹਾਥੋਂ ਪੈਸੇ ਲੈਣ ਲਈ ਇਕ ਝੂਠ ਬੋਲਿਆ ਸੀ। ਸੱਚ ਦਸੋ, ਇਹ ਕੀ ਬੁਝਾਰਤ ਪਾ ਰਹੇ ਹੋ?"

"ਭੋਲਾ ਰਾਮ, ਮੈਨੂੰ ਪਤਾ ਸੀ, ਉਸ ਪਿੰਡ ਵਿਚ ਤੇਰਾ ਕੋਈ ਰਿਸ਼ਤੇਦਾਰ ਨਹੀਂ, ਤੇ ਤੂੰ ਸ਼ਰਮ ਦਾ ਮਾਰਿਆ ਮੇਰੇ ਕੋਲੋਂ ਉਧਾਰ ਵੀ ਨਹੀਂ ਸੀ ਮੰਗ ਸਕਦਾ। ਤਾਂ ਹੀ ਮੈਨੂੰ ਆਪਣੀਆਂ ਮੱਝਾਂ ਤੇਰੇ ਖੇਤ ਵਿਚ ਛੱਡਣੀਆਂ ਪਈਆਂ, ਫਸਲਾਂ ਲਤਾੜਨ ਲਈ। ਮੈਨੂੰ ਯਕੀਨ ਸੀ, ਤੂੰ ਹਰਜ਼ਾਨਾ ਮੰਗੇਗਾ। ਕਮਲਿਆ! ਧੀਆਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ, ਤੇ ਮੇਰੇ ਪਿੰਡ ਦੀ ਕੋਈ ਧੀ ਪੈਸਿਆਂ ਖੁਣੋਂ ਵਿਆਹਣੋਂ ਰਹਿ ਜਾਏ, ਇਹ ਮੈਂ ਬਰਦਾਸ਼ਤ ਨਹੀਂ ਕਰ ਸਕਦਾ।"

ਅਗਲੇ ਪਲ ਭੋਲਾ ਰਾਮ ਸਰਪੰਚ ਦੇ ਪੈਰ ਆਪਣੇ ਹੰਝੂਆਂ ਨਾਲ ਧੋ ਰਿਹਾ ਸੀ।

ਸਰਪੰਚ ਨੇ ਰਾਣੋ ਦੇ ਸਿਰ 'ਤੇ ਹੱਥ ਰੱਖਿਆ ਤੇ ਉਹਦੀ ਮਾਂ ਨੂੰ ਕਿਹਾ, "ਭੈਣ ਜੀ, ਕਿਸੇ ਚੀਜ਼ ਦੀ ਲੋੜ ਹੋਵੇ ਤੇ ਮੈਨੂੰ ਦੱਸਣਾ। ਇਹ ਮੇਰੀ ਵੀ ਤਾਂ ਧੀ ਹੈ।"

**ਭੋਲਾ ਰਾਮ ਗੱਪਾਂ ਮਾਰਨ ਵਿਚ ਬੜਾ ਮਾਹਿਰ ਸੀ। ਜਦ ਕਰਜ਼ਾ ਲੈਣ ਜਾਂਦਾ ਤਾਂ ਐਸੀ ਗੱਪ ਛਡਦਾ ਕਿ ਦੂਜੇ ਨੂੰ ਉਹਦੇ ਪੈਸੇ ਦੂਣੇ ਵਾਪਸ ਮਿਲਣ ਦੀ ਉਮੀਦ ਦਿਵਾ ਦਿੰਦਾ। ਪਰ ਸਮਾਂ ਆਉਣ 'ਤੇ ਕੋਈ ਨਾ ਕੋਈ ਬਹਾਨਾ ਘੜ ਦਿੰਦਾ। ਬਹਾਨੇ ਵੀ ਐਸੇ ਕਿ ਪੈਸੇ ਲੈਣ ਵਾਲਾ, ਉਹਨੂੰ ਕੁਝ ਹੋਰ ਪੈਸੇ ਦੇ ਕੇ ਘਰ ਮੁੜਦਾ। ਕਿਸੇ ਹੋਰ ਪਿੰਡ ਵਿਚ ਰਹਿੰਦੇ ਆਪਣੇ ਦੋ ਭਰਾਵਾਂ ਲਈ, ਗਰੀਬੀ ਜਾਂ ਬਿਮਾਰੀ ਦਾ ਬਹਾਨਾ ਲਾ ਕੇ, ਉਸ ਨੇ ਲੋਕਾਂ ਤੋਂ ਕਈ ਵਾਰ ਪੈਸੇ ਮਠੋਰੇ ਸਨ। ਆਪਣੇ ਚਾਚੇ, ਮਾਮੇ ਤੇ ਤਾਇਆਂ ਨੂੰ ਤਾਂ ਗੱਲਾਂ ਗੱਲਾਂ ਵਿਚ ਉਹ ਕਈ ਵਾਰ ਮਾਰ ਚੁਕਾ ਸੀ, ਸਿਰਫ ਉਧਾਰ ਲੈਣ ਖਾਤਰ। ਕਈਆਂ ਨੂੰ ਤਾਂ ਬਾਅਦ ਵਿਚ ਭੋਲੇ ਦੀ ਬੀਵੀ ਤੋਂ ਪਤਾ ਲੱਗਾ ਕਿ ਅਜਿਹੇ ਨਾਂਵਾਂ ਦਾ ਉਹਦਾ ਕੋਈ ਰਿਸ਼ਤੇਦਾਰ ਕਦੇ ਹੈ ਹੀ ਨਹੀਂ ਸੀ।**

# ਮਿੰਨੀ ਕਹਾਣੀਆਂ

## ਸਬਕ

ਪਲਾਟ ਦੀ ਰਜਿਸਟਰੀ ਕਰਵਾ ਮੈਂ ਮਠਿਆਈ ਦਾ ਡੱਬਾ ਲੈ ਘਰ ਆਇਆ ਤਾਂ ਸ੍ਰੀਮਤੀ ਆਂਢ-ਗੁਆਂਢ ਗਈ ਹੋਈ ਸੀ। ਮੈਂ ਬੱਚਿਆਂ ਦਾ ਮੂੰਹ ਮਿੱਠਾ ਕਰਵਾਉਂਦਿਆਂ ਦੱਸਿਆ ਕਿ ਆਪਾਂ ਨਵਾਂ ਪਲਾਟ ਲਿਐ, ਜਿੱਥੇ ਇਸ ਘਰ ਤੋਂ ਵੀ ਵੱਡਾ ਤੇ ਸੋਹਣਾ ਘਰ ਪਾਵਾਂਗੇ।

"ਪਾਪਾ, ਨਵਾਂ ਘਰ ਮੇਰਾ ਹੋਊ ਜਾਂ ਦੀਦੀ ਦਾ?" ਬੇਟੇ ਨੇ ਚਾਅ ਵਿਚ ਟੱਪਦਿਆਂ ਪੁੱਛਿਆ।

"ਪੁੱਤ ਤੇਰਾ, ਤੇਰੀ ਦੀਦੀ ਦਾ, ਆਪਣਾ ਸਭ ਦਾ।" ਮੈਂ ਖੁਸ਼ੀ ਦੇ ਰੌਂਅ ਵਿਚ ਜਵਾਬ ਦਿੱਤਾ।

"ਕੁੜੀਆਂ ਦੇ ਤਾਂ ਘਰ ਹੁੰਦੇ ਹੀ ਨਹੀਂ।" ਬੇਟੀ ਨੇ ਹਥਲਾ ਖਿਡੌਣਾ ਪਾਸੇ ਰੱਖਦਿਆਂ ਉਦਾਸ ਸੁਰ ਵਿਚ ਕਿਹਾ।

"ਕਿਉਂ ਪੁੱਤ, ਘਰ ਤੇਰਾ ਵੀ ਉਨਾ ਹੀ ਹੋਵੇਗਾ, ਜਿੰਨਾ ਵੀਰੇ ਦਾ।" ਮੈਂ ਡੱਬਾ ਪਾਸੇ ਰੱਖਦਿਆਂ ਜਵਾਬ ਦਿੱਤਾ।

"ਨਹੀਂ ਪਾਪਾ, ਜਦੋਂ ਤੁਸੀਂ ਮੰਮੀ ਨਾਲ ਗੁੱਸੇ ਹੁੰਦੇ ਹੋ ਤਾਂ ਕਹਿੰਦੇ ਹੋ, ਮੇਰੇ ਘਰ ਇਹ ਨਹੀਂ ਚੱਲਣਾ। ਇਹ ਘਰ ਤਾਂ ਤੁਹਾਡਾ ਹੋਇਆ, ਮੰਮੀ ਦਾ ਥੋੜ੍ਹਾ।" ਬੇਟੀ ਦੇ ਜਵਾਬ ਨੇ ਮੇਰੇ ਅੰਦਰ ਤੂਫਾਨ ਲਿਆ ਦਿੱਤਾ ਸੀ। ਸ਼ਾਇਦ ਇੰਨੀ ਨਮੋਸ਼ੀ ਕਿਸੇ ਅਦਾਲਤ ਦੀ ਸਜਾ ਨਾਲ ਨਾ ਹੁੰਦੀ, ਜਿੰਨੀ ਧੀ ਦੇ ਲਫਜ਼ਾਂ ਨੇ ਕਰ ਦਿੱਤੀ ਸੀ। ਮੇਰੀਆਂ ਅੱਖਾਂ ਧੀ ਦੇ ਸਾਹਮਣੇ ਝੁਕ ਗਈਆਂ ਸਨ।

---

## ਦਾਨ

"ਮੰਮੀ, ਆਪਾਂ ਵੀ ਛੋਲੀਆ ਲਈਏ।" ਬੱਚੀ ਨੇ ਬੜੀ ਖਾਹਿਸ਼ ਨਾਲ ਮਾਂ ਨੂੰ ਕਿਹਾ। ਰੇਟ ਸੁਣ ਉਸ ਨੇ ਆਪਣਾ ਛੋਟਾ ਜਿਹਾ ਪਰਸ ਖੋਲ੍ਹਿਆ ਤੇ ਵੇਖ ਕੇ ਕਿਹਾ, "ਵੀਰਾ ਇਕ ਕਿਲੋ ਆਲੂ ਦੇਣਾ।"

ਬੱਚੀ ਨੇ ਮਾਂ ਦਾ ਹੱਥ ਫੜ ਕੇ ਕੁਝ ਕਹਿਣਾ ਚਾਹਿਆ ਪਰ ਮਾਂ ਨੇ ਚੁੱਪ ਕਰਾਉਂਦਿਆਂ ਕਿਹਾ, "ਪੁੱਤ ਅੱਜ ਤਾਂ ਸਾਰੇ ਪੈਸੇ ਡਾਕਟਰ ਨੇ ਲੈ ਲਏ। ਫਿਰ ਕਿਸੇ ਦਿਨ ਲਵਾਂਗੇ ਜਾਂ ਪਿੰਡ ਸਾਈਕਲ ਵਾਲੇ ਤੋਂ ਲੈ ਲਵਾਂਗੇ।"

ਜਵਾਬ ਸੁਣ ਕੇ ਬੱਚੀ ਬੜੀ ਮਾਯੂਸ ਹੋ ਗਈ। ਬੱਚੀ ਬੜੀ ਪਿਆਰੀ ਤੇ ਮਾਸੂਮ ਸੀ। ਮੈਂ ਵੀ ਛੋਲੀਆ ਲੈ ਕੇ ਹੋਰ ਸਮਾਨ ਲੈਣ ਲਈ ਖੜ੍ਹਾ ਸੀ। ਰੇੜ੍ਹੀ ਵਾਲੇ ਕੋਲ ਛੋਲੀਏ ਦੀਆਂ ਤਿੰਨ ਚਾਰ ਗੁੱਟੀਆਂ ਹੀ ਸਨ। ਤਾਜ਼ਾ-ਤਾਜ਼ਾ ਆਇਆ ਹੋਣ ਕਰਕੇ ਪੰਜਾਹ ਰੁਪਏ ਦੇ ਹਿਸਾਬ ਵੇਚ ਰਿਹਾ ਸੀ। ਮੇਰਾ ਧਿਆਨ ਵਾਰ-ਵਾਰ ਬੱਚੀ ਦੇ ਉਦਾਸ ਚਿਹਰੇ ਵੱਲ ਜਾ ਰਿਹਾ ਸੀ, ਜੋ ਅਧੂਰੀ ਖਾਹਿਸ਼ ਕਾਰਨ ਚੁੱਪ ਚਾਪ ਖੜ੍ਹੀ ਸੀ। ਮੈਂ ਚਾਹੁੰਦਿਆਂ ਵੀ ਕੁਝ ਨਾ ਕਰ ਸੁਕਿਆ ਕਿ ਔਰਤ ਪਤਾ ਨਹੀਂ ਕੀ ਸੋਚੇ।

ਖੜ੍ਹਿਆਂ-ਖੜ੍ਹਿਆਂ ਹੀ ਇੱਕ ਔਰਤ ਆਈ, ਜੋ ਪਹਿਰਾਵੇ ਤੋਂ ਅਮੀਰ ਲੱਗਦੀ ਸੀ। ਉਸ ਨੇ ਛੋਲੀਏ ਦਾ ਭਾਅ ਪੁੱਛਿਆ। ਉਸ ਔਰਤ ਨੇ ਤਿੰਨੇ ਗੁੱਟੀਆਂ ਸੌ ਰੁਪਏ ਵਿਚ ਦੇਣ ਲਈ ਕਿਹਾ, ਪਰ ਰੇੜ੍ਹੀ ਵਾਲਾ ਕਿਸੇ ਵੀ ਹਾਲਤ ਵਿਚ ਨਹੀਂ ਸੀ ਮੰਨ ਰਿਹਾ।

"ਮੈਂ ਤਾਂ ਦਾਨ ਕਰਨਾ, ਤੈਨੂੰ ਵੀ ਫਲ ਮਿਲੂ।" ਉਸ ਔਰਤ ਨੇ ਭਾਅ ਘਟਾਉਣ ਲਈ ਆਖਰੀ ਹੰਭਲਾ ਮਾਰਿਆ। ਮੈਨੂੰ ਲੱਗਾ, ਔਰਤ ਇਸ ਗਰੀਬ ਬੱਚੀ ਦੀ ਮੰਗ ਪੂਰੀ ਕਰੇਗੀ, ਸ਼ਾਇਦ ਰੇੜ੍ਹੀ ਵਾਲੇ ਦੀ ਵੀ ਇਹੋ ਅੰਦਾਜ਼ਾ ਲਾ ਰਿਹਾ ਸੀ, ਪਰ ਮੈਥੋਂ ਪੰਜਾਹ ਰੁਪਏ ਲੈਣ ਕਰਕੇ ਝਿਜਕ ਰਿਹਾ ਸੀ। ਮੈਂ ਕਿਹਾ, ਜੇ ਤੈਨੂੰ ਵਾਰਾ ਖਾਂਦਾ ਤਾਂ ਦੇ ਦੇਹ, ਮੈਨੂੰ ਕੋਈ ਇਤਰਾਜ਼ ਨਹੀਂ।

"ਸਰਦਾਰ ਜੀ, ਵਾਰਾ ਤਾਂ ਨਹੀਂ ਖਾਂਦਾ, ਚਾਲੀ ਰੁਪਏ ਖਰੀਦ ਹੈ, ਚਲੋ ਦਾਨ ਸਹੀ।" ਪੁੰਨ ਦਾਨ ਦੇ ਨਾਂ 'ਤੇ ਉਹ ਵੀ ਘਾਟਾ ਖਾਣ ਲਈ ਤਿਆਰ ਸੀ। ਉਸ ਨੇ ਸੌ ਰੁਪਏ ਲੈ ਤਿੰਨੇ ਗੁੱਟੀਆਂ ਚੁਕਾ ਦਿੱਤੀਆਂ। ਔਰਤ ਨੇ ਛੋਲੀਆ ਚੁੱਕਿਆ ਤੇ ਚੌਂਕ ਵੱਲ ਤੁਰ ਪਈ। ਚੌਂਕ ਵਿਚ ਪਸ਼ੂਆਂ ਦਾ ਝੁੰਡ ਸੜਕ ਕਿਨਾਰੇ ਬੈਠਾ ਸੀ। ਔਰਤ ਨੇ ਛੋਲੀਆ ਉਨ੍ਹਾਂ ਅੱਗੇ ਲਿਜਾ ਸੁਟਿਆ। ਪਸ਼ੂਆਂ ਨੇ ਡਾਲ-ਡਾਲ ਆਈ ਤੇ ਕੁਝ ਉਨ੍ਹਾਂ ਦੀ ਖਿੱਚ ਧੂਹ ਵਿਚ ਪੈਰਾਂ ਥੱਲੇ ਮਿੱਧਿਆ ਗਿਆ। ਬੱਚੀ, ਰੇੜ੍ਹੀ ਵਾਲਾ ਤੇ ਮੈਂ ਉਧਰ ਹੀ ਦੇਖ ਰਹੇ ਸਾਂ। ਬੱਚੀ ਦੀਆਂ ਅੱਖਾਂ ਵਿਚ ਅਜੇ ਵੀ ਅੱਥਰੂ ਡਲ੍ਹਕ ਰਹੇ ਸਨ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

# ਲਤੀਫਾ

## ਪਿਆਰ

ਅੱਜ ਤੋਂ ਸੱਠ ਕੁ ਸਾਲ ਪਹਿਲਾਂ ਸ਼ਤੀਰਾਂ ਅਤੇ ਬਾਲਿਆਂ ਵਾਲੀਆਂ ਛੱਤਾਂ ਵਿਚ ਕਿਸੇ ਨਾ ਕਿਸੇ ਤਰ੍ਹਾਂ ਚਿੜੀਆਂ ਆਲ੍ਹਣੇ ਬਣਾ ਹੀ ਲੈਂਦੀਆਂ ਸਨ। ਕਿਸੇ ਗੱਲੋਂ ਰੁੱਸੇ ਪਤੀ ਨੂੰ ਬਿਸਤਰੇ 'ਤੇ ਲੇਟਿਆਂ ਪਤਨੀ ਨੇ ਕਿਹਾ, "ਜੀ ਦੇਖੋ, ਉਹ ਚਿੜਾ ਆਪਣੀ ਚਿੜੀ ਨੂੰ ਕਿੰਨਾ ਪਿਆਰ ਕਰ ਰਿਹਾ ਹੈ। ਇਹਨੂੰ ਰੋਜ਼ ਹੀ ਇਸੇ ਤਰ੍ਹਾਂ ਕਰਦੇ ਨੂੰ ਮੈਂ ਦੇਖਦੀ ਹਾਂ।"

ਪਤੀ ਬੋਲਿਆ, "ਹਾਂ ਮੈਂ ਵੀ ਦੇਖਦਾਂ, ਹਰ ਰੋਜ਼ ਇਸ ਨਾਲ ਨਵੀਂ ਚਿੜੀ ਹੁੰਦੀ ਹੈ।"

-ਵਾਸਦੇਵ ਸਿੰਘ ਪਰਹਾਰ
ਫੋਨ: 206-434-1155

# ਆਤਿਸ਼-ਏ-ਚਿਨਾਰ: ਕਸ਼ਮੀਰ ਦੀ ਕਹਾਣੀ

***ਕਸ਼ਮੀਰ ਅੱਜ ਕੱਲ੍ਹ ਅੱਗ ਦੀਆਂ ਲਾਟਾਂ ਦਾ ਸੇਕ ਝੱਲ ਰਿਹਾ ਹੈ। ਕਸ਼ਮੀਰੀ ਆਗੂ ਸ਼ੇਖ ਅਬਦੁਲਾ ਨੇ ਆਪਣੀ ਸਵੈ-ਜੀਵਨੀ 'ਆਤਿਸ਼-ਏ-ਚਿਨਾਰ' ਵਿਚ ਕਸ਼ਮੀਰ ਦੀ ਜੋ ਗਾਥਾ ਬਿਆਨ ਕੀਤੀ ਹੈ, ਉਹ ਬੜੀ ਦਿਲਚਸਪ ਹੈ। ਇਸ ਕਿਤਾਬ ਬਾਰੇ ਚਰਚਾ ਡਾ. ਪਰਮਜੀਤ ਢੀਂਗਰਾ ਨੇ ਇਸ ਲੇਖ ਵਿਚ ਕੀਤੀ ਹੈ। ਰਤਾ ਕੁ ਗਹੁ ਨਾਲ ਪੜ੍ਹਿਆਂ ਕਸ਼ਮੀਰ ਦੇ ਅੱਜ ਦੇ ਸੰਕਟ ਦੇ ਝਲਕਾਰੇ ਇਸ ਲਿਖਤ 'ਚੋਂ ਸਹਿਜੇ ਹੀ ਮਿਲ ਜਾਂਦੇ ਹਨ। -ਸੰਪਾਦਕ***

ਕਸ਼ਮੀਰ ਨੂੰ ਧਰਤੀ ਦਾ ਸਵਰਗ ਕਿਹਾ ਜਾਂਦਾ ਹੈ। ਕੁਦਰਤ ਨੇ ਇਸ ਧਰਤੀ ਨੂੰ ਜਿੰਨੀ ਸੁੰਦਰਤਾ, ਆਨੰਦ ਅਤੇ ਸ਼ਕਤੀ ਦਿੱਤੀ ਹੈ, ਮਨੁੱਖ ਦੀ ਸੌੜੀ ਸੋਚ ਅਤੇ ਸਿਆਸੀ ਮੰਤਵਾਂ ਨੇ ਇਸ ਨੂੰ ਓਨਾ ਹੀ ਬਦਹਾਲ ਬਣਾ ਦਿੱਤਾ ਹੈ। ਇੰਜ ਜਾਪਦਾ ਹੈ, ਜਿਵੇਂ ਇਸ ਦੇ ਸੋਹਣੇ ਮੁਖੜੇ ਨੂੰ ਕਿਸੇ ਦੀ ਮਾੜੀ ਨਜ਼ਰ ਲੱਗ ਗਈ ਹੋਵੇ ਤੇ ਇਹਦੀ ਰੂਹ ਧੁਰ ਅੰਦਰ ਤਕ ਸਰਾਪੀ ਗਈ ਹੋਵੇ। ਇਹਦੇ ਠੰਢੇ, ਮਿੱਠੇ ਪਾਣੀਆਂ ਵਿਚ ਘੁਲਿਆ ਲਹੂ ਤੇ ਹਵਾ ਵਿਚਲੀ ਬਾਰੂਦੀ ਮੁਸ਼ਕ ਨੇ ਇਹਦਾ ਸਾਹ ਤਕ ਨੱਪ ਲਿਆ ਹੈ। ਫੌਜੀਆਂ ਅਤੇ ਅਰਧ-ਫੌਜੀਆਂ ਦੀਆਂ ਧਾੜਾਂ ਤੇ ਜ਼ੁਲਮ-ਓ-ਸਿਤਮ ਦੀ ਹਨੇਰੀ ਸੁਰੰਗ ਵਿਚ ਚਿਨਾਰ ਅਤੇ ਜ਼ਾਫਰਾਨ (ਕੇਸਰ) ਘੁਲ ਮਿਲ ਕੇ ਲਹੂ ਰੰਗੇ ਹੋ ਗਏ ਨੇ। 'ਆਤਿਸ਼-ਏ-ਚਿਨਾਰ' ਉਰਦੂ ਦੀ ਸ਼ਾਹਕਾਰ ਰਚਨਾ ਹੀ ਨਹੀਂ, ਸਗੋਂ ਕਸ਼ਮੀਰੀ ਅਵਾਮ ਦੇ ਪ੍ਰਸੰਗ ਵਿਚ ਇਹ ਅਹਿਮ ਦਸਤਾਵੇਜ਼ ਹੈ। ਜਿਸ ਤਰ੍ਹਾਂ ਮੌਲਾਨਾ ਅਬੁਲ ਕਲਾਮ ਆਜ਼ਾਦ ਦੀ ਸਵੈ-ਜੀਵਨੀ 'ਇੰਡੀਆ ਵਿਨਜ਼ ਫਰੀਡਮ' ਹਿੰਦ-ਪਾਕਿ ਮਹਾਂਦੀਪ ਵਿਚ



**ਡਾ. ਪਰਮਜੀਤ ਢੀਂਗਰਾ**

ਚਰਚਾ ਦਾ ਵਿਸ਼ਾ ਰਹੀ ਹੈ, ਉਵੇਂ ਦਾ ਹੀ ਰੁਤਬਾ 'ਆਤਿਸ਼-ਏ-ਚਿਨਾਰ' ਨੂੰ ਪ੍ਰਾਪਤ ਹੈ। ਇਹ ਦੋਵੇਂ ਸਵੈ-ਜੀਵਨੀ ਲਿਖਤਾਂ ਦੋਵੇਂ ਮਹਾਨ ਸ਼ਖਸੀਅਤਾਂ ਦੇ ਦੇਹਾਂਤ ਤੋਂ ਬਾਅਦ ਪ੍ਰਕਾਸ਼ਿਤ ਹੋਈਆਂ। ਦੋਵੇਂ ਹੀ ਲਿਖੀਆਂ ਨਹੀਂ ਸਗੋਂ ਲਿਖਾਈਆਂ ਗਈਆਂ ਹਨ। ਫਰਕ ਸਿਰਫ ਇੰਨਾ ਹੈ ਕਿ ਮੌਲਾਨਾ ਦੀ ਸਵੈ-ਜੀਵਨੀ ਉਰਦੂ ਦਾ ਅੰਗਰੇਜ਼ੀ ਅਨੁਵਾਦ ਹੈ, ਜਦੋਂਕਿ ਆਤਿਸ਼-ਏ-ਚਿਨਾਰ ਨੂੰ ਸ਼ੇਖ ਅਬਦੁਲਾ ਨੇ ਮੂਲ ਰੂਪ ਵਿਚ ਹੀ ਰਹਿਣ ਦਿੱਤਾ ਹੈ। ਮੌਲਾਨਾ ਨੇ ਬੜੇ ਸੰਜਮ ਅਤੇ ਸੰਖੇਪ ਤੋਂ ਕੰਮ ਲਿਆ ਹੈ ਜਦੋਂਕਿ ਸ਼ੇਰ-ਏ-ਕਸ਼ਮੀਰ ਜਨਾਬ ਸ਼ੇਖ ਸਾਹਿਬ ਨੇ ਬੜੇ ਵਿਸਥਾਰ ਵਿਚ ਉਨ੍ਹਾਂ ਘਟਨਾਵਾਂ ਦੀਆਂ ਪਰਤਾਂ ਖੋਲ੍ਹੀਆਂ ਹਨ ਜਿਨ੍ਹਾਂ ਨਾਲ ਕਸ਼ਮੀਰੀ ਅਵਾਮ ਦਾ ਜੀਣਾ ਮਰਨਾ ਜੁੜਿਆ ਹੋਇਆ ਹੈ।

ਕਸ਼ਮੀਰੀ ਜੱਦੋਜਹਿਦ ਦੀ ਮੂਲ ਪ੍ਰੇਰਨਾ ਵਿਚ ਡਾ. ਇਕਬਾਲ ਦੀ ਸ਼ਖਸੀਅਤ, ਕਵਿਤਾ ਅਤੇ ਵਿਚਾਰਧਾਰਾ ਦਾ ਬੜਾ ਵੱਡਾ ਰੋਲ ਰਿਹਾ ਹੈ। ਉਹਦਾ ਦਿਲ ਹਮੇਸ਼ਾਂ ਕਸ਼ਮੀਰੀ ਅਵਾਮ ਦੇ ਦੁੱਖਾਂ ਦਰਦਾਂ ਨਾਲ ਤੜਫਦਾ ਰਿਹਾ ਹੈ। ਆਪਣੀਆਂ ਬਹੁਤ ਸਾਰੀਆਂ ਫਾਰਸੀ ਅਤੇ ਉਰਦੂ ਨਜ਼ਮਾਂ ਵਿਚ ਉਹਨੇ ਕਸ਼ਮੀਰ ਦੀ ਦੁਰਦਸ਼ਾ ਅਤੇ ਉਥੋਂ ਦੇ ਆਵਾਮ ਦੇ ਸ਼ੋਸ਼ਣ ਬਾਰੇ ਭਰਵੇਂ ਰੂਪ ਵਿਚ ਪ੍ਰਤੀਕਿਰਿਆ ਪ੍ਰਗਟਾਈ ਹੈ। ਇਸ ਤੋਂ ਇਲਾਵਾ ਉਸ ਨੇ ਆਲ ਇੰਡੀਆ ਕਸ਼ਮੀਰ ਕਮੇਟੀ ਦੇ ਪ੍ਰਧਾਨ ਵਜੋਂ ਮੁਸਲਿਮ ਲੀਗ ਵਿਚ ਦਿੱਤੇ ਆਪਣੇ ਪ੍ਰਧਾਨਗੀ ਭਾਸ਼ਨਾਂ ਵਿਚ ਵੀ ਕਸ਼ਮੀਰ ਦੀ ਸਮੱਸਿਆ ਨੂੰ ਪਹਿਲ ਦਿੱਤੀ। ਕਸ਼ਮੀਰੀ ਆਵਾਮ ਵਿਚ ਜਾਗ੍ਰਿਤੀ ਦਾ ਕਾਰਨ ਇਕਬਾਲ ਦੀਆਂ ਨਜ਼ਮਾਂ ਅਤੇ ਗ਼ਜ਼ਲਾਂ ਸਨ। ਪਿੱਛੇ ਜਿਹੇ ਇਰਾਨ ਦੇ ਰਾਸ਼ਟਰਪਤੀ ਖੁਮੇਨੀ ਅਤੇ ਇਰਾਨੀ ਵਿਦਵਾਨ ਡਾ. ਅਲੀ ਸ਼ਰੀਅਤੀ ਨੇ ਵੀ ਦਾਅਵਾ ਕੀਤਾ ਸੀ ਕਿ ਇਰਾਨ ਦੇ ਵਰਤਮਾਨ ਇਨਕਲਾਬ ਪਿੱਛੇ ਵੀ ਮੂਲ ਪ੍ਰੇਰਨਾ ਇਕਬਾਲ ਦੇ ਵਿਚਾਰਾਂ ਦੀ ਹੈ, ਕਿਉਂਕਿ ਉਹ ਸਭ ਤੋਂ ਪਹਿਲਾਂ ਇਰਾਨੀਆਂ ਨੂੰ ਹੀ ਮੁਖਾਤਬ ਹੋਇਆ ਸੀ।

ਸ਼ੇਰ-ਏ-ਕਸ਼ਮੀਰ ਸ਼ੇਖ ਅਬਦੁੱਲਾ ਨੇ ਆਪਣੀ ਸਵੈ-ਜੀਵਨੀ ਦਾ ਨਾਂ 'ਆਤਿਸ਼-ਏ-ਚਿਨਾਰ' ਵੀ ਇਕਬਾਲ ਦੇ ਇਸ ਸ਼ਿਅਰ ਤੋਂ ਲਿਆ ਹੈ:

ਜਿਸ ਖਾਨ ਕੇ ਜ਼ਮੀਰ ਮੇਂ
ਹੋ ਆਤਿਸ਼ੇ-ਚਿਨਾਰ,
ਮੁਮਕਿਨ ਨਹੀਂ ਕਿ ਸਰਦ ਹੋ
ਵੋ ਖਾਕੇ-ਅਰਜ਼ਮੰਦ।

ਅੱਗ ਜ਼ਿੰਦਗੀ, ਜੋਸ਼ ਤੇ ਗਤੀ ਦੀ ਪ੍ਰਤੀਕ ਹੈ ਅਤੇ ਚਿਨਾਰ ਕਸ਼ਮੀਰ ਦੀ ਸ਼ਨਾਖਤ ਹੈ। ਇਸ ਸ਼ਿਅਰ ਵਿਚ ਕਸ਼ਮੀਰ ਦੇ ਸੁਨਹਿਰੀ ਭਵਿਖ ਦੀ ਕਾਮਨਾ ਹੈ ਤੇ ਉਹਨੂੰ ਪੂਰਾ ਯਕੀਨ ਹੈ ਕਿ ਉਹਦੇ ਖੂਬਸੂਰਤ ਵਤਨ ਦਾ ਮੁਕੱਦਰ ਉਜਲਾ ਹੋਵੇਗਾ। ਇਸ ਤਰ੍ਹਾਂ 'ਆਤਿਸ਼-ਏ-ਚਿਨਾਰ' ਦਾ ਇਹ ਦੋ ਹਰਫੀ ਵਾਕੰਸ਼ ਸ਼ੇਖ ਸਾਹਿਬ ਦੀ ਜ਼ਿੰਦਗੀ ਦਾ ਮਕਸਦ ਬਣ ਗਿਆ।

ਕਸ਼ਮੀਰੀਆਂ ਦੀ ਜ਼ਿੰਦਗੀ ਨੂੰ ਸਭ ਤੋਂ ਵੱਡਾ ਅਜ਼ਾਬ ਅਕਬਰ ਮਹਾਨ ਦੇ ਸਮੇਂ ਲੱਗਿਆ, ਜਦੋਂ ਉਹਨੇ ਫਰਮਾਨ ਜਾਰੀ ਕਰਕੇ ਕਸ਼ਮੀਰੀਆਂ ਦੇ ਹਥਿਆਰ ਰੱਖਣ ਅਤੇ ਬੰਨ੍ਹਣ 'ਤੇ ਪਾਬੰਦੀ ਲਾ ਦਿੱਤੀ। ਇਹਦਾ ਵੱਡਾ ਕਾਰਨ ਇਹ ਸੀ ਕਿ ਕਿਤੇ ਉਹ ਆਪਣੀ ਗੁਆਚੀ ਹੋਈ ਆਜ਼ਾਦੀ ਪ੍ਰਾਪਤ ਕਰਨ ਲਈ ਲਾਮਬੰਦ ਨਾ ਹੋ ਜਾਣ। ਕਸ਼ਮੀਰੀਆਂ ਨੂੰ ਆਪਣੀ ਧਰਤੀ 'ਤੇ ਅਲੱਗ-ਥਲੱਗ ਕਰਨ ਦਾ ਇਹ ਪਹਿਲਾ ਯਤਨ ਸੀ। ਬਰਤਾਨਵੀ ਹਾਕਮਾਂ ਨੇ ਵੀ ਇਸੇ ਨੀਤੀ ਨੂੰ ਅਪਣਾਇਆ ਤੇ ਹਿੰਦੁਸਤਾਨੀਆਂ ਨੂੰ ਮਾਰਸ਼ਲ ਤੇ ਨਾਨ-ਮਾਰਸ਼ਲ ਕੌਮਾਂ ਵਿਚ ਵੰਡ ਦਿੱਤਾ। ਕਸ਼ਮੀਰ ਦੇ ਪਹਿਲੇ ਰਾਜਿਆਂ, ਜਿਨ੍ਹਾਂ ਵਿਚ ਪਠਾਣ, ਸਿੱਖ ਤੇ ਡੋਗਰੇ ਸ਼ਾਮਲ ਹਨ, ਨੇ ਵੀ ਇਹੀ ਨੀਤੀ ਅਪਣਾਈ ਰੱਖੀ। ਕਸ਼ਮੀਰੀਆਂ ਦਾ ਸ਼ੋਸ਼ਣ ਕਰਨ ਲਈ ਹਿੰਦੂ ਰਾਜਿਆਂ ਨੇ ਨਵਾਂ ਨੇਮ ਲਾਗੂ ਕਰ ਦਿੱਤਾ ਜਿਸ ਨੂੰ 'ਦਾਗ਼-ਸ਼ਾਲ' ਕਿਹਾ ਜਾਂਦਾ ਸੀ। ਇਸ ਬਾਰੇ ਵਿਭਾਗ ਵੀ ਕਾਇਮ ਕੀਤਾ ਗਿਆ ਜਿਸ ਵਿਚ ਕਰਿੰਦੇ ਤੋਂ ਲੈ ਕੇ ਅਫਸਰ ਤਕ ਸਾਰੇ ਹਿੰਦੂ ਸਨ। ਕਰਿੰਦੇ ਹਰ ਬੁਣੀ ਗਈ ਸ਼ਾਲ 'ਤੇ ਸਰਕਾਰੀ ਮੋਹਰ ਦਾਗ ਦਿੰਦੇ ਸਨ ਤਾਂ ਕਿ ਟੈਕਸ ਆਦਿ ਦੇਣ ਤੋਂ ਕੋਈ ਬਚ ਨਾ ਸਕੇ। ਇਹ ਵੀ ਸਪਸ਼ਟ ਹੈ ਕਿ ਸ਼ਾਲ ਬੁਣਕਰ ਸਾਰੇ ਕਸ਼ਮੀਰੀ ਮੁਸਲਮਾਨ ਸਨ। ਮੁਗਲਾਂ ਨੇ ਭਾਵੇਂ ਕਸ਼ਮੀਰੀਆਂ 'ਤੇ ਅਨੇਕਾਂ ਪਾਬੰਦੀਆਂ ਲਾਈਆਂ ਹੋਈਆਂ ਸਨ ਪਰ ਇਸ ਦੇ ਬਾਵਜੂਦ ਕਸ਼ਮੀਰੀਆਂ ਨੇ ਨਿਸ਼ਾਤ ਬਾਗ, ਸ਼ਾਲੀਮਾਰ ਬਾਗ, ਚਸ਼ਮਾ ਸ਼ਾਹੀ, ਪੱਥਰ ਮਸਜਿਦ ਜਿਹੀਆਂ ਖੂਬਸੂਰਤ ਯਾਦਗਾਰਾਂ ਦੇ ਤੋਹਫੇ ਦਿੱਤੇ।

ਡੋਗਰੇ ਰਾਜਿਆਂ ਨੇ ਕਈ ਕਾਨੂੰਨੀ ਬਰੀਕੀਆਂ ਅਤੇ ਵਿਧੀ ਵਿਧਾਨਾਂ ਦੁਆਰਾ ਕਸ਼ਮੀਰੀ ਮੁਸਲਮਾਨਾਂ ਨੂੰ ਉਚ ਸਿੱਖਿਆ ਦੇਣ 'ਤੇ ਪਾਬੰਦੀਆਂ ਲਾਈਆਂ ਹੋਈਆਂ ਸਨ। ਮਹਾਰਾਜਾ ਹਰੀ ਸਿੰਘ ਦਾ ਪਰਿਵਾਰ ਜੰਮੂ ਵਿਚ ਰਹਿੰਦਾ ਸੀ। ਉਸ ਦੇ ਰਾਜ ਵਿਚ ਕਸ਼ਮੀਰੀਆਂ ਦੀ ਰੱਜ ਕੇ ਲੁੱਟ ਹੋਈ। ਸਿੱਖਿਆ ਵਾਂਗ ਉਚੇਰੀਆਂ ਨੌਕਰੀਆਂ ਦੇ ਦਰਵਾਜ਼ੇ ਵੀ ਕਸ਼ਮੀਰੀਆਂ ਲਈ ਬੰਦ ਸਨ। 60 ਫੀਸਦੀ ਨਿਯੁਕਤੀਆਂ ਨਾਮਜ਼ਦਗੀ ਰਾਹੀਂ ਭਰੀਆਂ ਜਾਂਦੀਆਂ ਸਨ। ਬਾਕੀ 40 ਫੀਸਦੀ ਕੁਲੀਨ ਵਰਗਾਂ ਲਈ ਹੁੰਦੀਆਂ ਸਨ। ਜੇ ਕੋਈ ਕਸ਼ਮੀਰੀ ਕਦੇ ਕਦਾਈਂ ਰੁਕਾਵਟਾਂ ਪਾਰ ਕਰਕੇ ਨਿਯੁਕਤ ਹੋ ਵੀ ਜਾਂਦਾ ਹੈ ਤਾਂ ਕਾਨੂੰਨ ਰਾਹੀਂ ਬਿਨਾ ਕੋਈ ਕਾਰਨ ਦੱਸਿਆਂ ਉਹਦੀ ਨਿਯੁਕਤੀ ਰੱਦ ਕੀਤੀ ਜਾ ਸਕਦੀ ਸੀ। ਉਚ ਸਿੱਖਿਆ ਦੀ ਪ੍ਰਾਪਤੀ ਲਈ ਕਸ਼ਮੀਰੀਆਂ ਨੂੰ ਲਾਹੌਰ ਤੇ ਅਲੀਗੜ੍ਹ ਦਾ ਪੈਂਡਾ ਤੈਅ ਕਰਨਾ ਪੈਂਦਾ ਸੀ। ਸਿੱਖਿਆ ਪ੍ਰਾਪਤੀ ਤੋਂ ਬਾਅਦ ਬੇਰੁਜ਼ਗਾਰੀ ਉਨ੍ਹਾਂ ਲਈ ਮੂੰਹ ਅੱਡੀ ਖੜ੍ਹੀ ਹੁੰਦੀ ਸੀ। ਨਤੀਜਾ ਨਾ ਸਿੱਖਿਆ ਕਿਸੇ ਕੰਮ ਆਉਂਦੀ ਨਾ ਸ਼ਾਲ ਦੁਸ਼ਾਲੇ ਬਣਾਉਣ ਕੀ ਕਲਾ। ਵੀਹਵੀਂ ਸਦੀ ਦੇ ਆਰੰਭ ਵਿਚ ਜਦੋਂ ਇਕਬਾਲ ਕਸ਼ਮੀਰ ਆਇਆ ਤਾਂ 1930 ਤਕ ਇਹ ਹਾਲਤ ਬਰਕਰਾਰ ਸੀ। ਇਸੇ ਸਮੇਂ ਜਦੋਂ ਸ਼ੇਖ ਅਬਦੁੱਲਾ ਮੁਸਲਿਮ ਯੂਨੀਵਰਸਿਟੀ ਅਲੀਗੜ੍ਹ ਤੋਂ ਐਮ.ਐਸ.ਸੀ. ਦੀ ਡਿਗਰੀ ਲੈ ਕੇ ਕਸ਼ਮੀਰ ਪਰਤਿਆ ਤਾਂ ਇਕਬਾਲ ਨੇ ਸ਼ਿਅਰ ਲਿਖਿਆ ਸੀ:


ਸਰਮਾਂ ਕੀ ਹਵਾਓਂ ਮੇਂ
ਊਰੀਆ ਹੈ ਬਦਨ ਉਸਕਾ
ਦੇਤਾ ਹੈ ਹੁਨਰ ਜਿਸਕਾ
ਅਮੀਰੋਂ ਕੋ ਦੁਸ਼ਾਲਾ।

ਅਰਥਾਤ ਸਰਦੀਆਂ ਦੀਆਂ ਠੰਢੀਆਂ ਸ਼ੀਤ ਹਵਾਵਾਂ ਵਿਚ ਉਹ ਕਸ਼ਮੀਰ ਨੰਗਾ ਹੈ, ਜਿਸ ਦੀ ਹੁਨਰੀ ਕਲਾ ਅਮੀਰਾਂ ਲਈ ਦੁਸ਼ਾਲੇ ਬੁਣਦੀ ਹੈ।

ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ ਦੇ ਨੇੜੇ ਸੂਰ੍ਹਾ ਬਸਤੀ ਵਿਚ ਸ਼ੇਖ ਮੁਹੰਮਦ ਅਬਦੁੱਲਾ ਦਾ ਜਨਮ ਹੋਇਆ। ਉਨ੍ਹਾਂ ਦੇ ਵੱਡੇ ਵਡੇਰੇ ਸਪਰੂ ਗੋਤ ਦੇ ਕਸ਼ਮੀਰੀ ਪੰਡਿਤ ਸਨ। ਅਫਗਾਨਾਂ ਦੇ ਰਾਜ ਸਮੇਂ ਉਨ੍ਹਾਂ ਦਾ ਵਡੇਰਾ ਰਘੂ ਰਾਮ ਕਿਸੇ ਸੂਫੀ ਸੰਤ ਦੀ ਪ੍ਰੇਰਨਾ ਨਾਲ ਇਸਲਾਮ ਵਿਚ ਪ੍ਰਵੇਸ਼ ਕਰ ਗਿਆ। ਉਸ ਦਾ ਦਾਦਾ ਗੁਲਾਮ ਰਸੂਲ ਉਨ੍ਹਾਂ ਦੀ ਕੁਲ ਵਿਚੋਂ ਸੀ। ਸ਼ੇਖ ਸਾਹਿਬ ਦਾ ਪਰਿਵਾਰਕ ਕਿੱਤਾ ਵਪਾਰ ਸੀ। ਉਹ ਆਪਣੇ ਛੋਟੇ ਜਿਹੇ ਕਾਰਖਾਨੇ ਵਿਚ ਸ਼ਾਲ-ਦੁਸ਼ਾਲੇ ਤਿਆਰ ਕਰਦੇ ਤੇ ਫਿਰ ਬਾਜ਼ਾਰ ਵਿਚ ਵੇਚ ਦਿੰਦੇ। ਉਨ੍ਹਾਂ ਦੇ ਅੱਬਾ ਜਾਨ ਸ਼ੇਖ ਮੁਹੰਮਦ ਇਬਰਾਹਿਮ ਨੇ ਮੁੱਢ ਵਿਚ ਛੋਟੇ ਪੱਧਰ 'ਤੇ ਇਹ ਕਾਰੋਬਾਰ ਸ਼ੁਰੂ ਕੀਤਾ, ਪਰ ਮਿਹਨਤ, ਲਗਨ ਤੇ ਸਿਰੜ ਕਰਕੇ ਜਲਦੀ ਹੀ ਉਹ ਦਰਮਿਆਨੇ ਦਰਜੇ ਦੇ ਕਾਰਖਾਨੇਦਾਰ ਬਣ ਗਏ। ਸ਼ੇਖ ਸਾਹਿਬ ਦੇ ਪਰਿਵਾਰ ਦੀ ਹਾਲਤ ਔਸਤ ਦਰਜੇ ਦੇ ਘਰਾਣੇ ਵਾਲੀ ਸੀ। ਪਰ "ਘਰੋਂ ਬਾਹਰ ਮੇਰਾ ਸਾਰਾ ਆਲਾ-ਦੁਆਲਾ ਮਿਹਨਤ ਮਜ਼ਦੂਰੀ ਕਰਨ ਵਾਲਿਆਂ ਦਾ ਸੀ। ਮੇਰੇ ਗੁਆਂਢ ਵਿਚ ਪੱਛਮ ਵੱਲ ਸ਼ਾਲ ਬਾਫ (ਸ਼ਾਲ ਬੁਣਕਰ) ਰਹਿੰਦੇ ਸਨ,



ਉਰਦੂ ਵਿਚ ਛਪੀ 'ਆਤਿਸ਼-ਏ-ਚਿਨਾਰ' ਦਾ ਮੁਖੜਾ।




ਅੰਗਰੇਜ਼ੀ ਵਿਚ ਛਪੇ ਅਨੁਵਾਦ 'ਦਿ ਬਲੇਜ਼ਿੰਗ ਚਿਨਾਰ' ਦਾ ਮੁਖੜਾ।

ਉਤਰ ਵੱਲ ਸ਼ਾਖ ਸਾਜ਼ (ਤੀਲਿਆਂ ਦਾ ਸਾਮਾਨ ਬਣਾਉਣ ਵਾਲੇ) ਅਤੇ ਮਿਹਨਤ ਮਜ਼ਦੂਰੀ ਕਰਨ ਵਾਲਿਆਂ ਦੀਆਂ ਝੌਂਪੜੀਆਂ ਸਨ। ਪੂਰਬ ਵੱਲ ਤੇਲੀ ਅਤੇ ਰਫੂਗਰ ਰਹਿੰਦੇ ਸਨ। ਇਨ੍ਹਾਂ ਦੇ ਬੱਚਿਆਂ ਨਾਲ ਖੇਡਦਿਆਂ ਮੇਰਾ ਬਚਪਨ ਬੀਤਿਆ। ਇਨ੍ਹਾਂ ਦੀ ਗ਼ਰੀਬੀ, ਦੀਨਤਾ ਅਤੇ ਮਸਕੀਨੀਆਂ ਵਾਲੇ ਮਾਹੌਲ ਵਿਚ ਮੈਂ ਕਈ ਕੁਝ ਸਿੱਖਿਆ। ਘਰਾਂ ਦੀਆਂ ਕੱਚੀਆਂ ਕੰਧਾਂ ਮੈਨੂੰ ਦੁੱਖਾਂ ਦਰਦਾਂ ਦੀਆਂ ਉਨ੍ਹਾਂ ਲਹਿਰਾਂ ਤੋਂ ਦੂਰ ਨਹੀਂ ਸਨ ਰੱਖ ਸਕਦੀਆਂ, ਜੋ ਮੇਰੇ ਚਾਰੇ ਪਾਸੇ ਉਛਲ ਰਹੀਆਂ ਸਨ।"

ਜਦੋਂ ਸ਼ੇਖ ਸਾਹਿਬ ਨੇ ਦੁੱਖਾਂ ਦਰਦਾਂ ਵਿਚ ਪਿਸਦੇ ਕਸ਼ਮੀਰੀ ਆਵਾਮ ਨੂੰ ਆਪਣੇ ਆਲੇ-ਦੁਆਲੇ ਫੈਲੇ ਦੇਖਿਆ ਤਾਂ ਉਹ ਲਿਖਦੇ ਹਨ: 'ਅਚਾਨਕ ਮੇਰੇ ਦਿਲ ਵਿਚ ਹੂਕ ਉਠੀ ਕਿ ਮੈਂ ਆਪਣੀ ਜਾਤ ਦਾ ਕਿਲਾ ਤੋੜ ਕੇ ਜੱਦੋਜਹਿਦ ਵਿਚ ਕੁੱਦ ਪਵਾਂ ਤੇ ਮਜ਼ਲੂਮਾਂ ਨੂੰ ਜ਼ੁਲਮ-ਓ-ਸਿਤਮ ਤੋਂ ਨਿਜਾਤ ਦਿਵਾ ਸਕਾਂ ਜਾਂ ਫਿਰ ਇਸ ਜੱਦੋਜਹਿਦ ਵਿਚ ਆਪਣੀ ਜਾਨ ਦੇ ਦਿਆਂ।"

ਸ਼ੇਖ ਸਾਹਿਬ ਡਾਕਟਰ ਬਣਨਾ ਚਾਹੁੰਦੇ ਸਨ ਪਰ ਹੁਸ਼ਿਆਰ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਨਾ ਰਿਆਸਤ ਦੇ ਮੈਡੀਕਲ ਕਾਲਜ ਵਿਚ ਦਾਖਲਾ ਮਿਲਿਆ, ਨਾ ਜੰਮੂ ਦੇ ਸਾਇੰਸ ਕਾਲਜ ਵਿਚ। ਅਖੀਰ ਉਹ ਲਾਹੌਰ ਦੇ ਇਸਲਾਮੀਆ ਕਾਲਜ ਪਹੁੰਚੇ, ਜਿਥੋਂ ਉਨ੍ਹਾਂ ਬੀ.ਐਸ.ਸੀ. ਦੀ ਡਿਗਰੀ ਲਈ। ਲਾਹੌਰ ਰਹਿੰਦਿਆਂ ਹੀ ਉਨ੍ਹਾਂ ਦੀ ਮੁਲਾਕਾਤ ਕਵੀ ਇਕਬਾਲ ਨਾਲ ਹੋਈ। ਲਾਹੌਰ ਕਿਆਮ ਬਾਰੇ ਉਨ੍ਹਾਂ ਲਿਖਿਆ ਹੈ:

"ਕਸ਼ਮੀਰੀ ਮੁਸਲਮਾਨਾਂ ਨੂੰ ਮੈਂ ਵੱਡੇ-ਵੱਡੇ ਕਾਫਲਿਆਂ ਦੇ ਰੂਪ ਵਿਚ ਆਪਣੇ ਸੋਹਣੇ ਵਤਨ ਤੋਂ ਪੰਜਾਬ ਦੇ ਚਟਾਨੀ ਤੇ ਪਥਰੀਲੇ ਮੈਦਾਨਾਂ ਵੱਲ ਕੂਚ ਕਰਦਿਆਂ ਦੇਖਿਆ ਹੈ। ਇਹ ਲੋਕ ਆਪਣੀਆਂ ਹਰੀਆਂ ਭਰੀਆਂ ਵਾਦੀਆਂ ਨੂੰ ਛੱਡ ਕੇ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਪੰਜਾਬ ਵੱਲ ਰੁਖ ਕਰਦੇ। ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਉਨ੍ਹਾਂ ਦੀਆਂ ਹਰੀਆਂ-ਭਰੀਆਂ ਵਾਦੀਆਂ ਉਨ੍ਹਾਂ ਦੇ ਢਿੱਡਾਂ ਦੀ ਅੱਗ ਬੁਝਾਉਣ ਦੇ ਸਿਲਸਿਲੇ ਵਿਚ ਬਾਂਝ ਕੁੱਖਾਂ ਵਰਗੀਆਂ ਹੋ ਗਈਆਂ ਸਨ, ਹਾਲਾਂਕਿ ਜਿਨ੍ਹਾਂ ਵਿਚ ਉਗਣ ਵਾਲਾ ਘਾਹ ਵੀ ਜਾਫਰਾਨ (ਕੇਸਰ) ਬਣ ਜਾਂਦਾ ਹੈ। ਜਿਵੇਂ ਉਰਫੀ ਵਰਗੇ ਕਵੀ ਨੇ ਇਹਦੀ ਪ੍ਰਸ਼ੰਸਾ ਕਰਦਿਆਂ ਲਿਖਿਆ ਸੀ ਕਿ ਜੇ ਕੋਈ ਅੱਗ ਵਿਚ ਝੁਲਸਿਆ ਪਰਿੰਦਾ ਵੀ ਕਸ਼ਮੀਰ ਪਹੁੰਚ ਜਾਵੇ ਤਾਂ ਉਸ ਵਿਚ ਨਵੀਂ ਜ਼ਿੰਦਗੀ ਧੜਕਨ ਲੱਗਦੀ ਹੈ। ਤੇ ਉਹਦੇ ਸਰੀਰ 'ਤੇ ਨਵੇਂ ਰੋਏ ਨਿਕਲ ਆਉਂਦੇ ਹਨ। ਇਨ੍ਹਾਂ ਮਜ਼ਦੂਰਾਂ ਨੂੰ ਬਨੀਹਾਲ ਅਤੇ ਮਰੇ ਵਰਗੇ ਬਰਫਾਨੀ ਪਹਾੜ ਪੈਦਲ ਪਾਰ ਕਰਨੇ ਪੈਂਦੇ ਹਨ, ਕਈ ਵਾਰ ਪਹਾੜਾਂ ਦੀਆਂ ਚੋਟੀਆਂ ਲੰਘਦਿਆਂ ਇਹ ਬਰਫੀਲੇ ਤੂਫਾਨਾਂ ਦੀ ਭੇਟ ਚੜ੍ਹ ਜਾਂਦੇ ਹਨ। ਉਥੇ ਕਫਨ, ਦਫਨ ਦੀ ਨੌਬਤ ਹੀ ਨਹੀਂ ਆਉਂਦੀ ਤੇ ਨਾ ਜਨਾਜ਼ੇ ਅਤੇ ਫਾਤਿਹੇ ਦੀ ਲੋੜ ਪੈਂਦੀ ਹੈ।"

ਲਾਹੌਰ ਤੋਂ ਉਨ੍ਹਾਂ ਅਲੀਗੜ੍ਹ ਵੱਲ ਰੁਖ ਕੀਤਾ ਅਤੇ ਮੁਸਲਿਮ ਯੂਨੀਵਰਸਿਟੀ ਵਿਚ ਐਮ.ਐਸ.ਸੀ. ਵਿਚ ਦਾਖਲਾ ਲੈ ਲਿਆ। ਦੇਸ਼ ਵਿਚ ਇਹ ਦੌਰ ਆਜ਼ਾਦੀ ਪ੍ਰਾਪਤੀ ਲਈ ਹੋ ਰਹੇ ਅੰਦੋਲਨਾਂ ਦੇ ਸਿਖਰ ਦਾ ਸੀ। 1930 ਵਿਚ ਸ਼ੇਖ ਸਾਹਿਬ ਡਿਗਰੀ ਲੈ ਕੇ ਕਸ਼ਮੀਰ ਵਾਪਸ ਆ ਗਏ। ਉਨ੍ਹਾਂ ਨੇ ਕਸ਼ਮੀਰੀ ਆਵਾਮ ਨੂੰ ਜਾਗ੍ਰਿਤ ਕਰਨ ਦਾ ਸੰਕਲਪ ਲਿਆ ਅਤੇ ਹਾਕਮਾਂ ਦੇ ਅਨਿਆਂ ਅਤੇ ਜ਼ਿਆਦਤੀਆਂ ਖਿਲਾਫ ਜੱਦੋਜਹਿਦ ਕਰਨ ਦਾ ਮਨ ਬਣਾ ਲਿਆ। ਉਸ ਵੇਲੇ ਉਨ੍ਹਾਂ ਕੋਲ ਨਾ ਤਾਂ ਕੋਈ ਸਾਧਨ ਸਨ ਤੇ ਨਾ ਹੀ ਅਜਿਹਾ ਕੋਈ ਪਲੇਟਫਾਰਮ ਸੀ, ਨਾ ਕੋਈ ਜਥੇਬੰਦ ਸਿਆਸੀ ਦਲ ਸੀ। ਉਨ੍ਹਾਂ ਨੇ ਇਹਦੀ ਸ਼ੁਰੂਆਤ ਰੀਡਿੰਗ ਰੂਮ ਤੋਂ ਕੀਤੀ। ਅਲੀਗੜ੍ਹ ਰਹਿੰਦਿਆਂ ਉਨ੍ਹਾਂ ਨੇ ਕਸ਼ਮੀਰੀ ਆਵਾਮ ਦੇ ਭੈੜੇ ਹਾਲਾਤ ਬਾਰੇ ਕਈ ਅਖਬਾਰਾਂ ਦੇ ਸੰਪਾਦਕਾਂ ਨੂੰ ਚਿੱਠੀਆਂ ਲਿਖੀਆਂ। ਇਥੇ ਆ ਕੇ ਉਨ੍ਹਾਂ ਪਹਿਲਾਂ ਵਾਲਾ ਇਹ ਸਿਲਸਿਲਾ ਦੁਬਾਰਾ ਸ਼ੁਰੂ ਕਰ ਦਿੱਤਾ ਤੇ ਹੁਣ ਪੰਜਾਬ ਦੀਆਂ ਮੁਸਲਿਮ ਅਖਬਾਰਾਂ 'ਇਨਕਲਾਬ' ਅਤੇ 'ਜ਼ਿਮੀਦਾਰ' ਨੂੰ ਪੱਤਰ ਲਿਖਣੇ ਸ਼ੁਰੂ ਕਰ ਦਿੱਤੇ, ਨਾਲ ਹੀ ਉਨ੍ਹਾਂ ਇੰਡੀਅਨ ਸਟੇਟਸ ਦੇ ਸੰਪਾਦਕ ਰਜਨੀ ਪਾਮ ਦੱਤ ਨਾਲ ਲੰਡਨ ਵਿਚ ਸੰਪਰਕ ਬਣਾਇਆ।

ਉਦੋਂ ਸਭ ਤੋਂ ਵੱਡੀ ਮੁਸੀਬਤ ਇਹ ਸੀ ਕਿ ਕਸ਼ਮੀਰੀਆਂ ਦੇ ਹੱਕ ਦੀ ਕੋਈ ਵੀ ਆਵਾਜ਼ ਬੁਲੰਦ ਕਰਦਾ ਤਾਂ ਰਿਆਸਤ ਵਿਚ ਉਹਦਾ ਦਾਖਲਾ ਬੰਦ ਕਰ ਦਿੱਤਾ ਜਾਂਦਾ। ਉਹਨੂੰ ਗਦਾਰ ਆਖ ਕੇ ਉਹਦਾ ਵਿਰੋਧ ਕੀਤਾ ਜਾਂਦਾ ਜੋ ਅਜੇ ਤਕ ਜਾਰੀ ਹੈ। ਇਸੇ ਦੌਰਾਨ ਦੂਜੇ ਯਤਨਾਂ ਵਜੋਂ ਉਚ ਅਫਸਰਾਂ ਅਤੇ ਰਾਜਿਆਂ ਨੂੰ ਮੈਮੋਰੰਡਮ ਦੇਣ ਅਤੇ ਉਨ੍ਹਾਂ ਨੂੰ ਮਿਲ ਕੇ ਆਵਾਮ ਦੀਆਂ ਮੁਸ਼ਕਲਾਂ ਤੋਂ ਜਾਣੂ ਕਰਾਉਣ ਦਾ ਹੰਭਲਾ ਮਾਰਿਆ ਗਿਆ। ਨੌਕਰੀਆਂ ਵਿਚ ਰਾਖਵੇਂਕਰਨ ਅਤੇ ਸਕੂਲਾਂ, ਕਾਲਜਾਂ ਵਿਚ ਕਸ਼ਮੀਰੀਆਂ ਨੂੰ ਦਾਖਲੇ ਦੇਣ 'ਤੇ ਜ਼ੋਰ ਦਿੱਤਾ ਗਿਆ। ਕਸ਼ਮੀਰੀਆਂ ਵਿਚ ਚਿਣਗ ਤਾਂ ਸੀ ਲੋੜ ਬਸ ਇਕ ਚਿੰਗਾਰੀ ਦੀ ਸੀ ਕਿ ਜਵਾਲਾਮੁਖੀ ਫਟ ਗਿਆ। ਅਪਰੈਲ 1931 ਦੇ ਅਖੀਰ ਵਿਚ ਪੋਸਟਰ ਲਾਉਣ ਦੇ ਜੁਰਮ ਵਿਚ ਪੁਲਿਸ ਦੁਆਰਾ ਗ੍ਰਿਫਤਾਰ ਕੀਤੇ ਗਏ ਸ਼ਖਸ ਨੂੰ ਛੁਡਾਉਣ ਲਈ ਵੱਡੀ ਭੀੜ ਨੂੰ ਸ਼ੇਖ ਸਾਹਿਬ ਨੇ ਆਮਾ ਹਸ਼ਰ ਕਸ਼ਮੀਰੀ ਦੇ ਸ਼ਿਅਰ ਨਾਲ ਮੁਖਾਤਬ ਕੀਤਾ:

ਆਹ ਜਾਤੀ ਹੈ ਫਲਕ ਪਰ
ਰਹਿਮ ਲਾਨੇ ਕੇ ਲੀਏ,
ਬਾਦਲੋ ਹਟ ਜਾਓ ਦੇ
ਦੋ ਰਾਹ ਜਾਨੇ ਕੇ ਲੀਏ।

ਇਸ ਭਾਸ਼ਨ ਦਾ ਬੜਾ ਅਸਰ ਹੋਇਆ। ਆਵਾਮ ਜਾਗ ਉਠਿਆ। ਧੂੰਆਂਧਾਰ ਭਾਸ਼ਨਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਹਜ਼ਰਤ ਬਲ ਅਤੇ ਮੁਆਲਾ ਅਬਦੁੱਲਾ ਦੀ ਖਾਨਗਾਹ 'ਤੇ ਦਿੱਤੇ ਗਏ ਭਾਸ਼ਨ ਯਾਦਗਾਰੀ ਬਣ ਗਏ। ਸ਼ੇਖ ਸਾਹਿਬ ਦੀ ਪ੍ਰਧਾਨਗੀ ਹੇਠ 'ਆਲ ਜੰਮੂ ਐਂਡ ਕਸ਼ਮੀਰ ਮੁਸਲਿਮ ਕਾਨਫਰੰਸ' ਬਣਾਈ ਗਈ। 24 ਜੂਨ 1938 ਨੂੰ ਵੱਡੇ ਸੰਮੇਲਨ ਦੌਰਾਨ ਸ਼ੇਖ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਨੇ ਮੁਸਲਿਮ ਕਾਨਫਰੰਸ ਨੂੰ ਨੈਸ਼ਨਲ ਕਾਨਫਰੰਸ ਵਿਚ ਬਦਲ ਦਿੱਤਾ।

ਠੋਸ ਆਰਥਿਕ ਪ੍ਰੋਗਰਾਮਾਂ ਦੀ ਘਾਟ ਕਰਕੇ ਛੋਟੀਆਂ ਮੋਟੀਆਂ ਜੱਦੋਜਹਿਦਾਂ ਜਲਦੀ ਦਮ ਤੋੜ ਜਾਂਦੀਆਂ। 1944 ਵਿਚ ਸ਼ੇਖ ਸਾਹਿਬ ਨੇ 'ਨਵਾਂ ਕਸ਼ਮੀਰ ਮੈਨੀਫੈਸਟੋ' ਜਾਰੀ ਕੀਤਾ। ਇਸ ਨੇ ਉਨ੍ਹਾਂ ਨੂੰ ਬੜੀ ਸ਼ਕਤੀ ਦਿੱਤੀ, ਕਿਉਂਕਿ ਇਸ ਵਿਚ ਨਤੀਜਾ-ਬੱਧ, ਠੋਸ ਪ੍ਰੋਗਰਾਮਾਂ ਦਾ ਉਲੇਖ ਕੀਤਾ ਗਿਆ ਸੀ। ਇਸ ਦੀ ਤਿਆਰੀ ਲਈ ਉਨ੍ਹਾਂ ਨੇ ਆਪਣੇ ਅਗਾਂਹਵਧੂ ਸੋਚ ਵਾਲੇ ਮਿੱਤਰ ਬੀ.ਬੀ.ਐਲ. ਵੇਦੀ ਦੀ ਸਹਾਇਤਾ ਲਈ। ਇਸ ਤੋਂ ਇਲਾਵਾ ਮੁਹੰਮਦ ਦੀਨ ਤਾਸ਼ੀਰ, ਕੇ. ਐਮ. ਅਸ਼ਰਫ, ਦਾਨਿਆਲ ਲਤੀਫੀ ਅਤੇ ਅਹਿਸਾਨ ਦਾਨਿਸ਼ ਵਰਗੇ ਮਿੱਤਰਾਂ ਤੋਂ ਵੀ ਮਦਦ ਲਈ।

ਇਸ ਮੈਨੀਫੈਸਟੋ ਨੂੰ ਖੁਦ ਸ਼ੇਖ ਸਾਹਿਬ ਇਨਕਲਾਬੀ ਦਸਤਾਵੇਜ਼ ਮੰਨਦੇ ਸਨ। ਇਸ ਮੋੜ ਤਕ ਪਹੁੰਚਦੇ-ਪਹੁੰਚਦੇ ਕਸ਼ਮੀਰੀ ਜੱਦੋਜਹਿਦ ਹਿੰਦੁਸਤਾਨੀ ਜੱਦੋਜਹਿਦ ਤੋਂ ਅੱਗੇ ਨਿਕਲ ਗਈ, ਕਿਉਂਕਿ ਜਿਥੇ ਨੈਸ਼ਨਲ ਕਾਨਫਰੰਸ ਮੁਸਲਿਮ, ਸਿੱਖ, ਹਿੰਦੂ ਏਕਤਾ ਦੇ ਬੁਨਿਆਦੀ ਸੂਤਰ ਵਿਚ ਬੱਝ ਚੁੱਕੀ ਸੀ, ਉਥੇ ਹਿੰਦੁਸਤਾਨ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਮੁੱਖ ਪਾਰਟੀਆਂ ਕਾਂਗਰਸ ਅਤੇ ਮੁਸਲਿਮ ਲੀਗ ਦਰਮਿਆਨ ਵਿਥ ਨੇ ਸੰਵਿਧਾਨਕ ਰੂਪ ਧਾਰਨ ਕਰ ਲਿਆ ਸੀ। ਹਿੰਦੁਸਤਾਨੀ ਬਹੁਗਿਣਤੀ ਜੇ ਸ਼ੇਖ ਸਾਹਿਬ ਵਾਲੀ ਨੀਤੀ 'ਤੇ ਚਲਦੀ ਤਾਂ ਹਿੰਦੁਸਤਾਨ ਦਾ ਇਤਿਹਾਸ ਹੋਰ ਹੁੰਦਾ।

ਸ਼ੇਖ ਸਾਹਿਬ ਲਿਖਦੇ ਹਨ, "ਸਾਡੀ ਜੱਦੋਜਹਿਦ ਦਾ ਦਾਇਰਾ ਪਹਿਲਾਂ ਤਾਂ ਮੁਸਲਮਾਨਾਂ ਤਕ ਸੀਮਤ ਰਿਹਾ। ਉਸ ਸਮੇਂ ਉਹਦਾ ਰੈਲੀਇੰਗ ਪੁਆਇੰਟ ਇਸਲਾਮ ਸੀ ਪਰ ਜਦੋਜਹਿਦ ਦੇ ਦਰਵਾਜ਼ੇ ਸਾਰੇ ਧਰਮਾਂ ਦੇ ਲੋਕਾਂ ਲਈ ਖੋਲ੍ਹ ਦਿੱਤੇ ਗਏ ਤਾਂ ਸਾਂਝੇ ਮੋਰਚੇ ਦੀ ਲੋੜ ਮਹਿਸੂਸ ਹੋਈ। ਇਹ ਲੋੜ ਕੇਵਲ ਧਾਰਮਿਕ ਨਹੀਂ ਸਗੋਂ ਸਿਆਸੀ ਤੇ ਆਰਥਿਕ ਹੋ ਸਕਦੀ ਸੀ। ਜ਼ਿੰਦਗੀ ਅਤੇ ਜੱਦੋਜਹਿਦ ਦੇ ਅਨੁਭਵ ਨੇ ਸਾਨੂੰ ਕਾਇਲ ਕਰ ਦਿੱਤਾ ਕਿ ਆਵਾਮ ਦੇ ਵੱਖ-ਵੱਖ ਵਰਗਾਂ ਵਿਚ ਬੁਨਿਆਦੀ ਟੱਕਰ ਧਰਮਾਂ ਦੀ ਨਹੀਂ ਸਗੋਂ ਸਾਂਝੇ ਹਿਤਾਂ ਦੀ ਹੈ। ਇਕ ਪਾਸੇ ਸ਼ੋਸ਼ਣ ਕਰਨ ਵਾਲੇ ਹਨ, ਦੂਜੇ ਪਾਸੇ ਸ਼ੋਸ਼ਣ ਦਾ ਸ਼ਿਕਾਰ ਆਵਾਮ ਹੈ। ਸਾਡੀ ਲੜਾਈ ਦਾ ਮਨਸ਼ਾ ਅਤੇ ਮਕਸਦ ਮਜ਼ਲੂਮਾਂ ਦੀ ਹਮਾਇਤ ਤੇ ਜ਼ਾਲਮਾਂ ਦਾ ਵਿਰੋਧ ਸੀ। ਅਸੀਂ ਇਹ ਭਲੀ-ਭਾਂਤ ਸਮਝ ਚੁੱਕੇ ਸਾਂ ਕਿ ਸਾਡੀ ਟੱਕਰ ਜ਼ਾਲਮ ਵਿਵਸਥਾ ਨਾਲ ਹੈ, ਕਿਸੇ 'ਕੱਲੇ ਕਾਰੇ ਬੰਦੇ ਨਾਲ ਨਹੀਂ। ਸਾਡਾ ਝਗੜਾ ਜਗੀਰਦਾਰੀ ਪ੍ਰਬੰਧ ਨਾਲ ਹੈ, ਜਗੀਰਦਾਰ ਦੀ ਜ਼ਾਤ ਨਾਲ ਨਹੀਂ।"

ਨਵੇਂ ਕਸ਼ਮੀਰ ਦੇ ਮੈਨੀਫੈਸਟੋ ਵਿਚ ਜ਼ਮੀਨ ਵਾਹੁਣ ਵਾਲੇ ਦੇ ਹਵਾਲੇ ਕਰਨ ਦਾ ਜੋ ਵਿਚਾਰ ਪੇਸ਼ ਕੀਤਾ ਗਿਆ ਸੀ, ਉਹਨੂੰ ਆਜ਼ਾਦੀ ਪ੍ਰਾਪਤੀ ਤੋਂ ਬਾਅਦ ਵੀ ਕਈ ਵਰ੍ਹਿਆਂ ਤਕ ਦੂਜੇ ਕਮਜ਼ੋਰ ਵਰਗਾਂ ਦੇ ਅਧਿਕਾਰਾਂ ਨੂੰ ਸੰਵਿਧਾਨਕ ਰੂਪ ਵਿਚ ਸੁਰੱਖਿਅਤ ਕਰਨ ਦਾ ਵਚਨ ਦਿੱਤਾ ਗਿਆ ਸੀ। ਸਮਾਜਵਾਦੀ ਪ੍ਰਭਾਵਾਂ ਬਾਰੇ ਉਨ੍ਹਾਂ ਨੇ ਬੜੇ ਸਪਸ਼ਟ ਰੂਪ ਵਿਚ ਲਿਖਿਆ ਹੈ- "ਜਿਥੋਂ ਤਕ ਸਮਾਜਵਾਦ ਦਾ ਸਬੰਧ ਹੈ, ਜਿਹੜਾ ਕੌਮਾਂਤਰੀ ਪੱਧਰ 'ਤੇ ਮਿਹਨਤਕਸ਼ ਮਜ਼ਦੂਰਾਂ, ਕਿਸਾਨਾਂ ਦੇ ਹੱਕ ਵਿਚ ਭੁਗਤਦਾ ਹੈ, ਨੈਸ਼ਨਲ ਕਾਨਫਰੰਸ ਨੇ ਹਮੇਸ਼ਾਂ ਉਹਦੀ ਉਸਤਤ ਕੀਤੀ ਹੈ। ਜਦੋਂ ਅਸਾਂ ਨਵੇਂ ਕਸ਼ਮੀਰ ਨੂੰ ਅਪਣਾਇਆ ਤਾਂ ਮੁਸਲਿਮ ਨਵਾਬਾਂ ਦੇ ਨਾਲ-ਨਾਲ ਕਾਂਗਰਸੀ ਪ੍ਰਤੀਕਿਰਿਆਵਾਦੀ ਵੀ ਸਾਡੇ 'ਤੇ ਔਖੇ ਹੋ ਗਏ, ਇਕ ਲੀਡਰ ਨੇ ਇਹਦੀ ਨਿੰਦਿਆ ਕਰਦਿਆਂ ਕਿਹਾ ਕਿ ਜੇ ਇਹਨੂੰ ਲਾਗੂ ਕਰ ਦਿੱਤਾ ਗਿਆ ਤਾਂ ਹਿੰਦੂ ਔਰਤਾਂ ਨੂੰ ਮੁਸਲਿਮ ਔਰਤਾਂ ਵਾਂਗ ਅਸਾਨੀ ਨਾਲ ਤਲਾਕ ਮਿਲ ਜਾਏਗਾ

***(ਬਾਕੀ ਅਗਲੇ ਸਫੇ 'ਤੇ)***

ਤੇ ਇੰਜ ਹਿੰਦੂ ਸੁਸਾਇਟੀ ਖਤਰੇ ਵਿਚ ਪੈ ਜਾਏਗੀ। ਇੰਡੀਅਨ ਨੈਸ਼ਨਲ ਕਾਂਗਰਸ ਦੇ 'ਅਵਾਂਡੀ' ਸੰਮੇਲਨ ਜਿਸ ਵਿਚ ਦੇਸ਼ ਦਾ ਮੁੱਖ ਉਦੇਸ਼ ਸਮਾਜਵਾਦੀ ਸਥਾਪਨਾ ਨਿਸ਼ਚਿਤ ਕੀਤਾ, ਇਹ ਅਸਲ ਵਿਚ ਨਵੇਂ ਕਸ਼ਮੀਰ ਦੇ ਵਿਚਾਰਾਂ ਦੀ ਪ੍ਰਤੀਧੁਨੀ ਸੀ।"

ਦੂਜੇ ਸੰਸਾਰ ਯੁੱਧ ਤੋਂ ਬਾਅਦ ਬਰਤਾਨੀਆ ਦਾ ਦਿਵਾਲਾ ਨਿਕਲ ਗਿਆ। ਗੁਲਾਮ ਮੁਲਕਾਂ 'ਤੇ ਸ਼ਾਸਨ ਕਰਨਾ ਉਨ੍ਹਾਂ ਲਈ ਦਿਨੋ-ਦਿਨ ਮੁਹਾਲ ਹੁੰਦਾ ਜਾ ਰਿਹਾ ਸੀ। ਹਿੰਦੁਸਤਾਨ ਦੇ ਸਿਆਸੀ ਹਾਲਾਤ ਨੂੰ ਜਾਨਣ ਲਈ ਕੈਬਨਿਟ ਮਿਸ਼ਨ ਹਿੰਦੁਸਤਾਨ ਆਇਆ। ਰਿਆਸਤਾਂ ਬਾਰੇ ਕੈਬਨਿਟ ਮਿਸ਼ਨ ਕੋਲ ਮਾਮਲਾ ਵਿਚਾਰ ਅਧੀਨ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਭਾਰਤ-ਪਾਕਿਸਤਾਨ ਵੰਡ ਤੋਂ ਬਾਅਦ ਰਿਆਸਤਾਂ ਦੇ ਰਾਜਿਆਂ ਅਤੇ ਨਵਾਬਾਂ ਨੂੰ ਅਧਿਕਾਰ ਹੋਵੇਗਾ ਕਿ ਉਹ ਦੋਵਾਂ ਮੁਲਕਾਂ ਵਿਚੋਂ ਜਿਸ ਨਾਲ ਜਾਣਾ ਚਾਹੁਣ ਚਲੇ ਜਾਣ। ਜਵਾਹਰ ਲਾਲ ਇਸ ਦਾ ਵਿਰੋਧੀ ਸੀ ਜਦੋਂਕਿ ਮੁਸਲਿਮ ਲੀਗ ਵਾਲੇ ਇਹਦੇ ਹਮਾਇਤੀ ਸਨ ਪਰ ਕਸ਼ਮੀਰੀ ਆਵਾਮ ਨੂੰ ਸ਼ੇਖ ਅਬਦੁੱਲਾ ਦੀ ਅਗਵਾਈ ਵਿਚ ਇਹ ਮਨਜ਼ੂਰ ਨਹੀਂ ਸੀ ਕਿ ਉਨ੍ਹਾਂ ਦੀ ਕਿਸਮਤ ਦਾ ਫੈਸਲਾ ਡੋਗਰਾ ਮਹਾਰਾਜਾ ਹਰੀ ਸਿੰਘ ਜਾਂ ਫਿਰ ਬਰਤਾਨਵੀ ਸ਼ਾਸਕ ਕਰਨ।

ਹੋਰਨਾਂ ਰਿਆਸਤਾਂ ਦੇ ਮੁਕਾਬਲੇ ਜੰਮੂ ਕਸ਼ਮੀਰ ਦੀ ਹਾਲਤ ਬਿਲਕੁਲ ਵੱਖਰੀ ਸੀ। ਹਿੰਦ-ਪਾਕਿਸਤਾਨ ਵੰਡ ਸਮੇਂ ਸ਼ੇਖ ਸਾਹਿਬ ਜੇਲ੍ਹ ਵਿਚ ਸਨ ਅਤੇ ਗਾਂਧੀ ਤੇ ਨਹਿਰੂ ਦੇ ਜ਼ੋਰ ਦੇਣ 'ਤੇ ਉਨ੍ਹਾਂ ਨੂੰ 26 ਸਤੰਬਰ 1946 ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਆਜ਼ਾਦੀ ਪਿਛੋਂ ਕਸ਼ਮੀਰ 'ਤੇ ਪਾਕਿਸਤਾਨੀ ਕਬਾਇਲੀ ਹਮਲੇ ਨੇ ਹਲਚਲ ਮਚਾ ਦਿੱਤੀ, ਕਿਉਂਕਿ ਉਥੇ ਕਾਫੀ ਲੋਕ ਪਾਕਿਸਤਾਨ ਦੇ ਸਮਰਥਕ ਸਨ। ਇਹ ਤਾਂ ਸ਼ੇਖ ਸਾਹਿਬ ਦੀ ਸੂਝਬੂਝ ਦਾ ਨਤੀਜਾ ਸੀ ਕਿ ਕਸ਼ਮੀਰੀ ਆਵਾਮ ਨੇ ਹਿੰਦੁਸਤਾਨ ਨੂੰ ਪਹਿਲ ਦਿੱਤੀ, ਨਹੀਂ ਤਾਂ ਇਹਦੀ ਹਾਲਤ ਅੱਜ ਹੋਰ ਹੁੰਦੀ। ਭਾਰਤੀ ਨੇਤਾਵਾਂ ਦਾ ਯੁੱਧ ਆਜ਼ਾਦੀ ਪ੍ਰਾਪਤੀ ਨਾਲ ਸਮਾਪਤ ਹੋ ਗਿਆ, ਜਦੋਂਕਿ ਕਸ਼ਮੀਰੀ ਆਵਾਮ ਤੇ ਸ਼ੇਖ ਅਬਦੁੱਲਾ ਦਾ ਸ਼ੁਰੂ ਹੋ ਗਿਆ। ਸ਼ੇਖ ਸਾਹਿਬ ਲਿਖਦੇ ਹਨ:

"ਹਿੰਦੁਸਤਾਨ ਦੇ ਵਾਤਾਵਰਨ ਨੂੰ ਮੇਰੇ ਖਿਲਾਫ ਖੜ੍ਹਾ ਕਰਨ ਲਈ ਜਿਹੜੀ ਮੁਹਿੰਮ ਛੇੜੀ ਗਈ ਸੀ ਉਹਦੇ ਪਿੱਛੇ ਜੋ ਕਾਰਨ ਸਨ, ਕਸ਼ਮੀਰ ਦੀ ਸਿਆਸੀ ਹਾਲਤ ਨੂੰ ਜਾਣਨ ਲਈ, ਇਨ੍ਹਾਂ ਨੂੰ ਸਮਝਣਾ ਬੜਾ ਜ਼ਰੂਰੀ ਹੈ। ਪਹਿਲੀ ਗੱਲ ਤਾਂ ਉਨ੍ਹਾਂ ਨੂੰ ਇਹ ਖਟਕਦੀ ਸੀ ਕਿ ਮੈਂ ਕਸ਼ਮੀਰੀ ਜੱਦੋਜਹਿਦ ਦਾ ਸੰਚਾਲਕ ਹਾਂ ਤੇ ਸਦੀਆਂ ਬਾਅਦ ਇਥੋਂ ਦੀ ਆਬਾਦੀ ਨੂੰ ਮੈਂ ਆਜ਼ਾਦੀ ਪ੍ਰਤੀ ਜਾਗ੍ਰਿਤ ਕੀਤਾ ਹੈ। ਇਹ ਸੰਯੋਗ ਹੀ ਸੀ ਕਿ ਜਾਗਣ ਵਾਲਿਆਂ ਵਿਚ ਬਹੁਗਿਣਤੀ ਮੁਸਲਮਾਨਾਂ ਦੀ ਸੀ। ਇਸੇ ਕਰਕੇ ਬਹੁਤੇ ਪਹਿਲੇ ਦਿਨ ਤੋਂ ਹੀ ਇਸ ਨੂੰ ਪਸੰਦ ਨਹੀਂ ਸਨ ਕਰਦੇ। ਉਨ੍ਹਾਂ ਨੇ ਮੇਰਾ ਸਾਥ ਤਾਂ ਕੀ ਦੇਣਾ ਸੀ ਸਗੋਂ ਉਹ ਮੈਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਸਮਝਦੇ ਸਨ। ਇਸ ਬਾਰੇ 1931 ਦੇ ਪੰਜਾਬ ਅਤੇ ਦਿੱਲੀ ਦੇ ਹਿੰਦੂ ਅਖਬਾਰ ਦੇਖੇ ਜਾ ਸਕਦੇ ਹਨ ਜੋ ਉਦੋਂ ਤੋਂ ਲੈ ਕੇ ਹੁਣ ਤਕ ਜ਼ਹਿਰ ਉਗਲ ਰਹੇ ਹਨ। ਦੂਜੀ ਗੱਲ ਇਹ ਹੈ ਕਿ ਅਣਵੰਡੇ ਹਿੰਦੁਸਤਾਨ ਦੀਆਂ ਰਿਆਸਤਾਂ ਨੂੰ ਉਨ੍ਹਾਂ ਦੀ ਆਬਾਦੀ ਦੇ ਲਿਹਾਜ਼ ਨਾਲ ਨਹੀਂ ਸਗੋਂ ਉਨ੍ਹਾਂ ਦੇ ਸ਼ਾਸਕਾਂ ਦੇ ਧਰਮਾਂ ਦੇ ਆਧਾਰ 'ਤੇ ਹਿੰਦੂ ਜਾਂ ਮੁਸਲਿਮ ਜਾਂ ਸਿੱਖ ਰਿਆਸਤਾਂ ਦੇ ਤੌਰ 'ਤੇ ਸ਼ਾਮਲ ਕੀਤੇ ਜਾਣ ਦਾ ਪ੍ਰਸਤਾਵ ਸੀ। ਹੈਦਰਾਬਾਦ ਦੇ ਨਿਜ਼ਾਮ ਦੀ ਬਹੁ-ਗਿਣਤੀ ਆਬਾਦੀ ਹਿੰਦੂ ਸੀ, ਜਦੋਂਕਿ ਮੁਸਲਮਾਨ ਇਸ ਨੂੰ ਮੁਸਲਿਮ ਰਿਆਸਤ ਸਮਝਦੇ ਸਨ। ਇਹਦੇ ਉਲਟ ਜੰਮੂ ਕਸ਼ਮੀਰ ਰਿਆਸਤ ਦੀ 85 ਫੀਸਦੀ ਤੋਂ ਵਧੇਰੇ ਆਬਾਦੀ ਮੁਸਲਮਾਨ ਸੀ ਪਰ ਹਿੰਦੂ ਇਸ ਨੂੰ ਹਿੰਦੂ ਰਿਆਸਤ ਗਰਦਾਨਦੇ ਸਨ। ਗਾਂਧੀ ਜੀ ਨੇ ਇਕ ਵਾਰ ਕਿਹਾ ਸੀ ਕਿ ਕਸ਼ਮੀਰ ਵਿਚ ਮੁਸਲਮਾਨਾਂ ਦਾ ਬਹੁਮਤ ਹੈ, ਇਸ ਲਈ ਉਸ ਨੂੰ ਪਾਕਿਸਤਾਨ ਵਿਚ ਜਾਣਾ ਚਾਹੀਦਾ ਹੈ। ਮੈਂ ਕਿਉਂਕਿ ਇਕ ਹਿੰਦੂ ਰਾਜੇ ਦੇ ਵਿਰੁਧ ਜੱਦੋਜਹਿਦ ਕਰ ਰਿਹਾ ਸਾਂ। ਇਸ ਲਈ ਹਿੰਦੂ ਮੂਲਵਾਦੀਆਂ ਦੀਆਂ ਨਜ਼ਰਾਂ ਵਿਚ ਮੈਂ ਰੇਤ ਦੇ ਕਿਣਕੇ ਵਾਂਗ ਰੜਕਦਾ ਸਾਂ। ਚੌਥੀ ਵਜ੍ਹਾ ਇਹ ਸੀ ਕਿ ਹਿੰਦੁਸਤਾਨ ਦੀ ਵੰਡ ਤੋਂ ਬਾਅਦ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਬੇਵਿਸ਼ਵਾਸੀ ਦਾ ਅਜਿਹਾ ਆਲਮ ਬਣ ਗਿਆ ਸੀ ਕਿ ਹਰ ਮੁਸਲਮਾਨ ਨੂੰ ਹਿੰਦੁਸਤਾਨ ਵਿਚ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਸੀ। ਇਸੇ ਕਰਕੇ ਮੇਰਾ ਵਿਰੋਧ ਹੋਇਆ ਅਤੇ ਜੰਮੂ ਵਿਚ ਮਹਾਰਾਜੇ ਹਰੀ ਸਿੰਘ ਨੇ ਮੇਰੇ ਵਿਰੁਧ ਰਿਆਸਤ ਵਿਚ ਵਿਰੋਧ ਖੜ੍ਹਾ ਕਰਨ ਲਈ ਤਿਜੋਰੀਆਂ ਦੇ ਮੂੰਹ ਖੋਲ੍ਹ ਦਿੱਤੇ।"

ਕਸ਼ਮੀਰ ਬਾਰੇ ਦਿੱਲੀ ਸਮਝੌਤੇ ਨੂੰ ਅੰਤਿਮ ਰੂਪ ਦੇਣ ਲਈ ਕੇਂਦਰ ਸਰਕਾਰ ਵਲੋਂ ਜਵਾਹਰ ਲਾਲ ਨਹਿਰੂ, ਮੌਲਾਨਾ ਆਜ਼ਾਦ, ਗੋਪਾਲਸੁਆਮੀ ਆਇੰਗਰ ਤੇ ਸਰ ਗਿਰਜਾਸ਼ੰਕਰ ਵਾਜਪਾਈ ਅਤੇ ਰਿਆਸਤ ਵਲੋਂ ਮੈਂ, ਬਖਸ਼ੀ ਗੁਲਾਮ ਮੁਹੰਮਦ ਅਤੇ ਮਿਰਜ਼ਾ ਅਫਜ਼ਲ ਬੇਗ ਗੱਲਬਾਤ ਕਰਨ ਲਈ ਸ਼ਾਮਲ ਹੋਏ। ਮੈਨੂੰ ਯਾਦ ਹੈ ਕਿ ਸਮਝੌਤੇ ਦੀ ਕਿਸੇ ਧਾਰਾ 'ਤੇ ਬੜੀ ਬਹਿਸ ਹੋ ਰਹੀ ਸੀ। ਜਵਾਹਰ ਲਾਲ ਨੇ ਮੇਰੇ ਕੰਨ ਵਿਚ ਕਿਹਾ, ਸ਼ੇਖ ਸਾਹਿਬ ਜੇ ਤੁਸੀਂ ਸਾਡੇ ਨਾਲ ਖਲੋਣ ਤੋਂ ਝਕੋਗੇ ਤਾਂ ਅਸੀਂ ਤੁਹਾਡੇ ਗਲ ਵਿਚ ਸੋਨੇ ਦੀ ਜ਼ੰਜੀਰ ਪਾ ਦਿਆਂਗੇ। ਮੈਂ ਇਕ ਪਲ ਲਈ ਹੈਰਾਨ ਰਹਿ ਗਿਆ, ਫਿਰ ਮੁਸਕਰਾਉਂਦੇ ਹੋਏ ਕਿਹਾ, 'ਅਜਿਹਾ ਹਰਗਿਜ਼ ਨਾ ਕਰਨਾ, ਕਿਉਂਕਿ ਇੰਜ ਤੁਸੀਂ ਸਦਾ ਲਈ ਕਸ਼ਮੀਰ ਤੋਂ ਹੱਥ ਧੋ ਬੈਠੋਗੇ।' ਜਵਾਹਰ ਲਾਲ ਦੀ ਇਸ ਮਾਨਸਿਕਤਾ ਬਾਰੇ ਮੇਰੇ ਜ਼ਿਹਨ ਵਿਚ ਇਕਬਾਲ ਦਾ ਸ਼ਿਅਰ ਗੂੰਜਣ ਲੱਗਾ:

ਜਾਦੂ-ਏ-ਮਹਿਮੂਦ ਕੀ
ਤਾਸੀਰ ਸੇ ਚਸ਼ਮੇ ਅਯਾਜ਼
ਦੇਖਤੀ ਹੈ ਹਲਕਏ ਗਰਦਨ ਮੇਂ
ਸਾਜ਼ੇ-ਦਿਲਬਰੀ।

ਪਰ ਜਵਾਹਰ ਲਾਲ ਇਹਦੇ ਉਲਟ ਸਾਡੀ ਮਾਨਸਿਕਤਾ ਬਾਰੇ ਗਲਤ ਕਿਆਫੇ ਲਾ ਰਿਹਾ ਸੀ। ਕਸ਼ਮੀਰ ਵਿਚ ਮੇਰੇ ਖਿਲਾਫ ਪਾਕਿਸਤਾਨੀ ਫੌਜੀ ਅਫਸਰਾਂ ਨੂੰ ਮਿਲਣ ਜਾਂ ਉਨ੍ਹਾਂ ਨਾਲ ਜੋੜ-ਤੋੜ ਦੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ; ਹਾਲਾਂਕਿ ਉਥੇ ਚਾਰੇ ਪਾਸੇ ਫੌਜ ਸੀ, ਸੀ.ਆਈ.ਡੀ. ਦਾ ਪਹਿਰਾ ਸੀ। ਇਹ ਸਾਰਾ ਕੁਝ ਦਰਅਸਲ ਸਾਡੇ ਕਸ਼ਮੀਰ ਮਿਸ਼ਨ ਦੀ ਬਰਬਾਦੀ ਲਈ ਕੀਤਾ ਜਾ ਰਿਹਾ ਸੀ।

ਜੇਲ੍ਹ ਬਾਰੇ ਆਪਣੇ ਅਨੁਭਵ ਬਿਆਨ ਕਰਦਿਆਂ ਉਨ੍ਹਾਂ ਲਿਖਿਆ ਕਿ ਜੇਲ੍ਹ ਪਹੁੰਚ ਕੇ ਮੇਰਾ ਸਰੀਰ ਤਾਂ ਆਰਾਮ ਅਨੁਭਵ ਕਰ ਰਿਹਾ ਸੀ ਪਰ ਮੇਰਾ ਦਿਲ ਦਿਮਾਗ ਕਸ਼ਮੀਰ ਦੀਆਂ ਵਾਦੀਆਂ, ਗਲੀਆਂ, ਬਾਜ਼ਾਰਾਂ ਵਿਚ ਭਟਕ ਰਿਹਾ ਸੀ। ਮੈਨੂੰ ਉਥੋਂ ਦੇ ਹਾਲਾਤ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਨਹੀਂ ਸੀ ਪਰ ਕਾਤਲਾਂ ਦੇ ਖੂਨੀ ਇਰਾਦਿਆਂ ਤੋਂ ਸਪਸ਼ਟ ਸੀ ਕਿ ਕਸ਼ਮੀਰ ਫਿਰ ਖੂਨ ਅਤੇ ਅੱਗ ਦੇ ਦਰਿਆਵਾਂ ਵਿਚੋਂ ਆਪਣੀ ਹੋਣੀ ਤਲਾਸ਼ ਰਿਹਾ ਹੋਵੇਗਾ। ਮੈਂ ਜੇਲ੍ਹ ਵਿਚ ਬੈਠਾ ਦੁਆ ਹੀ ਕਰ ਸਕਦਾ ਸਾਂ:

ਦਿਆਰ-ਏ-ਯਾਰ ਤਿਰੀ
ਜੋਸ਼ਿਸ਼-ਏ-ਜਨੂੰ ਪੇ ਸਲਾਮ
ਮਿਰੇ ਵਤਨ ਤੇਰੇ
ਦਾਮਾਨ-ਏ-ਤਾਰ-ਤਾਰ ਕੀ ਖੈਰ
ਰਹ-ਏ-ਯਕੀਂ ਤਿਰੀ
ਅਫਸ਼ਾਨ-ਏ-ਖਾਕ-ਓ-ਖੂੰ ਪੇ ਸਲਾਮ
ਮਿਰੇ ਚਮਨ ਤਿਰੇ ਜ਼ਖ਼ਮੋਂ ਕੇ
ਲਾਲਾ-ਜ਼ਾਰ ਕੀ ਖੈਰ।

ਇਹ ਸੰਯੋਗ ਹੀ ਸੀ ਕਿ ਕੁਝ ਸਮੇਂ ਪਿਛੋਂ ਇਸ ਨਜ਼ਮ 'ਤੇ ਦਸਤਖਤ ਕਰਕੇ ਫੈਜ਼ ਅਹਿਮਦ ਫੈਜ਼ ਨੇ ਮੈਨੂੰ ਭੇਜੀ ਸੀ। ਉਧਰ ਸਰਹੱਦ 'ਤੇ ਕਬਾਇਲੀਆਂ ਦੇ ਹਮਲੇ ਦੇ ਨਤੀਜੇ ਵਜੋਂ ਮਹਾਰਾਜਾ ਹਰੀ ਸਿੰਘ ਹੀਰੇ, ਜਵਾਹਰਾਂ ਅਤੇ ਕੀਮਤੀ ਸਾਮਾਨ ਨਾਲ ਲੱਦੇ ਸੌ ਤੋਂ ਵੱਧ ਮੋਟਰ ਗੱਡੀਆਂ ਨਾਲ ਜੰਮੂ ਵੱਲ ਭੱਜ ਪਿਆ। ਮੁਸੀਬਤ ਸਮੇਂ ਕਸ਼ਮੀਰੀ ਆਵਾਮ ਤੋਂ ਪਿੱਠ ਮੋੜ ਗਿਆ।

ਉਧਰ ਜਦੋਂ ਮਹਾਰਾਣੀ ਤਾਰਾ ਦੇਵੀ ਜੰਮੂ ਨੇੜੇ ਪਹੁੰਚੀ ਤਾਂ ਉਸ ਨੇ ਖੁੱਲ੍ਹੀ ਜੀਪ ਵਿਚ ਵਾਲ ਖਿਲਾਰ ਕੇ ਮੂਰਤੀ ਝੋਲੀ ਵਿਚ ਰੱਖ ਲਈ। ਇਹ ਸੰਦੇਸ਼ ਸੀ ਕਿ ਮੁਸਲਮਾਨ ਹੁਣ ਬਚ ਕੇ ਨਾ ਜਾਣ। ਪਾਕਿਸਤਾਨ ਭੇਜਣ ਦਾ ਝਾਂਸਾ ਦੇ ਕੇ ਮਹਾਰਾਜੇ ਨੇ ਮੁਸਲਮਾਨਾਂ ਨੂੰ ਇਕ ਪਾਰਕ ਵਿਚ ਇਕੱਠੇ ਕਰਕੇ ਟਰੱਕਾਂ ਵਿਚ ਭਰ ਕੇ ਪਹਾੜ ਤੋਂ ਥੱਲੇ ਉਤਰਦਿਆਂ ਮਸ਼ੀਨਗੰਨਾਂ ਨਾਲ ਉਡਾ ਦਿੱਤਾ। ਜੰਮੂ ਵਿਚ ਮੁਸਲਮਾਨਾਂ ਦੀ ਆਬਾਦੀ ਦੇ ਅਨੁਪਾਤ ਨੂੰ ਘੱਟ ਕਰਨ ਲਈ ਸਰਦਾਰ ਪਟੇਲ ਦੇ ਪਾਲਕ ਜਸਟਿਸ ਮਿਹਰ ਚੰਦ ਮਹਾਜਨ ਦੁਆਰਾ ਜੰਮੂ ਦੇ ਅਖਬਾਰਾਂ ਵਿਚ ਦਿੱਤਾ ਗਿਆ ਬਿਆਨ ਕਿ ਵਿਸ਼ੇਸ਼ ਕੰਮ ਪੂਰਾ ਕੀਤਾ ਜਾ ਰਿਹਾ ਹੈ, ਸਾਰੇ ਉਹ ਘਟਕ ਸਨ ਕਿ ਕਸ਼ਮੀਰ ਮਿਸ਼ਨ ਨੂੰ ਸਿਰੇ ਨਾ ਚੜ੍ਹਨ ਦਿੱਤਾ ਜਾਵੇ; ਸ਼ੇਖ ਸਾਹਿਬ ਲਿਖਦੇ ਹਨ:

'ਇਧਰ ਅਸੀਂ ਕਬਾਇਲੀਆਂ ਨੂੰ ਪਿੱਛੇ ਧੱਕਣ ਵਿਚ ਲੱਗੇ ਹੋਏ ਸਾਂ ਤੇ ਉਧਰ ਮਹਾਰਾਜਾ ਹਰੀ ਸਿੰਘ ਜੰਮੂ ਵਿਚ ਫਿਰਕਾਪ੍ਰਸਤੀ ਦੀ ਅੱਗ ਭੜਕਾ ਰਿਹਾ ਸੀ। ਉਥੇ ਪਹੁੰਚ ਕੇ ਰਾਣੀ ਨੇ ਹਿੰਦੂ ਮੂਲਵਾਦੀਆਂ ਨੂੰ ਹਥਿਆਰ ਵੰਡੇ ਅਤੇ ਮੁਸਲਮਾਨਾਂ ਦੇ ਖਾਤਮੇ ਦਾ ਸੱਦਾ ਦਿੱਤਾ।

'ਕਸ਼ਮੀਰ ਛੱਡ ਦਿਓ' ਅੰਦੋਲਨ ਤੋਂ ਬਾਅਦ ਸ਼ੇਖ ਅਬਦੁੱਲਾ ਆਪਣੇ ਸਾਥੀਆਂ ਮਿਰਜ਼ਾ ਅਫਜ਼ਲ ਬੇਗ, ਪੰਡਿਤ ਕਸ਼ਿਅਪ ਬੰਧੂ, ਸਰਦਾਰ ਬੁੱਧ ਸਿੰਘ ਅਤੇ ਖਵਾਜਾ ਗੁਲਾਮ ਨਬੀ ਉਰਫ ਨਬਜੀ ਸਮੇਤ ਸਬ-ਜੇਲ੍ਹ ਰਿਆਸੀ ਵਿਚ ਕੈਦ ਸਨ। ਗਰਮੀਆਂ ਦੇ ਦਿਨ ਸਨ। ਜੇਲ੍ਹ ਵਿਚ ਮੱਛਰਾਂ, ਸੱਪਾਂ, ਕੰਨ ਖਜੂਰਿਆਂ ਦੀ ਭਰਮਾਰ ਸੀ। ਰੇਡੀਓ ਤੇ ਅਖਬਾਰਾਂ ਦੀ ਕੋਈ ਸਹੂਲਤ ਨਹੀਂ ਸੀ।

"ਪਰ ਇਕ ਗੱਲ ਚੰਗੀ ਸੀ ਕਿ ਮੇਰੇ ਸਾਥੀਆਂ ਨੇ ਖੂਬ ਰੰਗ ਬੰਨ੍ਹਿਆ ਹੋਇਆ ਸੀ। ਜਿਸ ਕਾਲ ਕੋਠੜੀ ਵਿਚ ਮੈਨੂੰ ਰੱਖਿਆ ਗਿਆ, ਮੇਰੇ ਸਾਥੀਆਂ ਨੇ ਇਹਨੂੰ ਗੋਦਾਮ ਦਾ ਰੂਪ ਦਿੱਤਾ ਹੋਇਆ ਸੀ। ਵੱਖ-ਵੱਖ ਚੀਜ਼ਾਂ ਨਾਲ ਉਨ੍ਹਾਂ ਨੇ ਹਾਂਡੀਆਂ ਭਰੀਆਂ ਹੋਈਆਂ ਸਨ। ਥਾਂ-ਥਾਂ ਪੁੜੀਆਂ ਲਟਕਾਈਆਂ ਹੋਈਆਂ ਸਨ। ਇਹ ਫਾਲਤੂ ਚੀਜ਼ਾਂ ਸਨ ਜਿਨ੍ਹਾਂ ਨੂੰ ਬਾਅਦ ਵਿਚ ਉਹ ਬਾਜ਼ਾਰ ਵਿਚ ਵੇਚ ਕੇ ਪੈਸੇ ਵੱਟ ਲੈਂਦੇ ਸਨ ਤਾਂ ਕਿ ਜਦੋਂ ਬਾਹਰ ਜਾਣ ਤਾਂ ਉਨ੍ਹਾਂ ਕੋਲ ਕੁਝ ਪੈਸੇ ਜੁੜ ਜਾਣ। ਜੇਲ੍ਹ ਵਿਚ ਵੀ ਉਹ ਕਸ਼ਮੀਰੀ ਆਵਾਮ ਦੀ ਮੁਕਤੀ ਲਈ ਚਿੰਤਨ ਕਰਦੇ ਰਹੇ।"

ਕਸ਼ਮੀਰੀ ਜੱਦੋਜਹਿਦ ਲਈ ਸਾਨੂੰ ਇਕ ਵਾਰ ਫਿਰ ਇਤਿਹਾਸ ਵੱਲ ਮੂੰਹ ਕਰਨਾ ਪਏਗਾ। ਦਿੱਲੀ ਦੇ ਕਿਸੇ ਰਾਜੇ ਦਾ ਕਸ਼ਮੀਰ ਨਾਲ ਇਹ ਪਹਿਲਾ ਵਿਸ਼ਵਾਸਘਾਤ ਨਹੀਂ ਸੀ। ਇਤਿਹਾਸ ਆਪਣੇ ਆਪ ਨੂੰ ਦੁਹਰਾ ਰਿਹਾ ਸੀ। ਅਕਬਰ ਵਰਗੇ ਮਹਾਰਾਜੇ ਨੇ 1586 ਵਿਚ ਇਸੇ ਤਰ੍ਹਾਂ ਹੀ ਕੀਤਾ ਸੀ। ਅਕਬਰ ਅਤੇ ਰਾਜਾ ਭਗਵਾਨ ਦਾਸ ਵਿਚਕਾਰ ਹੋਏ ਸਮਝੌਤੇ ਅਨੁਸਾਰ ਕਸ਼ਮੀਰ ਸੁਲਤਾਨ ਯੂਸਫ ਸ਼ਾਹ ਨੇ ਅਟਕ ਦੇ ਜ਼ਿਲ੍ਹੇ ਵਿਚ ਅਕਬਰ ਸਾਹਮਣੇ ਪੇਸ਼ ਹੋਣਾ ਸੀ ਅਤੇ ਅਕਬਰ ਨੇ ਉਸ ਨੂੰ ਕਸ਼ਮੀਰ ਦਾ ਖੁਦਮੁਖਤਾਰ ਰਾਜਾ ਮੰਨਣਾ ਸੀ।

ਇਸ ਇਕਰਾਰਨਾਮੇ ਤੋਂ ਬਾਅਦ ਜਦੋਂ ਯੂਸਫ ਸ਼ਾਹ ਅਕਬਰ ਅੱਗੇ ਪੇਸ਼ ਹੋਣ ਲਈ ਅਟਕ ਦੇ ਕਿਲ੍ਹੇ ਵਿਚ ਪਹੁੰਚਿਆ ਤਾਂ ਬਾਦਸ਼ਾਹ ਨੇ ਧੋਖੇ ਨਾਲ ਉਹਨੂੰ ਕੈਦ ਕਰ ਲਿਆ। ਬਾਅਦ ਵਿਚ ਉਹਦੇ ਪੁੱਤਰ ਨੂੰ ਵੀ ਕੈਦ ਕਰਕੇ ਬਿਹਾਰ ਦੀ ਜੇਲ੍ਹ ਵਿਚ ਮਰਨ ਲਈ ਭੇਜ ਦਿੱਤਾ ਤੇ ਅਕਬਰ ਦੀਆਂ ਫੌਜਾਂ ਨੇ 1585 'ਚ ਸਾਰੀ ਕਸ਼ਮੀਰ ਘਾਟੀ 'ਤੇ ਕਬਜ਼ਾ ਕਰਕੇ ਇਸ ਨੂੰ ਹਿੰਦੁਸਤਾਨ ਦਾ ਸੂਬਾ ਬਣਾ ਲਿਆ।

ਕਸ਼ਮੀਰੀ ਸੁਲਤਾਨ ਜ਼ੈਨੁਲ ਆਬਿਦੀਨ ਨੇ ਜਗਨ ਨਾਥ ਪੁਰੀ, ਦਿੱਲੀ ਅਤੇ ਗੁਜਰਾਤ ਤਕ ਆਪਣੇ ਮਿਸ਼ਨ ਭੇਜੇ ਅਤੇ ਰੁੱਸੇ ਹੋਏ ਪੰਡਿਤਾਂ ਨੂੰ ਵਾਪਸ ਕਸ਼ਮੀਰ ਆਉਣ ਲਈ ਪ੍ਰੇਰਿਆ। ਹਿੰਦੂਆਂ ਦੀਆਂ ਪਵਿਤਰ ਪੁਸਤਕਾਂ ਦੀਆਂ ਉਤਮ ਹੱਥ ਲਿਖਤਾਂ, ਜਿਨ੍ਹਾਂ ਵਿਚ ਅਥਰਵ ਵੇਦ ਦੀ ਇਕ ਹੱਥ-ਲਿਖਤ ਵੀ ਸ਼ਾਮਲ ਹੈ, ਨੂੰ ਲੱਭ ਕੇ ਕਸ਼ਮੀਰ ਲਿਆਂਦਾ। ਕਸ਼ਮੀਰ ਵਿਚ ਪੰਡਿਤਾਂ ਨੂੰ ਉਹਨੇ ਉਚੇ ਅਹੁਦੇ ਤੇ ਜਗੀਰਾਂ ਬਖਸ਼ੀਆਂ। ਸੱਚ ਤਾਂ ਇਹ ਹੈ ਕਿ ਹਿੰਦੁਸਤਾਨ ਵਿਚ ਸੱਚਮੁੱਚ ਦੀਆਂ ਧਰਮ ਨਿਰਪੇਖ ਰਵਾਇਤਾਂ ਦੀ ਨੀਂਹ ਸਹੀ ਅਰਥਾਂ ਵਿਚ ਸੁਲਤਾਨ ਜ਼ੈਨੁਲ ਆਬਿਦੀਨ ਨੇ ਰੱਖੀ। ਸ਼ੇਖ ਅਬਦੁੱਲਾ ਦੀ ਮਹਾਨਤਾ ਇਸ ਵਿਚ ਹੈ ਕਿ ਵਾਰ-ਵਾਰ ਬੇਵਿਸ਼ਵਾਸੀਆਂ ਦੇ ਆਲਮ ਵਿਚ ਵੀ ਨਾ ਉਹਦਾ ਇਮਾਨ ਡੋਲਿਆ, ਨਾ ਕਦਮ ਲੜਖੜਾਏ। ਹਿੰਦੁਸਤਾਨ ਵਿਚ ਰਲੇਵੇਂ ਬਾਰੇ ਉਨ੍ਹਾਂ ਦਾ ਬੜਾ ਸਪਸ਼ਟ ਮੱਤ ਸੀ: 'ਮੈਂ ਆਪਣੇ ਭਾਰਤੀ ਦੋਸਤਾਂ ਨੂੰ ਕਿਹਾ ਕਿ ਮੇਰਾ ਭਾਰਤ ਨਾਲ ਰਲੇਵੇਂ ਬਾਰੇ ਕੋਈ ਮੱਤਭੇਦ ਨਹੀਂ, ਹਾਂ ਰਲੇਵੇਂ ਦੀਆਂ ਸੀਮਾਵਾਂ ਬਾਰੇ ਜ਼ਰੂਰ ਮੱਤਭੇਦ ਹਨ। ਅਸਾਂ 1947 ਵਿਚ ਇਹ ਸੀਮਾਵਾਂ ਨਿਸ਼ਚਿਤ ਕਰਕੇ ਉਸ ਨੂੰ ਸਮਝੌਤੇ ਦੀ ਦ੍ਰਿਸ਼ਟੀ ਤੋਂ ਜਿਸ ਤਰ੍ਹਾਂ 370 ਦੇ ਰੂਪ ਵਿਚ ਨਿਸ਼ਚਿਤ ਕੀਤਾ ਸੀ, ਭਾਰਤੀ ਲੀਡਰਾਂ ਦੇ ਹਠੀ ਅਤੇ ਗੈਰ-ਵਾਜਬ ਵਤੀਰਿਆਂ ਅਤੇ ਮਨਮਾਨੀਆਂ ਨੇ ਇਹਨੂੰ ਪਲੀਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਗੱਲ ਸਾਡੇ ਰਾਹਾਂ ਦੇ ਵੱਖ ਹੋਣ ਦੀ ਬੁਨਿਆਦ ਹੈ। ਹੁਣ ਜੇ ਉਨ੍ਹਾਂ ਸ਼ਰਤਾਂ ਨੂੰ ਮੁੜ ਬਹਾਲ ਕਰ ਦਿੱਤਾ ਜਾਵੇ ਤਾਂ ਆਪਸੀ ਮੱਤਭੇਦ ਦੂਰ ਹੋ ਸਕਦੇ ਹਨ ਪਰ ਕਸ਼ਮੀਰ ਮਸਲਾ ਹੁਣ ਸ਼ੈਤਾਨ ਦੀ ਆਂਦਰ ਵਾਂਗ ਇੰਨਾ ਵਧ ਚੁੱਕਾ ਹੈ ਕਿ ਇਹਦਾ ਸਿਰਾ ਅੰਤਹੀਣ ਹੋ ਗਿਆ ਹੈ।

ਮੌਤ ਤੇ ਦਹਿਸ਼ਤ ਬਾਰੇ ਇਹ ਪੰਕਤੀਆਂ ਢੁਕਦੀਆਂ ਹਨ:

ਮਰ ਰਹੀ ਕਸ਼ਮੀਰੀਅਤ
ਤੇ ਰੋ ਰਿਹਾ ਕਸ਼ਮੀਰ ਏ
ਪੱਟ ਵਿਚ ਗੋਲੀ ਲੱਗੀ ਏ,
ਲੱਤ ਵਿਚ ਜ਼ੰਜੀਰ ਏ
ਇੱਜ਼ਤਾਂ ਤਾਂ ਖਤਮ,
ਆਬਰੂ ਵੀ ਲੀਰੋ ਲੀਰ ਏ
ਖੂਨ 'ਚ ਲੱਥ ਪੱਥ
ਅੱਜ ਕਸ਼ਮੀਰ ਦੀ ਤਸਵੀਰ ਏ।


ਕਸ਼ਮੀਰ ਵਿਚ ਚਿਨਾਰ ਦੇ ਦਰਖਤਾਂ ਦੀ ਸ਼ਾਨ।

ਸ਼ਰਧਾਂਜਲੀ

# ਪੰਜਾਬੀ ਸਾਹਿਤ ਦੇ ਬੋਹੜ ਸਨ ਜੁਗਿੰਦਰ ਸਿੰਘ ਫੁੱਲ

ਹਰਗੁਣਪ੍ਰੀਤ ਸਿੰਘ
ਫੋਨ: 91-94636-19353

ਵਡੇਰੀ ਉਮਰ ਅਤੇ ਨਾਸਾਜ਼ ਸਿਹਤ ਦੇ ਬਾਵਜੂਦ ਦ੍ਰਿੜ ਵਿਸ਼ਵਾਸ ਤੇ ਸਿਰੜੀ ਸੁਭਾਅ ਸਦਕਾ ਪੰਜਾਬੀ ਸਾਹਿਤ ਦੀ ਪ੍ਰਫੁਲਤਾ ਲਈ ਆਪਣੀ ਜ਼ਿੰਦਗੀ ਦਾ ਇਕ-ਇਕ ਪਲ ਸਮਰਪਿਤ ਕਰਕੇ ਲਗਭਗ 20 ਉਚ ਦਰਜੇ ਦੀਆਂ ਸਾਹਿਤਕ ਪੁਸਤਕਾਂ ਨੂੰ ਪੰਜਾਬੀ ਸਾਹਿਤ ਦੀ ਝੋਲੀ ਪਾਉਣ ਵਾਲੇ 'ਪੰਜਾਬੀ ਸਾਹਿਤ ਦੇ ਬੋਹੜ' ਜੁਗਿੰਦਰ ਸਿੰਘ ਫੁੱਲ ਪਿਛਲੀ 14 ਜੂਨ ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਉਸਾਰੂ ਲੇਖਾਂ, ਨਾਵਲਾਂ, ਜੀਵਨੀਆਂ ਅਤੇ ਕਵਿਤਾਵਾਂ ਨੇ ਜਿੱਥੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਹੋਰ ਅਮੀਰ ਬਣਾਇਆ ਹੈ, ਉਥੇ ਕਈ ਸਰੀਰਕ ਸਮੱਸਿਆਵਾਂ ਦੇ ਬਾਵਜੂਦ ਅਨੇਕਾਂ ਨਵੇਂ-ਪੁਰਾਣੇ ਲੇਖਕਾਂ ਦਾ ਜੀਵਨ ਬਿਓਰਾ ਲਿਖ ਕੇ ਮਾਝੇ, ਦੁਆਬੇ ਅਤੇ ਮਾਲਵੇ ਦੇ ਲੇਖਕਾਂ ਦਾ ਕੋਸ਼ ਤਿਆਰ ਕਰਕੇ ਇਕ ਸ਼ਾਨਦਾਰ ਸਾਹਿਤਕ ਦਸਤਾਵੇਜ਼ ਤਿਆਰ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ।

ਪੰਜਾਬੀ ਸਾਹਿਤ ਵਿਚ ਭਾਵੇਂ ਹਜ਼ਾਰਾਂ ਉਘੇ ਸਾਹਿਤਕਾਰ ਹੋਏ ਹਨ, ਪਰ ਵਿਰਲੇ ਹੀ ਅਜਿਹੇ ਹਨ, ਜੋ ਕਥਨੀ ਅਤੇ ਕਰਨੀ 'ਤੇ ਪੂਰੇ ਉਤਰੇ ਹੋਣ। ਜੁਗਿੰਦਰ ਸਿੰਘ ਫੁੱਲ ਵੀ ਉਨ੍ਹਾਂ ਵਿਰਲੇ ਮਹਾਨ ਲਿਖਾਰੀਆਂ ਵਿਚੋਂ ਇੱਕ ਸਨ, ਜਿਨ੍ਹਾਂ ਨੇ ਆਪਣੇ ਜੀਵਨ ਦੇ ਚੁਣੌਤੀ ਭਰੇ ਪੈਂਡਿਆਂ ਵਿਚੋਂ ਗੁਜ਼ਰਦਿਆਂ ਨਾ ਕੇਵਲ ਪੂਰੀ ਸਾਕਾਰਾਤਮਕਤਾ ਨਾਲ ਅਨੇਕਾਂ ਦੁੱਖਾਂ-ਮੁਸੀਬਤਾਂ ਦਾ ਸਾਹਮਣਾ ਕੀਤਾ ਸਗੋਂ ਆਪਣੀਆਂ ਲਿਖਤਾਂ ਅਤੇ ਪੁਸਤਕਾਂ ਰਾਹੀਂ ਉਨ੍ਹਾਂ ਮੁਸ਼ਕਿਲਾਂ ਤੋਂ ਹਾਸਲ ਹੋਏ ਅਹਿਮ ਅਨੁਭਵਾਂ ਤੇ ਉਸਾਰੂ ਨਜ਼ਰੀਏ ਨੂੰ ਆਪਣੇ ਪਾਠਕਾਂ ਨਾਲ ਸਾਂਝਾ ਕਰਕੇ ਉਨ੍ਹਾਂ ਦੀ ਮਨੋਦਸ਼ਾ ਬਦਲਣ ਅਤੇ ਚੜ੍ਹਦੀ ਕਲਾ ਪ੍ਰਦਾਨ ਕਰਨ ਵਿਚ ਵੀ ਸ਼ਲਾਘਾਯੋਗ ਭੂਮਿਕਾ ਨਿਭਾਈ।

ਮੈਂ ਉਨ੍ਹਾਂ ਦੇ ਸੰਪਰਕ ਵਿਚ ਰਹਿ ਕੇ ਉਨ੍ਹਾਂ ਦੇ ਤਜਰਬਿਆਂ ਤੋਂ ਬਹੁਤ ਕੁਝ ਸਿੱਖਿਆ ਹੈ। ਜਦੋਂ ਵੀ ਉਨ੍ਹਾਂ ਨਾਲ ਫੋਨ ਉਤੇ ਗੱਲਬਾਤ ਹੋਣੀ, ਉਨ੍ਹਾਂ ਜੋਸ਼ੀਲੀ ਅਤੇ ਰਸੀਲੀ ਆਵਾਜ਼ ਵਿਚ ਮੇਰੇ ਨਾਲ ਸਾਹਿਤਕ ਵਿਚਾਰ ਕਰਨ ਦੇ ਨਾਲ ਦੇਸ਼ ਦੁਨੀਆਂ ਦੇ ਰਾਜਨੀਤਕ, ਆਰਥਕ ਅਤੇ ਸਮਾਜਕ ਮਸਲਿਆਂ ਸਬੰਧੀ ਵੀ ਲੰਮੀ ਤੇ ਸਾਰਥਕ ਵਿਚਾਰ ਚਰਚਾ ਕਰਨੀ। ਉਹ ਬਹੁਤ ਘੱਟ ਸਮੇਂ 'ਚ ਕਿਸੇ ਵੀ ਵਿਸ਼ੇ ਅਤੇ ਵਿਅਕਤੀ ਸਬੰਧੀ ਬੜੀ ਸਰਲਤਾ ਨਾਲ ਪ੍ਰਭਾਵਸ਼ਾਲੀ ਰਚਨਾ ਲਿਖ ਲੈਂਦੇ ਸਨ, ਜਿਸ ਦਾ ਪ੍ਰਤੱਖ ਪ੍ਰਮਾਣ ਮੈਂ ਉਦੋਂ ਦੇਖਿਆ, ਜਦੋਂ ਮੈਂ ਉਨ੍ਹਾਂ ਨੂੰ ਗਿਆਰਾਂ ਸਾਲ ਪਹਿਲਾਂ ਪਹਿਲੀ ਵਾਰ ਮਿਲਿਆ ਅਤੇ ਉਨ੍ਹਾਂ ਨੇ ਮੇਰੇ ਨਾਲ ਹੋਈ ਛੋਟੀ ਜਿਹੀ ਮੁਲਾਕਾਤ ਨਾਲ ਹੀ


ਜੁਗਿੰਦਰ ਸਿੰਘ ਫੁੱਲ

ਮੇਰਾ ਵਧੀਆ ਪਾਤਰ ਚਿਤਰਣ ਕੀਤਾ, ਜੋ ਬਾਅਦ ਵਿਚ ਪੰਜਾਬੀ ਦੇ ਇਕ ਨਾਮਵਰ ਅਖਬਾਰ ਵਿਚ ਵੀ ਪ੍ਰਕਾਸ਼ਿਤ ਹੋਇਆ। ਮੈਂ ਜਿੰਨੀ ਵਾਰ ਉਨ੍ਹਾਂ ਦੀਆਂ ਪੁਸਤਕਾਂ 'ਬਾਕੀ ਫੇਰ ਵੇਖਾਂਗੇ', 'ਵਿਸਰ ਰਿਹਾ ਵਿਰਸਾ', 'ਇਕ ਕੰਢੇ ਵਾਲਾ ਦਰਿਆ-ਰਾਬਿੰਦਰ ਕੌਰ ਕੈਰੋਂ', 'ਸੰਦਲੀ ਜੀਵਨ' ਅਤੇ 'ਜੀਵਨ ਅਨੰਦ' ਪੜ੍ਹਨ ਬੈਠਦਾ ਹਾਂ, ਮੈਨੂੰ ਹਰ ਵਾਰ ਇਕ ਅਦਭੁੱਤ ਸਕੂਨ ਮਿਲਦਾ ਹੈ।

ਡੇਢ ਕੁ ਮਹੀਨਾ ਪਹਿਲਾਂ ਉਨ੍ਹਾਂ ਮੈਨੂੰ ਫੋਨ 'ਤੇ ਦੱਸਿਆ ਕਿ ਉਨ੍ਹਾਂ ਦੀ ਆਪਣੀ ਸਵੈ ਜੀਵਨੀ ਦੀ ਪੁਸਤਕ ਵੀ ਲਗਭਗ ਮੁਕੰਮਲ ਹੋ ਗਈ ਹੈ ਤਾਂ ਮੈਂ ਉਨ੍ਹਾਂ ਨੂੰ ਮੁਬਾਰਕਾਂ ਦਿੰਦਿਆਂ ਪੁੱਛਿਆ, "ਇਕ ਸਫਲ ਜੀਵਨ ਦਾ ਕੀ ਭੇਦ ਹੈ ਅਤੇ ਜੀਵਨ ਵਿਚ ਦੁਖ-ਸੁਖ ਵੇਲੇ ਕਿਵੇਂ ਅਡੋਲ ਰਹਿ ਕੇ ਸਹਿਜ ਵਿਚ ਵਿਚਰਿਆ ਜਾ ਸਕਦਾ ਹੈ?"

ਸੁਣ ਕੇ ਉਚੀ-ਉਚੀ ਹੱਸਣ ਲੱਗੇ ਅਤੇ ਕਹਿਣ ਲੱਗੇ, "ਇਹ ਜ਼ਿੰਦਗੀ ਕਿਸੇ ਪਰਮ ਸ਼ਕਤੀ ਦੀ ਵਡਮੁੱਲੀ ਦਾਤ ਹੈ ਅਤੇ ਇਸ ਨੂੰ ਸੁਚੱਜੇ, ਸੁਯੋਗ ਅਤੇ ਕਲਾਤਮਿਕ ਢੰਗ ਨਾਲ ਹੰਢਾਉਣਾ ਸਾਡਾ ਪਰਮ ਫਰਜ਼ ਹੈ। ਜਦੋਂ ਅਸੀਂ ਲੱਕ ਬੰਨ੍ਹ ਕੇ ਬੁਲੰਦ ਨਜ਼ਰੀਏ ਨਾਲ ਪੇਸ਼ਕਦਮੀ ਕਰਦੇ ਹਾਂ ਤਾਂ ਜੀਵਨ ਦੇ ਰਸਤੇ ਆਪਣੇ ਆਪ ਹੀ ਸਾਂਵੇਂ ਪੱਧਰੇ ਹੋਈ ਜਾਂਦੇ ਹਨ। ਸਾਨੂੰ ਆਪਣੇ ਜੀਵਨ ਦੀਆਂ ਲੋੜਾਂ ਆਪਣੇ ਸੀਮਤ ਸਾਧਨਾਂ ਅਨੁਸਾਰ ਵਿਚਾਰਨੀਆਂ ਚਾਹੀਦੀਆਂ ਹਨ ਅਤੇ ਦੂਜਿਆਂ ਦੀ ਚਮਕ-ਦਮਕ ਅਤੇ ਚਕਾਚੌਂਧ ਵਾਲੀ ਜ਼ਿੰਦਗੀ ਨੂੰ ਆਪਣੀਆਂ ਅੱਖਾਂ ਨਾਲ ਨਹੀਂ ਜੋੜਨਾ ਚਾਹੀਦਾ, ਕਿਉਂਕਿ ਬਹੁਤੀ ਤੇ ਬੇਲੋੜੀ ਰੌਸ਼ਨੀ ਸਾਡੀ ਦੇਖਣ ਦੀ ਸਮਰੱਥਾ ਵਿਚ ਰੁਕਾਵਟ ਪਾਉਂਦੀ ਹੈ।"

ਉਨ੍ਹਾਂ ਕਿਹਾ, "ਆਪਣੇ ਆਲੇ-ਦੁਆਲੇ, ਆਂਢ-ਗੁਆਂਢ ਅਤੇ ਸਮਾਜ ਨਾਲ ਦੁਖ-ਸੁਖ ਦੇ ਭਾਈਵਾਲ ਬਣੇ ਰਹਿਣ ਨਾਲ ਜੀਵਨ ਸਾਂਵਾਂ ਪੱਧਰਾ ਤੁਰਿਆ ਜਾਂਦਾ ਹੈ। ਇਸ ਤੋਂ ਇਲਾਵਾ ਸਮੇਂ ਦੀ ਸਹੀ ਵੰਡ ਕਰ ਲੈਣੀ ਅਤੇ ਉਸ ਅਨੁਸਾਰ ਆਪਣੇ ਆਪ ਨੂੰ ਢਾਲ ਲੈਣਾ ਜੀਵਨ-ਅਡੋਲਤਾ ਵਿਚ ਸਹਾਈ ਸਿੱਧ ਹੁੰਦਾ ਹੈ। ਯਾਦ ਰੱਖਣ ਯੋਗ ਤੱਥ ਇਹ ਹੈ ਕਿ ਜਿੱਥੇ ਨੀਅਤ ਅਤੇ ਤਬੀਅਤ ਸਾਫ ਹੈ, ਉਥੇ ਬਰਕਤਾਂ ਹੀ ਬਰਕਤਾਂ ਹਨ।"


ਸ. ਫੁੱਲ ਦੇ ਸੰਪਰਕ ਵਿਚ ਜੋ ਕੋਈ ਵੀ ਆਇਆ, ਉਹ ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਤੋਂ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕਿਆ। ਉਹ ਭਾਵੇਂ ਸਰੀਰਕ ਤੌਰ 'ਤੇ ਸਾਨੂੰ ਅਲਵਿਦਾ ਆਖ ਗਏ ਹਨ, ਪਰ ਉਹ ਆਪਣੇ ਪ੍ਰਭਾਵਸ਼ਾਲੀ ਵਿਅਕਤੀਤਵ ਅਤੇ ਪ੍ਰੇਰਨਾਮਈ ਲਿਖਤਾਂ ਸਦਕਾ ਪਰਿਵਾਰ, ਪਾਠਕਾਂ, ਵਿਦਿਆਰਥੀਆਂ, ਮਿੱਤਰ ਪਿਆਰਿਆਂ ਅਤੇ ਸਾਕ ਸਬੰਧੀਆਂ ਦੀ ਯਾਦ ਵਿਚ ਹਮੇਸ਼ਾ ਜਿਉਂਦੇ-ਵੱਸਦੇ ਰਹਿਣਗੇ ਤੇ ਉਨ੍ਹਾਂ ਨੂੰ ਯੋਗ ਅਗਵਾਈ ਦਿੰਦੇ ਰਹਿਣਗੇ।

# ਚੜ੍ਹਦੇ ਸਾਗਰ ਡੁੱਬਦੀ ਧਰਤੀ

**ਸਮੁੱਚੇ ਸੰਸਾਰ 'ਚ ਵਿਕਾਸ ਦਾ ਜੋ ਮਾਡਲ ਚੱਲ ਰਿਹਾ ਹੈ, ਉਸ ਨਾਲ ਕੁਦਰਤ ਉਤੇ ਬਹੁਤ ਮਾਰੂ ਅਸਰ ਪੈ ਰਿਹਾ ਹੈ। ਹੋਰ ਕਈ ਤਰ੍ਹਾਂ ਦੇ ਭਿਆਨਕ ਵਿਗਾੜਾਂ ਦੇ ਨਾਲ-ਨਾਲ ਧਰਤੀ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ। ਤਾਪਮਾਨ ਵਧਣ ਨਾਲ ਗਲੇਸ਼ੀਅਰ ਪਿਘਲ ਰਹੇ ਹਨ ਅਤੇ ਸਾਗਰਾਂ ਦਾ ਪਾਣੀ ਚੜ੍ਹ ਰਿਹਾ ਹੈ। ਜੇ ਇਹ ਤਪਸ਼ ਇਸੇ ਤਰ੍ਹਾਂ ਜਾਰੀ ਰਹੀ ਤਾਂ ਛੇਤੀ ਹੀ ਸੰਸਾਰ ਦੇ ਕਈ ਟਾਪੂ ਅਤੇ ਮੁਲਕ ਸੰਸਾਰ ਦੇ ਨਕਸ਼ੇ ਤੋਂ ਗਾਇਬ ਹੋ ਜਾਣਗੇ। ਪਾਣੀ ਦੀ ਇਸ ਪਰਲੋ ਬਾਰੇ ਗਹਿਰ-ਗੰਭੀਰ ਚਰਚਾ ਆਪਣੇ ਇਸ ਲੇਖ ਵਿਚ ਡਾ. ਕੁਲਦੀਪ ਸਿੰਘ ਧੀਰ ਨੇ ਕੀਤੀ ਹੈ। -ਸੰਪਾਦਕ**

ਮਿਥਿਹਾਸ ਭਾਵੇਂ ਕੁਝ ਵੀ ਕਹਿੰਦਾ ਹੋਵੇ, ਪਰ ਧਰਤੀ ਉਤੇ ਮਨੁੱਖ ਜਾਤੀ ਦਾ ਇਤਿਹਾਸ ਅਠਾਰਾਂ ਹਜ਼ਾਰ ਸਾਲ ਦਾ ਹੈ। ਆਦਮ ਮਨੁੱਖ ਦੀ ਅੰਮਾ ਸਮਝੀ ਜਾਂਦੀ ਲੂਸੀ ਦੇ ਪਿੰਜਰ ਦਾ ਪਥਰਾਟ ਬੱਤੀ ਲੱਖ ਸਾਲ ਪੁਰਾਣਾ ਹੈ। ਅਫਰੀਕਾ ਵਿਚੋਂ ਮਿਲੇ ਇਸ ਪਥਰਾਟ ਤੋਂ ਵੀ ਪੁਰਾਣਾ, ਭਾਵ ਚੁਤਾਲੀ ਲੱਖ ਸਾਲ ਪਹਿਲਾਂ ਦੀ ਅੰਮਾ ਆਰਡੀ ਦਾ ਪਥਰਾਟ ਵੀ ਇਥੋਪੀਆ ਵਿਚੋਂ ਮਿਲ ਚੁਕਾ ਹੈ। ਤੁਸੀਂ ਸੋਚੋਗੇ ਕਿ ਇਸ ਦੇ ਬਾਵਜੂਦ ਅਸੀਂ ਅਠਾਰਾਂ ਹਜ਼ਾਰ ਸਾਲ ਦੇ ਇਤਿਹਾਸ ਦੀ ਹੀ ਗੱਲ ਕਿਉਂ ਕਰ ਰਹੇ ਹਾਂ? ਗੱਲ ਇਹ ਹੈ ਕਿ ਜੰਗਲਾਂ, ਪਹਾੜੀ ਗੁਫਾਵਾਂ ਤੇ ਕੁਦਰਤ ਦੀ ਗੋਦ ਵਿਚ ਰਹਿੰਦੇ ਮਨੁੱਖ ਜਾਂ ਉਸ ਦੇ ਵਡੇਰਿਆਂ ਦੇ ਜੀਵਨ ਦਾ ਇਸ ਧਰਤੀ ਉਤਲੇ ਵਾਯੂਮੰਡਲ ਨਾਲ ਨਾਤਾ ਉਹੋ ਜਿਹਾ ਨਹੀਂ ਸੀ, ਜਿਹੋ ਜਿਹਾ ਅਠਾਰਾਂ ਹਜ਼ਾਰ ਸਾਲ ਪਹਿਲਾਂ ਬਣਨ ਲੱਗਾ। ਦਵਿੰਦਰ ਸਤਿਆਰਥੀ ਨੇ ਵਿਅੰਗ ਨਾਲ ਮੇਰੀ ਇਕ ਸਹਿਕਰਮੀ ਨੂੰ ਕਿਹਾ ਸੀ,

"ਤੂੰ ਆਪ ਸੋਚ ਮਿਸ ਦਾਸ ਕੱਲ੍ਹ ਦੇ ਜੰਮੇ ਚੰਡੀਗੜ੍ਹ ਦਾ ਕੀ ਇਤਿਹਾਸ?"



ਡਾ. ਕੁਲਦੀਪ ਸਿੰਘ ਧੀਰ


ਮਨੁੱਖ ਭਾਵੇਂ ਜਿੰਨੇ ਮਰਜ਼ੀ ਦਾਅਵੇ ਕਰੀ ਜਾਵੇ, ਇਤਿਹਾਸ ਦੇ ਨਾਂ ਉਤੇ ਇਸ ਕੋਲ ਲੱਖਾਂ ਸਾਲ ਨਹੀਂ, ਕੁਝ ਹਜ਼ਾਰ ਸਾਲ ਹੀ ਗਿਣਾਉਣ ਜੋਗੇ ਹਨ।

ਬੀਤੇ ਅਠਾਰਾਂ ਹਜ਼ਾਰ ਸਾਲ ਵਿਚ ਅਸੀਂ ਤੇ ਸਾਡੇ ਵੱਡੇ ਵਡੇਰਿਆਂ ਨੇ ਧਰਤੀ ਦਾ ਵਾਯੂਮੰਡਲ ਹੌਲੀ ਹੌਲੀ ਬਹੁਤ ਬਦਲ ਦਿੱਤਾ ਹੈ। ਮਨੁੱਖੀ ਵਸੋਂ ਅਤੇ ਵਿਗਿਆਨ ਨੇ ਧਰਤੀ ਦੇ ਪੌਣ-ਪਾਣੀ ਨੂੰ ਤੇਜ਼ੀ ਨਾਲ ਇੰਜ ਪਲੀਤ ਕੀਤਾ ਹੈ ਕਿ ਇਹ ਧਰਤੀ ਹੁਣ ਉਥੇ ਹੀ ਖੂਬਸੂਰਤ ਹੈ, ਜਿਥੇ ਬੰਦੇ ਦੇ ਪੈਰ ਨਹੀਂ ਪਏ। ਬਕੌਲ ਸ਼ਾਇਰ,

ਆਪ ਕਾ ਸ਼ਹਿਰ ਬਹੁਤ ਖ਼ੂਬਸੂਰਤ ਹੈ
ਕਯਾ ਯਹਾਂ ਆਦਮੀ ਨਹੀਂ ਹੋਤੇ।

ਮਨੁੱਖ ਨੇ ਕੁਦਰਤੀ ਸਾਧਨਾਂ ਦੀ ਦੁਰਵਰਤੋਂ ਇੰਨੀ ਬੇਰਹਿਮੀ ਨਾਲ ਕਰਨੀ ਸ਼ੁਰੂ ਕਰ ਦਿੱਤੀ ਹੈ ਕਿ ਇਹ ਉਸ ਲਈ ਖਤਰੇ ਦੀ ਘੰਟੀ ਵਜਾ ਚੁਕੀ ਹੈ। ਮੌਸਮਾਂ ਦੇ ਹੇਰ ਫੇਰ, ਵਧ ਰਹੀ ਤਪਸ਼, ਗਰੀਨ ਹਾਊਸ ਪ੍ਰਭਾਵ ਤੇ ਪਿਘਲ ਰਹੇ ਗਲੇਸ਼ੀਅਰ ਸਾਡੇ ਸਾਗਰਾਂ ਵਿਚ ਪਾਣੀ ਦਾ ਪੱਧਰ ਤੇਜ਼ੀ ਨਾਲ ਵਧਾ ਰਹੇ ਹਨ। ਚੇਤੇ ਰਹੇ, ਧਰਤੀ ਦਾ ਕੇਵਲ ਇਕ ਚੌਥਾਈ ਹਿੱਸਾ ਹੀ ਥਲ ਹੈ, ਬਾਕੀ ਤਿੰਨ ਚੌਥਾਈ ਤਾਂ ਪਾਣੀ ਹੈ। ਸਾਗਰ ਹੀ ਹੈ। ਜ਼ਿੰਦਗੀ ਦੀ ਰਬਾਬ ਪਹਿਲਾਂ ਪਾਣੀਆਂ ਵਿਚ ਹੀ ਵੱਜੀ। ਕਿਤੇ ਇਹ ਪਾਣੀ ਹੀ ਇਸ ਜਗਤ ਨੂੰ ਨਾ ਖਾ ਜਾਏ। ਚੜ੍ਹ ਰਹੇ ਸਾਗਰ ਕਿਤੇ ਧਰਤੀ ਨੂੰ ਆਪਣੀ ਗੋਦ ਵਿਚ ਹੀ ਨਾ ਸਮਾ ਲੈਣ। ਸਾਗਰਾਂ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਰਹਿੰਦਿਆਂ ਇਹ ਗੱਲ ਐਵੇਂ ਕਲਪਨਾ ਲੱਗਦੀ ਹੋਵੇਗੀ ਪਰ ਇਸ ਦਾ ਕੌੜਾ ਤੇ ਭਿਅੰਕਰ ਸੱਚ ਉਨ੍ਹਾਂ ਨੂੰ ਪੁੱਛੋ ਜਿਨ੍ਹਾਂ ਦੇ ਸਿਰ ਉਤੇ ਜਲ ਪਰਲੋ ਦੇ ਖਤਰੇ ਬੁਰੀ ਤਰ੍ਹਾਂ ਮੰਡਰਾ ਰਹੇ ਹਨ ਜਾਂ ਫਿਰ ਉਨ੍ਹਾਂ ਨੂੰ, ਜਿਨ੍ਹਾਂ ਦੇ ਘਰ ਘਾਟ, ਗਲੀ ਮੁਹੱਲੇ, ਨਗਰ ਤੇ ਟਾਪੂ ਸਾਗਰਾਂ ਨੇ ਨਿਗਲ ਲਏ ਹਨ।

ਜਲ ਪਰਲੋ ਦੀ ਮਾਰ ਖਾ ਰਹੇ ਮਾਲਦੀਵ ਦੀ ਕੋਈ ਨਹੀਂ ਸੁਣਾ ਰਿਹਾ। 17 ਅਕਤੂਬਰ 2009 ਨੂੰ ਮਾਲਦੀਵ ਦੇ ਪ੍ਰਧਾਨ ਮੰਤਰੀ ਨੇ ਆਪਣੀ ਕੈਬਨਿਟ ਦੀ ਮੀਟਿੰਗ ਸਾਗਰ ਦੇ ਪਾਣੀਆਂ ਹੇਠਾਂ ਕਰ ਕੇ ਦੁਨੀਆਂ ਨੂੰ ਵਾਸਤਾ ਪਾਇਆ ਕਿ ਉਨ੍ਹਾਂ ਦੀ ਹੋਂਦ ਖਤਰੇ ਵਿਚ ਹੈ। ਮਾਲਦੀਵ ਕੁਦਰਤ ਦੀ ਖ਼ੂਬਸੂਰਤ ਦਾਤ ਹੈ। ਥਾਂ ਥਾਂ ਸਮੁੰਦਰੀ ਪਾਣੀ ਦੁਆਲੇ ਬਣੇ ਧਰਤ ਛੱਲੇ। ਬਾਰਾਂ ਸੌ ਅਟਾਲ ਕਹੇ ਜਾਂਦੇ ਇਨ੍ਹਾਂ ਛੱਲਿਆਂ ਦੇ ਇਸ ਦੇਸ਼ ਦਾ ਅੱਸੀ ਫੀਸਦੀ ਹਿੱਸਾ ਸਮੁੰਦਰੀ ਪੱਧਰ ਤੋਂ ਸਿਰਫ ਇਕ ਮੀਟਰ ਉਚਾ ਹੈ। ਸਮੁੰਦਰ ਦਾ ਪਾਣੀ ਇਕ ਮੀਟਰ ਉਚਾ ਹੋ ਗਿਆ ਤਾਂ ਕਰੀਬ ਸਾਰਾ ਦੇਸ਼ ਹੀ ਧਰਤੀ ਦੇ ਨਕਸ਼ੇ ਤੋਂ ਲੋਪ ਹੋ ਜਾਵੇਗਾ।



ਭਾਰਤ ਦੇ ਗੁਆਂਢੀ ਮੁਲਕ ਮਾਲਦੀਵ ਦੀ ਰਾਜਧਾਨੀ ਮਾਲੇ ਦੀ ਅੰਬਰੀ ਝਲਕ, ਜੋ ਆਉਣ ਵਾਲੇ ਸਮੇਂ ਵਿਚ ਸਮੁੰਦਰ ਵਿਚ ਸਮਾ ਸਕਦੀ ਹੈ।

ਮਾਲਦੀਵ ਸਾਥੋਂ ਬਹੁਤਾ ਦੂਰ ਨਹੀਂ। ਜਾਦੂ ਧੂੜਨ ਵਾਲੇ ਇਸ ਦੇ ਸੁੰਦਰ ਬੀਚਾਂ ਉਤੇ ਜਲ ਪਰਲੋ ਦਸਤਕ ਦੇ ਰਹੀ ਹੈ। ਸਾਲ 2007 ਵਿਚ ਯੂ. ਐਨ. ਓ. ਨੇ ਚਿਤਾਵਨੀ ਦਿੱਤੀ ਸੀ ਕਿ ਸਮੁੰਦਰੀ ਲੈਵਲ ਦੇ 18 ਤੋਂ 59 ਸੈਂਟੀਮੀਟਰ ਤਕ ਵਾਧੇ ਨਾਲ ਇਹ ਮੁਲਕ ਵਸਣਯੋਗ ਨਹੀਂ ਰਹੇਗਾ। ਇਥੋਂ ਦੀ ਸਾਰੀ ਵਸੋਂ ਉਠਾ ਕੇ ਸ੍ਰੀਲੰਕਾ, ਭਾਰਤ ਜਾਂ ਦੂਰ ਆਸਟਰੇਲੀਆ ਵਿਚ ਵਸਾਉਣੀ ਪੈ ਸਕਦੀ ਹੈ।

ਮਾਲਦੀਵ ਤਾਂ ਗੁਆਂਢੀ ਦੇਸ਼ ਹੈ। ਸਾਡੇ ਆਪਣੇ ਸੁੰਦਰਬਣ ਵਿਚ ਵਸੇ ਨਿਊ ਮੂਰ ਟਾਪੂ ਨੂੰ ਸਮੁੰਦਰ ਨੇ ਨਿਗਲ ਲਿਆ ਹੈ। ਇਸ ਤੋਂ ਵੀ ਪਹਿਲਾਂ ਸਮੁੰਦਰ ਨੇ ਲੋਹਾਚਾਰਾ ਨਾਂ ਦੇ ਦਸ ਹਜ਼ਾਰ ਦੀ ਅਬਾਦੀ ਵਾਲੇ ਟਾਪੂ ਨੂੰ ਸੰਨ 1996 ਵਿਚ ਆਪਣੇ ਅੰਦਰ ਸਮਾ ਲਿਆ ਸੀ। ਕੀਰੀਘਾਟੀ ਟਾਪੂ ਦੇ ਧਰਤ ਛੱਲੇ ਸਾਗਰ ਵਿਚ ਗੁਆਚ ਚੁਕੇ ਹਨ। ਸ਼ਾਂਤ ਮਹਾਸਾਗਰ ਵਿਚ ਵੀ ਵਾਨੂਆਟੂ ਟਾਪੂਆਂ ਤੋਂ ਸਾਰੀ ਮਨੁੱਖੀ ਵਸੋਂ ਜਲ ਪਰਲੋ ਦੇ ਖਤਰੇ ਕਾਰਨ ਹਟਾਈ ਜਾ ਚੁਕੀ ਹੈ।

ਦੱਖਣੀ ਭਾਰਤ ਨੂੰ ਘੇਰੀ ਬੈਠੇ ਪ੍ਰਸ਼ਾਂਤ ਸਾਗਰ ਦੇ ਚੜ੍ਹ ਰਹੇ ਪਾਣੀ ਇਸ ਸਾਗਰ ਵਿਚ ਘਿਰੇ ਹਰ ਦੇਸ਼ ਦੀ ਧਰਤੀ ਨੂੰ ਥੋੜ੍ਹਾ ਬਹੁਤ ਨਿਗਲਦੇ ਰਹਿੰਦੇ ਹਨ। ਮਾਲਦੀਵ ਟਾਪੂਆਂ ਤੋਂ ਮਾਰਸ਼ਲ ਟਾਪੂਆਂ ਤਕ, ਬੰਗਲਾਦੇਸ਼ ਤੋਂ ਮਿਸਰ ਤਕ, ਚੀਨ, ਮਲੇਸ਼ੀਆ, ਅਰਜਨਟੀਨਾ, ਨਾਇਜੀਰੀਆ, ਸੈਨੇਗਲ, ਉਰੂਗੁਏ, ਵੈਨੇਜ਼ੁਏਲਾ ਆਦਿ ਕੋਈ ਮੁਲਕ ਵੀ ਚੜ੍ਹ ਰਹੇ ਸਾਗਰਾਂ ਦੀ ਮਾਰ ਤੋਂ ਨਹੀਂ ਬਚਿਆ।

ਵਿਗਿਆਨੀ ਕਹਿ ਰਹੇ ਹਨ ਕਿ ਸਾਲ 2025 ਤਕ ਸਾਗਰਾਂ ਦੇ ਪਾਣੀ ਦਾ ਪੱਧਰ ਔਸਤ ਇਕੀ ਸੈਂਟੀਮੀਟਰ ਉਚਾ ਹੋ ਜਾਵੇਗਾ। ਸਦੀ ਮੁੱਕਣ ਤੱਕ ਇਹ ਸੱਤਰ ਕੁ ਸੈਂਟੀਮੀਟਰ ਹੋਰ ਵਧ ਜਾਵੇਗਾ। ਜੇ ਅਸੀਂ ਵਾਤਾਵਰਣ ਵੱਲ ਹੋਰ ਅਣਗਹਿਲੀ ਵਰਤੀ ਤਾਂ ਸਦੀ ਦੇ ਅੱਧ ਤਕ ਵੀ ਕਈ ਥਾਂਈਂ ਪਾਣੀ ਦਾ ਤਲ ਇਕ ਮੀਟਰ ਵਧ ਸਕਦਾ ਹੈ। ਇਸ ਇਕ ਮੀਟਰ ਦੇ ਵਾਧੇ ਨਾਲ ਮਾਲਦੀਵ ਤਾਂ ਡੁੱਬ ਹੀ ਜਾਵੇਗਾ, ਭਾਰਤ ਦੇ ਛੇ ਹਜ਼ਾਰ ਕਿਲੋਮੀਟਰ ਦੇ ਤੱਟਵਰਤੀ ਖੇਤਰਾਂ ਵਿਚ ਕਰੀਬ ਛੇ ਹਜ਼ਾਰ ਵਰਗ ਕਿਲੋਮੀਟਰ ਜ਼ਮੀਨ ਪਾਣੀ ਥੱਲੇ ਚਲੀ ਜਾਵੇਗੀ। ਸਭ ਤੋਂ ਵੱਧ ਮਾਰ ਤਾਮਿਲਨਾਡੂ ਤੇ ਬੰਗਾਲ ਨੂੰ ਪਵੇਗੀ। ਉਸ ਪਿਛੋਂ ਗੁਜਰਾਤ, ਉੜੀਸਾ ਤੇ ਅੰਡੇਮਾਨ ਨਿਕੋਬਾਰ ਦਾ ਨੰਬਰ ਆਵੇਗਾ। ਫਿਰ ਗੋਆ, ਆਂਧਰਾ, ਮਹਾਰਾਸ਼ਟਰ ਤੇ ਕਰਨਾਟਕ ਦੀ ਵਾਰੀ ਆਵੇਗੀ। ਤਾਮਿਲਨਾਡੂ ਤੇ ਬੰਗਾਲ ਦੀ ਕੁੱਲ ਧਰਤੀ ਦਾ ਕ੍ਰਮਵਾਰ ਪੰਜ ਅਤੇ ਦੋ ਫੀਸਦੀ ਹਿੱਸਾ ਸਾਗਰ ਦੀ ਭੇਟ ਚੜ੍ਹ ਜਾਵੇਗਾ। ਇਨ੍ਹਾਂ ਸਾਰੇ ਪ੍ਰਦੇਸ਼ਾਂ ਤੋਂ ਉਜੜਨ ਵਾਲੇ ਲੋਕ ਪਨਾਹ ਲੈਣ ਲਈ ਭੱਜਣਗੇ।

ਭਾਰਤ ਤੋਂ ਬਾਹਰ ਵੀ ਹਾਲਤ ਠੀਕ ਨਹੀਂ। ਬੰਗਲਾਦੇਸ਼ ਦਾ ਅਠਾਰਾਂ ਫੀਸਦੀ ਅਤੇ ਮਿਸਰ ਦਾ ਬਾਰਾਂ ਫੀਸਦੀ ਹਿੱਸਾ ਡੁੱਬ ਜਾਵੇਗਾ। ਚੀਨ ਵਿਚੋਂ ਸਵਾ ਸੱਤ ਕਰੋੜ ਅਤੇ ਬੰਗਲਾਦੇਸ਼ ਵਿਚੋਂ ਸਵਾ ਕਰੋੜ ਲੋਕ ਉਜੜ ਜਾਣਗੇ। ਮਿਸਰ ਵਿਚੋਂ ਸੱਠ ਲੱਖ ਅਤੇ ਨਾਇਜੀਰੀਆ ਵਿਚੋਂ ਤੀਹ ਲੱਖ। ਉਪਰਲੀ ਸੂਚੀ ਵਿਚੋਂ ਹਰ ਮੁਲਕ ਵਿਚੋਂ ਹਜ਼ਾਰਾਂ ਨਹੀਂ, ਲੱਖਾਂ ਦੀ ਗਿਣਤੀ ਵਿਚ ਲੋਕਾਂ ਨੂੰ ਆਪਣੇ ਪਿਓ-ਦਾਦੇ ਦੀ ਧਰਤੀ ਛੱਡਣੀ ਪਵੇਗੀ। ਕੀ ਅਜੇ ਕੋਈ ਸ਼ੱਕ ਹੈ ਕਿ ਜਲ ਪਰਲੋ ਸਾਡੇ ਬੂਹੇ ਉਤੇ ਜ਼ੋਰ ਦੀ ਦਸਤਕ ਦੇ ਰਹੀ ਹੈ?

ਨਸਲ-ਏ-ਆਦਮ ਦੇ ਵਡੇਰੇ ਵਿਕਾਸ ਚੱਕਰ ਦੇ ਅਨੇਕ ਰੰਗ ਦੇਖ ਚੁਕੇ ਸਨ। ਬਨਸਪਤੀ, ਚਿੰਦ ਪਰਿੰਦ, ਨਿੱਕੇ ਵੱਡੇ ਜੀਵ ਜਾਨਵਰ, ਬਾਂਦਰ, ਚਿੰਪੈਂਜ਼ੀ, ਲੂਸੀ ਆਰਡੀ ਦੀਆਂ ਲੱਖਾਂ ਪੀੜ੍ਹੀਆਂ ਬਣ ਮਿਟ ਚੁਕੀਆਂ ਸਨ। ਇਸ ਦੌਰਾਨ ਕੁਦਰਤ ਨਾਲ ਛੇੜ-ਛਾੜ ਇੰਨੀ ਮਾਮੂਲੀ ਸੀ ਕਿ ਧਰਤੀ ਦਾ ਮੌਸਮ ਕਰੀਬ ਸਥਿਰ ਹੀ ਰਿਹਾ। ਹਵਾ ਦੀ ਬਣਤਰ, ਬਰਸਾਤ, ਗਰਮੀ, ਸਰਦੀ, ਰੁੱਤਾਂ ਦਾ ਚੱਕਰ ਧਰਤੀ ਦੇ ਵੱਖ-ਵੱਖ ਖੇਤਰਾਂ 'ਚ ਪਛਾਣਨ ਯੋਗ ਹੱਦਾਂ ਵਿਚ ਨਿਸ਼ਚਿਤ ਰਿਹਾ।


ਅਠਾਰਾਂ ਹਜ਼ਾਰ ਵਰ੍ਹੇ ਦੇ ਇਤਿਹਾਸ ਵਿਚ ਮਨੁੱਖ ਨੇ ਆਪ ਇਨ੍ਹਾਂ ਨਿਸ਼ਚਿਤ ਮੌਸਮਾਂ ਨੂੰ ਵਾਰ-ਵਾਰ ਦੇਖਿਆ ਤੇ ਸ਼ਾਇਦ ਸੋਚ ਲਿਆ ਕਿ ਜੋ ਮਰਜ਼ੀ ਕਰੋ, ਇਹ ਧਰਤੀ, ਇਸ ਦੇ ਮੌਸਮ, ਸਾਗਰ, ਪਰਬਤ, ਧਰੁਵੀ ਬਰਫਾਂ-ਸਭ ਕੁਝ ਸਦਾ ਇੰਜ ਹੀ ਰਹਿਣਗੇ। ਵਿਗਿਆਨ ਤੇ ਤਕਨਾਲੋਜੀ ਦੇ ਵਿਕਾਸ ਨੇ ਪੂੰਜੀ, ਪਦਾਰਥ ਤੇ ਸਵਾਰਥ ਦੀ ਅੰਨ੍ਹੀ ਦੌੜ ਲਈ ਕੁਦਰਤੀ ਨਿਆਮਤਾਂ ਨੂੰ ਦੋਹੀਂ ਹੱਥੀਂ ਲੁੱਟਿਆ ਤੇ ਪਲੀਤ ਕੀਤਾ। ਬੀਤੀ ਸਦੀ ਨੇ ਮਨੁੱਖ ਨੂੰ ਸੋਚਣ ਉਤੇ ਮਜਬੂਰ ਕਰ ਦਿੱਤਾ ਕਿ ਇਹ ਮੌਜ ਤੇ ਬੇਪ੍ਰਵਾਹੀ ਸਦਾ ਲਈ ਨਹੀਂ ਚੱਲ ਸਕਣੀ। ਉਸ ਦੇ ਆਪਣੇ ਰਿਕਾਰਡ ਦੱਸਣ ਲੱਗੇ ਕਿ ਧਰਤੀ ਦਾ ਔਸਤ ਤਾਪਮਾਨ ਬੀਤੀ ਸਦੀ ਵਿਚ ਇਕ ਦਰਜਾ ਫਾਰਨਹਾਈਟ ਵਧ ਗਿਆ ਹੈ ਅਤੇ ਇਸ ਨਾਲ ਸਾਗਰਾਂ ਦੇ ਤਲ ਚਾਰ ਤੋਂ ਅੱਠ ਇੰਚ ਤਕ ਉਚੇ ਹੋ ਗਏ ਹਨ।

ਮੌਸਮਾਂ ਦੇ ਤਰਤੀਬ ਨਾਲ ਨਿਸ਼ਚਿਤ ਰਿਕਾਰਡ ਡੇਢ ਸੌ ਸਾਲ ਪਹਿਲਾਂ ਰੱਖੇ ਜਾਣ ਲੱਗੇ। ਮਾਹਰਾਂ ਮੁਤਾਬਕ 1990 ਦਾ ਦਹਾਕਾ ਬੀਤੇ ਡੇਢ ਸੌ ਸਾਲ ਦਾ ਸਭ ਤੋਂ ਗਰਮ ਦਹਾਕਾ ਸੀ। ਗੱਲ ਉਥੇ ਖਲੋਤੀ ਨਹੀਂ। ਹਰ ਨਵਾਂ ਵਰ੍ਹਾ ਪਹਿਲਾਂ ਤੋਂ ਵੱਧ ਗਰਮ ਹੋ ਰਿਹਾ ਹੈ। ਮੌਸਮ ਦਾ ਮਿਜ਼ਾਜ ਲਗਾਤਾਰ ਵਿਗੜੀ ਜਾ ਰਿਹਾ ਹੈ। ਧਰੁਵੀ ਬਰਫਾਂ ਹੋਰ ਤੇਜ਼ੀ ਨਾਲ ਪਿਘਲ ਰਹੀਆਂ ਹਨ। ਸਾਗਰ ਚੜ੍ਹ ਰਹੇ ਹਨ। ਧਰਤੀ ਦੀ ਓਜ਼ੋਨ ਛਤਰੀ ਲੀਰੋ ਲੀਰ ਹੋ ਰਹੀ ਹੈ। ਜੰਗਲ ਕੱਟੇ ਜਾ ਰਹੇ ਹਨ। ਕਾਰਬਨ ਡਾਇਆਕਸਾਈਡ ਵਧ ਰਹੀ ਹੈ। ਧਰਤੀ ਖੁਰ ਵੀ ਰਹੀ ਹੈ, ਡੁੱਬ ਵੀ ਰਹੀ ਹੈ। ਭਾਂਤ-ਭਾਂਤ ਦੀ ਬਨਸਪਤੀ ਅਤੇ ਜੀਵ ਜੰਤੂਆਂ ਦੀਆਂ ਪਰਜਾਤੀਆਂ ਧਰਤੀ ਤੋਂ ਤੇਜ਼ੀ ਨਾਲ ਲੋਪ ਹੋ ਰਹੀਆਂ ਹਨ। ਜੇ ਇੰਜ ਹੀ ਰਿਹਾ ਤਾਂ ਅਸੀਂ ਕਿੰਨੀ ਦੇਰ ਬਚੇ ਰਹਾਂਗੇ! ਆਖਰ ਸਾਡੀ ਵੀ ਵਾਰੀ ਆਵੇਗੀ।

ਕੀ ਇਹ ਸਾਡੀ ਹਿਮਾਕਤ ਨਹੀਂ ਕਿ ਪਿਛਲੇ ਸੱਠ ਸਾਲਾਂ ਵਿਚ ਪੱਛਮੀ ਅਫਰੀਕਾ ਦੇ ਅੱਸੀ ਫੀਸਦੀ ਜੰਗਲ ਅਸੀਂ ਖਤਮ ਕਰ ਦਿੱਤੇ ਹਨ। 1987 ਵਿਚ ਐਮੇਜ਼ਨ ਦੇ ਇਕ ਲੱਖ ਵੀਹ ਹਜ਼ਾਰ ਵਰਗ ਕਿਲੋਮੀਟਰ ਜੰਗਲ ਖਤਮ ਕਰ ਦਿੱਤੇ ਗਏ, ਜਿਸ ਨਾਲ ਪੰਜਾਹ ਕਰੋੜ ਟਨ ਕਾਰਬਨ ਡਾਇਆਕਸਾਈਡ ਹਰ ਸਾਲ ਵਾਤਾਵਰਣ ਵਿਚ ਵਧੇਗੀ। ਹਰ ਸਾਲ ਡੇਢ ਲੱਖ ਵਰਗ ਕਿਲੋਮੀਟਰ ਧਰਤੀ ਜੰਗਲਾਂ ਤੋਂ ਖਾਲੀ ਹੋ ਰਹੀ ਹੈ। ਏਸ਼ੀਆ ਤੇ ਅਮਰੀਕਾ ਵਿਚ ਹਰ ਥਾਂ ਜੰਗਲ ਤਬਾਹ ਹੋ ਰਹੇ ਹਨ। ਵਧ ਰਿਹਾ ਵਸੋਂ ਦਾ ਦਬਾਅ ਅਤੇ ਸਾਡੀਆਂ ਅਸੀਮ ਇੱਛਾਵਾਂ ਹਾਲਾਤ ਨੂੰ ਵਿਗਾੜ ਰਹੀਆਂ ਹਨ। ਇਹੀ ਹਾਲ ਰਿਹਾ ਤਾਂ 2030 ਤਕ ਹੀ ਧਰਤੀ ਦਾ ਔਸਤ ਤਾਪਮਾਨ ਡੇਢ ਤੋਂ ਸਾਢੇ ਚਾਰ ਦਰਜੇ ਸੈਂਟੀਗਰੇਡ ਤਕ ਵਧ ਸਕਦਾ ਹੈ। ਸਾਗਰ ਤਲ ਹਰ ਸਾਲ ਇੱਕ ਤੋਂ ਦੋ ਮਿਲੀਮੀਟਰ ਉਪਰ ਉਠ ਰਹੇ ਹਨ।

ਚੜ੍ਹਦੇ ਸਾਗਰ ਰੰਗੀਨ ਮੂੰਗੇ ਦੀਆਂ ਚੱਟਾਨਾਂ, ਘੋਗੇ, ਸਿੱਪੀਆਂ, ਸਪੰਜਾਂ, ਕਲੈਮਾਂ ਤੇ ਟਰਟਲਾਂ ਸਭ ਕੁਝ ਉਲਟਾਅ-ਪੁਲਟਾਅ ਰਹੇ ਹਨ। ਮੂੰਗੇ ਦੀਆਂ ਰੰਗੀਨ ਚੱਟਾਨਾਂ ਬਦਰੰਗ ਹੋ ਰਹੀਆਂ ਹਨ। ਟਰਟਲਾਂ ਦੀ ਗਿਣਤੀ ਘਟ ਰਹੀ ਹੈ। ਮੂੰਗੇ, ਘੋਗੇ, ਸਿੱਪੀਆਂ, ਕਲੈਮ ਨਾਲ ਜੁੜੇ ਧੰਦਿਆਂ ਦਾ ਬਾਜ਼ਾਰ ਮੰਦਾ ਪੈ ਰਿਹਾ ਹੈ। ਟਾਪੂਆਂ ਤੇ ਅਟਾਲਾਂ ਵਿਚਲੀ ਬਨਸਪਤੀ ਤੇ ਜੀਵ ਜੰਤੂਆਂ ਦੀਆਂ ਅਨੇਕਾਂ ਪਰਜਾਤੀਆਂ ਲੋਪ ਹੋ ਰਹੀਆਂ ਹਨ। ਇਹ ਪਰਜਾਤੀਆਂ ਉਨ੍ਹਾਂ ਵਿਸ਼ੇਸ਼ ਥਾਂਵਾਂ/ਮੌਸਮਾਂ ਤੋਂ ਬਾਹਰ ਹੋਰ ਕਿਤੇ ਜਿਉਣ ਦੇ ਸਮਰੱਥ ਨਹੀਂ। ਦੁਨੀਆਂ ਦੇ ਟਾਪੂਆਂ ਵਿਚ ਵਸਦੇ ਸੱਠ ਕਰੋੜ ਲੋਕਾਂ ਦੀ ਰੋਜ਼ੀ ਰੋਟੀ ਅਤੇ ਸੰਸਕ੍ਰਿਤਕ ਪਛਾਣ ਚੜ੍ਹ ਰਹੇ ਸਾਗਰਾਂ ਨੇ ਖਤਰੇ ਵਿਚ ਪਾ ਦਿੱਤੀ ਹੈ। ਮੂੰਗੇ ਦੀਆਂ ਚੱਟਾਨਾਂ ਆਸਰੇ ਇਸ ਸਮੇਂ 375 ਅਰਬ ਅਮਰੀਕੀ ਡਾਲਰ ਦੇ ਕੰਮ ਧੰਦੇ ਤੇ ਚੀਜ਼ਾਂ ਵਸਤਾਂ ਦਾ ਵਪਾਰ ਹੋ ਰਿਹਾ ਹੈ।

ਇਕ ਵਰਗ ਕਿਲੋਮੀਟਰ ਮੂੰਗੇ ਦੀ ਚੱਟਾਨ ਦੇ ਖਤਮ ਹੋਣ ਦਾ ਮਤਲਬ ਹੈ ਕਿ ਇੱਕ ਤੋਂ ਛੇ ਲੱਖ ਅਮਰੀਕੀ ਡਾਲਰ ਦਾ ਨੁਕਸਾਨ। ਟਾਪੂਆਂ ਵਿਚ ਜੰਮਣ ਪਲਣ ਵਾਲੇ ਜੀਵ ਜੰਤੂ, ਚਿੰਦ ਪਰਿੰਦ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ। ਕੀ ਇਹ ਸਾਰਾ ਕੁਝ ਅਸੀਂ ਇੰਜ ਹੀ ਦੇਖੀ ਜਾਵਾਂਗੇ?



ਸੰਸਾਰ ਵਿਚ ਫੈਲ ਰਹੀ ਤਪਸ਼ ਦੀ ਝਲਕ, ਇਕ ਚਿੱਤਰਕਾਰ ਦੀ ਨਜ਼ਰ ਵਿਚ।

## ਰੁੱਖ

ਇਕ ਦੋ ਰੁੱਖ ਤੂੰ ਲਾ ਸੋਹਣਿਆ
ਆਵੇ ਸੌਖਾ ਸਾਹ ਸੋਹਣਿਆ
ਇਕ ਦੋ ਰੁੱਖ ਤੂੰ ਲਾ ਸੋਹਣਿਆ।

ਅੱਜ ਤੱਕ ਨਹੀਂ ਗੱਲ ਵਿਚਾਰੀ
ਰੋਜ਼ ਰੁੱਖਾਂ ਨੂੰ ਫੇਰੇਂ ਆਰੀ
ਵਿਹੜੇ ਵਿਚੋਂ ਰੁੱਖ ਵੱਢ ਕੇ
ਕੋਠੀਆਂ ਲਈਆਂ ਪਾ ਸੋਹਣਿਆ...।

ਛਾਂ ਵੀ ਦੇਂਦੇ ਫਲ ਵੀ ਦੇਂਦੇ
ਬਦਲੇ ਦੇ ਵਿਚ ਕੁਝ ਨਾ ਲੈਂਦੇ
ਆਕਸੀਜਨ ਵੀ ਮਿਲੇ ਇਨ੍ਹਾਂ ਤੋਂ
ਜ਼ਿੰਦਗੀ ਲਈ ਦਵਾ ਸੋਹਣਿਆ...।

ਪੰਛੀਆਂ ਲਈ ਬਸੇਰਾ ਬਣਦੇ
ਸਾਹ ਤੇਰਾ ਤੇ ਮੇਰਾ ਬਣਦੇ
ਹੱਥੀ ਕਰ ਰੁੱਖਾਂ ਦੀ ਸੇਵਾ
ਚੜ੍ਹਦਾ ਏ ਫਿਰ ਚਾਅ ਸੋਹਣਿਆ...।

ਜ਼ਿੰਦਗੀ ਰੁੱਖਾਂ ਬਿਨਾ ਅਧੂਰੀ
ਜੀਵਣ ਦੇ ਲਈ ਰੁੱਖ ਜ਼ਰੂਰੀ
ਗੁਲਾਮੀ ਵਾਲਿਆ ਦੇਰ ਨਾ ਹੋ ਜੇ
ਅੱਜ ਤੋਂ ਹੀ ਅਪਨਾ ਸੋਹਣਿਆ।
ਇਕ ਦੋ ਰੁੱਖ ਤੂੰ ਲਾ ਸੋਹਣਿਆ
ਆਵੇ ਸੌਖਾ ਸਾਹ ਸੋਹਣਿਆ।

-ਬੂਟਾ ਗੁਲਾਮੀ ਵਾਲਾ, ਮੋਗਾ
ਫੋਨ: 91-94171-97395

# ਜੰਗ ਵਿਚ ਵਟਦੇ ਸਿਨੇਮੇ ਦੀਆਂ ਬਾਤਾਂ

1986 ਵਿਚ ਛਪੀ ਆਪਣੀ ਕਿਤਾਬ 'ਸਪੀਡ ਐਂਡ ਪਾਲਿਟਿਕਸ' ਅਤੇ ਦੂਜੇ ਸੰਸਾਰ ਯੁੱਧ ਦੇ ਫਿਲਮਾਂਕਣ ਨੂੰ ਆਧਾਰ ਬਣਾ ਕੇ 1989 ਵਿਚ ਲਿਖੀ ਕਿਤਾਬ 'ਵਾਰ ਐਂਡ ਸਿਨੇਮਾ: ਦਿ ਲੌਜਿਸਟਿਕ ਆਫ ਪਰਸੈਪਸ਼ਨ' ਰਾਹੀਂ ਪ੍ਰਸਿਧ ਕਲਾ ਚਿੰਤਕ ਪਾਲ ਵਰੀਲਿਊ ਯੁੱਧ ਅਤੇ ਸਿਨੇਮਾ ਦੇ ਆਪਸੀ ਸਬੰਧਾਂ ਦੇ ਤਾਣੇ-ਬਾਣੇ ਦੀਆਂ ਤੰਦਾਂ ਖੋਲ੍ਹਦਾ ਹੈ। ਦੂਜੇ ਸੰਸਾਰ ਯੁੱਧ 'ਤੇ ਆਧਾਰਤ ਜਰਮਨ, ਫਰਾਂਸ, ਰੂਸ, ਬਰਤਾਨੀਆ ਤੇ ਪੋਲੈਂਡ ਵਰਗੇ ਮੁਲਕਾਂ ਦੇ ਫਿਲਮਸਾਜ਼ਾਂ ਦੁਆਰਾ ਬਣਾਈਆਂ ਫਿਲਮਾਂ 'ਤੇ ਆਧਾਰਿਤ ਆਪਣੇ ਅਧਿਐਨ ਵਿਚ ਵਰੀਲਿਊ ਨੇ ਸਿਨੇਮਾ, ਯੁੱਧ, ਪ੍ਰਾਪੇਗੰਡਾ, ਪ੍ਰਚਾਰ, ਮਿੱਥਾਂ, ਅਫਵਾਹਾਂ, ਝੂਠ,

**ਡਾ. ਕੁਲਦੀਪ ਕੌਰ**
ਫੋਨ: +91-98554-04330

ਤੱਥਾਂ ਦੀ ਗਲਤ ਪੇਸ਼ਕਾਰੀ ਅਤੇ ਯੁੱਧ ਦੀ ਭਿਆਨਕਤਾ ਨੂੰ 'ਰਾਸ਼ਟਰਵਾਦੀ ਉਨਮਾਦ' ਅਤੇ 'ਸੂਰਮਾਗਤੀ ਦੀ ਭਾਵਨਾ' ਵਿਚ ਤਬਦੀਲ ਕੀਤੇ ਜਾਣ ਦਾ ਵਿਆਖਿਆ ਕੀਤੀ ਹੈ।

ਆਪਣੇ ਅਧਿਐਨ ਦੀ ਸ਼ੁਰੂਆਤ ਉਹ ਪਹਿਲੇ ਸੰਸਾਰ ਯੁੱਧ ਵਿਚ ਤਸਵੀਰਾਂ ਦੀ ਵਰਤੋਂ ਦੀ ਸਿਆਸਤ ਨਾਲ ਕਰਦਾ ਹੈ। ਉਸ ਅਨੁਸਾਰ, ਪਹਿਲਾ ਸੰਸਾਰ ਯੁੱਧ ਇਕ ਤਰ੍ਹਾਂ ਨਾਲ ਮਨੁੱਖੀ ਸਭਿਅਤਾ ਦਾ 'ਬੰਦਾ-ਮਾਰੂ' ਮਸ਼ੀਨਰੀ ਨਾਲ ਪਹਿਲਾ ਦਸਤਪੰਜਾ ਸੀ ਜਿਸ ਨੇ 'ਜ਼ਖ਼ਮੀ ਕਰਕੇ ਛੱਡਣ', 'ਦੁਸ਼ਮਣ ਨੂੰ ਸਿਆਸੀ ਕੈਦੀ ਬਣਾ ਲੈਣ' ਅਤੇ 'ਸਮਝੌਤਾ ਕਰਕੇ ਮੁਆਫ ਕਰ ਦਿੱਤੇ ਜਾਣ' ਦੀਆਂ ਦਲੀਲਾਂ ਨੂੰ ਖੂੰਢਿਆਂ ਕਰ ਦਿੱਤਾ। ਇਸ ਯੁੱਧ ਦੀਆਂ ਮਨੋਵਿਗਿਆਨਕ ਤਕਲੀਫਾਂ, ਸਭਿਆਚਾਰਕ ਸਦਮਿਆਂ ਅਤੇ ਵਿਚਾਰਧਾਰਕ ਤਰਾਸਦੀਆਂ ਨੂੰ ਕਲਾ ਮਾਧਿਅਮਾਂ ਨੇ ਵੱਖੋ-ਵੱਖਰੇ ਪ੍ਰਸੰਗਾਂ ਵਿਚ ਪੇਸ਼ ਕੀਤਾ।

ਸਿਨੇਮਾ, ਕਵਿਤਾ, ਨਾਵਲ ਅਤੇ ਨਾਟਕ ਵਿਚ ਇਸ ਦੀਆਂ ਦੋ ਮੁੱਖ ਧਾਰਾਵਾਂ ਮਿਲਦੀਆਂ ਹਨ। ਪਹਿਲੀ ਧਾਰਾ ਯੁੱਧ ਨੂੰ ਘਟਨਾ ਜਾਂ ਤਤਕਾਲੀ ਹੋਣੀ ਵਜੋਂ ਸਿਰਜਣਾ ਸੀ ਜਿਸ ਦੀ ਮੁੱਖ ਉਦਾਹਰਨ ਜਰਮਨ ਛਾਇਆਵਾਦ ਹੈ। ਦੂਜੀ, ਯੁੱਧ ਨੂੰ ਵਰਤਾਰੇ ਵਜੋਂ ਸਮਝ ਕੇ 'ਯੁੱਧ ਪੱਖੀ ਵਿਚਾਰਧਾਰਾ' ਉਤੇ ਹੀ ਪ੍ਰਸ਼ਨ ਖੜ੍ਹੇ ਕਰਨਾ ਸੀ। ਇਸ ਦੀ ਮਿਸਾਲ ਸੋਵੀਅਤ ਯੂਨੀਅਨ ਦੁਆਰਾ 1929 ਵਿਚ ਬਣਾਈ ਫਿਲਮ 'ਮੈਨ ਵਿਦ ਏ ਮੂਵੀ ਕੈਮਰਾ' ਹੈ। ਬਹੁਤ ਸਾਰੇ ਚਿੰਤਕ ਇਸ ਨੂੰ ਫਰਾਂਸੀਸੀ ਫਿਲਮਸਾਜ਼ ਫੈਰਿਟਜ ਲੈੱਗ ਦੀ ਫਿਲਮ 'ਮੈਟਰੋਪੋਲਿਸ' ਦਾ ਜਵਾਬ ਮੰਨਦੇ ਹਨ। ਫਿਲਮ 'ਮੈਟਰੋਪੋਲਿਸ' ਵਿਚ ਫਿਲਮਸਾਜ਼ ਅਜਿਹੇ ਮਸ਼ੀਨੀ ਜੰਗਲ ਦੀ ਪੇਸ਼ਕਾਰੀ ਕਰਦਾ ਹੈ ਜਿਹੜਾ ਮਨੁੱਖੀ ਸਰੀਰਾਂ ਨੂੰ ਖੋਰਨ ਦੇ ਨਾਲ-ਨਾਲ ਮਨੁੱਖੀ ਆਤਮਾ ਨੂੰ ਵੀ ਛਲਣੀ ਕਰ ਦਿੰਦਾ ਹੈ।

ਫਿਲਮ 'ਮੈਨ ਵਿਦ ਏ ਮੂਵੀ ਕੈਮਰਾ' ਇਸ ਬਿਰਤਾਂਤ ਨੂੰ ਤਰਕ ਅਤੇ ਮਸ਼ੀਨੀ ਸਭਿਆਚਾਰ ਨੂੰ ਮਨੁੱਖੀ ਸੰਵੇਦਨਾ ਤੇ ਸਮਾਜਿਕ ਵਿਹਾਰ ਦੇ ਹੱਕ ਵਿਚ ਭੁਗਤਾਉਣ ਦਾ ਤਹੱਈਆ ਕਰਦੀ ਹੈ। ਮੌਜੂਦਾ ਸਮਾਜਿਕ ਚਿੰਤਕ ਅਤੇ ਦਾਰਸ਼ਨਿਕ ਪਹਿਲੇ ਸੰਸਾਰ ਯੁੱਧ ਦੇ ਦੌਰ ਦੀ ਨਵ-ਚੇਤਨਾ, ਤਰਕ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਤਤਕਾਲੀ ਸਮਾਜਿਕ ਅਵਚੇਤਨ ਦੀ ਨਿਪੁੰਸਕਤਾ ਨਾਲ ਜੋੜਦਿਆਂ ਯੁੱਧ ਵਰਗੀ ਤਰਾਸਦੀ ਦੇ 'ਮਨੋਰੰਜਕ-ਸਭਿਆਚਾਰਕ ਉਤਪਾਦ' ਵਿਚ ਵਟ ਜਾਣ ਦੀ ਨਿਸ਼ਾਨਦੇਹੀ ਕਰਦੇ ਹਨ। ਇਸ ਸਭਿਆਚਾਰ ਦੀ ਮੂਲ ਪਛਾਣ ਇਹ ਹੈ ਕਿ ਇਹ ਸਮੂਹਿਕਤਾ, ਲਗਾਤਾਰਤਾ ਅਤੇ ਸਾਂਝੀਵਾਲਤਾ ਦੀ ਥਾਂ ਉਪਰਾਮਤਾ, ਖੰਡਿਤ ਮਨੋਵਿਗਿਆਨ ਅਤੇ ਜੜ੍ਹਾਂ ਨੂੰ ਭੁੱਲ ਕੇ ਜਾਂ ਅਣਗੌਲਿਆਂ ਕਰਕੇ ਜਿਊਣ ਦੀ ਜਾਂਚ ਸਿਖਾਉਂਦਾ ਹੈ।

ਯੁੱਧ ਆਧਾਰਤ ਸਿਨੇਮਾ ਦੀ ਸਭ ਤੋਂ ਵੱਡੀ 'ਖਾਸੀਅਤ' ਇਹ ਹੁੰਦੀ ਹੈ ਕਿ ਜਿਥੇ ਸਾਧਾਰਨ ਹਾਲਾਤ ਵਿਚ ਉਪਰੋਕਤ ਸਭਿਆਚਾਰਕ ਵਰਤਾਰੇ ਬਾਰੇ ਨਾਗਰਿਕ, ਸਟੇਟ ਤੋਂ ਜਵਾਬਦੇਹੀ ਤਲਬ ਕਰਦਾ ਹੈ, 'ਯੁੱਧ' ਨੂੰ 'ਅਸਾਧਾਰਨ' ਜਾਂ 'ਐਮਰਜੈਂਸੀ' ਕਰਾਰ ਦੇ ਕੇ ਸਟੇਟ ਅਜਿਹੀ ਜਵਾਬਤਲਬੀ ਤੋਂ ਸਪਸ਼ਟ ਮੁੱਕਰ ਸਕਦਾ ਹੈ।

ਸਪਸ਼ਟ 'ਮੁਕਰਨ' ਦੇ ਇਸ ਅਮਲ ਦੀ ਮਹੀਨਤਾ ਨੂੰ ਸਮਝਣਾ ਜ਼ਰੂਰੀ ਹੈ। ਇਸ ਨੂੰ ਸਮਾਜਿਕ ਵਿਗਿਆਨ ਦੀ ਮਹੱਤਵਪੂਰਨ ਧਾਰਨਾ 'ਵਿਥ/ਫੁੱਟ ਪਾਉਣਾ' ਰਾਹੀਂ ਸਮਝਿਆ ਜਾ ਸਕਦਾ ਹੈ। ਯੁੱਧ ਮਹਿੰਗਾ ਤੇ ਜਾਨਲੇਵਾ ਸਿਆਸੀ ਹੱਥਕੰਡਾ ਹੈ। ਜਮਹੂਰੀ ਮੁੱਲਾਂ ਵਾਲੇ ਮੁਲਕ ਵਿਚ ਯੁੱਧ ਲਈ ਲੋੜੀਂਦੀ 'ਖੂਨੀ ਲਲ੍ਹਕ' ਪੈਦਾ ਕਰਨਾ ਉਸ ਮੁਲਕ ਦੀਆਂ ਸੰਵਿਧਾਨਕ ਸੰਸਥਾਵਾਂ ਦੀ ਭਰੋਸੇਯੋਗਤਾ ਅਤੇ ਲੋਕਪੱਖੀ ਜਵਾਬਦੇਹੀ ਨੂੰ ਖੋਰਨ ਤੋਂ ਬਿਨਾ ਸੰਭਵ ਨਹੀਂ। ਦੂਜੇ ਸੰਸਾਰ ਯੁੱਧ ਦੀਆਂ ਤਸਵੀਰਾਂ ਅਤੇ ਤੱਥਾਂ ਨੂੰ ਘੋਖਿਆ ਜਾਵੇ ਤਾਂ ਇਹ ਚਿੱਟੇ ਦਿਨ ਵਾਂਗ ਸਾਫ ਨਜ਼ਰ ਆਉਂਦਾ ਹੈ ਕਿ ਇਨ੍ਹਾਂ ਨੂੰ ਇੰਨੇ ਵੱਡੇ ਪੱਧਰ ਉਤੇ 'ਰਾਸ਼ਟਰਵਾਦ', 'ਦੇਸ਼ ਭਗਤੀ' ਅਤੇ 'ਯੁੱਧ ਉਨਮਾਦ' ਦੀ ਸੰਰਚਨਾ ਕਰਨ ਲਈ ਵਰਤਿਆ ਜਾਣਾ ਤਦ ਹੀ ਸੰਭਵ ਹੋ ਸਕਿਆ, ਜੇ ਸਟੇਟ ਮਸ਼ੀਨਰੀ ਇਸ 'ਪ੍ਰਾਪੇਗੰਡਾ ਮਿਸ਼ਨ' ਨੂੰ ਸਿੱਧੇ ਤੌਰ 'ਤੇ ਆਰਥਿਕ ਅਤੇ ਸਿਆਸੀ ਮਦਦ ਮੁਹੱਈਆ ਕਰ ਰਹੀ ਸੀ।

ਦਿਲਚਸਪ ਤੱਥ ਇਹ ਹੈ ਕਿ ਇਸ ਵਿਚ ਵੱਡੇ ਪੱਧਰ 'ਤੇ ਸਿਖਿਆ ਬਾਰੇ ਜਾਗਰੂਕਤਾ ਨੇ ਆਪਣਾ ਨਾਂਹ-ਮੁਖੀ ਰੋਲ ਨਿਭਾਇਆ। ਇਸ ਦਾ ਤਰਕ ਸ਼ਾਇਦ ਇਹ ਹੈ ਕਿ ਪਹਿਲੇ ਸੰਸਾਰ ਯੁੱਧ ਤੱਕ ਯੂਰਪੀ ਆਬਾਦੀ ਨਵ-ਉਥਾਨ ਦੀ ਉਮੀਦ, ਧਰਮ ਤੇ ਫਲਸਫ਼ੇ ਦੇ ਨਾਂਹ-ਮੁਖੀ ਰੋਲ, ਵਿਗਿਆਨਕ ਨਜ਼ਰੀਏ ਦੀ ਨਾਕਾਮਯਾਬੀ ਅਤੇ ਆਰਥਿਕ ਅਸਥਿਰਤਾ ਦੀ ਲਗਾਤਾਰਤਾ ਤੋਂ ਤੰਗ ਆ ਚੁੱਕੀ ਹੈ। ਪਹਿਲਾ ਸੰਸਾਰ ਯੁੱਧ, ਯੁੱਧ ਦੇ ਮੈਦਾਨਾਂ ਦੀ ਥਾਂ ਫਿਲਮਾਂ ਵਾਲਿਆਂ ਦੇ ਦਫਤਰਾਂ ਅਤੇ ਪ੍ਰਾਪੇਗੰਡਾ ਸਮੂਹਾਂ ਦੁਆਰਾ ਲੜਿਆ ਗਿਆ। ਇਸ ਦੀ ਇਕ ਮਿਸਾਲ ਬਰਤਾਨਵੀ ਸਰਕਾਰ ਵਲੋਂ




*ਪਹਿਲੀ ਸੰਸਾਰ ਜੰਗ ਵੇਲੇ ਬ੍ਰਿਟੇਨ ਵਲੋਂ ਜਾਰੀ ਪੋਸਟਰ ਦੀ ਤਸਵੀਰ ਜਿਸ ਵਿਚ ਹਰ ਬੰਦੇ ਨੂੰ ਜੰਗ ਵਿਚ ਜਾਣ ਦਾ ਸੱਦਾ ਦਿੱਤਾ ਗਿਆ*

ਸਰਕਾਰੀ ਇਮਦਾਦ ਪ੍ਰਾਪਤ 'ਵਾਰ ਪ੍ਰਾਪੇਗੰਡਾ ਬਿਊਰੋ' ਦੀ ਸਥਾਪਨਾ ਕਰਨਾ ਸੀ ਜਿਸ ਨੇ 1915 ਵਿਚ ਪਹਿਲੀ ਫਿਲਮ ਰਿਲੀਜ਼ ਕੀਤੀ ਜਿਸ ਦਾ ਉਦੇਸ਼ ਵਿਰੋਧੀ ਮੁਲਕਾਂ ਅੱਗੇ ਆਪਣੀ ਸੈਨਿਕ ਸ਼ਕਤੀ ਦਾ ਪ੍ਰਦਰਸ਼ਨ ਕਰਨਾ ਸੀ। ਇਸ ਦਾ ਜਵਾਬ ਜਰਮਨਾਂ ਅਤੇ ਫਰਾਂਸ ਨੇ ਆਪੋ-ਆਪਣੀਆਂ ਫਿਲਮਾਂ ਰਿਲੀਜ਼ ਕਰਕੇ ਦਿੱਤਾ। ਇਸ ਵਿਚ ਸਭ ਤੋਂ ਦਿਲਚਸਪ ਤੱਥ ਇਹ ਰਿਹਾ ਕਿ ਇਨ੍ਹਾਂ ਸਾਰੀਆਂ ਫਿਲਮਾਂ ਲਈ ਕੱਚਾ ਮਾਲ ਚਾਰ ਵੱਡੀਆਂ ਫਿਲਮ ਕੰਪਨੀਆਂ ਨੇ ਮੁਹੱਈਆ ਕਰਵਾਇਆ ਜਿਹੜੀਆਂ ਸਾਰੀਆਂ ਫਰਾਂਸ ਨਾਲ ਸਬੰਧਤ ਸਨ। ਕਈ ਵਾਰ ਇਕੋ ਫੋਟੋਗ੍ਰਾਫਰ ਦੀਆਂ ਖਿੱਚੀਆਂ ਤਸਵੀਰਾਂ ਚਾਰ-ਚਾਰ ਮੁਲਕਾਂ ਦੀਆਂ ਸਰਕਾਰਾਂ ਵਲੋਂ ਖਰੀਦੀਆਂ ਗਈਆਂ।

ਇਸ ਤੋਂ ਫਿਲਮ ਕੰਪਨੀਆਂ, ਯੁੱਧ ਅਤੇ ਪ੍ਰਾਪੇਗੰਡਾ ਦੇ ਆਪਸੀ ਸਬੰਧਾਂ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਇਸ ਤੋਂ ਇਸ ਨੁਕਤੇ ਬਾਰੇ ਵੀ ਲੋੜੀਂਦੀ ਸਮਝ ਬਣਾਈ ਜਾ ਸਕਦੀ ਹੈ ਕਿ ਕਿਵੇਂ ਯੁੱਧ ਦੇ ਉਨਮਾਦੀ ਦੌਰ ਵਿਚ ਸਿਨੇਮਾ ਵਰਗੀ ਕਲਾ ਵੀ ਸੱਚ ਦੇ ਘੇਰਿਆਂ ਦੀ ਨਿਸ਼ਾਨਦੇਹੀ ਦੀ ਥਾਂ ਆਪਣੇ ਆਪ ਨੂੰ ਸਟੇਟ ਮਸ਼ੀਨਰੀ ਦਾ ਚਲੰਤ ਪੁਰਜ਼ਾ ਬਣਾਉਣ ਲਈ ਹਰ ਹੀਲਾ-ਵਸੀਲਾ ਵਰਤਦੀ ਹੈ। ਇਸ ਵਿਚ ਕਿਵੇਂ ਨਸਲਵਾਦ, ਧਰਮ, ਜਮਾਤ, ਲਿੰਗ ਅਤੇ ਖੇਤਰ ਫਿਲਮ ਦੀ ਬਣਤਰ, ਬਿਰਤਾਂਤ ਅਤੇ ਕਥਾਨਿਕ ਨੂੰ ਪ੍ਰਭਾਵਿਤ ਕਰਦੇ ਹਨ, ਇਸ ਨੂੰ ਘੋਖਣਾ ਦਿਲਚਸਪੀ ਵਾਲਾ ਨੁਕਤਾ ਹੈ।

ਇਸ ਪ੍ਰਸੰਗ ਵਿਚ ਭਾਰਤੀ ਸਿਨੇਮਾ ਨੇ ਪਿਛਲੇ ਸਮੇਂ ਵਿਚ ਵੱਖਰੀ ਮਿਸਾਲ ਪੈਦਾ ਕੀਤੀ ਹੈ। 1980 ਦੇ ਦਹਾਕੇ ਦੇ ਆਖਰੀ ਸਾਲਾਂ ਵਿਚ ਕਲਾ ਸਿਨੇਮਾ ਅੰਦੋਲਨ ਦੀ ਅਣਕਿਆਸੀ 'ਮੌਤ' ਤੋਂ ਬਾਅਦ ਭਾਰਤੀ ਸਿਨੇਮਾ ਵਿਚ ਪੈਦਾ ਹੋਇਆ ਬੌਧਿਕ ਖਲਾਅ 1995-2000 ਤੱਕ ਆਉਂਦੇ-ਆਉਂਦੇ ਵਿਦੇਸ਼ੀ ਫਿਲਮਾਂ ਦੀ ਅੰਧਾਧੁੰਦ ਨਕਲ, ਖਪਤਕਾਰੀ ਸਭਿਆਚਾਰ ਨੂੰ ਉਤਸ਼ਾਹਿਤ ਕਰਨ, ਅਪਰਾਧਿਕ ਰੁਝਾਨ ਉਭਾਰਨ ਅਤੇ 'ਸੰਸਕਾਰਾਂ' ਦੇ ਨਾਮ 'ਤੇ ਕੁਚੱਜਤਾ ਦੇ ਪ੍ਰਦਰਸ਼ਨ ਤੱਕ ਸੀਮਤ ਹੋ ਗਿਆ।

ਇਹ ਜਾਣਨਾ ਅਤੇ ਸਮਝਣਾ ਘੱਟ ਦਿਲਚਸਪ ਨਹੀਂ ਕਿ ਜਿਉਂ-ਜਿਉਂ ਭਾਰਤ ਵਿਚ ਨਵ-ਉਦਾਰਵਾਦੀ, ਕਾਰਪੋਰੇਟ ਘਰਾਣਿਆਂ ਦੁਆਰਾ ਮੁਨਾਫਾ ਆਧਾਰਤ ਮੰਡੀਆਂ ਵਿਚ ਤਕਨੀਕੀ ਅਰਾਜਕਤਾ ਦਾ ਪਸਾਰ ਹੁੰਦਾ ਗਿਆ, ਟੀ.ਵੀ., ਸਿਨੇਮਾ ਅਤੇ ਬਹੁਤ ਹੱਦ ਤੱਕ ਪ੍ਰਿੰਟ ਮੀਡੀਆ ਦਾ ਵੱਡਾ ਹਿੱਸਾ ਸਮਾਜਿਕ ਅਲਹਦਿਗੀ, ਬੌਧਿਕ ਕਾਈਆਂਪੁਣੇ ਅਤੇ ਵਿਚਾਰਧਾਰਕ ਖੱਸੀਪੁਣੇ ਦਾ ਸ਼ਿਕਾਰ ਹੁੰਦਾ ਚਲਾ ਗਿਆ। ਬਾਬਰੀ ਮਸਜਿਦ ਢਾਹੁਣ, ਗੁਜਰਾਤ ਦੇ ਦੰਗਿਆਂ, ਸੰਵਿਧਾਨਕ ਤੇ ਜਮਹੂਰੀਅਤ ਦੇ ਮੂਲ ਸਿਧਾਂਤਾਂ ਨੂੰ ਦਰਕਿਨਾਰ ਕਰਨ ਤੋਂ ਲੈ ਕੇ 'ਇਕ ਰਾਸ਼ਟਰ ਇਕ ਵਿਚਾਰਧਾਰਾ' ਤੱਕ ਦੇ ਸਫਰ ਨੂੰ ਸਿਰਫ ਸਿਆਸਤੀ ਨਜ਼ਰੀਏ ਤੋਂ ਪੜ੍ਹਨਾ ਕਾਫੀ ਨਹੀਂ। ਇਸ ਨੇ ਸਮਾਜਿਕ ਮੁੱਲਾਂ, ਮਜ਼ਹਬੀ ਹਕੂਕ, ਮਾਨਵੀ ਕਦਰਾਂ-ਕੀਮਤਾਂ ਅਤੇ ਰਾਸ਼ਟਰ ਦੇ ਤੌਰ 'ਤੇ 'ਭਾਰਤੀਅਤਾ' ਤੇ ਜਿਸ ਤਰ੍ਹਾਂ ਦਾ ਸਵਾਲੀਆ ਚਿੰਨ੍ਹ ਲਗਾਇਆ ਹੈ, ਉਹ ਅਸਲ ਚਿੰਤਾ ਦਾ ਮੁੱਦਾ ਹੈ।

ਇਸ ਲਈ ਸਿਆਸੀ ਸਵਾਲਾਂ ਦੇ ਨਾਲ ਨਾਲ ਇਹ ਸਵਾਲ ਵੀ ਪੁੱਛੇ ਜਾਣੇ ਬਣਦੇ ਹਨ ਕਿ ਕਲਾ ਮਾਧਿਅਮ ਦੇ ਤੌਰ 'ਤੇ ਜਾਸੂਸੀ ਵਰਗੀ 'ਨਾਪਾਕ ਕਲਾ' ਨੂੰ ਉਤਸ਼ਾਹਿਤ ਕਰਨ ਲਈ ਆਲੀਆ ਭੱਟ ਦੀਆਂ ਹਮਉਮਰ ਕੁੜੀਆਂ ਅੱਗੇ ਸਿਨੇਮਾ ਕਿਸ ਤਰ੍ਹਾਂ ਦੀ ਦੁਨੀਆਂ ਪਰੋਸ ਰਿਹਾ ਹੈ? ਰਾਸ਼ਟਰਵਾਦ ਦੇ ਨਾਮ ਉਤੇ ਮਨੁੱਖੀ ਸਮਰੱਥਾ ਅਤੇ ਕਲਪਨਾ ਨੂੰ 'ਦੁਸ਼ਮਣ' ਦੇਸ਼ ਵੱਲ ਸੇਧਿਤ ਕਰਨ ਦੀ ਮਨੋਵਿਗਿਆਨਕ ਸਿਆਸਤ ਕੀ ਹੋ ਸਕਦੀ ਹੈ? ਦੂਜੇ ਪਾਸੇ, 'ਉੜੀ- ਸਰਜੀਕਲ ਸਟਰਾਈਕ' ਵਰਗੀ ਯੁੱਧ ਦਾ ਜਨੂਨ ਪੈਦਾ ਕਰਦੀ ਫਿਲਮ ਹਿੰਸਾ ਨੂੰ ਉਤਸ਼ਾਹਤ ਕਰਨ ਅਤੇ ਗਿਣ-ਮਿਥ ਕੇ ਗਵਾਂਢੀ ਮੁਲਕ ਵਿਰੁਧ ਨਫਰਤ ਪੈਦਾ ਕਰਨ ਦਾ ਦੋਸ਼ੀ ਕਿਉਂ ਨਾ ਮੰਨਿਆ ਜਾਵੇ?

ਇਸ ਤੋਂ ਵੀ ਜ਼ਿਆਦਾ ਖਤਰਨਾਕ ਉਹ 'ਸੰਸਕਾਰੀ' ਫਿਲਮਾਂ ਹਨ ਜਿਨ੍ਹਾਂ ਰਾਹੀਂ ਸਿਨੇਮਾ ਸਰਕਾਰ ਦੀਆਂ ਖਾਲੀ ਲਿਫਾਫਿਆਂ ਵਰਗੀਆਂ ਨੀਤੀਆਂ ਅਤੇ ਯੋਜਨਾਵਾਂ 'ਤੇ ਆਧਾਰਤ ਸਕਰੀਨ ਪਲੇਅ ਅਤੇ ਪਟਕਥਾਵਾਂ ਤਿਆਰ ਕਰ ਲੈਂਦਾ ਹੈ। ਮੌਜੂਦਾ ਸਰਕਾਰ ਦਾ ਸਭ ਤੋਂ ਵੱਡਾ 'ਹਾਸਲ' ਇਸ ਰੂਪ ਵਿਚ ਜ਼ਰੂਰ ਦਰਜ ਕੀਤਾ ਜਾ ਸਕਦਾ ਹੈ ਕਿ ਇਸ ਨੇ ਜ਼ਮੀਨੀ ਪੱਧਰ ਉਤੇ ਮਨਰੇਗਾ, ਨਰੇਗਾ, ਮਿੱਡ ਡੇ ਮੀਲ ਅਤੇ ਸ਼ਹਿਰੀ ਆਵਾਸ ਯੋਜਨਾਵਾਂ ਦਾ ਸੰਸਕਾਰੀ ਨਾਮਕਰਨ ਕੀਤਾ ਹੈ। ਤਰਸਯੋਗ ਹਕੀਕਤ ਇਹ ਹੈ ਕਿ ਸਿਨੇਮਾ ਦੇ ਅਕਸ਼ੇ ਕੁਮਾਰ, ਅਨੁਪਮ ਖੇਰ ਅਤੇ ਵਿਵੇਕ ਉਬਰਾਏ ਵਰਗੇ ਮਹਾਂਰਥੀ ਉਨ੍ਹਾਂ ਜੁਮਲਿਆਂ ਅਤੇ ਪ੍ਰਚਾਰ ਸਕੀਮਾਂ 'ਤੇ ਆਧਾਰਤ ਫਿਲਮਾਂ ਬਣਾ ਰਹੇ ਹਨ ਜਿਹੜੀਆਂ ਸਿਰਫ ਕਾਗਜ਼ਾਂ 'ਤੇ ਹੀ ਬਣੀਆਂ ਤੇ ਗਟਰ ਵਿਚ ਜਾ ਪਈਆਂ।

ਮੋਦੀ ਸਰਕਾਰ ਦੀ ਨੋਟਬੰਦੀ, ਜੀ.ਐਸ.ਟੀ., ਸਮਾਰਟ ਸਿਟੀਜ਼, ਜਨ-ਧਨ ਯੋਜਨਾ, ਹਰ ਘਰ ਬਿਜਲੀ, ਸਵੱਛ ਭਾਰਤ ਅਭਿਆਨ ਵਰਗੀਆਂ ਸਕੀਮਾਂ ਦੀ ਹਕੀਕਤ ਜਾਣੇ ਬਗੈਰ ਜਿਸ ਤਰ੍ਹਾਂ ਸਿਨੇਮਾ ਵਿਚ ਧੜਾਧੜ ਫਿਲਮਾਂ ਬਣੀਆਂ ਅਤੇ ਰਿਲੀਜ਼ ਹੋਈਆਂ ਹਨ, ਉਸ ਤੋਂ ਇਸ ਕਲਾ ਮਾਧਿਅਮ ਦੀ ਭਰੋਸੇਯੋਗਤਾ ਉਤੇ ਲਗਾਤਾਰ ਉਂਗਲ ਉਠ ਰਹੀ ਹੈ।

ਇਨ੍ਹਾਂ ਫਿਲਮਾਂ ਵਿਚ ਯੋਜਨਾਬੱਧ ਤਰੀਕੇ ਨਾਲ ਪ੍ਰੰਪਰਾਗਤ ਸੰਗੀਤ ਅਤੇ ਸਭਿਆਚਾਰ ਮਿੱਥਾਂ ਦੀ ਬੁਣਤਰ ਰਾਹੀਂ ਮੁਲਕ ਦੇ ਤਰਸਯੋਗ ਹਾਲਾਤ ਨੂੰ ਦਰਕਿਨਾਰ ਕਰਦੇ ਹੋਏ ਗੁਆਂਢੀ ਮੁਲਕਾਂ ਦੇ ਸੈਨਿਕਾਂ ਤੇ ਨਾਗਰਿਕਾਂ ਦੀ ਨੈਤਿਕਤਾ, ਕਿਰਦਾਰ ਤੇ ਸਿਆਸਤ ਨੂੰ ਮਜ਼ਾਕ ਅਤੇ ਘਟੀਆਪਣ ਤੱਕ ਮਹਿਦੂਦ ਕਰਨ ਦੀ ਕੋਸ਼ਿਸ਼ ਕੀਤੀ ਗਈ। 'ਘਰ ਮੇਂ ਘੁਸ ਕੇ ਮਾਰੇਗੇਂ', 'ਉਨ ਕੋ ਉਨ੍ਹੀ ਕੀ ਭਾਸ਼ਾ ਮੇਂ ਜਵਾਬ ਦੇਗੇਂ' ਵਰਗੇ ਤਰਕਹੀਣ ਅਤੇ ਗੁੰਡਾਗਰਦ ਨਾਅਰਿਆਂ ਦੀ ਭਾਸ਼ਾ ਇਨ੍ਹਾਂ ਫਿਲਮਾਂ ਦੇ ਦ੍ਰਿਸ਼ਾਂ ਤੋਂ ਨਿਕਲ ਕੇ ਜਿਵੇਂ ਪ੍ਰਧਾਨ ਮੰਤਰੀ ਦੀਆਂ ਰੈਲੀਆਂ ਵਿਚ ਪਹੁੰਚਦੀ ਹੈ, ਇਹ ਮਹਿਜ਼ ਇਤਫਾਕ ਤਾਂ ਨਹੀਂ ਹੋ ਸਕਦਾ!

ਇਨ੍ਹਾਂ ਫਿਲਮਾਂ ਵਿਚ ਧਾਰਮਿਕ ਗ੍ਰੰਥਾਂ ਦੇ ਹਵਾਲਿਆਂ, ਇਤਿਹਾਸਕ ਘਟਨਾਵਾਂ ਅਤੇ ਦੋਹਾਂ ਮੁਲਕਾਂ ਦੀ ਆਪਸੀ ਸਹਿਹੋਂਦ ਦੀਆਂ ਸੰਭਾਵਨਾਵਾਂ ਨਾਲ ਜਿੰਨੀ ਬੇਦਰਦੀ ਨਾਲ ਖਿਲਵਾੜ ਕੀਤਾ ਗਿਆ ਹੈ, ਉਸ ਦਾ ਪ੍ਰਭਾਵ ਚਿਰ ਸਦੀਵੀ ਰਹੇਗਾ। ਇਨ੍ਹਾਂ ਫਿਲਮਾਂ ਨਾਲ ਸਬੰਧਤ ਨਿਰਮਾਤਾ-ਨਿਰਦੇਸ਼ਕ ਭਾਵੇਂ ਇਸ ਦਾ ਤਤਕਾਲੀ ਸਿਆਸੀ ਅਤੇ ਆਰਥਿਕ ਫਾਇਦਾ ਵੀ ਚੁੱਕ ਲੈਣ ਪਰ ਯਾਦ ਰਹੇ, ਭਾਰਤੀ ਸਿਨੇਮਾ ਦੇ ਇਤਿਹਾਸ ਵਿਚ ਇਹ ਕਾਲੇ ਪੰਨਿਆਂ ਵਿਚ ਹੀ ਲਿਖਿਆ ਜਾਵੇਗਾ।

# ਫਿਲਮੀ ਅਧਿਆਪਕ ਦਾ ਫੰਡਾ

ਅਧਿਆਪਕ ਸਮਾਜ ਦੀ ਤਸਵੀਰ ਸੰਵਾਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਲਈ ਅਧਿਆਪਕ ਨੂੰ ਰਾਸ਼ਟਰ ਨਿਰਮਾਤਾ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਦੇਸ਼ ਦੇ ਸਾਬਕਾ ਰਾਸ਼ਟਰਪਤੀ ਰਾਧਾਕ੍ਰਿਸ਼ਨਨ, ਦੂਜੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ, ਮੁਨਸ਼ੀ ਪ੍ਰੇਮ ਚੰਦ, ਰਾਬਿੰਦਰ ਨਾਥ ਟੈਗੋਰ ਵਰਗੀਆਂ ਮਹਾਨ ਸ਼ਖਸੀਅਤਾਂ ਨੇ ਆਪਣਾ ਜੀਵਨ ਸਫਰ ਅਧਿਆਪਕ ਦੇ ਤੌਰ 'ਤੇ ਹੀ ਸ਼ੁਰੂ ਕੀਤਾ। ਉਨ੍ਹਾਂ ਦੀਆਂ ਪ੍ਰਾਪਤੀਆਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਅਧਿਆਪਕ ਤੋਂ ਬਿਨਾ ਚੰਗੇ ਤੇ ਸਿਹਤਯਾਬ ਸਮਾਜ ਦਾ ਤਸੱਵਰ ਕਰਨਾ ਅਸੰਭਵ ਹੈ। ਹਿੰਦੋਸਤਾਨੀ ਦਰਸ਼ਨ ਵਿਚ ਗੁਰੂ-ਸ਼ਿਸ਼ ਪਰੰਪਰਾ ਦੀ ਬਹੁਤ ਮਹਾਨਤਾ ਹੈ।

ਭਾਰਤੀ ਫਿਲਮਾਂ ਵਿਚ ਵੀ ਅਧਿਆਪਕ ਦੀ ਭੂਮਿਕਾ ਨੂੰ ਉਭਾਰਿਆ ਗਿਆ ਹੈ। ਆਜ਼ਾਦੀ ਤੋਂ ਬਾਅਦ ਹਿੰਦੋਸਤਾਨੀ ਫਿਲਮਾਂ ਵਿਚ ਅਧਿਆਪਕਾਂ ਦੀ ਭੂਮਿਕਾ ਉਸੇ ਤਰ੍ਹਾਂ ਦੀ ਸੀ ਜਿਸ ਤਰ੍ਹਾਂ ਦੀ ਜ਼ਿੰਮੇਵਾਰੀ ਤੇ ਆਦਰਸ਼ਾਂ ਵਾਲੀ ਹੋਣੀ ਚਾਹੀਦੀ ਸੀ। 'ਜਾਗ੍ਰਿਤੀ' (1954) ਫਿਲਮ ਦਾ ਨਿਰਦੇਸ਼ਨ ਸਤਿਅਨ ਬੋਸ ਨੇ ਕੀਤਾ। ਇਸ ਫਿਲਮ ਦਾ ਬਹੁਤ ਮਸ਼ਹੂਰ ਗੀਤ 'ਆਓ ਬੱਚੋਂ ਤੁਮਹੇਂ ਦਿਖਾਏਂ ਝਾਕੀ ਹਿੰਦੋਸਤਾਨ ਕੀ' ਹੈ। ਇਹ ਫਿਲਮ ਉਨ੍ਹਾਂ ਬੱਚਿਆਂ ਦੀ ਜ਼ਿੰਦਗੀ 'ਤੇ ਆਧਾਰਿਤ ਹੈ ਜੋ ਘਰੋਂ ਦੂਰ ਰਹਿ ਕੇ ਬੋਰਡਿੰਗ ਸਕੂਲ ਵਿਚ ਸਿੱਖਿਆ ਪ੍ਰਾਪਤ ਕਰਦੇ ਹਨ। ਉਹ ਜਿਹੜੀ ਸਿੱਖਿਆ ਪ੍ਰਾਪਤ ਕਰਦੇ ਹਨ ਉਹ ਕੱਟੜਤਾ ਰਹਿਤ ਹੈ। ਇਹ ਅਧਿਆਪਕ ਤੇ ਵਿਦਿਆਰਥੀ ਦੇ ਆਪਸੀ ਨਿੱਘ, ਸਤਿਕਾਰ ਵਾਲੀਆਂ ਬਿਹਤਰੀਨ ਫਿਲਮਾਂ ਵਿਚੋਂ ਇਕ ਹੈ।

ਦੂਜੀ ਚਰਚਿਤ ਫਿਲਮ 'ਦੋ ਆਂਖੇ ਬਾਰਾਂ ਹਾਥ' (1957) ਹੈ। ਇਸ ਦੇ ਨਿਰਦੇਸ਼ਕ ਵੀ. ਸ਼ਾਂਤਾਰਾਮ ਸਨ। ਸਿੱਧੇ ਤੌਰ 'ਤੇ ਇਹ ਫਿਲਮ ਭਾਵੇਂ ਅਧਿਆਪਕ ਤੇ ਵਿਦਿਆਰਥੀ ਸਬੰਧਾਂ ਵਾਲੀ ਨਹੀਂ ਹੈ, ਫਿਰ ਵੀ ਜੇਲ੍ਹ ਵਾਰਡਨ ਤੇ ਖਤਰਨਾਕ ਕੈਦੀਆਂ ਦਾ ਆਪਸੀ ਰਿਸ਼ਤਾ ਅਧਿਆਪਕ ਤੇ ਵਿਦਿਆਰਥੀ ਵਾਲਾ ਹੀ ਹੈ। ਇਸ ਫਿਲਮ ਵਿਚ ਜੇਲ੍ਹ ਵਾਰਡਨ ਵਲੋਂ ਕੈਦੀਆਂ ਨੂੰ ਜ਼ਿੰਦਗੀ ਨੂੰ ਸਮਝਣ ਤੇ ਜਿਊਣ ਦੇ ਚੰਗੇ ਤਰੀਕਿਆਂ ਲਈ ਪ੍ਰੇਰਿਆ ਜਾਂਦਾ ਹੈ ਤਾਂ ਜੋ ਉਹ ਆਮ ਨਾਗਰਿਕ ਵਾਂਗ ਜੀਅ ਸਕਣ। ਇਨ੍ਹਾਂ ਫਿਲਮਾਂ ਨੂੰ ਪਹਿਲੇ ਦੌਰ ਦੀਆਂ ਬਿਹਤਰੀਨ ਫਿਲਮਾਂ ਦੀ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ।




*ਫਿਲਮ 'ਤਾਰੇ ਜ਼ਮੀਨ ਪਰ' ਵਿਚ ਅਦਾਕਾਰ ਆਮਿਰ ਖਾਨ*

ਦੂਜੇ ਦੌਰ ਦੀਆਂ ਫਿਲਮਾਂ ਵਿਚ 'ਪਰੀਚੈ' (1978) ਬੱਚਿਆਂ ਤੇ ਦਾਦੇ ਵਿਚਲੀ ਖਿੱਚੋਤਾਣ 'ਤੇ ਆਧਾਰਤ ਹੈ। ਇਸ ਫਿਲਮ ਦੇ ਮੁੱਖ ਕਿਰਦਾਰ ਦੀ ਭੂਮਿਕਾ ਜਤਿੰਦਰ ਨੇ ਨਿਭਾਈ। ਜਤਿੰਦਰ ਫਿਲਮ ਵਿਚ ਅਧਿਆਪਕ ਦਾ ਰੋਲ ਅਦਾ ਕਰਦਾ ਹੈ ਅਤੇ ਬੱਚਿਆਂ ਅਤੇ ਦਾਦੇ ਦੇ ਰਿਸ਼ਤੇ ਵਿਚਲੀ ਦੂਰੀ ਦੂਰ ਕਰਨ ਦਾ ਯਤਨ ਕਰਦਾ ਹੈ। ਫਿਲਮ 'ਇਮਤਿਹਾਨ' (1974) ਦਾ ਨਿਰਦੇਸ਼ਨ ਮਦਨ ਸਿਨਹਾ ਵਲੋਂ ਕੀਤਾ ਗਿਆ। ਇਸ ਫਿਲਮ ਵਿਚ ਵਿਨੋਦ ਖੰਨਾ ਆਦਰਸ਼ ਪ੍ਰੋਫੈਸਰ ਦਾ ਕਿਰਦਾਰ ਅਦਾ ਕਰਦਾ ਹੈ। ਉਹ ਵਿਦਿਆਰਥੀਆਂ ਦੀ ਬਿਹਤਰੀ ਲਈ ਕਈ ਨਵੇਂ ਤਰੀਕੇ ਲੱਭਦਾ ਤੇ ਵਿਹਾਰ ਵਿਚ ਲਿਆਉਂਦਾ ਹੈ। ਦੂਸਰੇ ਦੌਰ ਦੀਆਂ ਫਿਲਮਾਂ ਨਾਲੋਂ ਪਹਿਲੇ ਦੌਰ ਦੀਆਂ ਫਿਲਮਾਂ ਵਿਚ ਰੁਮਾਂਸਵਾਦੀ ਤੱਤਾਂ ਦੀ ਭਰਮਾਰ ਵਧੇਰੇ ਨਜ਼ਰ ਆਉਂਦੀ ਹੈ ਅਤੇ ਇਹ ਫਿਲਮਾਂ ਵਪਾਰਕ ਪੈਂਤੜਾ ਦੇ ਵੀ ਨੇੜੇ ਆ ਜਾਂਦੀਆਂ ਹਨ।

ਤੀਜੇ ਦੌਰ ਦੀਆਂ ਫਿਲਮਾਂ ਵਿਚ 'ਮੁੰਨਾ ਭਾਈ ਐਮ.ਬੀ.ਬੀ.ਐਸ', 'ਥ੍ਰੀ ਇਡੀਅਟਸ', 'ਮੁਹੱਬਤੇਂ', 'ਤਾਰੇ ਜ਼ਮੀਂ ਪਰ', 'ਚੱਕ ਦੇ ਇੰਡੀਆ', 'ਬਲੈਕ' ਆਦਿ ਹਨ। 'ਮੁੰਨਾ ਭਾਈ ਐਮ.ਬੀ.ਬੀ.ਐਸ' ਤੇ 'ਥ੍ਰੀ ਇਡੀਅਟਸ' ਫਿਲਮਾਂ ਵਿਚ ਮੌਜੂਦਾ ਸਿੱਖਿਆ ਪ੍ਰਣਾਲੀ 'ਤੇ ਸਿੱਧਾ ਵਿਅੰਗ ਕੀਤਾ ਗਿਆ ਹੈ। ਨਾਲ ਹੀ ਇਸ ਵਿਅੰਗ ਨਾਲ ਅਧਿਆਪਕ ਦੀ ਕਿਰਦਾਰਕੁਸ਼ੀ ਵੀ ਹੋ ਗਈ ਹੈ। ਇਨ੍ਹਾਂ ਫਿਲਮਾਂ ਵਿਚ ਸਿੱਖਿਆ ਦੇ ਸਾਧਨਾਂ 'ਤੇ ਅਮੀਰ ਲੋਕਾਂ ਦਾ ਕਬਜ਼ਾ ਦਿਖਾਇਆ ਗਿਆ ਹੈ ਅਤੇ ਲੋਕਾਂ ਵਿਚ ਡਾਕਟਰ ਅਤੇ ਇੰਜਨੀਅਰ ਬਣਨ ਦੀ ਦੌੜ ਲੱਗੀ ਹੋਈ ਹੈ ਪਰ ਜੋ ਅਧਿਆਪਕ ਦਾ ਰੁਤਬਾ ਹੈ, ਉਸ ਨਾਲ ਨਿਆਂ ਨਹੀਂ ਹੋਇਆ ਲੱਗਦਾ ਸਗੋਂ ਦਿਨ-ਬ-ਦਿਨ ਅਧਿਆਪਕ ਦੀ ਕਿਰਦਾਰਕੁਸ਼ੀ ਹੋ ਗਈ ਲੱਗਦੀ ਹੈ। ਫਿਲਮਸਾਜ਼ ਇਸ ਗੱਲ ਵਲੋਂ ਬਿਲਕੁਲ ਬੇਧਿਆਨੇ ਹੋ ਜਾਂਦੇ ਹਨ ਕਿ ਅਧਿਆਪਕ ਨੇ ਸਮਾਜ ਦੀ ਅਗਵਾਈ ਕਰਨੀ ਹੁੰਦੀ ਹੈ, ਇਸ ਲਈ ਉਸ ਦੇ ਕਿਰਦਾਰ ਨਾਲ ਨਿਆਂ ਹੋਣਾ ਲਾਜ਼ਮੀ ਹੈ।

ਪੰਜਾਬੀ ਸਿਨੇਮਾ ਵਿਚ ਅਧਿਆਪਕ ਦੀ ਸਥਿਤੀ ਕਾਫੀ ਹਾਸੋਹੀਣੀ ਬਣਾ ਦਿੱਤੀ ਗਈ ਹੈ। ਕੁਝ ਕੁ ਫਿਲਮਾਂ ਨੂੰ ਛੱਡ ਕੇ ਜਿਵੇਂ 'ਮਨ ਜੀਤੈ ਜਗ ਜੀਤ', 'ਅਰਦਾਸ' ਤੇ 'ਹਰਜੀਤਾ' ਬਾਕੀ ਬਹੁਤੀਆਂ ਫਿਲਮਾਂ ਵਿਚ ਅਧਿਆਪਕ ਨੂੰ ਸਹਿਕਰਮੀ ਨਾਲ ਇਸ਼ਕ ਫਰਮਾਉਂਦਾ ਹੀ ਦਿਖਾਇਆ ਗਿਆ ਜਾਂ ਫਿਰ ਫਿਲਮ ਵਿਚ ਮੁੱਖ ਕਿਰਦਾਰਾਂ ਵਲੋਂ ਕਲਾਸ ਰੂਮ ਵਿਚ ਭੱਦੇ ਮਜ਼ਾਕ ਦਾ ਸ਼ਿਕਾਰ ਹੋਣਾ ਪੈਂਦਾ ਹੈ। ਫਿਲਮਸਾਜ਼ ਸਿੱਖਿਆ ਸੰਸਥਾਵਾਂ ਨੂੰ ਇੰਜ ਪੇਸ਼ ਕਰਦੇ ਹਨ ਜਿਵੇਂ ਇਹ ਵਿਦਿਅਕ ਸੰਸਥਾਵਾਂ ਦੀ ਥਾਂ ਆਸ਼ਕੀ ਤੇ ਗੁੰਡਾਗਰਦੀ ਦੇ ਅੱਡੇ ਹੋਣ। ਪੰਜਾਬੀ ਫਿਲਮਾਂ ਵਿਚ ਸਿੱਖਿਆ ਤੇ ਅਧਿਆਪਕ ਦੇ ਕਿਰਦਾਰ ਨੂੰ ਲੈ ਕੇ ਸੰਵੇਦਨਸ਼ੀਲਤਾ ਵਾਲੀ ਗੱਲ ਨਜ਼ਰ ਨਹੀਂ ਆਉਂਦੀ। ਫਿਲਮਸਾਜ਼ਾਂ ਦਾ ਇਸ ਤਰ੍ਹਾਂ ਦਾ ਰਵੱਈਆ ਸਮਾਜ ਨੂੰ ਡੂੰਘੇ ਸੰਕਟ ਵੱਲ ਜਾਣ ਦਾ ਸੰਕੇਤ ਕਰਦਾ ਨਜ਼ਰ ਆਉਂਦਾ ਹੈ।


**-ਜਤਿੰਦਰ ਸਿੰਘ**

US Business Brokers Inc.
American Financing Group LLC
101 W 22nd St, Suite 111, Lombard, IL 60148
23280 Pacific Highway South, Suite 307, Kent, WA 98032

Financing - Loans

ਬਿਜਨਸ ਵੇਚਣ/ਖਰੀਦਣ ਤੇ ਫਾਇਨਾਂਸ ਕਰਵਾਉਣ ਲਈ

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...







Contact us for any Financing Need Nationwide.

- FAST APPROVAL
- QUICK CLOSINGS • SBA 504 & 7A
- CONVENTIONAL LOANS
- HOTELS, MOTELS
- GAS STATIONS, TRUCK STOPS
- INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH

*Contact us Buy or Sell business*
AJ Sandhu (MBA)
*Managing Broker/Realtor/Consultant*
*Licensed in IL, IN, WA*
916-995-0783 (Cell)
425-529-6283 (Cell)
*630-206-2467 (Fax)*
www.ubbchicago.com
aj@ubbchicago.com
AMERICAN AFG FINANCING GROUP LLC



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
1480 N. State Road 1, Cambridge City, IN 47327
ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ
ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ
ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900



Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
*Realtor/Broker*
Cell: 317-750-1900
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker
Cell: 317-500-1247
Star Alliance BROKERAGE



We do all type of Home and Commercial Loan. Same day loan approval...